Listing and Selling Homes From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Covered California
Certified Insurance Agent
Global Green Insurance Agency
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587

Buy/Sell Real Estate
in Bay Area
Call: Jaideep Singh
Ph: 510-565-5250
Email: jaideeprealtor@gmail.com
I can help you every step of the way.
No Pressure, No Obligation.
DRE#02021283
Fluent in Punjabi and Hindi.

Twentieth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 27, July 6, 2019 20451 N. Plum Grove Rd., Palatine, IL 60074 Ph:847-359-0746, Fax:847-705-9388

## ਪੰਜਾਬ ’ਚ ਲਾਕਾਨੂੰਨੀ ਦਾ ਕਹਿਰ ਟੁੱਟਿਆ

### ਜੇਲ੍ਹ ਪ੍ਰਬੰਧਾਂ ‘ਤੇ ਉਠੇ ਵੱਡੇ ਸਵਾਲ

**ਚੰਡੀਗੜ੍ਹ:** ਨਾਭਾ ਜੇਲ੍ਹ ਵਿਚ ਬੇਅਦਬੀ ਮਾਮਲੇ ਵਿਚ ਮੁਲਜ਼ਮ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਕਤਲ ਤੋਂ ਇਕ ਹਫਤੇ ਦੇ ਅੰਦਰ ਹੀ ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿਚ ਕੈਦੀਆਂ ਦਰਮਿਆਨ ਟਕਰਾਅ ਤੋਂ ਬਾਅਦ ਫੈਲੀ ਹਿੰਸਾ ਨੇ ਸੂਬੇ ਦੇ ਜੇਲ੍ਹਾਂ ਅੰਦਰਲੇ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ ਹੈ। ਸਾਥੀ ਕੈਦੀ 32 ਸਾਲਾ ਸਨੀ ਸੂਦ ਦੀ ਮੌਤ ਤੋਂ ਬਾਅਦ ਭੜਕੇ ਕੈਦੀਆਂ ਨੂੰ ਕੰਟਰੋਲ ਕਰਨ ਪੁਲਿਸ ਵੱਲੋਂ ਚਲਾਈਆਂ ਗੋਲੀਆਂ ਨਾਲ ਲੁਧਿਆਣਾ ਦੇ ਰਹਿਣ ਵਾਲੇ ਇਕ ਕੈਦੀ ਦੀ ਮੌਤ ਹੋ ਗਈ ਅਤੇ ਇਕ ਫਰਾਰ ਹੋ ਗਿਆ।

ਟਕਰਾਅ ਦੌਰਾਨ ਤਿੰਨ ਦਰਜਨ ਦੇ ਕਰੀਬ ਪੁਲਿਸ ਮੁਲਾਜ਼ਮ ਅਤੇ ਕੈਦੀ ਜ਼ਖਮੀ ਹੋ ਗਏ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਲਗਭਗ 3200 ਕੈਦੀਆਂ ਨੂੰ ਸੰਭਾਲਣ ਲਈ ਮਹਿਜ਼ ਡੇਢ ਦਰਜਨ ਸਟਾਫ ਹੀ ਲਗਾਇਆ ਗਿਆ ਹੈ। ਇਹ ਗੱਲ ਹਮੇਸ਼ਾ ਚਰਚਾ ਵਿਚ ਰਹੀ ਹੈ ਕਿ ਇਕ ਪਾਸੇ ਰਸੂਖ ਵਾਲੇ ਕੈਦੀ ਮੌਜਾਂ ਕਰਦੇ ਹਨ ਤੇ ਦੂਜੇ ਪਾਸੇ ਸਾਧਾਰਨ ਕੈਦੀਆਂ ਨੂੰ ਇਲਾਜ ਖੁਣੋਂ ਹੀ ਜ਼ਿੰਦਗੀ ਤੋਂ ਹੱਥ ਧੋਣੇ ਪੈਂਦੇ ਹਨ। ਲੁਧਿਆਣਾ ਜੇਲ੍ਹ ਹਿੰਸਾ ਵੀ ਇਸੇ ਰੋਸ ਵਜੋਂ ਸ਼ੁਰੂ ਹੋਈ ਸੀ। ਥਾਣਿਆਂ ਜਾਂ ਜੇਲ੍ਹਾਂ ਅੰਦਰ ਹਿਰਾਸਤੀ ਮੌਤ ਦਾ ਕਾਰਨ ਕੋਈ ਵੀ ਹੋਵੇ ਪਰ ਸਰਕਾਰ ਜ਼ਿੰਮੇਵਾਰੀ ਤੋਂ ਮੂੰਹ ਮੋੜ ਰਹੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਜੇਲ੍ਹ ਵਿਚ ਬੰਦ 3200 ਕੈਦੀਆਂ ਤੇ ਹਵਾਲਾਤੀਆਂ ਨੇ ਹੰਗਾਮਾ ਕੀਤਾ ਤਾਂ ਉਸ ਵੇਲੇ ਉਨ੍ਹਾਂ ਦੀ ਸੁਰੱਖਿਆ ਲਈ ਸਿਰਫ 18 ਮੁਲਾਜ਼ਮ ਡਿਊਟੀ ‘ਤੇ ਸਨ, ਜਿਨ੍ਹਾਂ ਕੋਲ ਹਥਿਆਰ ਵੀ ਨਾਂ-ਮਾਤਰ ਹੀ ਸਨ। ਪੁਰਾਣੇ ਹਥਿਆਰਾਂ ਤੇ ਡੰਡਿਆਂ ਨਾਲ ਲੈਸ ਮੁਲਾਜ਼ਮ ਭੜਕੇ ਕੈਦੀਆਂ ਨੂੰ ਕਾਬੂ ਨਹੀਂ ਕਰ ਸਕੇ, ਇਸੇ ਲਈ ਕੁਝ ਹੀ ਮਿੰਟਾਂ ਵਿਚ ਕੈਦੀਆਂ ਤੇ ਹਵਾਲਾਤੀਆਂ ਨੇ ਜੇਲ੍ਹ ’ਤੇ ਕਬਜ਼ਾ ਕਰ ਲਿਆ ਸੀ। ਲੁਧਿਆਣਾ ਕੇਂਦਰੀ ਜੇਲ੍ਹ ’ਚ ਮੌਜੂਦਾ ਸਮੇਂ 3200 ਦੇ ਕਰੀਬ ਕੈਦੀ ਹਨ, ਜਿਨ੍ਹਾਂ ’ਚ 150 ਦੇ ਕਰੀਬ ਖਤਰਨਾਕ ਕੈਦੀ ਹਨ ਜੋ ਗੈਂਗਸਟਰ ਜਾਂ ਫਿਰ ਗੈਂਗਸਟਰ ਦੇ ਨੇੜੇ ਦੇ ਸਾਥੀ ਹਨ। ਇਨ੍ਹਾਂ ਕੈਦੀਆਂ ਦੀ ਸੁਰੱਖਿਆ ਲਈ, ਪੁਲਿਸ ਕੋਲ ਸਿਰਫ 150 ਦੇ ਕਰੀਬ ਮੁਲਾਜ਼ਮ ਹਨ, ਜੋ ਤਿੰਨ ਸ਼ਿਫਟਾਂ ’ਚ ਕੰਮ ਕਰਦੇ ਹਨ।



ਇਨ੍ਹਾਂ ਘਟਨਾਵਾਂ ਨੇ ਇਕ ਵਾਰ ਫਿਰ ਸਭ ਦਾ ਧਿਆਨ ਪੰਜਾਬ ਦੀਆਂ ਜੇਲ੍ਹਾਂ ਅੰਦਰਲੀ ਮਾੜੀ ਵਿਵਸਥਾ ਅਤੇ ਪੰਜਾਬ ਪੁਲਿਸ ਦੀ ਨਾਕਸ ਕਾਰਗੁਜ਼ਾਰੀ ਵਲ ਖਿੱਚਿਆ ਹੈ। ਨਾਭੇ ਦੀ ਅਤਿ ਸੁਰੱਖਿਆ ਵਾਲੀ ਜੇਲ੍ਹ ਵਿਚੋਂ ਹੀ 27 ਨਵੰਬਰ, 2016 ਨੂੰ ਗੈਂਗਸਟਰ ਵਿੱਕੀ ਗੌਂਡਰ ਅਤੇ 6 ਹੋਰ ਅਪਰਾਧੀਆਂ ਨੂੰ ਉਨ੍ਹਾਂ ਦੇ ਸਾਥੀ ਗੈਂਗਸਟਰ ਹਮਲਾ ਕਰਕੇ ਛੁਡਾ ਕੇ ਲੈ ਗਏ ਸਨ। ਕੁਝ ਅਰਸਾ ਪਹਿਲਾਂ ਹੀ ਪਟਿਆਲੇ ਦੇ ਜੇਲ੍ਹ ਸੁਪਰਡੈਂਟ ਰਾਜਨ ਕਪੂਰ ਅਤੇ ਦੋ ਸਹਾਇਕ ਸੁਪਰਡੈਂਟਾਂ ਅਤੇ ਇਕ ਵਾਰਡਨ ਨੂੰ ਬਰਖਾਸਤ ਕੀਤਾ ਗਿਆ ਹੈ ਕਿਉਂਕਿ ਉਹ ਗੈਂਗਸਟਰਾਂ ਨਾਲ ਰਲ ਕੇ ਫਿਰੌਤੀਆਂ ਵਸੂਲਣ ਦਾ ਧੰਦਾ ਕਰ ਰਹੇ ਸਨ। ਅਕਸਰ ਹੀ ਪੰਜਾਬ ਦੀਆਂ ਜੇਲ੍ਹਾਂ ਵਿਚੋਂ ਮੋਬਾਈਲ ਫੋਨ ਮਿਲਣ ਅਤੇ ਅੰਦਰ ਨਸ਼ੀਲੇ ਪਦਾਰਥਾਂ ਦੀ ਧੜੱਲੇ ਨਾਲ ਤਸਕਰੀ ਹੋਣ ਦੀਆਂ ਖਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਕਹਿਣ ਨੂੰ ਤਾਂ ਪੰਜਾਬ ਦੀਆਂ ਜੇਲ੍ਹਾਂ ਨੂੰ ਸਮੇਂ-ਸਮੇਂ ਸਿਆਸਤਦਾਨਾਂ ਵੱਲੋਂ ਸੁਧਾਰ ਘਰਾਂ ਦਾ ਨਾਂ ਦਿੱਤਾ ਜਾਂਦਾ ਰਿਹਾ ਹੈ ਪਰ ਇਸ ਸਮੇਂ ਇਹ ਸੁਧਾਰ ਘਰਾਂ ਨਾਲੋਂ ਵਿਗਾੜ ਘਰ ਜ਼ਿਆਦਾ ਬਣੀਆਂ ਨਜ਼ਰ ਆਉਂਦੀਆਂ ਹਨ। ਜੇਲ੍ਹਾਂ ਅੰਦਰ ਜਿਸ ਤਰ੍ਹਾਂ ਦੇ ਹਾਲਾਤ ਹਨ, ਉਸ ਨਾਲ ਤਾਂ ਛੋਟੇ-ਮੋਟੇ ਅਪਰਾਧੀ ਵੀ ਜੇਲ੍ਹ ਵਿਚ ਕੁਝ ਸਮਾਂ ਰਹਿ ਕੇ ਖੂੰਖਾਰ ਅਪਰਾਧੀ ਬਣ ਸਕਦੇ ਹਨ।

ਜੇਲ੍ਹਾਂ ਵਿਚ ਗੈਂਗਸਟਰਾਂ ਤੇ ਖਤਰਨਾਕ ਅਪਰਾਧੀਆਂ ਦਾ ਬੋਲਬਾਲਾ ਹੈ। ਪੁਲਿਸ ਮੁਲਾਜ਼ਮ ਵੀ ਅਕਸਰ ਇਨ੍ਹਾਂ ਤੋਂ ਡਰ ਮਹਿਸੂਸ ਕਰਦੇ ਹਨ। ਇਹ ਸਾਰੀਆਂ ਘਟਨਾਵਾਂ ਦਰਸਾਉਂਦੀਆਂ ਹਨ ਕਿ ਪੰਜਾਬ ਪੁਲਿਸ ਦੇ ਕੰਮਕਾਜ ਵਿਚ ਵੱਡੀਆਂ ਤਰੁੱਟੀਆਂ ਪੈਦਾ ਹੋ ਗਈਆਂ ਹਨ। ਕਿਸੇ ਸਮੇਂ ਪੰਜਾਬ ਪੁਲਿਸ ਆਪਣੀ ਬਿਹਤਰ ਕਾਰਗੁਜ਼ਾਰੀ ਲਈ ਪੂਰੇ ਦੇਸ਼ ਵਿਚ ਜਾਣੀ ਜਾਂਦੀ ਸੀ ਅਤੇ ਵੱਖ-ਵੱਖ ਥਾਂਵਾਂ ‘ਤੇ ਅਮਨ ਕਾਨੂੰਨ ਦੀਆਂ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਪੰਜਾਬ ਪੁਲਿਸ ਦੀ ਮੰਗ ਕੀਤੀ ਜਾਂਦੀ ਸੀ ਪਰ ਅੱਜ ਸਿਆਸੀ ਗਰਜ਼ ਕਾਰਨ ਪੰਜਾਬ ਪੁਲਿਸ ਦੀ ਸਥਿਤੀ ਇਹ ਹੋ ਗਈ ਹੈ ਕਿ ਉਹ ਰਾਜ ਵਿਚ ਅਤੇ ਇਥੋਂ ਤੱਕ ਕਿ ਆਪਣੀਆਂ ਜੇਲ੍ਹਾਂ ਵਿਚ ਵੀ ਅਮਨ-ਕਾਨੂੰਨ ਦੀ ਸਥਿਤੀ ‘ਤੇ ਕੰਟਰੋਲ ਰੱਖਣ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਰਹੀ ਹੈ।

(ਬਾਕੀ ਸਫਾ 6 ਉਤੇ)

## ਹਿੰਦੂਤਵੀ ਨਾਅਰਿਆਂ ਨੇ ਮਾਹੌਲ ਵਿਗਾੜਿਆ

### ‘ਭਾਰਤ ਮਾਤਾ ਦੀ ਜੈ’ ਪਿਛੋਂ ਹੁਣ ‘ਜੈ ਸ੍ਰੀਰਾਮ’ ਦੀ ਮਾਰ

**ਨਵੀਂ ਦਿੱਲੀ:** ਨਰਿੰਦਰ ਮੋਦੀ ਸਰਕਾਰ ਦੀ ਦੂਜੀ ਪਾਰੀ ਦੀ ਸ਼ੁਰੂਆਤ ਦੇ ਨਾਲ ਹੀ ਭਾਰਤ ਵਿਚ ਹਜੂਮੀ ਹਿੰਸਾ ਦੀਆਂ ਇਕ ਤੋਂ ਬਾਅਦ ਇਕ ਵਾਪਰ ਰਹੀਆਂ ਘਟਨਾਵਾਂ ਵੱਡੇ ਸਵਾਲ ਖੜ੍ਹੇ ਕਰ ਰਹੀਆਂ ਹਨ। ਇਹ ਮਸਲਾ ਸੰਸਦ ਵਿਚ ਵੀ ਜ਼ੋਰ-ਸ਼ੋਰ ਨਾਲ ਉਠਿਆ ਹੈ। ਘੱਟ ਗਿਣਤੀਆਂ ਦੀ ਸੁਰੱਖਿਆ ਨੂੰ ਲੈ ਕੇ ਸਮਾਜਵਾਦੀ ਪਾਰਟੀ ਦੇ ਮੈਂਬਰ ਨੇ ਤਾਂ ਸੰਸਦ ਵਿਚ ਇਥੋਂ ਤੱਕ ਆਖ ਦਿੱਤਾ ਕਿ ‘ਸਾਨੂੰ ਤੈਅ ਕਰਨਾ ਪਵੇਗਾ ਕਿ ਇਸ ਦੇਸ਼ ਵਿਚ ਮੁਸਲਮਾਨ ਕਿਵੇਂ ਜੀਣ।’



ਮੋਦੀ ਸਰਕਾਰ ਦੀ ਪਿਛਲੀ ਪਾਰੀ ਵਿਚ ਅਜਿਹੀਆਂ ਅਣਗਿਣਤ ਘਟਨਾਵਾਂ ਵਾਪਰੀਆਂ ਸਨ ਜਦੋਂ ਗਊ ਰੱਖਿਆ ਦੇ ਨਾਮ ਉਤੇ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਇਆ ਗਿਆ। ਕੱਟੜ ਸੋਚ ਵਾਲੇ ਗਊ ਰਾਖਿਆਂ ਨੇ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਕੁਝ ਲੋਕਾਂ ਨੂੰ ਸ਼ਰੇਆਮ ਮੌਤ ਦੇ ਘਾਟ ਉਤਾਰਿਆ ਪਰ ਅਜਿਹੇ ਲੋਕਾਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਹ ਸ਼ਰੇਆਮ ਲੋਕਾਂ ਨੂੰ ਧੌਣੋਂ ਫੜ ਕੇ ‘ਜੈ ਸ੍ਰੀਰਾਮ’ ਦੇ ਨਾਅਰੇ ਮਾਰਨ ਲਈ ਮਜਬੂਰ ਕਰ ਰਹੇ ਹਨ। ‘ਭਾਰਤ ਮਾਤਾ ਦੀ ਜੈ’ ਤੋਂ ਬਾਅਦ ‘ਜੈ ਸ੍ਰੀਰਾਮ’ ਦਾ ਨਾਅਰਾ ਨਵੀਂ ਤਰ੍ਹਾਂ ਦੀ ‘ਦੇਸ਼ ਭਗਤੀ’ ਦਾ ਪ੍ਰਤੀਕ ਬਣ ਕੇ ਉਭਰਿਆ ਹੈ। ਕਾਨਪੁਰ ਦੇ ਬਾਰਾ ਇਲਾਕੇ ’ਚ ਮੁਸਲਿਮ ਲੜਕੇ ਨੂੰ ਅਜਿਹੀ ਭੀੜ ਨੇ ਬੁਰੀ ਤਰ੍ਹਾਂ ਕੁੱਟਿਆ। ਨੌਜਵਾਨ ਨੇ ਟੋਪੀ ਪਹਿਨੀ ਹੋਈ ਸੀ ਤੇ ਕੁੱਟਣ ਵਾਲੇ ਉਸ ਨੂੰ ‘ਜੈ ਸ੍ਰੀਰਾਮ’ ਦਾ ਨਾਅਰਾ ਲਾਉਣ ਲਈ ਮਜਬੂਰ ਕਰ ਰਹੇ ਸਨ। ਬਾਰਾ ਵਾਸੀ ਤਾਜ (16) ਜਦ ਕਿਦਵਈ ਨਗਰ ਸਥਿਤ ਮਸਜਿਦ ਤੋਂ ਨਮਾਜ ਅਦਾ ਕਰ ਕੇ ਪਰਤ ਰਿਹਾ ਸੀ ਤਾਂ ਤਿੰਨ-ਚਾਰ ਬਾਈਕ ਸਵਾਰਾਂ ਨੇ ਉਸ ਨੂੰ ਰੋਕ ਲਿਆ ਤੇ ਉਸ ਦੇ ਟੋਪੀ ਪਹਿਨੇ ਹੋਣ ਦਾ ਵਿਰੋਧ ਕੀਤਾ।

ਇਸੇ ਤਰ੍ਹਾਂ ਬਾਈ ਜੂਨ ਨੂੰ 24 ਵਰ੍ਹਿਆਂ ਦੇ ਤਰਬੇਜ਼ ਅਨਸਾਰੀ ਨੂੰ ਝਾਰਖੰਡ ਦੇ ਪਿੰਡ ਘਾਤਕੀਡੀਹ (ਜ਼ਿਲ੍ਹਾ ਸਰਾਏਕੇਲਾ) ‘ਚ ਹਜੂਮ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਉਸ ਨੂੰ ਕੁੱਟਣ ਦੀ ਵਾਇਰਲ ਹੋਈ ਵੀਡੀਓ ਅਨੁਸਾਰ ਉਸ ਨੂੰ ਬਿਜਲੀ ਦੇ ਖੰਭੇ ਨਾਲ ਬੰਨ੍ਹ ਕੇ ਕੁੱਟਮਾਰ ਕੀਤੀ

(ਬਾਕੀ ਸਫਾ 6 ਉਤੇ)

100 SPIRITUAL PATHS AND SHABAD KIRTANS INSIDE
GURBANI | ਗੁਰਬਾਣੀ
FM/AM RADIO
SAREGAMA CARVAAN mini
AVAILABLE AT SELECT INDIAN STORES NEAR YOU
CONTACT: MR SINGH @ +1 518 502 6005 OR +1 859 490 0156

Raja Sweets & Catering Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।
Services Include
• Catering
• Silverware
• Chinaware
• Decorated Hall
• Linen
• Several Bar Options
• Security
• Wait Staff
• Full Setup Including table cloth, napkins, chairs etc.
Paradise Ballrooms
4100 Peralta Blvd. Fremont, CA 94536
(510) 900-6319
info@paradiseballrooms.com
www.paradiseballrooms.com

Law Office of Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

# ਪੰਜਾਬ ਦੇ ਸੰਸਦ ਮੈਂਬਰਾਂ ਨੇ ਸੰਸਦੀ ਕੋਟੇ ਦੇ ਫੰਡਾਂ 'ਤੇ ਮਾਰੀ ਰੱਖੀ ਕੁੰਡਲੀ

**ਬਠਿੰਡਾ:** ਪੰਜਾਬ ਵਿਚ ਸੰਸਦੀ ਕੋਟੇ ਦੇ ਫੰਡਾਂ ਦੀ ਵਰਤੋਂ ਦੀ ਚਾਲ ਮੱਠੀ ਹੈ। ਨਵੀਂ 17ਵੀਂ ਲੋਕ ਸਭਾ 'ਚ ਵੀ ਐਮ.ਪੀ ਡਟ ਗਏ ਹਨ ਪਰ ਪੁਰਾਣੇ ਵੰਡੇ ਫੰਡ ਖਰਚੇ ਨਹੀਂ ਜਾ ਸਕੇ ਹਨ। ਨਵੇਂ ਐਮ.ਪੀਜ਼ ਵੱਲੋਂ ਸੰਸਦੀ ਕੋਟੇ ਦੇ ਫੰਡਾਂ ਦਾ ਜਲਦੀ ਖਾਤਾ ਖੋਲ੍ਹਣਗੇ। ਜੋ ਪਹਿਲਾਂ ਪੰਜਾਬ 'ਚ ਐਮ.ਪੀ ਕੋਟੇ ਦੇ ਫੰਡਾਂ ਦੀ ਵੰਡ ਹੋਈ ਹੈ, ਉਸ 'ਚੋਂ 89 ਕਰੋੜ ਰੁਪਏ ਦੀ ਹਾਲੇ ਤੱਕ ਵਰਤੋਂ ਨਹੀਂ ਹੋ ਸਕੀ ਹੈ। ਪੰਜਾਬ ਦੇ ਲੋਕ ਸਭਾ ਮੈਂਬਰਾਂ ਵੱਲੋਂ ਪੰਜ ਵਰ੍ਹਿਆਂ ਦੇ ਕਾਰਜਕਾਲ ਦੌਰਾਨ ਕਰੀਬ 358 ਕਰੋੜ ਦੇ ਫੰਡਾਂ ਦੀ ਸਿਫਾਰਸ਼ ਕੀਤੀ ਗਈ ਸੀ। ਨਵੀਂ ਸੰਸਦ ਵੀ ਜੁੜ ਗਈ ਹੈ ਪਰ ਪੁਰਾਣੇ ਫੰਡ ਵਰਤੇ ਨਹੀਂ ਜਾ ਸਕੇ ਹਨ।

ਵੇਰਵਿਆਂ ਅਨੁਸਾਰ ਲੁਧਿਆਣਾ ਤੋਂ ਐਮ.ਪੀ ਰਵਨੀਤ ਬਿੱਟੂ ਨੇ ਪਿਛਲੇ ਪੰਜ ਵਰ੍ਹਿਆਂ ਵਿਚ ਸੰਸਦੀ ਕੋਟੇ ਦੇ 39.22 ਕਰੋੜ ਦੇ ਫੰਡ ਸਿਫਾਰਸ਼ ਕੀਤੇ ਸਨ, ਜਿਨ੍ਹਾਂ ਵਿਚੋਂ ਸਿਰਫ 22.90 ਕਰੋੜ ਖਰਚ ਹੋਏ ਹਨ ਜਦੋਂ ਕਿ 16.32 ਕਰੋੜ ਦੇ ਫੰਡ ਖਰਚ ਨਹੀਂ ਹੋ ਸਕੇ ਹਨ। ਸਾਬਕਾ ਮੰਤਰੀ ਵਿਜੇ ਸਾਂਪਲਾ ਨੂੰ ਇਸ ਵਾਰੀ ਟਿਕਟ ਵੀ ਨਹੀਂ ਮਿਲੀ ਹੈ ਅਤੇ ਉਨ੍ਹਾਂ ਵੱਲੋਂ ਪੰਜ ਸਾਲਾਂ ਦੌਰਾਨ ਵੰਡੇ ਫੰਡਾਂ 'ਚੋਂ ਹਾਲੇ 13.54 ਕਰੋੜ ਖਰਚ ਹੋਣ ਤੋਂ ਪਏ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਫੰਡਾਂ ਨਾਲ ਵੀ ਇਵੇਂ ਹੀ ਹੋਇਆ ਹੈ। ਹਰਸਿਮਰਤ ਕੌਰ ਬਾਦਲ ਨੇ 29.32 ਕਰੋੜ ਦੇ ਫੰਡ ਸਿਫਾਰਸ਼ ਕੀਤੇ ਗਏ, ਜਿਨ੍ਹਾਂ ਵਿਚੋਂ 10.76 ਕਰੋੜ ਦੇ ਫੰਡ ਹਾਲੇ ਖਰਚ ਨਹੀਂ ਹੋ ਸਕੇ ਹਨ।



ਸਾਬਕਾ ਐਮ.ਪੀ ਸ਼ੇਰ ਸਿੰਘ ਘੁਬਾਇਆ ਭਾਵੇਂ ਐਤਕੀਂ ਸੰਸਦ ਦੀ ਪੌੜੀ ਚੜ੍ਹਨ ਤੋਂ ਖੁੰਝ ਗਏ ਹਨ ਪਰ ਉਨ੍ਹਾਂ ਵੱਲੋਂ ਵੰਡੇ ਫੰਡ ਪੂਰੀ ਤਰ੍ਹਾਂ ਖਰਚੇ ਜਾ ਚੁੱਕੇ ਹਨ। ਸਿਰਫ 88 ਲੱਖ ਦੇ ਫੰਡ ਖਰਚਣ ਤੋਂ ਪਏ ਹਨ। ਫਰੀਦਕੋਟ ਤੋਂ ਸਾਬਕਾ ਐਮ.ਪੀ ਪ੍ਰੋ. ਸਾਧੂ ਸਿੰਘ ਵੱਲੋਂ ਬਤੌਰ ਐਮ.ਪੀ ਵੰਡੇ ਫੰਡ ਵਿਚੋਂ 1.62 ਕਰੋੜ ਹਾਲੇ ਤੱਕ ਖਰਚੇ ਨਹੀਂ ਜਾ ਸਕੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਬਤੌਰ ਐਮ.ਪੀ ਅੰਮ੍ਰਿਤਸਰ ਹਲਕੇ ਵਿਚ 18.71 ਕਰੋੜ ਦੇ ਫੰਡ ਜਾਰੀ ਕੀਤੇ ਸਨ ਜਿਨ੍ਹਾਂ 'ਚੋਂ 4.66 ਕਰੋੜ ਦੇ ਫੰਡਾਂ ਦੀ ਵਰਤੋਂ ਸਰਟੀਫਿਕੇਟ ਹਾਲੇ ਤੱਕ ਆਏ ਨਹੀਂ ਹਨ। ਵਿਰੋਧੀ ਧਿਰਾਂ ਦੇ ਐਮ.ਪੀ ਇਹ ਇਲਜ਼ਾਮ ਵੀ ਨਹੀਂ ਲਾ ਸਕਦੇ ਹਨ ਕਿ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦੇ ਫੰਡ ਖਰਚਣ ਵਿਚ ਅਫਸਰਸ਼ਾਹੀ ਵਿਤਕਰਾ ਕਰਦੀ ਹੈ। ਮਰਹੂਮ ਵਿਨੋਦ ਖੰਨਾ ਇਸ ਦੁਨੀਆਂ ਵਿਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਵੰਡੇ ਫੰਡਾਂ 'ਚੋਂ 1.57 ਕਰੋੜ ਹਾਲੇ ਤੱਕ ਕਿਸੇ ਲੇਖੇ ਨਹੀਂ ਲੱਗੇ ਹਨ।

ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਚੋਣ ਜਿੱਤਣ ਵਿਚ ਫੇਲ੍ਹ ਰਹੇ ਪਰ ਸੰਸਦੀ ਕੋਟੇ ਦੇ ਫੰਡਾਂ ਨੂੰ ਵਰਤਣ ਵਿਚ ਪੂਰੀ ਤਰ੍ਹਾਂ ਪਾਸ ਹੋਏ ਹਨ। ਉਨ੍ਹਾਂ ਨੇ 25.14 ਕਰੋੜ ਦੇ ਫੰਡ ਸਿਫਾਰਸ਼ ਕੀਤੇ ਸਨ, ਜਿਨ੍ਹਾਂ 'ਚੋਂ ਸਿਰਫ 26 ਲੱਖ ਦੇ ਵਰਤੋਂ ਸਰਟੀਫਿਕੇਟ ਆਉਣੇ ਬਾਕੀ ਹਨ। ਦੂਸਰੀ ਵਾਰ ਐਮ.ਪੀ ਬਣੇ ਭਗਵੰਤ ਮਾਨ ਨੇ ਬੜੀ ਤੇਜ਼ੀ ਨਾਲ ਫੰਡਾਂ ਦੀ ਵੰਡ ਕੀਤੀ ਅਤੇ ਪੰਜ ਵਰ੍ਹਿਆਂ ਵਿਚ 28.94 ਕਰੋੜ ਦੇ ਫੰਡ ਵੰਡੇ ਸਨ, ਜਿਨ੍ਹਾਂ 'ਚੋਂ 6.81 ਕਰੋੜ ਦੇ ਫੰਡਾਂ ਦੀ ਵਰਤੋਂ ਸਰਟੀਫਿਕੇਟ ਆਏ ਨਹੀਂ ਹਨ। ਰਣਜੀਤ ਸਿੰਘ ਬ੍ਰਹਮਪੁਰਾ ਵੱਲੋਂ ਦਿੱਤੇ ਫੰਡਾਂ ਵਿਚੋਂ ਸਿਰਫ 45 ਲੱਖ ਰੁਪਏ ਹੀ ਖਰਚ ਹੋਣੋਂ ਰਹਿ ਗਏ ਹਨ।

ਸਾਬਕਾ ਐਮ.ਪੀ ਹਰਿੰਦਰ ਸਿੰਘ ਖਾਲਸਾ ਦੇ 6.45 ਕਰੋੜ ਦੇ ਫੰਡਾਂ ਦੀ ਵਰਤੋਂ ਹਾਲੇ ਤੱਕ ਨਹੀਂ ਹੋਈ ਹੈ ਅਤੇ ਇਸੇ ਤਰ੍ਹਾਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਫੰਡਾਂ ਵਿਚੋਂ 4.38 ਕਰੋੜ ਦਾ ਹਾਲੇ ਤੱਕ ਕੋਈ ਹਿਸਾਬ ਕਿਤਾਬ ਆਇਆ ਨਹੀਂ ਹੈ। ਸੁਨੀਲ ਜਾਖੜ ਨੇ 2.20 ਕਰੋੜ ਦੇ ਫੰਡ ਜਾਰੀ ਕੀਤੇ ਜਿਨ੍ਹਾਂ 'ਚੋਂ ਸਿਰਫ 20 ਲੱਖ ਦੀ ਰਾਸ਼ੀ ਹੀ ਖਰਚ ਹੋਈ ਹੈ। ਦੂਸਰੀ ਦਫਾ ਅੰਮ੍ਰਿਤਸਰ ਤੋਂ ਐਮ.ਪੀ ਬਣੇ ਗੁਰਜੀਤ ਸਿੰਘ ਔਜਲਾ ਦੇ ਵੀ 4.34 ਕਰੋੜ ਖਰਚ ਹੋਣੋਂ ਬਾਕੀ ਪਏ ਹਨ।

# ਰਾਮ ਰਹੀਮ ਦੀ ਪੈਰੋਲ ਖਿਲਾਫ ਲਾਮਬੰਦੀ

**ਚੰਡੀਗੜ੍ਹ:** ਸਾਧਵੀਆਂ ਨਾਲ ਜਬਰ ਜਨਾਹ ਦੇ ਮਾਮਲਿਆਂ ਤੇ ਪੱਤਰਕਾਰ ਛਤਰਪਤੀ ਕਤਲ ਕੇਸ 'ਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਜੇਕਰ ਪੈਰੋਲ ਦਿੱਤੀ ਗਈ ਤਾਂ ਹਰਿਆਣਾ ਸਰਕਾਰ ਖਿਲਾਫ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਪਟੀਸ਼ਨ ਦਾਖਲ ਕੀਤੀ ਜਾਵੇਗੀ। ਮੀਡੀਆ ਰਾਹੀਂ ਹਰਿਆਣਾ ਸਰਕਾਰ ਨੂੰ ਇਹ ਚਿਤਾਵਨੀ ਮਨੁੱਖੀ ਹੱਕਾਂ ਬਾਰੇ ਸੰਸਥਾ ਚਲਾ ਰਹੇ ਵਕੀਲਾਂ ਨੇ ਦਿੱਤੀ ਹੈ। ਰਾਮ ਰਹੀਮ ਖਿਲਾਫ ਚਲਦੇ ਕਤਲ ਦੇ ਇਕ ਮਾਮਲੇ 'ਚ ਇਸ ਸੰਸਥਾ ਵਲੋਂ ਖੱਟਾ ਸਿੰਘ ਨਾਂ ਦੇ ਇਕ ਗਵਾਹ ਦੀ ਪੈਰਵੀ ਵੀ ਕੀਤੀ ਜਾ ਚੁੱਕੀ ਹੈ ਤੇ ਸੰਸਥਾ ਦਾ ਕਹਿਣਾ ਹੈ ਕਿ ਇਸ ਗਵਾਹ ਨੂੰ ਰਾਮ ਰਹੀਮ ਨੇ ਡਰਾਈ ਰੱਖਿਆ ਸੀ ਤੇ ਦਬਾਅ ਹੇਠ ਉਹ ਸਹੀ ਬਿਆਨ ਨਹੀਂ ਸੀ ਦੇ ਸਕਿਆ ਤੇ ਰਾਮ ਰਹੀਮ ਦੇ ਜੇਲ੍ਹ 'ਚ ਜਾਣ ਉਪਰੰਤ ਖੱਟਾ ਸਿੰਘ ਦੇ ਮੁੜ ਬਿਆਨ ਕਰਵਾਏ ਗਏ ਤੇ ਸਬੰਧਿਤ ਕੇਸ 'ਚ ਇਸ ਗਵਾਹ ਦੇ ਬਿਆਨਾਂ ਦੀ ਰਾਮ ਰਹੀਮ ਨੂੰ ਸਜ਼ਾ 'ਚ ਵੱਡੀ ਅਹਿਮੀਅਤ ਰਹੀ।

ਸੰਸਥਾ ਦੇ ਅਹੁਦੇਦਾਰਾਂ ਦਾ ਕਹਿਣਾ ਹੈ ਕਿ ਰਾਮ ਰਹੀਮ ਵਿਰੁੱਧ ਅਜੇ ਹੋਰ ਕੇਸ ਚੱਲ ਰਹੇ ਹਨ ਤੇ ਖਦਸ਼ਾ ਹੈ ਕਿ ਜੇਕਰ ਉਹ ਪੈਰੋਲ 'ਤੇ ਬਾਹਰ ਆਇਆ ਤਾਂ ਬਾਕੀ ਰਹਿੰਦੇ ਕੇਸਾਂ 'ਚ ਗਵਾਹਾਂ ਨੂੰ ਪ੍ਰਭਾਵਿਤ ਕਰੇਗਾ ਤੇ ਇਹ ਵੀ ਖਦਸ਼ਾ ਹੈ ਕਿ ਜੇਕਰ ਉਹ ਇਕ ਵਾਰ ਜੇਲ੍ਹ 'ਚੋਂ ਬਾਹਰ ਆ ਗਿਆ ਤਾਂ ਉਸ ਨੂੰ ਮੁੜ ਜੇਲ੍ਹ 'ਚ ਡੱਕਣਾ ਔਖਾ ਹੋ ਜਾਏਗਾ। ਐਡਵੋਕੇਟ ਤੇਜਿੰਦਰ ਸਿੰਘ



ਸੂਦਨ, ਹਰਿੰਦਰਪਾਲ ਸਿੰਘ ਇਸਰ ਤੇ ਗਗਨ ਅਗਰਵਾਲ ਨਾਮੀ ਅਹੁਦੇਦਾਰਾਂ ਦੀ ਮੌਜੂਦਗੀ 'ਚ ਸੰਸਥਾ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ 'ਤੇ ਦੋਸ਼ ਲਗਾਇਆ ਹੈ ਕਿ ਉਹ ਰਾਮ ਰਹੀਮ ਨੂੰ ਪੈਰੋਲ ਦੇਣ ਦੇ ਰੌਂਅ 'ਚ ਹਨ, ਕਿਉਂਕਿ ਕੁਝ ਸਮੇਂ ਬਾਅਦ ਹਰਿਆਣਾ 'ਚ ਵਿਧਾਨ ਸਭਾ ਚੋਣਾਂ ਹਨ ਤੇ ਭਾਜਪਾ ਰਾਮ ਰਹੀਮ ਨੂੰ ਪੈਰੋਲ ਦੇ ਕੇ ਇਨ੍ਹਾਂ ਚੋਣਾਂ 'ਚ ਡੇਰੇ ਦੀਆਂ ਵੋਟਾਂ ਹਾਸਲ ਕਰਨਾ ਚਾਹੁੰਦੀ ਹੈ।

# 'ਆਪ' ਨੇ ਪੰਜਾਬ 'ਚ ਪੈਰ ਜਮਾਉਣ ਲਈ ਘੜੀ ਰਣਨੀਤੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ (ਆਪ) 'ਬਿਜਲੀ ਅੰਦੋਲਨ' ਰਾਹੀਂ ਪੰਜਾਬ ਵਿਚ ਪੈਰ ਜਮਾ ਕੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਸਰ ਕਰਨ ਦੇ ਸੁਫਨੇ ਲੈ ਰਹੀ ਹੈ। ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੀ ਲੀਡਰਸ਼ਿਪ ਨੂੰ ਦਿੱਲੀ ਸੱਦ ਕੇ 'ਬਿਜਲੀ ਅੰਦੋਲਨ' ਰਾਹੀਂ ਸੂਬੇ ਦੀ ਸਿਆਸਤ ਸਰ ਕਰਨ ਦੀ ਗੁੜ੍ਹਤੀ ਦਿੱਤੀ ਹੈ। ਆਪ ਵੱਲੋਂ ਪੰਜਾਬ ਅੰਦਰ ਹੱਦੋਂ ਮਹਿੰਗੀਆਂ ਬਿਜਲੀ ਦਰਾਂ ਵਿਰੁੱਧ ਸ਼ੁਰੂ ਕੀਤੇ ਮੋਰਚੇ ਤਹਿਤ 'ਆਪ' ਦੇ ਆਗੂ ਅਗਲੇ ਦੋ ਮਹੀਨੇ ਪਿੰਡਾਂ ਅਤੇ ਮੁਹੱਲਿਆਂ 'ਚ ਜਾ ਕੇ ਮੁਹਿੰਮ ਚਲਾਉਣਗੇ।

ਇਸ ਮੌਕੇ ਵਿਧਾਇਕ ਮੀਤ ਹੇਅਰ ਨੂੰ ਬਿਜਲੀ ਮੋਰਚੇ ਦੇ ਸਮੁੱਚੇ ਪ੍ਰਬੰਧ ਦੀ ਜ਼ਿੰਮੇਵਾਰੀ ਸੌਂਪੀ ਗਈ ਅਤੇ ਇਕ ਬਿਜਲੀ ਮੋਰਚਾ ਕਮੇਟੀ ਗਠਿਤ ਕਰਨ ਦਾ ਫੈਸਲਾ ਲਿਆ ਗਿਆ, ਜੋ ਮਾਹਿਰਾਂ ਦੀ ਮਦਦ ਨਾਲ ਪੰਜਾਬ ਦੇ ਲੋਕਾਂ ਨੂੰ ਬਿਜਲੀ ਬਿੱਲਾਂ ਅਤੇ ਮੀਟਰਾਂ ਆਦਿ ਦੀ ਖੁਦ ਜਾਂਚ ਕਰਨ ਦੀ ਟਰੇਨਿੰਗ ਅਤੇ ਜਾਣਕਾਰੀ ਦੇਵੇਗੀ। ਅਮਨ ਅਰੋੜਾ ਨੇ ਦੱਸਿਆ ਕਿ ਇਹ ਵੀ ਸਾਹਮਣੇ ਆਇਆ ਹੈ ਕਿ ਬਿਜਲੀ ਦੇ ਮੀਟਰ ਤੇਜ਼ ਚੱਲਦੇ ਹਨ ਅਤੇ ਨਿੱਜੀ ਬਿਜਲੀ ਕੰਪਨੀਆਂ ਰਾਹੀਂ ਲੋਕਾਂ ਨੂੰ ਲੁੱਟਿਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪ੍ਰਾਈਵੇਟ ਥਰਮਲ ਪਲਾਂਟਾਂ ਨਾਲ ਕੀਤੇ ਸਮਝੌਤੇ ਰੱਦ ਕਰਨ ਵਾਲੇ ਆਪਣੇ ਚੋਣ ਵਾਅਦੇ ਤੋਂ ਹੀ ਮੁੱਕਰ ਗਏ ਹਨ। ਇਸ ਮੌਕੇ ਸ੍ਰੀ ਕੇਜਰੀਵਾਲ ਨੇ ਪੰਜਾਬ ਦੀ ਲੀਡਰਸ਼ਿਪ ਨੂੰ ਕਿਹਾ ਕਿ ਬਾਦਲਾਂ ਅਤੇ ਕਾਂਗਰਸੀਆਂ ਦੀਆਂ ਅਜਿਹੀਆਂ ਲੋਕ ਮਾਰੂ ਨੀਤੀਆਂ ਨੂੰ ਘਰ-ਘਰ ਜਾ ਕੇ ਬੇਪਰਦ ਕੀਤਾ ਜਾਵੇ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਦਿੱਲੀ ਵਿਚ



ਵੀ ਪਿਛਲੀ ਕਾਂਗਰਸ ਸਰਕਾਰ ਨੇ ਨਿੱਜੀ ਬਿਜਲੀ ਕੰਪਨੀਆਂ ਨਾਲ ਗੰਢਜੋੜ ਕੀਤਾ ਸੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਇਸ ਬਿਜਲੀ ਮਾਫੀਆ ਨੂੰ ਤੋੜ ਕੇ ਦਿੱਲੀ ਦੇ ਲੋਕਾਂ ਨੂੰ ਸਸਤੀ ਬਿਜਲੀ ਮੁਹੱਈਆ ਕੀਤੀ ਗਈ ਹੈ।

ਸ੍ਰੀ ਕੇਜਰੀਵਾਲ ਨੇ ਕਿਹਾ ਕਿ ਛੇਤੀ ਹੀ ਬਿਜਲੀ ਦੀਆਂ ਦਰਾਂ ਵਿਚ ਹੋਰ ਕਟੌਤੀ ਕਰਕੇ ਦਿੱਲੀ ਦੇ ਲੋਕਾਂ ਨੂੰ ਹੋਰ ਰਾਹਤ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਦਿੱਲੀ ਸਰਕਾਰ ਲੋਕਾਂ ਨੂੰ ਰਾਹਤ ਦੇ ਸਕਦੀ ਹੈ ਤਾਂ ਕੈਪਟਨ ਸਰਕਾਰ ਅਜਿਹਾ ਕਿਉਂ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਵਾਅਦੇ ਮੁਤਾਬਕ ਸਸਤੀ ਬਿਜਲੀ ਦੇਣਾ ਕੈਪਟਨ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਮੌਕੇ ਮਨੀਸ਼ ਸਿਸੋਦੀਆ ਨੇ ਕਿਹਾ ਕਿ 'ਆਪ' ਦਾ ਬਿਜਲੀ ਮੋਰਚਾ ਇਕ ਦਿਨ ਕੈਪਟਨ ਸਰਕਾਰ ਨੂੰ ਝੁਕਾ ਦੇਵੇਗਾ। ਭਗਵੰਤ ਮਾਨ ਨੇ ਕਿਹਾ ਕਿ ਉਹ ਮਹਿੰਗੀ ਬਿਜਲੀ ਅਤੇ ਬਾਦਲ, ਕਾਂਗਰਸੀਆਂ ਵੱਲੋਂ ਕਥਿਤ ਤੌਰ 'ਤੇ ਨਿੱਜੀ ਬਿਜਲੀ ਕੰਪਨੀਆਂ ਤੋਂ ਖਾਧੇ ਜਾ ਰਹੇ ਮੋਟੇ ਕਮਿਸ਼ਨ ਦਾ ਮੁੱਦਾ ਪਾਰਲੀਮੈਂਟ 'ਚ ਉਠਾਉਣਗੇ, ਕਿਉਂਕਿ ਇਹ ਦਲਾਲੀ ਸਿੱਧੀ ਆਮ ਬਿਜਲੀ ਖਪਤਕਾਰਾਂ ਦੀਆਂ ਜੇਬਾਂ 'ਚੋਂ ਦਿੱਤੀ ਜਾ ਰਹੀ ਹੈ।

# ਬਠਿੰਡਾ ਏਮਜ਼ ਨੇ ਉਸਾਰੀ 'ਚ ਲਈ ਝੰਡੀ

**ਬਠਿੰਡਾ:** ਬਠਿੰਡਾ ਏਮਜ਼ ਦੀ ਉਸਾਰੀ ਨੇ ਝੰਡੀ ਲੈ ਲਈ ਹੈ ਜਦੋਂ ਕਿ ਬਾਕੀ ਛੇ ਏਮਜ਼ ਇੰਸਟੀਚਿਊਟ ਉਸਾਰੀ 'ਚ ਪੱਛੜ ਗਏ ਹਨ। ਕੇਂਦਰ ਸਰਕਾਰ ਵੱਲੋਂ ਫੇਜ਼-ਪੰਜ ਤਹਿਤ ਸਾਲ 2015-16 ਵਿਚ ਦੇਸ਼ 'ਚ ਸੱਤ ਨਵੇਂ ਏਮਜ਼ ਇੰਸਟੀਚਿਊਟ ਐਲਾਨੇ ਸਨ, ਜਿਨ੍ਹਾਂ ਵਿਚੋਂ ਬਠਿੰਡਾ ਏਮਜ਼ ਨੇ ਉਸਾਰੀ ਦੇ ਮਾਮਲੇ 'ਚ ਸਪੀਡ ਫੜੀ ਹੋਈ ਹੈ। ਬਿਹਾਰ ਸਰਕਾਰ ਤਾਂ ਏਮਜ਼ ਵਾਸਤੇ ਜਗ੍ਹਾ ਦੀ ਸ਼ਨਾਖਤ ਹੀ ਨਹੀਂ ਕਰ ਸਕੀ ਹੈ।

ਭਾਵੇਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਏਮਜ਼ ਮਾਮਲੇ 'ਤੇ ਪੰਜਾਬ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਦੇ ਹਨ ਅਤੇ ਉਸਾਰੀ ਵਿਚ ਅੜਿੱਕੇ ਪਾਏ ਜਾਣ ਦੀ ਗੱਲ ਉਭਾਰਦੇ ਹਨ। ਹਕੀਕਤ ਦੇਖੀ ਜਾਵੇ ਤਾਂ ਬਾਕੀ ਸੂਬਿਆਂ ਨਾਲੋਂ ਵੱਡੀ ਪੁਲਾਂਘ ਬਠਿੰਡਾ ਏਮਜ਼ ਨੇ ਪੁੱਟੀ ਹੈ। ਕੇਂਦਰ ਸਰਕਾਰ ਵੱਲੋਂ ਬਠਿੰਡਾ ਏਮਜ਼ ਲਈ 925 ਕਰੋੜ ਰੁਪਏ ਪ੍ਰਵਾਨ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਕੇਂਦਰ ਨੇ 234.28 ਕਰੋੜ ਰੁਪਏ ਰਿਲੀਜ਼ ਕਰ ਦਿੱਤੇ ਸਨ। ਹੁਣ ਤੱਕ ਰਿਲੀਜ਼ ਕੀਤੀ ਰਾਸ਼ੀ 'ਚੋਂ 196.81 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਕੇਂਦਰੀ ਸਿਹਤ ਮੰਤਰਾਲੇ ਅਨੁਸਾਰ ਬਠਿੰਡਾ ਏਮਜ਼ ਦੀ ਉਸਾਰੀ 25.77 ਫੀਸਦੀ ਮੁਕੰਮਲ ਹੋ ਚੁੱਕੀ ਹੈ। ਦੂਸਰੇ ਸੂਬਿਆਂ 'ਤੇ ਨਜ਼ਰ ਮਾਰੀਏ ਤਾਂ ਗੁਹਾਟੀ ਏਮਜ਼ ਦੀ ਉਸਾਰੀ 0.72 ਫੀਸਦੀ ਹੋਈ ਹੈ ਜਦਕਿ ਬਿਲਾਸਪੁਰ ਏਮਜ਼ ਦੀ ਉਸਾਰੀ 1.25 ਫੀਸਦੀ ਮੁਕੰਮਲ ਹੋਈ ਹੈ। ਮਧੂਰਾਏ ਏਮਜ਼ ਦੀ ਉਸਾਰੀ ਹਾਲੇ ਤੱਕ ਸ਼ੁਰੂ ਨਹੀਂ ਹੋਈ ਹੈ ਜਦੋਂ ਕਿ ਬਿਹਾਰ ਸਰਕਾਰ ਜਗ੍ਹਾ ਦੀ ਤਲਾਸ਼ ਕਰ ਰਹੀ ਹੈ।

ਜੰਮੂ ਕਸ਼ਮੀਰ ਵਿਚਲੇ ਸਾਂਬਾ ਏਮਜ਼ ਦੀ ਹਾਲੇ ਚਾਰਦੀਵਾਰੀ ਹੀ ਮੁਕੰਮਲ ਹੋਣ ਨੇੜੇ ਹੈ ਅਤੇ ਦੂਸਰੇ ਪੁਲਵਾਮਾ ਏਮਜ਼ ਦੀ ਚਾਰਦੀਵਾਰੀ ਦੀ ਉਸਾਰੀ ਹਾਲੇ ਹੁਣ ਸ਼ੁਰੂ ਹੋਈ ਹੈ। ਪ੍ਰਗਤੀ ਦੀ ਨਜ਼ਰ ਤੋਂ ਦੇਖਿਆ ਜਾਵੇ ਤਾਂ ਬਠਿੰਡਾ ਏਮਜ਼ ਸਭ ਤੋਂ ਅੱਗੇ ਹੈ। ਅਕਾਲੀ ਦਲ ਦੇ ਆਗੂ ਆਖਦੇ ਹਨ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਬਦੌਲਤ ਏਮਜ਼ ਦੀ ਉਸਾਰੀ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ, ਜਿਨ੍ਹਾਂ ਨੇ ਸੂਬਾ ਸਰਕਾਰ 'ਤੇ ਲਗਾਤਾਰ ਦਬਾਅ ਬਣਾਇਆ ਹੈ। ਦੂਸਰੇ ਪਾਸੇ ਸਰਕਾਰੀ ਸੂਤਰ ਆਖਦੇ ਹਨ ਕਿ ਪੰਜਾਬ ਸਰਕਾਰ ਨੇ ਏਮਜ਼ ਉਸਾਰੀ ਲਈ ਸੰਜੀਦਗੀ ਦਿਖਾਈ, ਜਿਸ ਦੀ ਬਦੌਲਤ ਕੰਮ ਲੀਹਾਂ ਉਤੇ ਹੈ।

# ਕਾਗਜ਼ੀ ਕਾਰਵਾਈ ਤੱਕ ਸੀਮਤ ਹਨ ਗ੍ਰਾਮ ਸਭਾ ਇਜਲਾਸ

**ਚੰਡੀਗੜ੍ਹ:** ਪਿੰਡਾਂ ਵਿਚ ਕੀਤੀਆਂ ਜਾਣ ਵਾਲੀਆਂ ਗ੍ਰਾਮ ਸਭਾਵਾਂ ਦੇ ਇਜਲਾਸ ਅਸਲ ਰੂਪ ਵਿਚ ਸਿਰਫ ਕਾਗਜ਼ੀ ਕਾਰਵਾਈ ਤੱਕ ਸੀਮਤ ਹਨ। ਹਕੀਕੀ ਰੂਪ ਵਿਚ ਗ੍ਰਾਮ ਸਭਾਵਾਂ ਦੇ ਇਜਲਾਸ ਕਰਵਾਉਣ ਲਈ ਨਾ ਤਾਂ ਪੰਚਾਇਤ ਵਿਭਾਗ ਗੰਭੀਰ ਹੈ ਤੇ ਨਾ ਹੀ ਸੱਤਾ ਧਿਰ। ਸਪੱਸ਼ਟ ਕਾਰਨ ਹੈ ਕਿ ਗ੍ਰਾਮ ਸਭਾਵਾਂ ਵਿਚ ਪਿੰਡਾਂ ਦੇ ਵਿਕਾਸ ਅਤੇ ਪਿੰਡ ਵਾਸੀਆਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੇ ਪਾਸ ਕੀਤੇ ਜਾਂਦੇ ਮਤਿਆਂ ਨੂੰ ਲਾਗੂ ਕਰਨਾ ਪੈਂਦਾ ਹੈ, ਜਿਸ ਕਾਰਨ ਪਿੰਡਾਂ ਦੇ ਸਰਪੰਚ ਜੋ ਜ਼ਿਆਦਾਤਰ ਗ੍ਰਾਮ ਸਭਾਵਾਂ ਦੇ ਇਜਲਾਸਾਂ ਤੋਂ ਅਣਜਾਣ ਹੁੰਦੇ ਹਨ ਜਾਂ ਫਿਰ ਪੰਚਾਇਤੀ ਵਿਭਾਗ ਦੇ ਬਾਬੂ ਇਹ ਸਮਝਾ ਦਿੰਦੇ ਹਨ ਕਿ ਗ੍ਰਾਮ ਸਭਾਵਾਂ ਆਪਣੇ ਹੱਕ ਵਿਚ ਨਹੀਂ ਭੁਗਤਦੀਆਂ।

ਇਸ ਲਈ ਕਾਗਜ਼ਾਂ ਦੇ ਢਿੱਡ ਭਰਨ ਲਈ ਗ੍ਰਾਮ ਸਭਾਵਾਂ ਦੇ ਇਜਲਾਸਾਂ ਦੀ ਪੰਚਾਇਤ ਸਕੱਤਰਾਂ ਵੱਲੋਂ ਖਾਨਾਪੂਰਤੀ ਕੀਤੀ ਜਾਂਦੀ ਹੈ। ਬੀਤੇ ਵਰ੍ਹੇ ਸਰਹੱਦੀ ਜ਼ਿਲ੍ਹਾ ਫਾਜ਼ਿਲਕਾ ਦੇ ਪਿੰਡਾਂ ਵਿਚ ਸਰਪੰਚਾਂ ਅਤੇ ਪੰਚਾਇਤ ਸਕੱਤਰਾਂ ਵੱਲੋਂ ਕਰਵਾਏ ਗਏ ਗ੍ਰਾਮ ਸਭਾਵਾਂ ਦੇ ਇਜਲਾਸ ਸਬੰਧੀ ਪੜਤਾਲ ਕਰਨ 'ਤੇ ਪਾਇਆ ਗਿਆ ਕਿ ਇਜਲਾਸ ਸਿਰਫ ਖਾਨਾ ਪੂਰਤੀ ਲਈ ਹੀ ਨਹੀਂ ਸਗੋਂ ਇਨ੍ਹਾਂ ਇਜਲਾਸਾਂ ਵਿਚ ਜਾਅਲਸਾਜ਼ੀ ਇਸ ਕਦਰ ਸਾਹਮਣੇ ਆਈ ਕਿ ਮਰ ਚੁੱਕੇ ਵਿਅਕਤੀਆਂ ਦੀ ਗ੍ਰਾਮ ਸਭਾਵਾਂ ਦੇ ਇਜਲਾਸਾਂ ਦੀ ਕਾਰਵਾਈ ਦੌਰਾਨ ਹਾਜ਼ਰੀ ਭਰੀ। ਜ਼ਿਆਦਾਤਰ ਪਿੰਡਾਂ ਵਿਚ ਗ੍ਰਾਮ ਸਭਾਵਾਂ ਦੇ ਇਜਲਾਸਾਂ ਲਈ ਪੰਜਾਬ ਦੀ ਸਾਈਟ 'ਤੇ ਅਪਲੋਡ ਕੀਤੀਆਂ ਹੋਈਆਂ ਫੋਟੋਆਂ ਵੀ ਜਾਅਲੀ ਸਾਬਤ ਹੋਈਆਂ।

ਜੂਨ ਮਹੀਨਾ ਬੀਤਣ ਦੇ ਕਿਨਾਰੇ ਹੈ ਪਰ ਅਜੇ ਤੱਕ ਜ਼ਿਲ੍ਹੇ ਭਰ ਵਿਚ ਕਿਤੇ ਵੀ ਗ੍ਰਾਮ ਸਭਾਵਾਂ ਦੇ ਪਿੰਡਾਂ ਵਿਚ ਇਜਲਾਸ ਕਰਵਾਉਣ ਦੀ ਕਨਸੋਅ ਨਹੀਂ ਮਿਲੀ। ਦੂਜੇ ਪਾਸੇ ਗ੍ਰਾਮ ਸਭਾਵਾਂ ਦੇ ਇਜਲਾਸਾਂ ਦਾ ਲੋਕ ਪੱਖੀ ਪੱਖ ਇਹ ਹੈ ਕਿ ਜਿਨ੍ਹਾਂ ਪਿੰਡਾਂ ਦੇ ਲੋਕ ਚੇਤਨ ਹਨ, ਉਨ੍ਹਾਂ ਨੇ ਆਪਣੇ ਪਿੰਡਾਂ ਨੂੰ ਗ੍ਰਾਮ ਸਭਾਵਾਂ ਦੇ ਇਜਲਾਸਾਂ ਵਿਚ ਮਤੇ ਪਾਸ ਕਰਕੇ ਟੁੱਟਣ ਨਹੀਂ ਦਿੱਤਾ, ਜਿਸ ਦੀ ਉਦਾਹਰਨ ਸਰਹੱਦੀ ਪਿੰਡ ਹਸਤਾ ਕਲਾਂ ਤੋਂ ਸਪੱਸ਼ਟ ਰੂਪ ਵਿਚ ਮਿਲ ਜਾਂਦੀ ਹੈ। ਇਸ ਪਿੰਡ ਨੂੰ ਤੋੜਨ ਲਈ ਪਿੰਡ ਦੇ ਹੀ ਕੁਝ ਵਿਅਕਤੀਆਂ ਨੇ ਸ਼ਰਾਰਤ ਕਰਕੇ ਪਿੰਡ 'ਚੋਂ ਵੱਖਰੀ ਪੰਚਾਇਤ ਬਣਾਉਣ ਦੀ ਰਾਜਨੀਤਿਕ ਖੇਡ ਖੇਡੀ ਸੀ, ਜਿਸ ਨੂੰ ਪਿੰਡ ਦੀ ਗ੍ਰਾਮ ਸਭਾ ਨੇ ਅਜੇ ਤੱਕ ਸਫਲ ਨਹੀਂ ਹੋਣ ਦਿੱਤਾ। ਪਿੰਡ ਦੇ ਏਕੀਕਰਨ ਲਈ ਸਮੂਹ ਪਿੰਡ ਵਾਸੀਆਂ ਨੇ 32 ਦਿਨ ਲਗਾਤਾਰ ਲੜੀਵਾਰ ਭੁੱਖ ਹੜਤਾਲ ਜਾਰੀ ਰੱਖੀ, ਜਿਸ 'ਚ ਔਰਤਾਂ ਨੇ ਸਭ ਤੋਂ ਵੱਧ ਯੋਗਦਾਨ ਪਾਇਆ।

ਇਸ ਤੋਂ ਬਾਅਦ ਗ੍ਰਾਮ ਸਭਾ ਦੇ ਪ੍ਰਸਤਾਵ ਨੂੰ ਬੀ.ਡੀ.ਪੀ.ਓ., ਡੀ.ਡੀ.ਪੀ.ਓ. ਅਤੇ ਡਿਪਟੀ ਕਮਿਸ਼ਨਰ ਦੀ ਅਗਵਾਈ ਵਿਚ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ 16 ਨਵੰਬਰ, 2018 ਨੂੰ ਪਿੰਡ ਹਸਤਾ ਕਲਾਂ 'ਚ ਨਵੀਂ ਬਣੀ ਪੰਚਾਇਤ ਸ਼ਿਵਨਗਰ ਰੱਦ ਕਰ ਕੇ ਪਿੰਡ ਹਸਤਾ ਕਲਾਂ ਦੀ ਇਕ ਪੰਚਾਇਤ ਦਾ ਏਕੀਕਰਣ ਕਰ ਦਿੱਤਾ ਗਿਆ। ਇਸ ਤੋਂ ਬਾਅਦ 21 ਦਸੰਬਰ, 2018 ਨੂੰ ਦੂਜੀ ਧਿਰ ਵੱਲੋਂ ਪਾਈ ਗਈ ਪਟੀਸ਼ਨ ਤਹਿਤ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਸਟੇਅ ਆਰਡਰ ਹੋ ਗਿਆ। ਚੋਣਾਂ ਦੀ ਸਾਰੀ ਕਾਰਵਾਈ ਪੂਰੀ ਹੋ ਗਈ ਸੀ ਪਰ 27 ਦਸੰਬਰ, 2018 ਨੂੰ ਪਿੰਡ ਹਸਤਾ ਕਲਾਂ ਦੀ ਪੰਚਾਇਤੀ ਚੋਣ ਨੂੰ ਰੱਦ ਕਰ ਦਿੱਤਾ ਗਿਆ, ਜਿਸ ਨਾਲ ਪਿੰਡ ਦੇ ਲੋਕਾਂ ਵਿਚ ਨਿਰਾਸ਼ਾ ਦਾ ਆਲਮ ਛਾਅ ਗਿਆ। ਪਿੰਡ ਵਾਸੀਆਂ ਨੇ 8 ਜਨਵਰੀ, 2019 ਨੂੰ ਆਪਣਾ ਮੰਗ ਪੱਤਰ ਹਸਤਾਖਰ ਕਰਕੇ ਪਿੰਡ ਹਸਤਾ ਕਲਾਂ ਵਿਚ ਦੁਬਾਰਾ ਵਿਸ਼ੇਸ਼ ਗ੍ਰਾਮ ਸਭਾ ਦਾ ਇਜਲਾਸ ਕਰਵਾਉਣਾ ਚਾਹੁੰਦੇ ਸਨ। ਪੰਜਾਬ ਵਿਚ ਇਸ ਵਾਰ ਪੰਜਾਹ ਫੀਸਦੀ ਔਰਤਾਂ ਸਰਪੰਚ ਤੇ ਪੰਚ ਬਣੀਆਂ ਹਨ। ਪੰਚਾਇਤੀ ਰਾਜ ਸੰਸਥਾਵਾਂ ਦੀ ਕਾਰਗੁਜ਼ਾਰੀ ਦੇ 20 ਸਾਲਾਂ ਦਾ ਲੇਖਾ-ਜੋਖਾ ਕਰਨ ਵਾਲੀ ਮਨੀ ਸ਼ੰਕਰ ਅਈਅਰ ਕਮੇਟੀ ਦਾ ਕਹਿਣਾ ਹੈ ਕਿ ਇਥੇ ਸਰਪੰਚ ਜਾਂ ਸਰਪੰਚ ਪਤੀ ਰਾਜ ਹੈ, ਪੰਚਾਇਤ ਰਾਜ ਨਹੀਂ। ਅਸਲੀਅਤ ਇਹ ਹੈ ਕਿ ਪੰਚਾਇਤਾਂ ਦੀਆਂ ਮੀਟਿੰਗਾਂ ਵੀ ਏਜੰਡਾ ਨੋਟਿਸ ਕੱਢਣ ਤੋਂ ਬਿਨਾਂ ਹੁੰਦੀਆਂ ਹਨ। ਇਸੇ ਕਰਕੇ ਪੰਚਾਇਤਾਂ ਵਿਚ ਕੋਰਮ ਦੀ ਸਮੱਸਿਆ ਰਹਿੰਦੀ ਹੈ।

**Buy or Sell Real Estate in California**

Roseville, Sacramento, Elk Grove & surrounding areas.

CENTURY 21

Committed to Excellent Service

**Cell: 916-847-8920**


E-mail: hsingh@c21mm.com

Century 21 MM-Roseville

973 Pleasant Grove Blvd., Suite# 150, Roseville, CA 95678

EQUAL HOUSING OPPORTUNITY

MLS



Harpreet Singh
*Realtor*
*CalDRE# 02049809*


25-



**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)

***Now we have two locations:***

940 E. El Camino Real, Sunnyvale, CA 94087
www.homeopathicvibes.com

**Ph: (408) 737-7100**

Fax: (408)737-7102
39210 State St., Suite 111, Fremont, CA 94538

*We sell and ship homeopathic remedies through out North America.*



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

**ਪੰਜਾਬੀ ਢਾਬਾ**

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ
ਪੰਜਾਬੀ ਢਾਬੇ ਲਈ

**ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ**

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ

**ਫੋਨ: 317-750-1900**



**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Manjit Singh Nagra
*Realtor/Broker*
***Cell: 317-750-1900***
6979 Hillsdale Court
Indianapolis, Indiana 46250

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

Gurdeep (Garry) Chhokar
Realtor/Broker
***Cell: 317-500-1247***

Star Alliance BROKERAGE



***We do all type of Home and Commercial Loan. Same day loan approval...***

# ਨਸ਼ਿਆਂ ਨੂੰ ਠੱਲ੍ਹ ਪਾਉਣਾ ਪੰਜਾਬ ਸਰਕਾਰ ਤੇ ਪੁਲਿਸ ਲਈ ਬਣਿਆ ਚੁਣੌਤੀ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਨੂੰ ਠੱਲ੍ਹ ਪਾਉਣਾ ਪੰਜਾਬ ਸਰਕਾਰ ਤੇ ਪੁਲਿਸ ਲਈ ਵੱਡੀ ਚੁਣੌਤੀ ਬਣ ਗਿਆ ਹੈ। ਨਸ਼ਿਆਂ ਕਾਰਨ ਰਾਜ ਵਿਚ ਆਏ ਦਿਨ ਹੋ ਰਹੀਆਂ ਮੌਤਾਂ ਸਰਕਾਰ ਤੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਚਿੰਨ੍ਹ ਲਗਾ ਰਹੀਆਂ ਹਨ। ਨਸ਼ਿਆਂ ਦੀ ਅਸਲ ਸਪਲਾਈ ਲਾਈਨ ਨੂੰ ਤੋੜਨ ਵਿਚ ਅਜੇ ਤੱਕ ਸਰਕਾਰ ਤੇ ਪੁਲਿਸ ਨਾਕਾਮ ਰਹੀ ਹੈ।

ਪੰਜਾਬ ਦੀ ਕੈਪਟਨ ਸਰਕਾਰ ਦੇ ਕਾਰਜਕਾਲ ਦੇ ਢਾਈ ਵਰ੍ਹੇ ਬੀਤ ਜਾਣ 'ਤੇ ਵੀ ਅਜੇ ਤੱਕ ਨਸ਼ਿਆਂ ਦੀ ਰੋਕਥਾਮ ਦੇ ਕੋਈ ਖਾਸ ਨਤੀਜੇ ਸਾਹਮਣੇ ਨਹੀਂ ਆਏ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਕੱਲੇ ਮਾਝੇ ਦੇ ਜ਼ਿਲ੍ਹਿਆਂ ਵਿਚ ਹੀ 70 ਹਜ਼ਾਰ ਤੋਂ ਵੱਧ ਵਿਅਕਤੀ ਨਸ਼ਿਆਂ ਦੇ ਆਦੀ ਹਨ ਤੇ ਇਨ੍ਹਾਂ ਵਿਚ ਛੋਟੇ ਬੱਚੇ ਵੀ ਸ਼ਾਮਲ ਹਨ। ਸਰਕਾਰੀ ਤੌਰ 'ਤੇ ਪ੍ਰਾਪਤ ਅੰਕੜਿਆਂ ਵਿਚ ਤਰਨ ਤਾਰਨ ਜ਼ਿਲ੍ਹੇ ਅੰਦਰ 37,498 ਵਿਅਕਤੀ ਵੱਖ-ਵੱਖ ਨਸ਼ਾ ਛੁਡਾਊ ਕੇਂਦਰਾਂ ਵਿਚ ਇਲਾਜ ਕਰਵਾ ਰਹੇ ਹਨ।

ਇਨ੍ਹਾਂ 'ਚੋਂ 14,952 ਸਰਕਾਰੀ ਓਟ ਕੇਂਦਰਾਂ ਵਿਚ ਇਲਾਜ ਕਰਵਾ ਰਹੇ ਹਨ ਜਦਕਿ 22,546 ਵਿਅਕਤੀ ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਵਿਚ ਇਲਾਜ ਕਰਵਾ ਰਹੇ ਹਨ। ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਖੇਤਰ ਦੇ ਭੱਗੂਪੁਰਾ ਦੇ ਮੁੜ ਵਸੇਬਾ ਕੇਂਦਰ ਵਿਚ 50 ਦੇ ਕਰੀਬ ਬੱਚੇ ਇਲਾਜ ਕਰਵਾ ਰਹੇ ਹਨ। ਇਨ੍ਹਾਂ ਬੱਚਿਆਂ ਦੀ ਉਮਰ 9 ਤੋਂ 15 ਸਾਲ ਵਿਚਾਲੇ ਦੱਸੀ ਜਾ ਰਹੀ ਹੈ। ਗੁਰਦਾਸਪੁਰ ਜ਼ਿਲ੍ਹੇ ਅੰਦਰ 11,302 ਵਿਅਕਤੀ ਸਰਕਾਰੀ ਓਟ ਕੇਂਦਰਾਂ ਵਿਚ ਆਪਣਾ ਇਲਾਜ ਕਰਵਾ ਰਹੇ ਹਨ। ਅੰਮ੍ਰਿਤਸਰ ਜ਼ਿਲ੍ਹੇ ਅੰਦਰ 15,805 ਵਿਅਕਤੀ ਸਰਕਾਰੀ ਕੇਂਦਰਾਂ ਵਿੱਚ ਅਤੇ 6,226 ਵਿਅਕਤੀ ਪ੍ਰਾਈਵੇਟ ਹਸਪਤਾਲਾਂ ਵਿਚ ਆਪਣਾ ਇਲਾਜ ਕਰਵਾ ਰਹੇ ਹਨ। ਕਈ ਥਾਵਾਂ 'ਤੇ ਲੜਕੀਆਂ ਵੀ ਇਲਾਜ ਕਰਵਾ ਰਹੀਆਂ ਹਨ। ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਅੰਦਰ ਸਥਿਤ ਨਸ਼ਾ ਛੁਡਾਊ ਕੇਂਦਰ ਵਿਚ 1,589 ਵਿਅਕਤੀ ਇਲਾਜ ਕਰਵਾ ਰਹੇ ਹਨ।

## ਪਾਕਿਸਤਾਨੀ ਲੂਣ 'ਚੋਂ 532 ਕਿਲੋ ਹੈਰੋਇਨ ਫੜੀ

**ਅੰਮ੍ਰਿਤਸਰ:** ਅਟਾਰੀ ਸਥਿਤ ਆਈ. ਸੀ. ਪੀ. 'ਤੇ ਕਸਟਮ ਵਿਭਾਗ ਨੇ ਪਾਕਿਸਤਾਨ ਤੋਂ ਦਰਾਮਦ ਕੀਤੇ ਲੂਣ ਵਿਚੋਂ 532 ਕਿਲੋ ਹੈਰੋਇਨ ਅਤੇ 52 ਕਿਲੋ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਕੌਮਾਂਤਰੀ ਬਾਜ਼ਾਰ ਵਿਚ ਇਨ੍ਹਾਂ ਦੀ ਕੀਮਤ ਕਰੀਬ 2,700 ਕਰੋੜ ਰੁਪਏ ਦੱਸੀ ਗਈ



ਹੈ। ਕਸਟਮ ਵਿਭਾਗ ਨੂੰ ਸ਼ੱਕ ਹੈ ਕਿ ਇਹ ਨਸ਼ੀਲੇ ਪਦਾਰਥ ਪਾਕਿਸਤਾਨ ਵਾਲੇ ਪਾਸਿਉਂ ਉਨ੍ਹਾਂ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਆਏ ਹਨ। ਇਸ ਬਾਰੇ ਵਿਭਾਗ ਵੱਲੋਂ ਪਾਕਿਸਤਾਨੀ ਕਸਟਮ ਵਿਭਾਗ ਕੋਲ ਸ਼ਿਕਾਇਤ ਵੀ ਕੀਤੀ ਜਾਵੇਗੀ।

# ਪੰਜਾਬ ਵਿਚ ਨਸ਼ਾ ਵੇਚਣ ਵਾਲਿਆਂ ਦੇ ਲੱਗੇ ਬੋਰਡ

**ਖੰਨਾ:** ਪਿੰਡ ਸਿਹੌੜਾ 'ਚ ਪੁਲਿਸ ਵੱਲੋਂ ਨਸ਼ਾ ਵੇਚਣ ਵਾਲਿਆਂ ਦੇ ਨਾਂ ਦੱਸੇ ਜਾਣ ਅਤੇ ਨਾਂ ਦੱਸਣ ਵਾਲੇ ਦਾ ਨਾਂ ਪਤਾ ਗੁਪਤ ਰੱਖੇ ਜਾਣ ਸਬੰਧੀ ਲਾਏ ਬੋਰਡ ਦੇ ਬਿਲਕੁਲ ਨਾਲ ਹੀ ਕਿਸੇ ਅਣਪਛਾਤੇ ਵੱਲੋਂ ਕੰਧ 'ਤੇ ਚਿਪਕਾਏ ਇਕ ਬੋਰਡ ਨੇ ਖੰਨਾ ਪੁਲਿਸ ਤੇ ਇਲਾਕੇ 'ਚ ਤਰਥੱਲੀ ਮਚਾ ਦਿੱਤੀ ਹੈ। ਇਨ੍ਹਾਂ ਦੋਵਾਂ ਬੋਰਡਾਂ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਲਗਾਤਾਰ ਵਾਇਰਲ ਹੋ ਰਹੀ ਹੈ। ਅਸਲ 'ਚ ਪੁਲਿਸ ਦੇ ਨਾਲ ਹੀ ਲਾਏ ਇਸ ਫਲੈਕਸ ਬੋਰਡ 'ਚ ਪਿੰਡ ਦੇ ਹੀ 8 ਬੰਦਿਆਂ ਦੇ ਨਾਂ ਲਿਖ ਕੇ ਇਹ ਲਿਖਿਆ ਗਿਆ ਹੈ ਕਿ ਇਹ ਵਿਅਕਤੀ ਚਿੱਟਾ, ਭੁੱਕੀ ਤੇ ਦਾਰੂ ਵੇਚਦੇ ਹਨ ਤੇ ਬੋਰਡ ਦੇ ਹੇਠਾਂ ਐਸ.ਐਚ.ਓ. ਮਲੌਦ ਤੇ ਐਸ.ਐਸ.ਪੀ. ਖੰਨਾ ਨੂੰ ਇਨ੍ਹਾਂ ਖਿਲਾਫ ਬਣਦੀ ਕਾਰਵਾਈ ਕਰਨ ਦੀ ਮੰਗ ਵੀ ਕੀਤੀ ਗਈ ਹੈ।

ਖੰਨਾ ਪੁਲਿਸ ਨੇ ਇਕ ਪਾਸੇ ਇਸ ਨੂੰ ਸ਼ਰਾਰਤੀ ਅਨਸਰਾਂ ਦਾ ਕਾਰਾ ਕਰਾਰ ਦਿੱਤਾ ਹੈ ਤੇ ਦੂਜੇ ਪਾਸੇ ਐਸ.ਐਸ.ਪੀ. ਗੁਰਸ਼ਰਨਦੀਪ ਸਿੰਘ ਗਰੇਵਾਲ ਅਨੁਸਾਰ ਡੀ.ਐਸ.ਪੀ. ਸੁਰਜੀਤ ਸਿੰਘ ਤੇ ਥਾਣਾ ਮਲੌਦ ਦੇ ਮੁਖੀ ਇੰਸ: ਕਰਨੈਲ ਸਿੰਘ ਨੂੰ ਇਸ ਮਾਮਲੇ ਦੀ ਜਾਂਚ ਕਰਨ ਦੇ ਹੁਕਮ ਵੀ ਜਾਰੀ ਕੀਤੇ ਹਨ ਤੇ ਕਿਹਾ ਹੈ ਕਿ ਜੇਕਰ ਕੋਈ ਅਜਿਹੀ ਗੱਲ ਨੋਟਿਸ 'ਚ ਆਉਂਦੀ ਹੈ ਤਾਂ ਉਨ੍ਹਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ।

ਡੀ.ਐਸ.ਪੀ. ਸੁਰਜੀਤ ਸਿੰਘ ਤੇ ਐਸ.ਐਚ.ਓ. ਕਰਨੈਲ ਸਿੰਘ ਨੇ ਕਿਹਾ ਕਿ ਹੈ ਕਿ ਸਾਡੀ ਤਫਤੀਸ਼ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਜਿਨ੍ਹਾਂ ਵਿਅਕਤੀਆਂ ਦੇ ਨਾਂ ਬੋਰਡ 'ਚ ਨਸ਼ਾ ਵੇਚਣ ਵਾਲਿਆਂ ਵਜੋਂ ਲਿਖੇ ਗਏ ਸਨ ਉਹ ਪਹਿਲਾਂ ਨਸ਼ਾ ਕਰਦੇ ਸਨ ਪਰ ਹੁਣ ਉਹ ਪੁਲਿਸ ਦੀ ਸਹਾਇਤਾ ਨਾਲ ਨਸ਼ੇ ਦੀ ਲੱਤ ਛੱਡ ਚੁੱਕੇ ਹਨ। ਪੁਲਿਸ ਦਾ ਦਾਅਵਾ ਹੈ ਕਿ ਪਿੰਡ ਸਿਹੌੜਾ ਦੇ ਕਲੱਬ ਮੈਂਬਰਾਂ ਤੇ ਪਿੰਡ ਦੀ ਪੰਚਾਇਤ ਵੱਲੋਂ ਵੀ ਪੁਲਿਸ ਨੂੰ ਭਰੋਸਾ ਦਿੱਤਾ ਗਿਆ ਹੈ ਕਿ ਇਹ ਵਿਅਕਤੀ ਹੁਣ ਆਮ ਜ਼ਿੰਦਗੀ ਬਤੀਤ ਕਰ ਰਹੇ ਹਨ, ਜੋ ਬੋਰਡ ਪਿੰਡ 'ਚ ਲਗਾਇਆ ਗਿਆ ਹੈ ਉਹ ਸ਼ਰਾਰਤੀ ਵਿਅਕਤੀਆਂ ਵੱਲੋਂ ਪਿੰਡ ਦਾ ਮਾਹੌਲ ਖਰਾਬ ਕਰਨ ਲਈ ਲਾਇਆ ਗਿਆ ਹੈ।

# ਪਿਤਾ ਵੱਲੋਂ ਨਾਬਾਲਗ ਧੀ ਤੇ ਪ੍ਰੇਮੀ ਦਾ ਦਿਨ ਦਿਹਾੜੇ ਕਤਲ

**ਮਜੀਠਾ:** ਕਸਬਾ ਮਜੀਠਾ ਵਿਚ ਪਿਉ ਨੇ ਦਿਨ-ਦਿਹਾੜੇ ਆਪਣੇ ਭਰਾ ਤੇ ਹੋਰਨਾਂ ਨਾਲ ਮਿਲ ਕੇ ਨਾਬਾਲਗ ਧੀ ਅਤੇ ਉਸ ਦੇ ਪ੍ਰੇਮੀ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਮਜੀਠਾ ਵਾਸੀ ਦਿਲਬਾਗ ਸਿੰਘ ਉਰਫ ਬਾਗਾ ਨੂੰ ਆਪਣੀ ਨਾਬਾਲਗ ਧੀ ਦੇ ਨਾਜਾਇਜ਼ ਸਬੰਧਾਂ ਬਾਰੇ ਸ਼ੱਕ ਸੀ। ਉਸ ਨੇ ਆਪਣੇ ਭਰਾ ਹਰਪਾਲ ਸਿੰਘ, ਭੂਆ ਦੇ ਦੋ ਮੁੰਡਿਆਂ ਓਂਕਾਰ ਸਿੰਘ ਤੇ ਕਾਸ਼ੂ, ਨੌਕਰ ਲਾਡੀ ਤੇ ਦੋ ਅਣਪਛਾਤਿਆਂ ਨਾਲ ਮਿਲ ਕੇ ਆਪਣੀ 15 ਵਰ੍ਹਿਆਂ ਦੀ ਧੀ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ।

ਇਨ੍ਹਾਂ ਲੜਕੀ ਨੂੰ ਘਰ ਦੇ ਬਾਹਰ ਕਤਲ ਕੀਤਾ ਤੇ ਉਸ ਦੀ ਲਾਸ਼ ਸੜਕ ਕੰਢੇ ਸੁੱਟ ਦਿੱਤੀ। ਧੀ ਦੇ ਕਤਲ ਉਪਰੰਤ ਬਾਗਾ ਆਪਣੇ ਸਾਥੀਆਂ ਨਾਲ ਮਜੀਠਾ ਵਿਚ ਹੀ ਰਹਿੰਦੇ ਪਵਨ ਪੁੱਤਰ ਰਾਜਪਾਲ ਦੇ ਘਰ ਗਿਆ ਅਤੇ ਉਸ ਉਪਰ ਹਮਲਾ ਕਰ ਦਿੱਤਾ। ਹਮਲੇ ਵਿਚ ਪਵਨ ਗੰਭੀਰ ਜਖਮੀ ਹੋ ਗਿਆ। ਲੜਕੇ ਦੇ ਪਰਿਵਾਰ ਵਾਲੇ ਉਸ ਨੂੰ ਤੁਰਤ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਲੈ ਗਏ, ਜਿਥੇ ਜਖਮਾਂ ਦੀ ਤਾਬ ਨਾ ਝੱਲਦਿਆਂ ਉਸ ਨੇ ਦਮ ਤੋੜ ਦਿੱਤਾ। ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਪਵਨ ਦੇ ਪਰਿਵਾਰ ਨੇ ਦੋਸ਼ ਲਾਇਆ ਕਿ ਹਮਲਾਵਰਾਂ ਨੇ ਉਨ੍ਹਾਂ ਦੇ ਲੜਕੇ ਦੀ ਗਰਦਨ 'ਤੇ ਵਾਰ ਕੀਤੇ, ਜਿਸ ਕਾਰਨ ਉਸ ਦੀ ਅੱਧੀ ਗਰਦਨ ਕੱਟੀ ਗਈ।

# ਚੰਗੀਆਂ ਸਿਹਤ ਸੇਵਾਵਾਂ ਦੇ ਦਾਅਵਿਆਂ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਤੇ ਨੀਤੀ ਆਯੋਗ ਨੇ ਵਿਸ਼ਵ ਬੈਂਕ ਦੇ ਤਕਨੀਕੀ ਸਹਿਯੋਗ ਨਾਲ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਸਿਹਤ ਤੇ ਇਲਾਜ ਸੇਵਾਵਾਂ ਬਾਰੇ ਤਿਆਰ ਕਰਵਾਈ ਰਿਪੋਰਟ ਅਨੁਸਾਰ ਕੇਰਲ, ਆਂਧਰਾ ਪ੍ਰਦੇਸ਼ ਤੇ ਮਹਾਰਾਸ਼ਟਰ ਵਿਚ ਸਭ ਤੋਂ



ਵਧੀਆ ਸੇਵਾਵਾਂ ਮੁਹੱਈਆ ਕਰਾਈਆਂ ਜਾਂਦੀਆਂ ਹਨ ਜਦੋਂਕਿ ਉੱਤਰ ਪ੍ਰਦੇਸ਼, ਬਿਹਾਰ ਤੇ ਉੜੀਸਾ ਸਭ ਤੋਂ ਪੱਛੜੇ ਹੋਏ ਹਨ। 2017-18 ਵਿਚ ਪੰਜਾਬ ਦੂਜੇ ਨੰਬਰ 'ਤੇ ਸੀ ਜਦੋਂਕਿ ਹੁਣ ਪੰਜਵੇਂ ਨੰਬਰ ਉਤੇ ਆ ਗਿਆ ਹੈ। ਹਰਿਆਣਾ, ਰਾਜਸਥਾਨ ਤੇ ਝਾਰਖੰਡ 'ਚ ਹਾਲਾਤ ਸੁਧਰੇ ਹਨ। ਛੋਟੇ ਰਾਜਾਂ ਦੀ ਸ਼੍ਰੇਣੀ ਵਿਚ ਤ੍ਰਿਪੁਰਾ ਪਹਿਲੇ ਨੰਬਰ ਉਤੇ ਹੈ ਜਦੋਂਕਿ ਮਨੀਪੁਰ ਤੇ ਮਿਜ਼ੋਰਮ ਦੂਸਰੇ ਤੇ ਤੀਸਰੇ ਨੰਬਰ ਉਤੇ; ਇਸ ਸ਼੍ਰੇਣੀ ਵਿਚ ਅਰੁਣਾਚਲ ਪ੍ਰਦੇਸ਼, ਸਿੱਕਮ ਤੇ ਗੋਆ ਪੱਛੜੇ ਹੋਏ ਸੂਬੇ ਹਨ।

ਬਹੁਤ ਸਾਰੇ ਸੂਬੇ ਇਨ੍ਹਾਂ ਮਾਪਦੰਡਾਂ ਦੇ ਜ਼ਿਆਦਾ ਪੱਛੜੇ ਹੋਏ ਹਨ: ਜਨਮ ਵੇਲੇ ਬੱਚੇ ਦਾ ਭਾਰ, ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਮੌਤ ਦੀ ਦੌਰ; ਜਨਮ ਵੇਲੇ ਲੜਕੇ ਤੇ ਲੜਕੀਆਂ ਵਿਚਲਾ ਅਨੁਪਾਤ। ਪੰਜਾਬ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਮੌਤ ਹੋਣ ਦੀਆਂ ਘਟਨਾਵਾਂ ਕੁਝ ਘਟੀਆਂ ਹਨ। ਇਸੇ ਤਰ੍ਹਾਂ ਜਨਮ ਵੇਲੇ ਮੁੰਡਿਆਂ ਅਤੇ ਕੁੜੀਆਂ ਦੇ ਅਨੁਪਾਤ ਦੇ ਅੰਕੜੇ ਵਿਚ ਵੀ ਮਾਮੂਲੀ ਸੁਧਾਰ ਹੋਇਆ ਹੈ। ਸੂਬੇ ਵਿਚ ਸਿਹਤ ਸੇਵਾਵਾਂ ਦਾ ਹਾਲ ਸਭ ਦੇ ਸਾਹਮਣੇ ਹੈ ਤੇ ਇਸ ਵਿਚ ਭਾਰੀ ਸੁਧਾਰ ਦੀ ਗੁੰਜਾਇਸ਼ ਹੈ। ਪਿਛਲੇ ਸਾਲਾਂ ਦੌਰਾਨ ਬਿਹਾਰ ਅਤੇ ਯੂਪੀ ਵਿਚ ਹੋਈਆਂ ਬੱਚਿਆਂ ਦੀਆਂ ਵੱਡੀ ਗਿਣਤੀ ਵਿਚ ਹੋਈਆਂ ਮੌਤਾਂ ਇਨ੍ਹਾਂ ਸੂਬਿਆਂ ਵਿਚ ਇਲਾਜ ਤੇ ਸਿਹਤ ਸੇਵਾਵਾਂ ਦੇ ਪੱਛੜੇ ਹੋਣ ਦੀ ਸਚਾਈ ਨੂੰ ਦਰਸਾਉਂਦੀਆਂ ਹਨ। ਉੜੀਸਾ ਦੇ ਸਬੰਧ ਵਿਚ ਇਹ ਅੰਕੜੇ ਕੁਝ ਹੈਰਾਨ ਕਰਨ ਵਾਲੇ ਹਨ ਕਿਉਂਕਿ ਨਵੀਨ ਪਟਨਾਇਕ ਦੀ ਅਗਵਾਈ ਵਿਚ ਚੱਲ ਰਹੀ ਸਰਕਾਰ ਨੂੰ ਅਗਾਂਹਵਧੂ ਅਤੇ ਚੰਗੇ ਫੈਸਲੇ ਲੈਣ ਵਾਲੀ ਸਰਕਾਰ ਮੰਨਿਆ ਜਾਂਦਾ ਹੈ।

ਸਿਹਤ ਸਬੰਧੀ ਨੀਤੀਆਂ ਦਾ ਰੁਖ ਨਿੱਜੀਕਰਨ ਵੱਲ ਹੋਣ ਕਾਰਨ ਬਹੁਤੇ ਸੂਬਿਆਂ ਵਿਚ ਜਨਤਕ ਸਿਹਤ ਸੇਵਾਵਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਗਲੋਬਲ ਨਿਊਟਰੀਸ਼ਨ ਦੀ ਰਿਪੋਰਟ ਅਨੁਸਾਰ ਚੰਗੀ ਖੁਰਾਕ ਨਾ ਮਿਲਣ ਕਾਰਨ ਭਾਰਤ ਵਿਚ 30 ਫੀਸਦੀ ਤੋਂ ਜ਼ਿਆਦਾ ਬੱਚੇ ਆਪਣੀ ਉਮਰ ਦੇ ਹਿਸਾਬ ਨਾਲ ਲੋੜੀਂਦੇ ਕੱਦ ਤੱਕ ਨਹੀਂ ਪਹੁੰਚ ਸਕਣਗੇ; ਉਹ ਨਾ ਸਿਰਫ ਮਧਰੇ ਰਹਿ ਜਾਣਗੇ ਸਗੋਂ ਕਮਜ਼ੋਰ ਵੀ ਹੋਣਗੇ। ਬਿਹਾਰ ਤੇ ਉਤਰ ਪ੍ਰਦੇਸ਼ ਸੂਬਿਆਂ ਵਿਚ ਹਾਲਾਤ ਇੰਨੇ ਖਰਾਬ ਹਨ ਕਿ 45 ਫੀਸਦੀ ਤੋਂ ਜ਼ਿਆਦਾ ਬੱਚੇ ਮਧਰੇ ਤੇ ਕਮਜ਼ੋਰ ਰਹਿ ਜਾਣਗੇ। ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਵਿਚ ਹਾਲਾਤ ਹੋਰ ਖਰਾਬ ਹਨ। ਇਕ ਅਨੁਮਾਨ ਅਨੁਸਾਰ ਦੇਸ਼ ਦੀ 30 ਫੀਸਦੀ ਵਸੋਂ ਨੂੰ ਸਿਹਤ ਬਣਾਈ ਰੱਖਣ ਵਾਸਤੇ ਲੋੜੀਂਦੀ ਘੱਟੋ-ਘੱਟ ਖੁਰਾਕ ਵੀ ਨਹੀਂ ਮਿਲਦੀ। ਰਿਪੋਰਟ ਅਨੁਸਾਰ ਦੁਨੀਆਂ ਵਿਚ ਮਧਰੇ ਤੇ ਕਮਜ਼ੋਰ ਰਹਿਣ ਵਾਲੇ ਬੱਚਿਆਂ ਵਿਚੋਂ ਲਗਭਗ ਇਕ ਤਿਹਾਈ, ਭਾਵ ਤਕਰੀਬਨ 4.6 ਕਰੋੜ ਹਿੰਦੁਸਤਾਨ ਵਿਚ ਹਨ; 1.3 ਕਰੋੜ ਨਾਈਜੀਰੀਆ ਵਿਚ ਅਤੇ ਇਕ ਕਰੋੜ ਪਾਕਿਸਤਾਨ ਵਿਚ।

## ਰਾਜਦੀਪ ਸਿੰਘ ਟਰੇਸੀ 'ਚ ਕਮਿਸ਼ਨਰ ਬਣਿਆ

**ਟਰੇਸੀ:** ਨੌਜਵਾਨ ਰਾਜਦੀਪ ਸਿੰਘ ਧਨੋਤਾ ਨੇ ਟਰੇਸੀ ਦੇ ਪਾਰਕਸ ਐਂਡ ਕਮਿਊਨਟੀ ਸਰਵਿਸਿਜ਼ ਕਮਿਸ਼ਨ ਦਾ ਕਮਿਸ਼ਨਰ ਬਣਨ ਦਾ ਮਾਣ ਹਾਸਲ ਕੀਤਾ ਹੈ। ਉਹ ਉੜਮੁੜ (ਟਾਂਡਾ) ਨਿਵਾਸੀ ਬਾਬਾ ਬੂਟਾ ਭਗਤ ਮੰਦਰ ਕਮੇਟੀ ਦੇ ਪ੍ਰਧਾਨ ਉਲਫਤ ਰਾਏ ਅਤੇ ਸੇਵਾ ਮੁਕਤ ਟੀਚਰ ਕ੍ਰਿਸ਼ਨਾ ਦੇਵੀ ਦਾ ਬੇਟਾ ਹੈ।

ਰਾਜਦੀਪ ਸਿੰਘ ਨੇ ਐਮ.ਸੀ. ਜੌਲੀ ਸਕੂਲ ਉੜਮੜ ਅਤੇ ਡੀ.ਏ.ਵੀ. ਸਕੂਲ ਟਾਂਡਾ ਤੋਂ ਮੁੱਢਲੀ ਸਿੱਖਿਆ ਹਾਸਲ ਕੀਤੀ ਸੀ। ਰਾਜਦੀਪ 2008 ਵਿਚ ਅਮਰੀਕਾ ਆਇਆ ਸੀ ਅਤੇ ਉੱਚ ਸਿੱਖਿਆ ਹਾਸਲ ਕਰਨ ਉਪਰੰਤ ਹੈਲਥ ਇੰਡਸਟਰੀ ਵਿਚ ਫਾਰਮੇਸੀ ਕੰਸਲਟੈਂਟ ਵਜੋਂ ਨੌਕਰੀ ਕਰ ਰਿਹਾ ਹੈ। ਉਸ ਦੀ ਪਤਨੀ ਸਿਮਰਨ ਕੌਰ ਵੀ ਟਰੇਸੀ ਸ਼ਹਿਰ ਵਿਚ ਸਕੂਲ ਬੋਰਡ ਦੀ ਮੈਂਬਰ ਹੈ।

# ਬਿੱਟੂ ਹੱਤਿਆ ਕਾਂਡ: ਖਾੜਕੂ ਜਥੇਬੰਦੀਆਂ ਸ਼ੱਕ ਦੇ ਘੇਰੇ ਤੋਂ ਬਾਹਰ

**ਪਟਿਆਲਾ:** ਬਰਗਾੜੀ ਬੇਅਦਬੀ ਮਾਮਲੇ ਦੇ ਮੁਲਜ਼ਮ ਮਹਿੰਦਰਪਾਲ ਬਿੱਟੂ ਦੀ ਨਾਭਾ ਜੇਲ੍ਹ 'ਚ ਹੱਤਿਆ ਸਬੰਧੀ ਅਜੇ ਤੱਕ ਕਿਸੇ ਬਾਹਰੀ ਤਾਕਤ ਦਾ ਹੱਥ ਹੋਣ ਦਾ ਖੁਲਾਸਾ ਨਹੀਂ ਹੋਇਆ ਹੈ। ਗ੍ਰਿਫਤਾਰ ਕੀਤੇ ਗਏ ਪੰਜ ਮੁਲਜ਼ਮਾਂ (ਕੈਦੀਆਂ) ਦੀ ਅੱਠ ਦਿਨਾਂ ਤੋਂ ਜਾਰੀ ਪੁੱਛਗਿੱਛ ਦੌਰਾਨ ਅਜਿਹੀ ਕੋਈ ਗੱਲ ਸਾਹਮਣੇ ਨਹੀਂ ਆਈ ਹੈ। ਕਤਲ ਦੀ ਸਾਜ਼ਿਸ਼ ਇਨ੍ਹਾਂ ਵਿਚੋਂ ਹੀ ਚਾਰ ਮੁਲਜ਼ਮਾਂ ਵੱਲੋਂ ਘੜੀ ਦੱਸੀ ਜਾ ਰਹੀ ਹੈ। ਇਨ੍ਹਾਂ ਮੁਲਜ਼ਮਾਂ ਵਿਚ ਉਮਰ ਕੈਦੀ ਗੁਰਸੇਵਕ ਸਿੰਘ ਝਿਓਰਹੇੜੀ, ਹਵਾਲਾਤੀ ਮਨਿੰਦਰ ਸਿੰਘ ਭਗੜਾਣਾ, ਲਖਵੀਰ ਸਿੰਘ ਸਲਾਣਾ ਅਤੇ ਕੈਦੀ ਹਰਪ੍ਰੀਤ ਸਿੰਘ ਨਾਗਰਾ ਸਮੇਤ ਹਵਾਲਾਤੀ ਜਸਪ੍ਰੀਤ ਸਿੰਘ ਉਰਫ ਨਿਹਾਲ ਸਿੰਘ ਸ਼ਾਮਲ ਹਨ। ਸੀ.ਆਈ.ਏ. ਪਟਿਆਲਾ 'ਚ ਇੰਸਪੈਕਟਰ ਸ਼ਮਿੰਦਰ ਸਿੰਘ ਦੀ ਨਿਗਰਾਨੀ ਹੇਠ ਰੱਖੇ ਗਏ ਮੁਲਜ਼ਮਾਂ ਤੋਂ ਸਿੱਟ ਸਮੇਤ ਹੋਰ ਅਧਿਕਾਰੀ ਵੀ ਪੁੱਛਗਿੱਛ ਕਰ ਚੁੱਕੇ ਹਨ।



ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਪੁੱਛਗਿੱਛ ਦੌਰਾਨ ਘਟਨਾ ਪਿੱਛੇ ਕਿਸੇ ਵੀ ਖਾੜਕੂ ਅਤੇ ਗੈਂਗਸਟਰ ਗੁੱਟ ਸਮੇਤ ਕਿਸੇ ਰਾਜਸੀ ਜਾਂ ਹੋਰ ਵਿਅਕਤੀ ਦਾ ਹੱਥ ਹੋਣ ਦੀ ਗੱਲ ਸਾਹਮਣੇ ਨਹੀਂ ਆਈ ਹੈ। ਅਧਿਕਾਰੀਆਂ ਅਨੁਸਾਰ ਬਿੱਟੂ ਦੇ ਜੇਲ੍ਹ ਪੁੱਜਣ 'ਤੇ ਕਤਲ ਦੀ ਵਿਉਂਤਬੰਦੀ ਨਿਹਾਲ ਸਿੰਘ, ਗੁਰਸੇਵਕ ਅਤੇ ਮਨਿੰਦਰ ਨੇ ਨਵੰਬਰ 'ਚ ਕੀਤੀ ਸੀ। ਮਗਰੋਂ ਲਖਵੀਰ ਵੀ ਕਥਿਤ ਰੂਪ ਵਿਚ ਯੋਜਨਾ ਵਿਚ ਸ਼ਾਮਲ ਹੋ ਗਿਆ ਸੀ। ਅਕਤੂਬਰ 2018 'ਚ ਬਿੱਟੂ ਨੂੰ ਫਰੀਦਕੋਟ ਜੇਲ੍ਹ ਭੇਜ ਦਿੱਤਾ ਗਿਆ ਸੀ। ਗੁਰਸੇਵਕ ਨੂੰ ਅਕਤੂਬਰ 'ਚ ਹੀ ਇਕ ਕਤਲ ਕੇਸ ਵਿਚ ਉਮਰ ਕੈਦ ਹੋ ਜਾਣ 'ਤੇ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ, ਜਿਥੋਂ ਕੁਝ ਸਮੇਂ ਬਾਅਦ ਉਸ ਦੀ ਵਾਪਸੀ ਹੋ ਗਈ। ਉਧਰ ਨਵੰਬਰ 'ਚ ਪਰਤੇ ਬਿੱਟੂ ਨੂੰ ਦਸੰਬਰ 'ਚ ਮੁੜ ਫਰੀਦਕੋਟ ਜੇਲ੍ਹ ਭੇਜ ਦਿੱਤਾ ਗਿਆ ਸੀ ਅਤੇ ਜਨਵਰੀ 'ਚ ਉਸ ਦੀ ਵਾਪਸੀ ਤੋਂ ਪਹਿਲਾਂ ਹੀ ਇਥੋਂ ਨਿਹਾਲ ਸਿੰਘ ਨੂੰ ਮੈਕਸੀਮਮ ਸਕਿਓਰਿਟੀ ਜੇਲ੍ਹ 'ਚ ਭੇਜ ਦਿੱਤਾ ਗਿਆ ਸੀ। ਗੁਰਸੇਵਕ ਨੇ ਜਨਵਰੀ ਵਿਚ ਪੈਰੋਲ ਦੀ ਪੈਰਵੀ ਸ਼ੁਰੂ ਕਰ ਦਿੱਤੀ ਸੀ ਅਤੇ ਉਹ ਮਾਰਚ ਤੋਂ ਮਈ ਤੱਕ ਪੈਰੋਲ 'ਤੇ ਰਿਹਾ।

ਜੇਲ੍ਹ ਅਧਿਕਾਰੀਆਂ ਅਨੁਸਾਰ ਬਿੱਟੂ ਸ਼ੁਰੂ 'ਚ ਖੁਦ ਹੀ ਵਧੇਰੇ ਚੌਕਸ ਰਹਿੰਦਾ ਸੀ। ਹਫਤੇ ਵਿਚ ਇੱਕ ਵਾਰ ਹੁੰਦੀ ਬਿੱਟੂ ਦੀ ਮੁਲਾਕਾਤ ਵੀ ਦੁਪਹਿਰੇ ਉਦੋਂ ਕਰਵਾਈ ਜਾਂਦੀ ਸੀ, ਜਦੋਂ ਬਾਕੀ ਸਾਰੇ ਕੈਦੀ ਬੈਰਕਾਂ ਵਿਚ ਬੰਦ ਹੁੰਦੇ ਸਨ। ਬਿੱਟੂ ਸਮੇਤ ਸਾਰੇ ਡੇਰਾ ਪ੍ਰੇਮੀ ਵੱਖਰੀ ਬੈਰਕ ਵਿਚ ਬੰਦ ਸਨ। ਘਟਨਾ ਵਾਲੇ ਦਿਨ ਘਰੋਂ ਆਇਆ ਟੈਲੀਵਿਜ਼ਨ ਲੈਣ ਲਈ ਬਿੱਟੂ ਦਾ ਇਕ ਹੋਰ ਪ੍ਰੇਮੀ ਸਮੇਤ ਆਥਣ ਵੇਲੇ ਬੈਰਕ ਵਿਚੋਂ ਨਿਕਲਣਾ ਹੀ ਉਸ ਦੀ ਮੌਤ ਦਾ ਕਾਰਨ ਬਣ ਗਿਆ। ਕਤਲ 'ਚ ਤਿੰਨ ਜਣਿਆਂ ਦੀ ਸਿੱਧੀ ਸ਼ਮੂਲੀਅਤ ਦੱਸੀ ਜਾ ਰਹੀ ਹੈ ਜਦਕਿ ਚੌਥਾ ਜਣਾ ਸਾਧਾਰਨ ਲੜਾਈ ਸਮਝ ਕੇ ਕੋਲ ਪੁੱਜਿਆ ਸੀ। ਕਤਲ ਮੌਕੇ ਭਾਵੇਂ ਨਿਹਾਲ ਹੋਰ ਜੇਲ੍ਹ ਵਿਚ ਸੀ ਪਰ ਸਾਜ਼ਿਸ਼ ਤਹਿਤ ਉਸ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

## ਗੁਰਸੇਵਕ ਤੇ ਜਸਪ੍ਰੀਤ ਤੋਂ ਮਿਲੇ ਮੋਬਾਈਲ ਫੋਨ ਤੋਂ ਹੋਈਆਂ 259 ਫੋਨ ਕਾਲਾਂ

**ਪਟਿਆਲਾ:** ਨਾਭਾ ਜੇਲ੍ਹ 'ਚ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੀ ਹੱਤਿਆ ਦੇ ਮਾਮਲੇ 'ਚ ਪੁਲਿਸ ਨੇ ਅਦਾਲਤ 'ਚ ਤਰਕ ਦਿੰਦਿਆਂ ਦੱਸਿਆ ਕਿ ਡੇਰਾ ਪ੍ਰੇਮੀ ਬਿੱਟੂ ਦੀ ਹੱਤਿਆ ਦੇ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਕਥਿਤ ਦੋਸ਼ੀਆਂ ਤੋਂ ਪੁੱਛਗਿੱਛ ਦੌਰਾਨ ਜਸਪ੍ਰੀਤ ਸਿੰਘ ਤੇ ਗੁਰਸੇਵਕ ਸਿੰਘ ਤੋਂ ਦੋ ਮੋਬਾਈਲ ਫੋਨ ਬਰਾਮਦ ਕੀਤੇ ਗਏ ਹਨ। ਇਨ੍ਹਾਂ ਫੋਨਾਂ ਤੋਂ ਕੁੱਲ 259 ਫੋਨ ਕਾਲਾਂ ਕੀਤੀਆਂ ਗਈਆਂ ਹਨ, ਜਿਨ੍ਹਾਂ 'ਚੋਂ ਜਸਪ੍ਰੀਤ ਦੇ ਮੋਬਾਈਲ ਤੋਂ 167 ਤੇ ਗੁਰਸੇਵਕ ਸਿੰਘ ਦੇ ਮੋਬਾਈਲ ਤੋਂ 92 ਫੋਨ ਕੀਤੇ ਗਏ। ਜਿਨ੍ਹਾਂ ਦੀ ਉਨ੍ਹਾਂ ਵੱਲੋਂ ਜਾਂਚ ਕੀਤੀ ਜਾਣੀ ਹੈ।

ਪੁਲਿਸ ਵੱਲੋਂ ਦੱਸਿਆ ਗਿਆ ਕਿ ਜਸਪ੍ਰੀਤ ਸਿੰਘ ਨੂੰ ਕਿਸੇ ਵੱਲੋਂ 5000 ਹਜ਼ਾਰ ਰੁਪਏ ਮਹੀਨਾ ਬਤੌਰ ਫੰਡ ਦੇ ਆਉਂਦੇ ਹਨ, ਜਿਸ ਸਬੰਧੀ ਪੁੱਛਗਿੱਛ ਕਰਨੀ ਹੈ।

# ਪਾਣੀ ਦੇ ਗੰਭੀਰ ਸੰਕਟ ਵੱਲ ਵਧਿਆ ਪੰਜਾਬ, 10 ਜਿਲਿਆਂ ਦਾ ਪਾਣੀ ਖਾਰਾ

**ਚੰਡੀਗੜ੍ਹ:** ਪੰਜਾਬ ਵਿਚ ਪਾਣੀ ਦਾ ਸੰਕਟ ਗੰਭੀਰ ਹੁੰਦਾ ਜਾ ਰਿਹਾ ਹੈ। ਸਰਕਾਰੀ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਜ਼ਮੀਨ ਹੇਠਲੇ ਪਾਣੀ ਦੀ ਦੁਰਵਰਤੋਂ ਕਰਨ ਲਈ ਪੰਜਾਬ ਦੇਸ਼ ਭਰ ਵਿਚ ਸਭ ਤੋਂ ਪਹਿਲੇ ਨੰਬਰ ਉਤੇ ਹੈ। ਪਿਛਲੇ ਹਫਤੇ ਲੋਕ ਸਭਾ ਵਿਚ ਪੇਸ਼ ਕੀਤੇ ਅੰਕੜਿਆਂ ਮੁਤਾਬਕ ਜ਼ਮੀਨ ਹੇਠਲੇ ਪਾਣੀ ਦੀ ਦੁਰਵਰਤੋਂ ਸਭ ਤੋਂ ਵੱਧ ਪੰਜਾਬ (76 ਪ੍ਰਤੀਸ਼ਤ) ਵਿਚ ਹੋ ਰਹੀ ਹੈ।

ਇਸ ਤੋਂ ਬਾਅਦ ਰਾਜਸਥਾਨ (66 ਫੀਸਦੀ) ਦਾ ਨੰਬਰ ਆਉਂਦਾ ਹੈ। ਇਸ ਤੋਂ ਇਲਾਵਾ ਦਿੱਲੀ (56 ਫੀਸਦੀ) ਤੇ ਹਰਿਆਣਾ (54 ਫੀਸਦੀ) ਵੀ ਵੱਡੇ ਪੱਧਰ 'ਤੇ ਪਾਣੀ ਦੀ ਦੁਰਵਰਤੋਂ ਕਰ ਰਹੇ ਹਨ। ਚਿੰਤਾ ਵਾਲੀ ਗੱਲ ਇਹ ਹੈ ਕਿ 30 ਸਾਲਾਂ ਤੋਂ ਵੀ ਘੱਟ ਸਮੇਂ ਵਿਚ ਪੰਜਾਬ ਰੇਗਿਸਤਾਨ ਸੂਬਾ ਬਣ ਜਾਏਗਾ, ਹਾਲਾਂਕਿ ਦੇਸ਼ ਵਿਚ ਕੁਝ ਸੂਬੇ ਅਜਿਹੇ ਵੀ ਹਨ ਜਿਥੇ ਬਿਲਕੁਲ ਵੀ ਪਾਣੀ ਅਜਾਈਂ ਨਹੀਂ ਕੀਤਾ ਜਾਂਦਾ। ਇਨ੍ਹਾਂ ਵਿਚ ਪੱਛਮੀ ਬੰਗਾਲ, ਉਤਰਾਖੰਡ, ਤ੍ਰਿਪੁਰਾ, ਉੜੀਸਾ, ਨਾਗਾਲੈਂਡ, ਮੇਘਾਲਿਆ, ਮਿਜ਼ੋਰਮ, ਮਨੀਪੁਰ, ਜੰਮੂ ਤੇ ਕਸ਼ਮੀਰ, ਅਸਾਮ, ਅਰੁਣਾਚਲ ਪ੍ਰਦੇਸ਼ ਤੇ ਗੋਆ ਸ਼ਾਮਲ ਹਨ। 12 ਸੂਬਿਆਂ ਤੇ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ ਅਰੁਣਾਚਲ ਪ੍ਰਦੇਸ਼, ਅਸਾਮ, ਗੋਆ, ਮਣੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਅੰਡੇਮਾਨ ਤੇ ਨਿਕੋਬਾਰ ਟਾਪੂ, ਚੰਡੀਗੜ੍ਹ ਤੇ ਦਾਦਰਾ ਤੇ ਨਗਰ ਹਵੇਲੀ ਦੇ ਸਾਰੇ ਬਲਾਕਾਂ, ਤਾਲੁਕਾ ਤੇ ਮੰਡਲ ਪੱਧਰ ਦੀਆਂ ਇਕਾਈਆਂ ਵਿਚ ਭੂਮੀਗਤ ਪਾਣੀ ਸੇਫ ਜ਼ੋਨ ਵਿਚ ਹੈ।

ਦੇਸ਼ ਵਿਚ ਲਗਭਗ 681 ਬਲਾਕਾਂ, ਮੰਡਲ ਤੇ ਤਾਲੁਕਾ ਪੱਧਰੀ ਇਕਾਈਆਂ, ਜੋ ਕੁੱਲ ਗਿਣਤੀ ਦਾ 10 ਪ੍ਰਤੀਸ਼ਤ ਬਣਦਾ ਹੈ, ਇਥੇ ਭੂਮੀਗਤ ਪਾਣੀ 'ਸੈਮੀ ਕ੍ਰਿਟੀਕਲ' ਸ਼੍ਰੇਣੀ ਵਿਚ ਆਉਂਦਾ ਹੈ, ਜਦਕਿ 253 'ਕ੍ਰਿਟੀਕਲ' ਸ਼੍ਰੇਣੀ ਵਿਚ ਰੱਖੇ ਗਏ ਹਨ। ਤਕਰੀਬਨ ਇਕ ਫੀਸਦੀ ਬਲਾਕਾਂ, ਮੰਡਲ ਤੇ ਤਾਲੁਕਾ ਵਿਚ ਖਾਰਾ ਪਾਣੀ ਵੇਖਿਆ ਗਿਆ ਹੈ। ਇਹ ਅੰਕੜੇ ਸਰਕਾਰ ਦੀ 2013 ਦੀ ਅਸੈਸਮੈਂਟ 'ਤੇ ਅਧਾਰਤ ਹਨ। ਇਸ ਮੁਤਾਬਕ ਦੇਸ਼ ਵਿਚ ਕੁੱਲ 6,584 ਮੁਲਾਂਕਣ ਯੂਨਿਟਾਂ



(ਬਲਾਕ, ਤਾਲੁਕਾ, ਮੰਡਲ, ਵਾਟਰਸ਼ੈਡਜ਼, ਫਿਰਕਾ) ਵਿਚੋਂ 17 ਰਾਜਾਂ ਤੇ ਕੇਂਦਰ ਸ਼ਾਸਿਤ ਖੇਤਰਾਂ ਵਿਚ 1,034 ਯੂਨਿਟ ਨੂੰ 'ਓਵਰ ਐਕਸਪਲੋਇਟਿਡ' ਸ਼੍ਰੇਣੀ ਵਿਚ ਰੱਖਿਆ ਗਿਆ ਹੈ, ਯਾਨੀ ਇਨ੍ਹਾਂ ਖੇਤਰਾਂ ਵਿਚੋਂ ਬਹੁਤ ਸਾਰਾ ਭੂਮੀਗਤ ਪਾਣੀ ਕੱਢ ਲਿਆ ਗਿਆ ਹੈ ਤੇ ਆਉਣ ਵਾਲੇ ਸਮੇਂ ਵਿਚ ਇਥੇ ਪਾਣੀ ਦੀ ਭਾਰੀ ਕਿੱਲਤ ਆ ਸਕਦੀ ਹੈ। ਪਿਛਲੇ ਹਫਤੇ ਸੰਸਦ ਵਿਚ ਸੰਸਦ ਵਿਚ ਜਲ ਸ਼ਕਤੀ ਮੰਤਰਾਲੇ ਦੇ ਸੂਬਾ ਮੰਤਰੀ ਵੱਲੋਂ ਪੇਸ਼ ਕੀਤੀ ਰਿਪੋਰਟ ਮੁਤਾਬਕ 253 ਯੂਨਿਟਾਂ ਨੂੰ ਕ੍ਰਿਟੀਕਲ, 681 ਯੂਨਿਟ ਸੈਮੀ-ਕ੍ਰਿਟੀਕਲ ਤੇ 4,520 ਯੂਨਿਟਾਂ ਨੂੰ ਸੁਰੱਖਿਅਤ ਮੰਨਿਆ ਗਿਆ ਹੈ।

ਪੰਜਾਬ ਵਿਚ ਕਿਸਾਨਾਂ ਨੂੰ ਮੁਫਤ ਬਿਜਲੀ ਵੀ ਇਸ ਨੂੰ ਹੱਲਾਸ਼ੇਰੀ ਦੇ ਰਹੀ ਹੈ। ਖੇਤੀ ਸੈਕਟਰ 'ਚ 13.50 ਲੱਖ ਮੋਟਰਾਂ ਚੱਲ ਰਹੀਆਂ ਹਨ ਅਤੇ ਇਵੇਂ ਸ਼ਹਿਰੀ ਲੋਕਾਂ ਨੇ ਪਾਣੀ ਖਪਤ ਦੀ ਉਕਾ ਹੀ ਚਿੰਤਾ ਮੁਕਾ ਰੱਖੀ ਹੈ। ਜਦੋਂ ਹੁਣ ਪਾਰਾ ਉਤਾਂਹ ਚੜ੍ਹਨ ਲੱਗਾ ਹੈ ਤਾਂ ਇਕੋ ਵੇਲੇ ਪੰਜਾਬ 'ਚ ਬਿਜਲੀ-ਪਾਣੀ ਦੀ ਖਪਤ ਪੁਰਾਣੇ ਰਿਕਾਰਡ ਭੰਨ ਰਹੀ ਹੈ ਜੋ ਪੰਜਾਬ ਲਈ ਸੁਖਦ ਸੁਨੇਹਾ ਨਹੀਂ। ਬਿਜਲੀ ਦੀ ਖਪਤ ਵਿਚ ਪਿਛਲੇ ਵਰ੍ਹੇ ਦੇ ਮੁਕਾਬਲੇ ਐਤਕੀਂ 36 ਫੀਸਦੀ ਦਾ ਵਾਧਾ ਹੋਇਆ ਹੈ। 21 ਜੂਨ ਨੂੰ 24.22 ਕਰੋੜ ਯੂਨਿਟਾਂ ਦੀ ਪ੍ਰਤੀ ਦਿਨ ਦੀ ਖਪਤ ਸੀ ਜੋ 29 ਜੂਨ ਨੂੰ 28.46 ਕਰੋੜ ਯੂਨਿਟਾਂ ਦੀ ਹੋ ਗਈ। ਪਿਛਲੇ ਵਰ੍ਹੇ 29 ਜੂਨ ਨੂੰ ਸਿਰਫ 17.97 ਲੱਖ ਯੂਨਿਟਾਂ ਦੀ ਖਪਤ ਰਹੀ ਸੀ। ਤਿੰਨ ਦਿਨਾਂ ਤੋਂ ਤੇਜ਼ੀ ਨਾਲ ਬਿਜਲੀ ਖਪਤ ਵਧੀ ਹੈ। ਬਿਜਲੀ ਦੀ ਮੰਗ ਵਿਚ ਐਤਕੀਂ 30 ਫੀਸਦੀ ਵਾਧਾ ਹੋਇਆ ਹੈ। ਪਿਛਲੇ ਇਕ ਹਫਤੇ ਤੋਂ ਪਾਵਰਕੌਮ ਦੀ ਬਿਜਲੀ ਖਰੀਦ ਲਾਗਤ ਵਿਚ 20 ਫੀਸਦ ਅਤੇ ਦੋ ਦਿਨਾਂ ਤੋਂ 44 ਫੀਸਦ ਬਿਜਲੀ ਵਰ੍ਹੇ ਦੇ ਮੁਕਾਬਲੇ ਵਧ ਗਈ ਹੈ।

ਪੰਜਾਬ ਵਿਚ ਕਰੀਬ 94 ਲੱਖ ਬਿਜਲੀ ਕੁਨੈਕਸ਼ਨ ਹਨ ਅਤੇ ਤਾਪਮਾਨ ਵਧਣ ਕਰ ਕੇ ਹਰ ਸੈਕਟਰ ਵਿਚ ਬਿਜਲੀ ਖਪਤ ਇਕਦਮ ਵਧ ਗਈ ਹੈ। ਪਾਵਰਕੌਮ ਦੀ ਰੋਜ਼ਾਨਾ ਕਰੀਬ 100 ਕਰੋੜ ਦੀ ਬਿਜਲੀ ਦੀ ਖਪਤ ਹੋ ਰਹੀ ਹੈ। ਇਸ ਵਾਰ ਝੋਨੇ ਦੀ ਲਵਾਈ 13 ਜੂਨ ਤੋਂ ਸ਼ੁਰੂ ਹੋਣ ਕਰ ਕੇ ਪੰਜਾਬ ਸਰਕਾਰ ਨੂੰ ਕਰੀਬ 150 ਕਰੋੜ ਦੀ ਬਿਜਲੀ ਸਬਸਿਡੀ ਵੱਧ ਦੇਣੀ ਪਵੇਗੀ ਜਦੋਂ ਕਿ ਸਰਕਾਰ ਤੋਂ ਪਾਵਰਕੌਮ ਨੂੰ ਪਹਿਲਾਂ ਹੀ ਬਿਜਲੀ ਸਬਸਿਡੀ ਦੀ ਰਾਸ਼ੀ ਮਿਲ ਨਹੀਂ ਰਹੀ ਹੈ। ਸੂਤਰਾਂ ਮੁਤਾਬਕ ਪਾਵਰਕੌਮ ਨੂੰ ਕੋਲੇ ਆਦਿ ਦੀ ਖਰੀਦ ਵਿਚ ਦਿੱਕਤ ਖੜ੍ਹੀ ਹੋ ਸਕਦੀ ਹੈ। ਪੰਜਾਬ ਦੇ ਖੇਤਾਂ ਵਿਚ ਝੋਨੇ ਲਈ ਪਾਣੀ ਦੀ ਵਧੀ ਮੰਗ ਨੇ ਧਰਤੀ ਹੇਠਲੇ ਪਾਣੀ ਨੂੰ ਦਾਅ 'ਤੇ ਲਾ ਦਿੱਤਾ ਹੈ। ਕਿਸਾਨ ਝੋਨਾ ਲਾਉਣ ਨੂੰ ਮਜਬੂਰੀ ਦੱਸ ਰਹੇ ਹਨ ਜਦੋਂ ਕਿ ਪੰਜਾਬ ਸਰਕਾਰ ਨੇ ਖੇਤੀ ਵਿਭਿੰਨਤਾ ਲਈ ਕੋਈ ਰਾਹ ਹੀ ਨਹੀਂ ਤਲਾਸ਼ੇ ਹਨ।

ਕੇਂਦਰੀ ਗਰਾਊਂਡ ਵਾਟਰ ਬੋਰਡ ਤਰਫੋਂ ਜੋ ਲੰਘੇ ਇਕ ਦਹਾਕੇ ਦੌਰਾਨ ਧਰਤੀ ਹੇਠਲੇ ਪਾਣੀ ਦਾ ਮੁਲਾਂਕਣ ਕੀਤਾ ਹੈ, ਉਸ ਅਨੁਸਾਰ ਪੰਜਾਬ ਵਿਚ 216 ਖੂਹਾਂ ਦੇ ਪਾਣੀ ਦਾ ਪੱਧਰ ਦੇਖਿਆ ਗਿਆ ਹੈ ਜਿਸ ਨਾਲ ਇਨ੍ਹਾਂ ਚੋਂ ਸਿਰਫ 16 ਫੀਸਦੀ ਖੂਹਾਂ ਦਾ ਪਾਣੀ ਦਾ ਪੱਧਰ ਉਪਰ ਆਇਆ ਹੈ ਜਦੋਂ ਕਿ 181 ਭਾਵ 84 ਫੀਸਦੀ ਖੂਹਾਂ ਦਾ ਪਾਣੀ ਤੇਜ਼ੀ ਨਾਲ ਹੇਠਾਂ ਡਿੱਗਿਆ ਹੈ। ਬੋਰਡ ਦੇ ਵੇਰਵੇ ਹਨ ਕਿ ਪੰਜਾਬ ਦੇ 138 ਬਲਾਕਾਂ ਵਿਚੋਂ 76 ਫੀਸਦੀ ਪਾਣੀ ਦੀ ਸਥਿਤੀ ਅਤਿ ਭਿਆਨਕ ਹੈ ਜਦੋਂ ਕਿ ਸਿਰਫ਼ 26 ਫੀਸਦੀ ਹੀ ਸੁਰੱਖਿਅਤ ਪਾਣੀ ਵਾਲਾ ਰਕਬਾ ਹੈ।

ਜਲ ਸ਼ਕਤੀ ਮੰਤਰਾਲੇ ਦੀ ਰਿਪੋਰਟ ਅਨੁਸਾਰ ਪੰਜਾਬ ਦੇ 10 ਜ਼ਿਲ੍ਹਿਆਂ ਦਾ ਧਰਤੀ ਹੇਠਲਾ ਪਾਣੀ ਖਾਰਾ ਹੈ ਜਦੋਂ ਕਿ 19 ਜ਼ਿਲ੍ਹਿਆਂ ਦੇ ਪਾਣੀ ਵਿਚ ਫਲੋਰਾਈਡ ਦੀ ਮਾਤਰਾ ਜ਼ਿਆਦਾ ਹੈ। 21 ਜ਼ਿਲ੍ਹਿਆਂ ਵਿਚ ਨਾਈਟ੍ਰੇਟ ਅਤੇ 10 ਜ਼ਿਲ੍ਹਿਆਂ ਵਿਚ ਆਰਸੈਨਿਕ ਤੱਤਾਂ ਦੀ ਮਾਤਰਾ ਜ਼ਿਆਦਾ ਹੈ। ਕੈਂਸਰ ਵਰਗੀ ਬਿਮਾਰੀ ਦਾ ਕਹਿਰ ਕਿਸੇ ਤੋਂ ਭੁੱਲਿਆ ਨਹੀਂ।

## ਜਲ ਸੰਭਾਲ ਲਈ ਜਨ ਅੰਦੋਲਨ ਚਲਾਉਣ ਦੀ ਲੋੜ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਿਚ ਪਾਣੀ ਦੀ ਸਮੱਸਿਆ ਨਾਲ ਜੁੜੀ ਚੁਣੌਤੀ ਦਾ ਜ਼ਿਕਰ ਕਰਦਿਆਂ ਲੋਕਾਂ ਨੂੰ ਸਵੱਛਤਾ ਅੰਦੋਲਨ ਵਾਂਗ 'ਜਲ ਸੰਭਾਲ' ਮੁਹਿੰਮਾਂ ਵਿੱਢਣ ਤੇ ਪਾਣੀ ਦੀ ਸਾਂਭ-ਸੰਭਾਲ ਦੇ ਰਵਾਇਤੀ ਤਰੀਕਿਆਂ ਨੂੰ ਸਾਂਝੇ ਕਰਨ ਦੀ ਅਪੀਲ ਕੀਤੀ ਹੈ। ਮੋਦੀ ਨੇ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ 'ਮਨ ਕੀ ਬਾਤ' ਪ੍ਰੋਗਰਾਮ ਵਿਚ ਕਿਹਾ ਕਿ ਦੇਸ਼ ਵਿਚ ਜਲ ਸੰਭਾਲ ਲਈ ਕਈ ਰਵਾਇਤੀ ਤੌਰ-ਤਰੀਕੇ ਸਦੀਆਂ ਤੋਂ ਵਰਤੋਂ ਵਿਚ ਲਿਆਂਦੇ ਜਾ ਰਹੇ ਹਨ ਤੇ ਹੁਣ ਸਮਾਂ ਹੈ ਕਿ ਅਜਿਹੇ ਢੰਗ-ਤਰੀਕੇ ਸਾਂਝੇ ਕੀਤੇ ਜਾਣ। ਦੱਸਣਯੋਗ ਹੈ ਕਿ ਪੂਰੇ ਭਾਰਤ ਵਿਚ ਸਾਰੇ ਵੱਡੇ ਜਲ ਸਰੋਤਾਂ ਤੇ ਦਰਿਆਵਾਂ ਵਿਚ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਖਿਸਕ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਮੀਂਹ ਦੇ ਪਾਣੀ ਦੀ ਸੰਭਾਲ 'ਤੇ ਵੀ ਜ਼ੋਰ ਦਿੱਤਾ ਹੈ।

# ਗੁਰਬਚਨ ਸਿੰਘ ਭਿੰਡਰਾਂਵਾਲਿਆਂ ਨੂੰ ਦਿੱਤਾ ਜਾਵੇਗਾ ਪੰਥ ਰਤਨ

**ਮਜੀਠਾ:** ਦਮਦਮੀ ਟਕਸਾਲ ਦੇ ਬਾਰ੍ਹਵੇਂ ਮੁਖੀ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਬਰਸੀ ਨੂੰ ਸਮਰਪਤ ਤਿੰਨ ਰੋਜ਼ਾ ਧਾਰਮਿਕ ਸਮਾਗਮ ਕਰਵਾਇਆ ਗਿਆ। ਦਮਦਮੀ ਟਕਸਾਲ ਦੇ ਹੈੱਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਦੀ ਅਗਵਾਈ 'ਚ ਸਮਾਗਮ ਕਰਵਾਇਆ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਗੁਰਬਚਨ ਸਿੰਘ ਖਾਲਸਾ ਦਾ ਜੀਵਨ ਸਾਡੇ ਲਈ ਪ੍ਰੇਰਨਾਸ੍ਰੋਤ ਹੈ। ਉਨ੍ਹਾਂ ਕਿਹਾ ਕਿ ਸ੍ਰੀ ਖਾਲਸਾ ਉਚਕੋਟੀ ਦੇ ਕਾਵਿ ਗਿਆਤਾ ਸਨ। ਉਨ੍ਹਾਂ ਗੁਰਬਾਣੀ ਕਥਾ ਰਾਹੀਂ ਪਾਖੰਡ ਅਤੇ ਦੇਹਧਾਰੀ ਗੁਰੂਡੰਮ ਦਾ ਵਿਰੋਧ ਕੀਤਾ। ਉਨ੍ਹਾਂ ਹਜ਼ਾਰਾਂ ਸਿੰਘਾਂ ਨੂੰ ਗੁਰਮਤਿ ਵਿੱਦਿਆ ਪੜ੍ਹਾਉਣ, ਗੁਰਬਾਣੀ ਦੀ ਸ਼ੁੱਧ ਸੰਥਿਆ ਅਤੇ ਅਰਥ ਪੜ੍ਹਾਉਣ ਦੀ ਨਿਸ਼ਕਾਮ ਸੇਵਾ ਤੇ ਜ਼ਿੰਮੇਵਾਰੀ ਅਖੀਰਲੇ ਸਵਾਸਾਂ ਤੱਕ ਨਿਭਾਈ।

ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰਬਚਨ ਸਿੰਘ ਖਾਲਸਾ ਚਲਦੀ-ਫਿਰਦੀ ਯੂਨੀਵਰਸਿਟੀ ਸਨ ਤੇ ਗੁਰਮਤਿ ਮਰਿਆਦਾ 'ਤੇ ਪੂਰਨ ਪਹਿਰਾ ਦੇਣ ਵਾਲੇ ਸਨ। ਉਨ੍ਹਾਂ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਪੰਥ ਦੀ ਸੇਵਾ 'ਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਪੰਥ ਪ੍ਰਤੀ ਸੇਵਾ ਅਤੇ ਘਾਲਣਾ ਨੂੰ ਮੁੱਖ ਰਖਦਿਆਂ ਸ਼੍ਰੋਮਣੀ ਕਮੇਟੀ ਅਤੇ ਸੰਗਤ ਵੱਲੋਂ ਅਕਾਲ ਤਖਤ ਸਾਹਿਬ ਤੋਂ ਪੰਥ ਰਤਨ ਸਨਮਾਨ ਦੇਣ ਦੇ ਫੈਸਲੇ ਤੋਂ ਜਾਣੂ ਕਰਾਇਆ।

## ਡਰੱਗ ਤਸਕਰੀ ਦੇ ਦੋਸ਼ ਹੇਠ ਭਾਰਤੀ ਖਿਲਾਫ ਕੇਸ ਦਰਜ

**ਵਾਸ਼ਿੰਗਟਨ:** ਇਕ ਭਾਰਤੀ ਕਾਰੋਬਾਰੀ ਖਿਲਾਫ ਡਰੱਗ ਤਸਕਰੀ ਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁੰਬਈ ਦੇ ਰਹਿਣ ਵਾਲੇ ਜੀਤੇਂਦਰ ਰਹੀਸ਼ ਬੇਲਾਨੀ ਉਰਫ ਜੀਤੂ ਨੂੰ 20 ਸਾਲ ਜੇਲ੍ਹ ਵਿਚ ਬਿਤਾਉਣੇ ਪੈ ਸਕਦੇ ਹਨ ਤੇ 10 ਲੱਖ ਡਾਲਰ ਤੱਕ ਦਾ ਜੁਰਮਾਨਾ ਹੋ ਸਕਦਾ ਹੈ।


## ਜਨਤਕ ਸੂਚਨਾ

**ਮੈਂ (ਹਰਮੀਤ ਕੌਰ) ਸਮੂਹ ਸੰਗਤਾਂ ਦੀ ਜਾਣਕਾਰੀ ਹਿੱਤ ਦੱਸਣਾ ਚਾਹੁੰਦੀ ਹਾਂ ਕਿ ਮੈਂ ਸਤੰਬਰ 2018 ਤੋਂ ਬੱਦੋਵਾਲ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਦਾ ਹਿੱਸਾ ਨਹੀਂ ਹਾਂ। ਜੇਕਰ ਜਥੇ ਦਾ ਕੋਈ ਵੀ ਮੈਂਬਰ ਜਾਂ ਸੰਚਾਲਕ ਮੇਰੇ ਨਾਲ ਸਬੰਧਤ ਕੁਝ ਵੀ ਜਥੇ ਨਾਲ ਜੋੜ ਕੇ ਆਨ ਲਾਈਨ ਜਾਂ ਆਫ ਲਾਈਨ ਵਰਤੇਗਾ, ਮੈਂ ਉਸ ਵਿਰੁਧ ਕਾਨੂੰਨੀ ਕਾਰਵਾਈ ਕਰਾਂਗੀ ਅਤੇ ਉਸ ਦੀ ਜ਼ਿੰਮੇਵਾਰੀ ਉਸ ਦੇ ਆਪਣੇ ਉਪਰ ਹੋਵੇਗੀ। ਸਬੰਧਤ ਨੋਟ ਕਰਨ।**

**-ਹਰਮੀਤ ਕੌਰ**

## Public Notice

**I (Harmeet Kaur) want to inform all the sangat that I am not part of the Jatha of Baddowal walian bibian (ਬੱਦੋਵਾਲ ਵਾਲੀਆਂ ਬੀਬੀਆਂ) since September 2018. If any member or the organizer of the Jatha associates anything with me online or offline, I will be compelled to take legal action against the concerned person and that person will be responsible for this. All concerned please note.**

**-Harmeet Kaur**

*Paid Ad*



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਡੇਰਾ ਮੁਖੀ ਨੂੰ ਬੇਅਦਬੀ ਕਾਂਡ ਵਿਚ ਨਾਮਜ਼ਦ ਕਰਨ ਦੀ ਮੰਗ ਨੇ ਜ਼ੋਰ ਫੜਿਆ

**ਚੰਡੀਗੜ੍ਹ:** ਪੰਜਾਬ ਦੀਆਂ ਵੱਖ-ਵੱਖ ਪੰਥਕ ਧਿਰਾਂ ਦੇ ਸਾਂਝੇ ਵਫਦ ਨੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨਾਲ ਮੀਟਿੰਗ ਕਰਕੇ ਜਬਰ ਜਨਾਹ ਅਤੇ ਕਤਲ ਦੇ ਕੇਸਾਂ ਵਿਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਾਂਡਾਂ 'ਚ ਨਾਮਜ਼ਦ ਕਰਨ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀਆਂ ਮੰਗਾਂ ਉਠਾਈਆਂ।

ਸੂਤਰਾਂ ਅਨੁਸਾਰ ਮੰਤਰੀ ਨਾਲ ਹੋਈ ਗੱਲਬਾਤ ਤੋਂ ਵਫਦ ਸੰਤੁਸ਼ਟ ਹੈ ਤੇ ਸਰਕਾਰ ਵੱਲੋਂ ਅੱਠ ਜੁਲਾਈ ਨੂੰ ਮੁੜ ਪੰਥਕ ਧਿਰਾਂ ਨਾਲ ਮੀਟਿੰਗ ਕਰਕੇ ਕੁਝ ਮੁੱਦਿਆਂ ਉੱਪਰ ਅੰਤਿਮ ਫੈਸਲੇ ਲੈਣ ਦਾ ਭਰੋਸਾ ਦਿੱਤਾ ਗਿਆ ਹੈ। ਸਰਕਾਰ ਵੱਲੋਂ ਜੇਲ੍ਹ ਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵਫਦ ਨਾਲ ਮੀਟਿੰਗ ਕੀਤੀ। ਪੰਥਕ ਧਿਰਾਂ ਦੇ ਸਾਂਝੇ ਵਫਦ ਵਿਚ ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ ਤੇ ਜਤਿੰਦਰ ਸਿੰਘ ਈਸੜੂ, ਅਕਾਲੀ ਦਲ (ਅ) ਦੇ ਆਗੂ ਪ੍ਰੋ. ਮੋਹਿੰਦਰਪਾਲ ਸਿੰਘ ਤੇ ਗੁਰਜੰਟ ਸਿੰਘ ਕੱਟੂ, ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਤੇ ਜਨਰਲ ਸਕੱਤਰ ਜਸਬੀਰ ਸਿੰਘ ਖੰਡੂਰ ਸ਼ਾਮਲ ਸਨ। ਪਤਾ ਲੱਗਾ ਹੈ ਕਿ ਸਰਕਾਰ ਨੇ ਵਫਦ ਨੂੰ ਬਕਾਇਦਾ ਸਮਾਂ ਦੇ ਕੇ ਸੱਦਿਆ ਸੀ।

ਦਰਅਸਲ, ਪੰਥਕ ਧਿਰਾਂ ਦੋਸ਼ ਲਾਉਂਦੀਆਂ ਆ ਰਹੀਆਂ ਹਨ ਕਿ ਸਰਕਾਰ ਜਿਥੇ ਬੇਅਦਬੀ ਅਤੇ ਬਰਗਾੜੀ ਕਾਂਡਾਂ ਦੇ ਕੇਸਾਂ ਵਿਚ ਢਿੱਲਮੱਠ ਕਰ ਰਹੀ ਹੈ, ਉਥੇ ਬੇਅਦਬੀ ਕਾਂਡ ਵਿਚ ਗ੍ਰਿਫਤਾਰ ਕੀਤੇ ਪ੍ਰੇਮੀਆਂ ਕੋਲੋਂ ਹੋਏ ਖੁਲਾਸਿਆਂ ਦੇ ਬਾਵਜੂਦ ਡੇਰਾ ਮੁਖੀ ਨੂੰ ਇਸ ਕੇਸ ਵਿਚ ਨਾਮਜ਼ਦ ਨਹੀਂ ਕੀਤਾ ਜਾ ਰਿਹਾ। ਇਸੇ ਤਰ੍ਹਾਂ ਸਰਕਾਰ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕਈ ਵਾਰ ਦਿੱਤੇ ਭਰੋਸੇ ਵੀ ਹਵਾ 'ਚ ਲਟਕੇ ਪਏ ਹਨ। ਵਫਦ ਨੇ 21 ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਉਠਾ ਕੇ ਰੋਸ ਪ੍ਰਗਟ ਕੀਤਾ ਕਿ ਵਾਰ-ਵਾਰ ਭਰੋਸੇ ਦੇਣ ਦੇ ਬਾਵਜੂਦ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਇਸ ਮੌਕੇ ਵਫਦ ਨੇ ਸ੍ਰੀ ਰੰਧਾਵਾ ਨੂੰ ਕਿਹਾ ਕਿ ਜੇ ਸਰਕਾਰ ਸਿੱਖਾਂ ਦੇ ਕਤਲ ਵਿਚ ਜੇਲ੍ਹਾਂ ਵਿਚ ਬੰਦ ਦੋਸ਼ੀਆਂ ਦੀ ਸਜ਼ਾ ਮੁਆਫ ਕਰ ਕੇ ਰਿਹਾਅ ਕਰ ਸਕਦੀ ਹੈ ਤਾਂ ਫਿਰ ਜੇਲ੍ਹਾਂ ਵਿਚ ਬੰਦ ਸਿੰਘਾਂ ਨੂੰ ਰਿਹਾਅ ਕਰਨ ਵਿਚ ਕੀ ਰੁਕਾਵਟ ਹੈ।

# ਜੰਮੂ ਕਸ਼ਮੀਰ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਲਈ ਰਾਹ ਪੱਧਰਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਜੰਮੂ ਕਸ਼ਮੀਰ ਵਿਚ ਰਾਸ਼ਟਰਪਤੀ ਰਾਜ ਦੀ ਮਿਆਦ ਛੇ ਮਹੀਨਿਆਂ ਲਈ ਅੱਗੇ ਵਧਾਏ ਜਾਣ ਸਬੰਧੀ ਪੇਸ਼ ਸੰਵਿਧਾਨਕ ਮਤੇ ਨੂੰ ਰਾਜ ਸਭਾ ਵਿਚ ਵੀ ਪ੍ਰਵਾਨਗੀ ਮਿਲ ਗਈ। ਇਸ ਦੌਰਾਨ ਉਪਰਲੇ ਸਦਨ ਨੇ ਜੰਮੂ ਕਸ਼ਮੀਰ ਰਾਖਵਾਂਕਰਨ ਐਕਟ 2004 ਸੋਧ ਬਿੱਲ 'ਤੇ ਵੀ ਮੋਹਰ ਲਾ ਦਿੱਤੀ।

ਇਹ ਦੋਵੇਂ ਮਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੇਸ਼ ਕੀਤੇ ਗਏ ਸਨ। ਰਾਸ਼ਟਰਪਤੀ ਰਾਜ ਦੀ ਮਿਆਦ ਵਧਾਉਣ ਸਬੰਧੀ ਮਤਾ ਲੋਕ ਸਭਾ ਵਿਚ ਪਾਸ ਹੋ ਗਿਆ ਸੀ। ਮਤੇ 'ਤੇ ਬਹਿਸ ਦੌਰਾਨ ਗ੍ਰਹਿ ਮੰਤਰੀ ਨੇ ਕਿਹਾ ਕਿ ਜੰਮੂ ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਤੇ ਕੋਈ ਵੀ ਇਸ ਨੂੰ ਅਲਹਿਦਾ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅਤਿਵਾਦ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ ਤੇ ਸਰਕਾਰ ਜੰਮੂ ਕਸ਼ਮੀਰ ਦੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ 'ਚ ਜਮਹੂਰੀਅਤ ਤਿੰਨ ਪਰਿਵਾਰਾਂ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ।

ਇਸ ਤੋਂ ਪਹਿਲਾਂ ਬਹਿਸ ਨੂੰ ਸਮੇਟਦਿਆਂ ਸ੍ਰੀ ਸ਼ਾਹ ਨੇ ਕਾਂਗਰਸ ਤੇ ਹੋਰ ਸੂਬਾ ਸਰਕਾਰਾਂ 'ਤੇ ਹੱਲਾ ਬੋਲਦਿਆਂ ਕਿਹਾ ਕਿ ਸੂਬੇ ਵਿਚੋਂ ਸੂਫੀ ਸਭਿਆਚਾਰ ਤੇ ਕਸ਼ਮੀਰੀ ਪੰਡਿਤਾਂ ਨੂੰ ਬਾਹਰ ਕੱਢਣ ਵਾਲੇ ਕੌਣ ਸਨ? ਉਨ੍ਹਾਂ ਕਿਹਾ ਕਿ ਕੀ ਇਹ ਲੋਕ 'ਕਸ਼ਮੀਰੀਅਤ' ਦਾ ਹਿੱਸਾ ਨਹੀਂ ਸਨ। ਉਨ੍ਹਾਂ ਕਿਹਾ ਕਿ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਰਹਿਣ ਮੌਕੇ ਕੇਂਦਰੀ ਦੀ ਭਾਜਪਾ ਸਰਕਾਰ ਨੇ ਉਥੇ ਮੁੜ ਸਕੂਲ ਖੋਲ੍ਹੇ ਤੇ ਲੋਕਾਂ ਨੂੰ ਰਸੋਈ ਗੈਸ ਤੇ ਬਿਜਲੀ ਮੁਹੱਈਆ ਕਰਵਾਉਣ ਦੇ ਨਾਲ ਪਖਾਨੇ ਵੀ ਬਣਾ ਕੇ ਦਿੱਤੇ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਭਾਰਤ ਨੂੰ ਤੋੜਨ ਦੀਆਂ ਗੱਲਾਂ ਕਰਦੇ ਹਨ, ਉਨ੍ਹਾਂ ਨਾਲ ਉਸੇ ਭਾਸ਼ਾ ਵਿਚ ਸਿੱਝਿਆ ਜਾਵੇਗਾ ਤੇ ਸਰਕਾਰ ਇਸ ਬਾਰੇ ਪੂਰੀ ਤਰ੍ਹਾਂ ਸਪਸ਼ਟ ਹੈ। ਸ੍ਰੀ ਸ਼ਾਹ ਨੇ ਕਿਹਾ ਕਿ ਸਰਕਾਰ ਹਰ ਨਾਗਰਿਕ ਦੀ ਸੁਰੱਖਿਆ ਲਈ ਵਚਨਬੱਧ ਹੈ। ਜੰਮੂ ਕਸ਼ਮੀਰ ਨੂੰ ਧਾਰਾ 356 ਤਹਿਤ ਮਿਲੇ ਵਿਸ਼ੇਸ਼ ਅਧਿਕਾਰਾਂ ਦਾ ਜ਼ਿਕਰ ਕਰਦਿਆਂ ਸ੍ਰੀ ਸ਼ਾਹ ਨੇ ਕਿਹਾ ਕਿ ਇਨ੍ਹਾਂ ਅਧਿਕਾਰਾਂ ਦਾ ਘੱਟ ਤੋਂ ਘੱਟ ਇਸਤੇਮਾਲ ਹੋਣਾ ਚਾਹੀਦਾ ਹੈ।

## ਸਨੀ ਦਿਓਲ ਨੇ ਗੁਰਪ੍ਰੀਤ ਪਲਹੇੜੀ ਨੂੰ ਨੁਮਾਇੰਦਾ ਚੁਣਿਆ

**ਪਠਾਨਕੋਟ:** ਗੁਰਦਾਸਪੁਰ ਸੰਸਦੀ ਹਲਕੇ ਦੀ ਹਾਲ ਹੀ ਵਿਚ ਹੋਈ ਚੋਣ ਸਮੇਂ ਮੁੱਖ ਭੂਮਿਕਾ ਨਿਭਾਉਣ ਵਾਲੇ ਫਿਲਮ ਲੇਖਕ ਗੁਰਪ੍ਰੀਤ ਸਿੰਘ ਪਲਹੇੜੀ ਨੂੰ ਲੋਕ ਸਭਾ ਮੈਂਬਰ ਸਨੀ ਦਿਓਲ ਨੇ ਆਪਣਾ ਪ੍ਰਤੀਨਿਧ ਨਿਯੁਕਤ ਕੀਤਾ ਹੈ। ਇਸ ਬਾਰੇ ਬਕਾਇਦਾ ਸਨੀ ਦਿਓਲ ਨੇ ਪੱਤਰ ਵੀ ਜਾਰੀ ਕੀਤਾ ਹੈ, ਜਿਸ 'ਚ ਲਿਖਿਆ ਗਿਆ ਹੈ ਕਿ ਗੁਰਦਾਸਪੁਰ ਸੰਸਦੀ ਹਲਕੇ ਅੰਦਰ ਸਨੀ ਦਿਓਲ ਦਾ ਸਾਰਾ ਕੰਮਕਾਰ ਗੁਰਪ੍ਰੀਤ ਸਿੰਘ ਪਲਹੇੜੀ ਦੇਖਣਗੇ ਅਤੇ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਪ੍ਰਸ਼ਾਸਨਿਕ ਤੇ ਹੋਰ ਮਹੱਤਵਪੂਰਨ ਮੀਟਿੰਗਾਂ 'ਚ ਸ਼ਾਮਲ ਹੋਣਗੇ।

ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਪਲਹੇੜੀ ਨੂੰ ਸਨੀ ਦਿਓਲ ਦੇ ਕੈਂਪ ਵਿਚ ਬਾਬਾ ਕਹਿ ਕੇ ਵੀ ਸੱਦਿਆ ਜਾਂਦਾ ਹੈ। ਉਨ੍ਹਾਂ ਦੀ ਨਿਊ ਚੰਡੀਗੜ੍ਹ 'ਚ ਕੋਠੀ ਹੈ ਅਤੇ ਸਨੀ ਦਿਓਲ ਦੇ ਚੋਣ ਪ੍ਰਚਾਰ ਦੀ ਸਾਰੀ ਕਮਾਂਡ ਪਲਹੇੜੀ ਨੇ ਹੀ ਸੰਭਾਲੀ ਸੀ। ਪਲਹੇੜੀ ਨੇ ਸਨੀ ਦਿਓਲ ਦੀਆਂ ਫਿਲਮਾਂ ਦੇ ਪ੍ਰੋਡਕਸ਼ਨ ਯੂਨਿਟ ਦਾ ਸਾਰਾ ਕੰਮ ਸਾਂਭਿਆ ਹੋਇਆ ਹੈ। ਕਰੀਬ 22-23 ਸਾਲ ਪਹਿਲਾਂ ਸਨੀ ਦਿਓਲ ਦੀ ਪਹਿਲੀ ਫਿਲਮ 'ਬੇਤਾਬ' ਬਣੀ ਸੀ ਜਿਸ ਵਿਚ ਪਲਹੇੜੀ ਨੇ ਸਹਾਇਕ ਕੈਮਰਾਮੈਨ ਵਜੋਂ ਭੂਮਿਕਾ ਨਿਭਾਈ ਸੀ। ਉਸ ਵੇਲੇ ਤੋਂ ਲੈ ਕੇ ਹੁਣ ਤੱਕ ਪਲਹੇੜੀ ਦਿਓਲ ਪਰਿਵਾਰ ਦੇ ਖਾਸ ਮੈਂਬਰ ਬਣੇ ਹੋਏ ਹਨ।

# ਅਮਰੀਕੀ ਸਿੱਖਾਂ ਵੱਲੋਂ ਕਮਲਾ ਹੈਰਿਸ ਨੂੰ ਘੇਰਾ

**ਵਾਸ਼ਿੰਗਟਨ:** ਸਿੱਖ ਕਾਰਕੁਨਾਂ ਦੇ ਇਕ ਸਮੂਹ ਨੇ 2011 ਵਿਚ ਧਾਰਮਿਕ ਤੌਰ 'ਤੇ ਪੱਖਪਾਤੀ ਨੀਤੀਆਂ ਦਾ ਬਚਾਅ ਕਰਨ ਲਈ ਡੈਮੋਕਰੇਟ ਕਮਲਾ ਹੈਰਿਸ ਨੂੰ ਇਕ ਆਨਲਾਈਨ ਮੁਹਿੰਮ ਰਾਹੀਂ ਮੁਆਫੀ ਮੰਗਣ ਲਈ ਕਿਹਾ ਹੈ। ਭਾਰਤੀ ਮੂਲ ਦੀ ਅਮਰੀਕੀ ਨਾਗਰਿਕ ਕਮਲਾ ਹੈਰਿਸ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰ ਹੈ।

ਦੱਸਣਯੋਗ ਹੈ ਕਿ 2011 ਦੇ ਨੇਮਾਂ ਮੁਤਾਬਕ ਜੇਲ੍ਹ ਦੇ ਸੁਰੱਖਿਆ ਕਰਮੀਆਂ ਨੂੰ ਧਾਰਮਿਕ ਕਾਰਨਾਂ ਦੇ ਪੱਖ ਤੋਂ ਵੀ ਦਾੜ੍ਹੀ ਰੱਖਣ ਦੀ ਛੋਟ ਨਹੀਂ ਮਿਲ ਰਹੀ ਸੀ। ਇਕ ਬਿਆਨ ਮੁਤਾਬਕ ਇਨ੍ਹਾਂ ਸਿੱਖ ਕਾਰਕੁਨਾਂ ਨੇ ਦੋਸ਼ ਲਾਇਆ ਹੈ ਕਿ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਹੁੰਦਿਆਂ ਹੈਰਿਸ ਨੇ ਦਾੜ੍ਹੀ ਨਾ ਰੱਖਣ ਦੇਣ ਦੀ ਇਸ ਨੀਤੀ ਦਾ ਬਚਾਅ ਕੀਤਾ ਸੀ। ਨੀਤੀਗਤ ਬਦਲਾਅ ਤੋਂ ਬਗੈਰ 2011 ਵਿਚ ਜਿਨ੍ਹਾਂ ਕੇਸਾਂ ਦਾ ਨਿਬੇੜਾ ਹੋਇਆ, ਉਨ੍ਹਾਂ ਬਾਰੇ ਅਮਰੀਕੀ ਕਾਨੂੰਨ ਵਿਭਾਗ ਨੂੰ ਸਿਵਲ ਅਧਿਕਾਰ ਮਾਮਲਿਆਂ ਦੀ ਜਾਂਚ ਸ਼ੁਰੂ ਕਰਨੀ ਪਈ। ਕੈਲੀਫੋਰਨੀਆ ਦੇ ਸਿੱਖਾਂ ਦੀ ਲਾਬਿੰਗ ਕਰ ਕੇ ਅਗਲੇ ਸਾਲ ਤੋਂ ਕੰਮ ਵਾਲੀਆਂ ਥਾਂਵਾਂ 'ਤੇ ਜ਼ਿਆਦਾ ਧਾਰਮਿਕ ਛੋਟ ਦੇਣ ਵਾਲੀ ਨੀਤੀ ਬਣੀ।

ਇਸ ਆਨਲਾਈਨ ਪਟੀਸ਼ਨ ਨਾਲ ਜੁੜੇ ਇਕ ਵਕੀਲ ਰਾਜਦੀਪ ਸਿੰਘ ਜੌਲੀ ਨੇ ਕਿਹਾ ਕਿ ਕਮਲਾ ਹੈਰਿਸ ਆਪਣੇ ਵਿਰੋਧੀਆਂ ਨੂੰ ਨਾਗਰਿਕ ਹੱਕਾਂ 'ਤੇ ਭਾਸ਼ਨ ਦੇ ਰਹੀ ਹੈ ਪਰ ਉਨ੍ਹਾਂ ਨੂੰ ਹੁਣ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਦੇ ਰੂਪ ਵਿਚ ਅਮਰੀਕੀ ਸਿੱਖਾਂ ਦੇ ਹੱਕਾਂ ਨਾਲ ਖੇਡਣ ਲਈ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਹੈਰਿਸ ਨੇ ਉਸ ਵੇਲੇ ਵੀ ਇਜਾਜ਼ਤ ਨਹੀਂ ਦਿੱਤੀ ਜਦ ਰਾਸ਼ਟਰਪਤੀ ਬਰਾਕ ਓਬਾਮਾ ਇਸ ਪਾਸੇ ਇਤਿਹਾਸਕ ਕਦਮ ਚੁੱਕ ਰਹੇ ਸਨ।

## ਡੈਲਸ ਵਿਚ ਜਹਾਜ਼ ਹਾਦਸਾਗ੍ਰਸਤ, 10 ਮੌਤਾਂ

**ਡੈਲਸ:** ਇਥੋਂ ਦੇ ਹਵਾਈ ਅੱਡੇ 'ਤੋਂ ਉਡੇ ਇਕ ਛੋਟੇ ਜਹਾਜ਼ ਦੇ ਹਾਦਸਾਗ੍ਰਸਤ ਹੋਣ ਕਾਰਨ 10 ਵਿਅਕਤੀ ਮਾਰੇ ਗਏ ਹਨ। ਜਹਾਜ਼ ਉਡਾਣ ਭਰਨ ਤੋਂ ਬਾਅਦ ਉਚਾਈ ਵੱਲ ਨਹੀਂ ਵਧ ਸਕਿਆ ਤੇ ਖੱਬੇ ਮੁੜ ਕੇ ਜਹਾਜ਼ਾਂ ਦੀ ਪਾਰਕਿੰਗ ਵਾਲੀ ਥਾਂ (ਹੈਂਗਰ) ਵਿਚ ਹੀ ਫਸ ਗਿਆ। ਐਡੀਸਨ (ਟੈਕਸਸ) ਸ਼ਹਿਰ ਦੀ ਤਰਜਮਾਨ ਮੈਰੀ ਰੋਜ਼ੇਨਬਲੀਥ ਨੇ ਦੱਸਿਆ ਕਿ ਦੋ ਇੰਜਣਾਂ ਵਾਲੇ ਇਸ ਹਵਾਈ ਜਹਾਜ਼ ਵਿਚ ਸਵਾਰ ਕੋਈ ਵੀ ਵਿਅਕਤੀ ਜਿਉਂਦਾ ਨਹੀਂ ਬਚਿਆ। ਹਾਦਸੇ ਬਾਰੇ ਜਾਂਚ ਕੀਤੀ ਜਾ ਰਹੀ ਹੈ।

# ਹਿੰਦੂਤਵੀ ਨਾਅਰਿਆਂ ਨੇ ਮਾਹੌਲ ਵਿਗਾੜਿਆ

(ਸਫਾ ਇਕ ਦੀ ਬਾਕੀ)

ਗਈ ਅਤੇ 'ਜੈ ਸ੍ਰੀਰਾਮ ਅਤੇ 'ਜੈ ਹਨੂੰਮਾਨ' ਦੇ ਨਾਅਰੇ ਲਵਾਏ ਗਏ। ਤਰਬੇਜ਼ ਅਨਸਾਰੀ ਦੇ ਪਰਿਵਾਰ ਨੇ ਦੋਸ਼ ਲਾਇਆ ਕਿ ਤਰਬੇਜ਼ ਨੂੰ ਪੁਲਿਸ ਹਿਰਾਸਤ ਵਿਚ ਲੈਣ ਤੋਂ ਬਾਅਦ ਉਸ ਦਾ ਤੁਰਤ ਇਲਾਜ ਨਹੀਂ ਕਰਾਇਆ ਗਿਆ; ਉਹ ਪੁਲਿਸ ਦੀਆਂ ਮਿੰਨਤਾਂ ਕਰਦੇ ਰਹੇ ਕਿ ਤਰਬੇਜ਼ ਨੂੰ ਹਸਪਤਾਲ ਲਿਜਾਇਆ ਜਾਵੇ ਪਰ ਕਿਸੇ ਨੇ ਉਨ੍ਹਾਂ ਦੀ ਨਹੀਂ ਸੁਣੀ।

ਅਸਲ ਵਿਚ ਕੱਟੜ ਸੋਚ ਪਾਲੀ ਬੈਠੇ ਸਿਆਸਤਦਾਨ ਇਨ੍ਹਾਂ ਲੋਕਾਂ ਨੂੰ ਹੱਲਾਸ਼ੇਰੀ ਦੇ ਰਹੇ ਹਨ। ਉਤਰ ਪ੍ਰਦੇਸ਼ ਤੋਂ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਸੁਨੀਤਾ ਸਿੰਘ ਗੌੜ ਇਸ ਦੀ ਢੁਕਵੀਂ ਉਦਾਹਰਨ ਹੈ। ਜਿਸ ਨੇ ਪਿਛਲੇ ਹਫਤੇ ਬਿਆਨ ਦਿੱਤਾ ਸੀ ਕਿ ਹਿੰਦੂਆਂ ਨੂੰ ਮੁਸਲਿਮ ਮਹਿਲਾਵਾਂ ਨਾਲ ਗੈਂਗਰੇਪ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਦੇ ਬਿਆਨ ਸਿਆਸੀ ਆਗੂ ਨਿੱਤ ਦੇ ਰਹੇ ਹਨ। ਮੋਦੀ ਦੀ ਚੁੱਪ ਵੀ ਅਜਿਹੇ ਅਨਸਰਾਂ ਨੂੰ ਹੱਲਾਸ਼ੇਰੀ ਦੇ ਰਹੀ ਹੈ।

## ਹਾਈ ਕੋਰਟਾਂ 'ਚ 43 ਲੱਖ ਕੇਸ ਬਕਾਇਆ

**ਨਵੀਂ ਦਿੱਲੀ:** ਦੇਸ਼ ਦੀਆਂ 25 ਹਾਈ ਕੋਰਟਾਂ ਵਿਚ 43 ਲੱਖ ਤੋਂ ਵੱਧ ਕੇਸ ਬਕਾਇਆ ਹਨ ਅਤੇ ਇਨ੍ਹਾਂ ਵਿਚੋਂ 8 ਲੱਖ ਕੇਸਾਂ ਦੀ ਦਸ ਸਾਲ ਤੋਂ ਵੀ ਵੱਧ ਸਮੇਂ ਤੋਂ ਸੁਣਵਾਈ ਸ਼ੁਰੂ ਨਹੀਂ ਹੋਈ। ਇਹ ਜਾਣਕਾਰੀ ਰਾਜ ਸਭਾ ਵਿਚ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਇਕ ਲਿਖਤੀ ਜਵਾਬ ਦੇ ਰੂਪ ਵਿਚ ਦਿੱਤੀ ਹੈ। ਜਾਣਕਾਰੀ ਅਨੁਸਾਰ 43 ਲੱਖ ਵਿਚੋਂ 18.75 ਲੱਖ ਸਿਵਲ ਕੇਸ ਅਤੇ 12.15 ਲੱਖ ਫੌਜਦਾਰੀ ਕੇਸ ਹਨ। ਇਕ ਹੋਰ ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਗ੍ਰਾਮੀਣ ਡਿਜੀਟਲ ਸਾਖਰਤਾ ਅਭਿਆਨ ਵਿਚ ਕਿਸੇ ਪ੍ਰਕਾਰ ਦੀ ਕੋਈ ਧੋਖਾਧੜੀ ਸਾਹਮਣੇ ਆਉਣ ਉਤੇ ਸਰਕਾਰ ਸਖਤ ਕਾਰਵਾਈ ਕਰੇਗੀ।

## ਡਾ. ਭੁਪਿੰਦਰ ਸਿੰਘ ਬਣੇ ਰਾਜਸਥਾਨ ਪੁਲਿਸ ਦੇ ਡੀ. ਜੀ. ਪੀ.

**ਜੈਪੁਰ:** ਰਾਜਸਥਾਨ ਸਰਕਾਰ ਨੇ ਏ. ਟੀ. ਐਸ. ਅਤੇ ਐਸ.ਓ.ਜੀ. ਦੇ ਡੀਜੀ ਡਾ. ਭੁਪਿੰਦਰ ਸਿੰਘ ਨੂੰ ਰਾਜਸਥਾਨ ਪੁਲਿਸ ਦਾ ਨਵਾਂ ਡੀ.ਜੀ.ਪੀ. ਨਿਯੁਕਤ ਕੀਤਾ ਹੈ। ਉਹ ਕਪਿਲ ਗਰਗ ਦੀ ਥਾਂ ਲੈਣਗੇ ਜੋ ਸੇਵਾ ਮੁਕਤ ਹੋ ਗਏ ਹਨ। 1986 ਬੈਚ ਦੇ ਆਈ.ਪੀ.ਐਸ. ਅਫਸਰ ਡਾ. ਭੁਪਿੰਦਰ ਸਿੰਘ ਆਪਣੇ ਕਰੀਅਰ ਦੌਰਾਨ ਸਰਦਾਰ ਯੂਨੀਵਰਸਿਟੀ ਆਫ ਪੁਲਿਸ ਸਕਿਊਰਿਟੀ ਐਂਡ ਕ੍ਰਿਮੀਨਲ ਜਸਟਿਸ, ਜੋਧਪੁਰ ਦੇ ਪ੍ਰੋ ਵੀਸੀ ਤੇ ਰਾਜਸਥਾਨ ਪੁਲਿਸ ਅਕੈਡਮੀ ਦੇ ਡਾਇਰੈਕਟਰ ਰਹੇ ਹਨ।

# ਪੰਜਾਬ 'ਚ ਲਾਕਾਨੂੰਨੀ ਦਾ ਕਹਿਰ ਟੁੱਟਿਆ

(ਸਫਾ ਇਕ ਦੀ ਬਾਕੀ)

ਨਾਭਾ ਜੇਲ੍ਹ ਵਿਚੋਂ ਸਾਲ 2016 ਦੌਰਾਨ ਖਤਰਨਾਕ ਗੈਂਗਸਟਰਾਂ ਅਤੇ ਅਤਿਵਾਦੀਆਂ ਦੇ ਫਰਾਰ ਹੋਣ ਦੀ ਘਟਨਾ ਤੋਂ ਪਹਿਲਾਂ ਕਪੂਰਥਲਾ, ਜਲੰਧਰ, ਗੁਰਦਾਸਪੁਰ, ਫਰੀਦਕੋਟ ਆਦਿ ਸ਼ਹਿਰਾਂ 'ਚ ਸਥਿਤ ਜੇਲ੍ਹਾਂ ਅੰਦਰ ਪੁਲਿਸ ਅਤੇ ਕੈਦੀਆਂ ਦਰਮਿਆਨ ਹੋਈਆਂ ਝੜਪਾਂ ਕਰਕੇ ਕਈ ਵਾਰੀ ਦੰਗਿਆਂ ਵਰਗੇ ਹਾਲਾਤ ਬਣ ਗਏ ਸਨ। ਜੇਲ੍ਹਾਂ ਵਿਚ ਬੰਦ ਅਪਰਾਧੀਆਂ ਵੱਲੋਂ ਗਤੀਵਿਧੀਆਂ ਚਲਾਉਣ ਦੀਆਂ ਰਿਪੋਰਟਾਂ ਪ੍ਰਤੀ ਅਕਸਰ ਖੁਫੀਆ ਏਜੰਸੀਆਂ ਜੇਲ੍ਹ ਵਿਭਾਗ ਨੂੰ ਚੌਕਸ ਕਰਦੀਆਂ ਹਨ। ਨਸ਼ੀਲੇ ਪਦਾਰਥਾਂ ਅਤੇ ਮੋਬਾਈਲ ਫੋਨਾਂ ਦੀ ਸਪਲਾਈ ਤਾਂ ਜੇਲ੍ਹਾਂ ਅੰਦਰ ਸਾਧਾਰਨ ਵਰਤਾਰਾ ਬਣ ਗਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਬਲਵਿੰਦਰ ਸਿੰਘ ਸੰਧੂ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿਲੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਮੌਤ ਦੇ ਮੂੰਹ ਪਾ ਰਹੀ ਹੈ ਚੰਗੇ ਭਵਿੱਖ ਦੀ ਆਸ

## ਗੈਰਕਾਨੂੰਨੀ ਪਰਵਾਸ ਦੇ ਦਿਲ ਕੰਬਾਊ ਅੰਕੜੇ

**ਚੰਡੀਗੜ੍ਹ:** ਚੰਗੇ ਭਵਿੱਖ ਦੀ ਭਾਲ ਵਿਚ ਮੈਕਸੀਕੋ ਤੋਂ ਅਮਰੀਕਾ ਜਾ ਰਹੇ ਸੈਂਕੜੇ ਸ਼ਰਨਾਰਥੀ ਆਪਣੀ ਜਾਨ ਗੁਆ ਰਹੇ ਹਨ। ਇਸ ਸਾਲ 27 ਜੂਨ ਤੱਕ 1,224 ਸ਼ਰਨਾਰਥੀਆਂ ਦੀ ਮੌਤ ਹੋਣ ਦੀ ਖਬਰ ਹੈ। ਇਨ੍ਹਾਂ ਵਿਚੋਂ 170 ਲੋਕ ਅਮਰੀਕੀ-ਮੈਕਸੀਕੋ ਸਰਹੱਦ 'ਤੇ ਮਾਰੇ ਗਏ ਹਨ।

ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਆਫ ਮਾਈਗ੍ਰੇਸ਼ਨ ਮੁਤਾਬਕ ਜਨਵਰੀ 2015 ਤੋਂ ਲੈ ਕੇ 27 ਜੂਨ 2019 ਤੱਕ 32,182 ਪਰਵਾਸੀਆਂ ਦੀ ਮੌਤ ਹੋਈ ਹੈ। ਇਸ ਦੌਰਾਨ ਅਮਰੀਕਾ ਮੈਕਸੀਕੋ ਸਰਹੱਦ 'ਤੇ 2,075 ਲੋਕ ਮਾਰੇ ਗਏ। ਮੱਧ ਅਮਰੀਕਾ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਅਮਰੀਕਾ ਵਿਚ ਸ਼ਰਨ ਮੰਗਦੇ ਹਨ ਪਰ ਹੁਣ ਏਸ਼ਿਆਈ ਤੇ ਖਾਸ ਕਰ ਕੇ ਪੰਜਾਬੀਆਂ ਦਾ ਰੁਝਾਨ ਵੀ ਇਸ ਗੈਰ ਕਾਨੂੰਨੀ ਪਰਵਾਸ ਵੱਲ ਵਧ ਰਿਹਾ ਹੈ। ਅਮਰੀਕਾ ਦੇ ਸਰਕਾਰੀ ਅੰਕੜਿਆਂ ਮੁਤਾਬਕ ਸਾਲ 2017 ਵਿਚ 55,584 ਲੋਕਾਂ ਨੇ ਸ਼ਰਨ ਮੰਗੀ ਸੀ ਜਦਕਿ ਅਗਲੇ ਸਾਲ 92,959 ਸ਼ਰਨਾਰਥੀਆਂ ਨੇ ਅਮਰੀਕਾ ਵਿਚ ਸ਼ਰਨ ਲਈ ਬਿਨੈ ਕੀਤਾ ਸੀ। ਮਾਈਗ੍ਰੇਸ਼ਨ ਡੇਟਾ ਐਨਾਲੇਸਿਸ ਸੈਂਟਰ, ਆਈ.ਓ.ਐਮ. ਮੁਤਾਬਕ ਸਭ ਤੋਂ ਵੱਧ ਮੌਤਾਂ ਭੂ ਮੱਧ ਸਾਗਰ ਵਿਚ ਹੋਈਆਂ ਹਨ। ਇਥੇ 18,515 ਸ਼ਰਨਾਰਥੀ ਸਫਰ ਦੌਰਾਨ ਮਾਰੇ ਗਏ। ਪਿਛਲੇ ਦਿਨੀਂ ਰਿਓ ਗਾਂਡ ਨਦੀ ਪਾਰ ਕਰਦੇ ਹੋਏ ਸਾਲਵੇਡੇਰੀਅਨ ਨਾਗਰਿਕ ਆਸਕਰ ਤੇ ਉਸ ਦੀ 23 ਮਹੀਨਿਆਂ ਦੀ ਧੀ ਵਲੇਰੀਆ ਦੀਆਂ ਲਾਸ਼ਾਂ ਦੀ ਤਸਵੀਰ ਵਾਇਰਲ ਹੋਈਆਂ ਸਨ।

ਦੱਸ ਦਈਏ ਕਿ ਗੈਰਕਾਨੂੰਨੀ ਤਰੀਕੇ ਨਾਲ ਵਿਦੇਸ਼ ਜਾਣ ਦੇ ਰੁਝਾਨ ਦੇ ਰਾਹ ਵਿਚ ਆਉਂਦੀਆਂ ਮੁਸ਼ਕਲਾਂ ਦੇ ਬਾਵਜੂਦ ਪੰਜਾਬੀਆਂ ਵਿਚ ਪਰਵਾਸ ਦੀ ਖਿੱਚ ਵਧ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਹਜ਼ਾਰਾਂ ਵਿਦਿਆਰਥੀਆਂ ਦੇ ਅਮਰੀਕਾ, ਕੈਨੇਡਾ, ਆਸਟਰੇਲੀਆ ਆਦਿ ਦੇਸ਼ਾਂ ਨੂੰ ਪੜ੍ਹਾਈ ਲਈ ਜਾਣ ਦੇ ਨਾਲ ਨਾਲ ਗੈਰਕਾਨੂੰਨੀ ਪਰਵਾਸ ਵੀ ਜਾਰੀ ਹੈ। ਪਿਛਲੇ ਦਿਨੀਂ ਅਮਰੀਕਾ-ਮੈਕਸੀਕੋ ਸਰਹੱਦ ਉਤੇ ਲੂ ਲੱਗਣ ਕਾਰਨ ਛੇ ਸਾਲਾ ਬੱਚੀ ਗੁਰਪ੍ਰੀਤ ਕੌਰ ਦੀ ਹੋਈ ਦਿਲ ਦਹਿਲਾ ਦੇਣ ਵਾਲੀ ਮੌਤ ਪਰਵਾਸ ਦੇ ਦੁਖਾਂਤ ਦੀ ਮੂੰਹ ਬੋਲਦੀ ਮਿਸਾਲ ਹੈ। ਗੁਰਪ੍ਰੀਤ ਕੌਰ ਦਾ ਪਿਤਾ 2013 ਤੋਂ ਅਮਰੀਕਾ ਵਿਚ ਹੈ। ਮਾਂ ਨੇ ਧੀ ਨੂੰ ਨਾਲ ਲੈ ਕੇ ਗੈਰਕਾਨੂੰਨੀ ਤਰੀਕੇ ਨਾਲ ਮੈਕਸੀਕੋ ਸਰਹੱਦ ਟੱਪ ਕੇ ਅਮਰੀਕਾ ਪੁੱਜਣ ਦਾ ਖਤਰਾ ਸਹੇੜ ਲਿਆ। ਅਮਰੀਕਾ ਪਹੁੰਚ ਵੀ ਗਏ ਪਰ ਮਾਸੂਮ ਗੁਰਪ੍ਰੀਤ ਦੀ ਪਾਣੀ ਦੀ ਪਿਆਸ ਬੁਝਾਉਣ ਲਈ ਮਾਂ ਉਸ ਨੂੰ ਹੋਰਾਂ ਪਰਵਾਸੀਆਂ ਕੋਲ ਛੱਡ ਕੇ ਪਾਣੀ ਲੈਣ ਗਈ। ਵਾਪਸ ਆਉਂਦਿਆਂ ਤੱਕ ਉਸ ਦੀ ਧੀ ਇਸ ਦੁਨੀਆ ਤੋਂ ਰੁਖਸਤ ਹੋ ਚੁੱਕੀ ਸੀ। ਮਾਪਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਗੁਰਪ੍ਰੀਤ ਦੇ ਭਵਿੱਖ ਨੂੰ ਬਿਹਤਰ ਬਣਾਉਣ ਲਈ ਇਹ ਖਤਰਾ ਸਹੇੜਿਆ ਸੀ।

ਗੈਰਕਾਨੂੰਨੀ ਪਰਵਾਸ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਵੱਡਾ ਮੁੱਦਾ ਰਿਹਾ ਹੈ। ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕੀ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਗੈਰਕਾਨੂੰਨੀ ਪਰਵਾਸ ਰੋਕਣ ਲਈ ਉਹ ਮੈਕਸੀਕੋ ਦੀ ਸਰਹੱਦ ਉਤੇ ਦੋ ਹਜ਼ਾਰ ਕਿਲੋਮੀਟਰ ਲੰਬੀ ਕੰਧ ਬਣਵਾਉਣਗੇ। ਇਸ ਫੈਸਲੇ ਨੂੰ ਲਾਗੂ ਕਰਨ ਦੇ ਮੁੱਦੇ ਉਤੇ ਰਾਸ਼ਟਰਪਤੀ ਅਤੇ ਅਮਰੀਕਾ ਦੇ ਚੁਣੇ ਹੋਏ ਸਦਨਾਂ ਦਰਮਿਆਨ ਤਣਾਅ ਵਾਲੀ ਸਥਿਤੀ ਵੀ ਰਹੀ ਹੈ। ਵੱਡਾ ਸਵਾਲ ਇਹ ਹੈ ਕਿ ਪੰਜਾਬੀਆਂ ਦਾ ਪੰਜਾਬ ਤੋਂ ਏਨਾ ਮੋਹ ਭੰਗ ਕਿਉਂ ਹੋ ਗਿਆ ਹੈ ਕਿ ਉਹ ਹਰ ਹਰਬਾ ਵਰਤ ਕੇ ਵਿਦੇਸ਼ਾਂ ਵਿਚ ਵੱਸਣਾ ਚਾਹੁੰਦੇ ਹਨ। ਸਪੱਸ਼ਟ ਹੈ ਕਿ ਪੰਜਾਬ ਦੇ ਰਾਜ-ਪ੍ਰਬੰਧ ਦੀ ਕਾਰਗੁਜ਼ਾਰੀ ਇਸ ਕਦਰ ਖਰਾਬ ਹੋ ਚੁੱਕੀ ਹੈ ਕਿ ਲੋਕਾਂ ਨੂੰ ਸੂਬੇ ਵਿਚ ਚੰਗੇ ਭਵਿੱਖ ਦੀ ਆਸ ਨਹੀਂ ਰਹੀ।

## ਪੰਜ ਸਾਲ ਤੋਂ ਨਿੱਤ ਇਕ ਪਰਵਾਸੀ ਬੱਚੇ ਦੀ ਹੋ ਰਹੀ ਹੈ ਮੌਤ

**ਜਨੇਵਾ:** ਸੰਯੁਕਤ ਰਾਸ਼ਟਰ ਪਰਵਾਸੀ ਏਜੰਸੀ ਨੇ ਕਿਹਾ ਹੈ ਕਿ ਪਿਛਲੇ ਪੰਜ ਸਾਲਾਂ ਤੋਂ ਦੁਨੀਆ ਭਰ 'ਚ ਰੋਜ਼ਾਨਾ ਔਸਤਨ ਇਕ ਪਰਵਾਸੀ ਬੱਚੇ ਦੀ ਮੌਤ ਹੋ ਜਾਂਦੀ ਹੈ ਜਾਂ ਲਾਪਤਾ ਹੋ ਜਾਂਦੇ ਹਨ। ਅਮਰੀਕੀ-ਮੈਕਸਿਕੋ ਸਰਹੱਦ ਜਾਂ ਹੋਰ ਖਤਰਨਾਕ ਸਫਰ ਦੌਰਾਨ ਬੱਚਿਆਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ। ਪਰਵਾਸੀਆਂ ਬਾਰੇ ਕੌਮਾਂਤਰੀ ਜਥੇਬੰਦੀ ਦੀ ਤਾਜ਼ਾ ਰਿਪੋਰਟ 'ਫੈਟਲ ਜਰਨੀਜ਼' 'ਚ ਖੁਲਾਸਾ ਕੀਤਾ ਗਿਆ ਹੈ ਕਿ 2014 ਤੋਂ ਲੈ ਕੇ ਹੁਣ ਤਕ 32 ਹਜ਼ਾਰ ਵਿਅਕਤੀ ਖਤਰਨਾਕ ਯਾਤਰਾਵਾਂ ਦੌਰਾਨ ਮਾਰੇ ਗਏ ਹਨ। ਇਨ੍ਹਾਂ 'ਚ ਛੇ ਮਹੀਨਿਆਂ ਦੇ ਬੱਚਿਆਂ ਸਮੇਤ 1600 ਬੱਚੇ ਸ਼ਾਮਲ ਹਨ। ਰਿਪੋਰਟ ਮੁਤਾਬਕ ਭੂ-ਮੱਧ ਸਾਗਰ ਸਭ ਤੋਂ ਖਤਰਨਾਕ ਰਾਹ ਹੈ ਜਿਥੇ 17 ਹਜ਼ਾਰ 900 ਵਿਅਕਤੀ ਮਾਰੇ ਜਾ ਚੁੱਕੇ ਹਨ। ਇਨ੍ਹਾਂ 'ਚੋਂ ਕਈ ਲਿਬੀਆ ਅਤੇ ਇਟਲੀ ਵਿਚਕਾਰਲੇ ਸਫਰ ਦੌਰਾਨ ਆਪਣੀ ਜਾਨ ਗੁਆ ਚੁੱਕੇ ਹਨ। ਜਥੇਬੰਦੀ ਨੇ ਅਮਰੀਕੀ-ਮੈਕਸਿਕੋ ਸਰਹੱਦ 'ਤੇ 2014 ਤੋਂ ਹਰ ਸਾਲ ਮੌਤਾਂ ਦੀ ਗਿਣਤੀ ਵਧਣ 'ਤੇ ਵੀ ਚਿੰਤਾ ਜਤਾਈ ਅਤੇ ਕਿਹਾ ਕਿ ਪਿਛਲੇ ਪੰਜ ਸਾਲਾਂ ਦੌਰਾਨ 1900 ਤੋਂ ਵੱਧ ਵਿਅਕਤੀ ਮਾਰੇ ਜਾ ਚੁੱਕੇ ਹਨ।

## ਅਜੈ ਚੌਟਾਲਾ ਦੀ ਬੈਰਕ ਵਿਚੋਂ ਮਿਲਿਆ ਫੋਨ

**ਨਵੀਂ ਦਿੱਲੀ:** ਤਿਹਾੜ ਜੇਲ੍ਹ 'ਚ ਕੈਦ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਤੇ ਪੁੱਤਰ ਅਜੈ ਚੌਟਾਲਾ ਦੀ ਬੈਰਕ ਵਿਚੋਂ ਮੋਬਾਈਲ ਫੋਨ ਬਰਾਮਦ ਕੀਤਾ ਗਿਆ ਹੈ। ਜੇਲ੍ਹ ਪ੍ਰਸ਼ਾਸਨ ਨੂੰ ਅਜੈ ਚੌਟਾਲਾ ਦੀ ਬੈਰਕ ਵਿਚ ਮੋਬਾਈਲ ਹੋਣ ਦੀ ਜਾਣਕਾਰੀ ਮਿਲੀ ਸੀ।

ਖੁਫੀਆ ਜਾਣਕਾਰੀ ਮੁਤਾਬਕ ਉਹ ਜੇਲ੍ਹ ਵਿਚ ਮੋਬਾਈਲ ਇਸਤੇਮਾਲ ਕਰ ਰਿਹਾ ਸੀ। ਤਿਹਾੜ ਜੇਲ੍ਹ ਦੇ ਡੀਜੀ ਅਜੈ ਕਸ਼ਿਅਪ ਨੇ ਅਜੈ ਚੌਟਾਲਾ ਦੇ ਸੈੱਲ ਵਿੱਚੋਂ ਮੋਬਾਈਲ ਫੋਨ ਮਿਲਣ ਦੀ ਪੁਸ਼ਟੀ ਕੀਤੀ ਹੈ ਤੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## Matrimonials

### ਲੜਕੀ ਦੀ ਲੋੜ ਹੈ

Wanted suitable sikh girl from USA for New Zealand citizen boy, 29 years, 5'-9'', bachelor in business. Good Job with established company in New Zealand. Also have USA tourist visa . Contact with photo, email sunnymaan84@yahoo.com or call Navpreet at 856-693-5401. 27-30

Wanted suitable match for Jatt Sikh turban wearing boy, 27, 5'-7" B.tech computer engineering. Currently on work permit in Canada. Land -15 acre. One sister in USA and one in Canada. Contact: Ph.630-407-7577 or 630-956-0886. Email: sandeepksohi@gmail.com 27-30

Wanted suitable beautiful girl from USA or Canada for Canadian citizen boy, 29 years, 5'-10", double bachelor in IT. Good job with CWB bank. Girl on visitor visa can also considered. Pl. contact with photo, email: chandi.avtar@yahoo.com or Ph: 780-200-8082 24-27

### ਲੜਕੇ ਦੀ ਲੋੜ ਹੈ

Well established, affluent, educated Jatt Sikh family seeks professional US born match for beautiful, gracious US born 24 year old daughter, 5'-9", currently completing medical education, pursuing a career in dermatology. Contact: balkar76@gmail.com

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. Contact: What's App 1-437-779-2765

For matrimonials Please contact
**Punjab Times**
*Ph: 847-359-0746*
*Visit us on the web:*
***punjabtimesusa.com***
***All the matrimonial published in all three editions of Punjab Times***


# ਕੁੱਕ ਅਤੇ ਕਿਚਨ ਹੈਲਪਰ ਦੀ ਲੋੜ ਹੈ

ਸੈਕਰਾਮੈਂਟੋ, ਕੈਲੀਫੋਰਨੀਆ ਵਿਚ ਇੰਡੀਅਨ ਰੈਸਟੋਰੈਂਟ ਲਈ ਕੁੱਕ ਅਤੇ ਕਿਚਨ ਹੈਲਪਰ ਦੀ ਲੋੜ ਹੈ

ਮੁਫਤ ਰਿਹਾਇਸ਼ ਤੇ ਚੰਗੀ ਤਨਖਾਹ

ਸੰਪਰਕ ਕਰੋ:

ਫੋਨ: 916-468-8885

26-28



# Prince's Barber Shop

**37477 Fremont Blvd, suite C, Fremont, CA 94536**

***Men & Children's Hair Cut***

*Threading
*Custom Text
*Men's Facials
*Hair Coler
*Custom Designing
*Shave & Mundan
*Line-ups
*Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

*ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ*

**Business hours:**
**Mon thru Thursday 9am to 6pm (Appointment only)**
**Friday, Sat- Sunday- 9am to 6pm (Walk in only)**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

***National Truck Driving School***

**1816 Main Ave., Secramento CA, 95838**

## ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**

# ਪੰਜਾਬ ਵਿਚ ਤੀਜੇ ਬਦਲ ਦੇ ਦਾਅਵੇ ਵਾਲੀਆਂ ਧਿਰਾਂ ਹੋਈਆਂ ਖਾਮੋਸ਼

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਬਾਅਦ ਪੰਜਾਬ ਦੀਆਂ ਤਿੰਨ ਵਿਰੋਧੀ ਧਿਰਾਂ ਦੀਆਂ ਸਿਆਸੀ ਸਰਗਰਮੀਆਂ ਤਕਰੀਬਨ ਠੱਪ ਹਨ।



ਇਸ ਕਰ ਕੇ ਪੰਜਾਬ ਵਿਧਾਨ ਸਭਾ ਦੀਆਂ ਹੋਣ ਵਾਲੀਆਂ ਘੱਟੋ-ਘੱਟ ਦੋ ਵਿਧਾਨ ਸਭਾ ਹਲਕਿਆਂ ਫਗਵਾੜਾ ਅਤੇ ਜਲਾਲਾਬਾਦ ਦੀਆਂ ਉਪ ਚੋਣਾਂ 'ਚ ਰਵਾਇਤੀ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ-ਭਾਜਪਾ ਵਿਚਕਾਰ ਹੀ ਟੱਕਰ ਹੋਣ ਦੇ ਆਸਾਰ ਹਨ।

ਲੋਕ ਸਭਾ ਚੋਣਾਂ ਤੋਂ ਪਹਿਲਾਂ ਬਣੇ ਪੰਜਾਬ ਜਮਹੂਰੀ ਗੱਠਜੋੜ (ਪੀ.ਡੀ.ਏ.) ਦੀਆਂ ਸਾਂਝੀਆਂ ਸਿਆਸੀ ਸਰਗਰਮੀਆਂ ਹੁਣ ਪੂਰੀ ਤਰ੍ਹਾਂ ਠੱਪ ਹਨ। ਦੱਸਣਯੋਗ ਹੈ ਕਿ ਪੀ.ਡੀ.ਏ 'ਚ ਆਮ ਆਦਮੀ ਪਾਰਟੀ (ਆਪ) ਤੋਂ ਅਸਤੀਫਾ ਦੇ ਚੁੱਕੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਪੰਜਾਬ ਏਕਤਾ ਪਾਰਟੀ, ਲੁਧਿਆਣਾ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਲੋਕ ਇਨਸਾਫ ਪਾਰਟੀ, 'ਆਪ' ਦੇ ਸਾਬਕਾ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਦੀ ਨਵਾਂ ਪੰਜਾਬ ਪਾਰਟੀ, ਬਹੁਜਨ ਸਮਾਜ ਪਾਰਟੀ (ਬਸਪਾ), ਸੀ.ਪੀ.ਆਈ. ਤੇ ਕਾਮਰੇਡ ਮੰਗਤ ਰਾਮ ਪਾਸਲਾ ਦੀ ਪਾਰਟੀ ਸ਼ਾਮਲ ਸਨ। ਪੀ.ਡੀ.ਏ. ਦੇ ਕੇਵਲ ਤਿੰਨ ਉਮੀਦਵਾਰਾਂ ਲੁਧਿਆਣਾ ਤੋਂ ਸ੍ਰੀ ਬੈਂਸ, ਪਟਿਆਲਾ ਤੋਂ ਡਾ. ਗਾਂਧੀ ਅਤੇ ਖਡੂਰ ਸਾਹਿਬ ਤੋਂ ਪਰਮਜੀਤ ਕੌਰ ਖਾਲੜਾ ਨੂੰ ਹੀ ਸਨਮਾਨਯੋਗ ਵੋਟਾਂ ਮਿਲੀਆਂ ਹਨ ਪਰ ਬਾਕੀ ਸਾਰੇ ਉਮੀਦਵਾਰ ਬੁਰੀ ਤਰ੍ਹਾਂ ਹਾਰੇ।

ਹਾਰ ਤੋਂ ਬਾਅਦ ਕੇਵਲ ਸ੍ਰੀ ਬੈਂਸ ਤੇ ਸ੍ਰੀ ਖਹਿਰਾ ਹੀ ਸਰਗਰਮ ਹਨ। ਬਸਪਾ ਦੇ ਪ੍ਰਧਾਨ ਰਛਪਾਲ ਸਿੰਘ ਰਾਜੂ ਦੀ ਛੁੱਟੀ ਕਰ ਦਿੱਤੀ ਹੈ ਤੇ ਇਸ ਪਾਰਟੀ ਦੀ ਸੁਪਰੀਮੋ ਬੀਬੀ ਮਾਇਆਵਤੀ ਨੇ ਭਵਿੱਖ ਵਿਚ ਆਪਣੇ ਪੱਧਰ 'ਤੇ ਹੀ ਚੋਣਾਂ ਲੜਨ ਦਾ ਐਲਾਨ ਕੀਤਾ ਹੈ। ਇਸ ਤਰ੍ਹਾਂ ਪੀ. ਡੀ. ਏ. ਦੀ ਇਹ ਧਿਰ ਪੂਰੀ ਤਰ੍ਹਾਂ ਕੱਟੀ ਗਈ ਹੈ।

ਇਸ ਸਬੰਧੀ ਸ੍ਰੀ ਖਹਿਰਾ ਨੇ ਮੰਨਿਆ ਕਿ ਚੋਣਾਂ ਤੋਂ ਬਾਅਦ ਪੀ.ਡੀ.ਏ. ਦੀਆਂ ਸਰਗਰਮੀਆਂ ਠੱਪ ਹਨ। ਉਨ੍ਹਾਂ ਦੱਸਿਆ ਕਿ ਉਹ ਅਗਲੇ ਹਫਤੇ ਸਰਕਾਰ ਵੱਲੋਂ ਕਤਲ ਦੇ ਮਾਮਲੇ ਦੇ ਦੋਸ਼ੀਆਂ ਦੀ ਸਜ਼ਾ ਮੁਆਫ ਕਰਨ, ਦਿੱਲੀ ਪੁਲਿਸ ਵੱਲੋਂ ਸਿੱਖ ਡਰਾਈਵਰ ਤੇ ਉਸ ਦੇ ਪੁੱਤ ਉਪਰ ਤਸ਼ੱਦਦ ਕਰਨ ਤੇ ਪੰਜਾਬ ਵਿਚ ਬੇਅਦਬੀਆਂ ਦੇ ਮੁੱਦਿਆਂ ਉਪਰ ਪੀ.ਡੀ.ਏ. ਦੀ ਮੀਟਿੰਗ ਸੱਦਣਗੇ। ਇਸੇ ਦੌਰਾਨ ਡਾ. ਗਾਂਧੀ ਨੇ ਕਿਹਾ ਕਿ ਪੰਜਾਬ ਦੀ ਸਿਆਸਤ ਨੇ ਨਵੀਆਂ ਕਰਵਟਾਂ ਲਈਆਂ ਹਨ, ਹੁਣ ਉਹ ਸੋਚ-ਵਿਚਾਰ ਕਰ ਕੇ ਹੀ ਕੋਈ ਸਾਂਝੀ ਪਾਰਟੀ ਬਣਾਉਣਗੇ। ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚੋਂ ਬਗਾਵਤ ਕਰਕੇ ਬਣੇ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੀਆਂ ਸਰਗਰਮੀਆਂ ਵੀ ਚੋਣਾਂ ਤੋਂ ਬਾਅਦ ਠੱਪ ਹਨ।

ਪੰਜਾਬ ਦੀ ਮੁੱਖ ਵਿਰੋਧੀ ਧਿਰ 'ਆਪ' ਨੂੰ ਚੋਣਾਂ ਦੌਰਾਨ ਰੋਪੜ ਦੇ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਕਾਂਗਰਸ ਵਿਚ ਸ਼ਾਮਲ ਹੋ ਕੇ ਵੱਡਾ ਝਟਕਾ ਦਿੱਤਾ ਸੀ। ਦਰਅਸਲ, ਪਹਿਲਾਂ ਹੀ ਪਾਰਟੀ ਦੇ 20 ਵਿਧਾਇਕਾਂ ਵਿਚੋਂ ਸੱਤ ਬਾਗੀ ਹੋ ਕੇ ਚੱਲ ਰਹੇ ਸਨ ਅਤੇ ਐਚ.ਐਸ. ਫੂਲਕਾ ਨੇ ਵੀ ਅਸਤੀਫਾ ਦੇ ਦਿੱਤਾ ਸੀ। ਇਸ ਕਾਰਨ ਪਾਰਟੀ ਨਾਲ ਕੇਵਲ 11 ਵਿਧਾਇਕ ਰਹਿ ਗਏ ਹਨ।

# ਝੂਠੇ ਪੁਲਿਸ ਮੁਕਾਬਲੇ ਦੇ ਦੋਸ਼ੀਆਂ ਦੀ ਰਿਹਾਈ ਬਾਰੇ ਸੁਖਬੀਰ ਨੇ ਦਿੱਤੀ ਸਫਾਈ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਝੂਠੇ ਪੁਲਿਸ ਮੁਕਾਬਲੇ ਦੇ ਕੇਸ ਵਿਚ ਸਜ਼ਾ ਭੁਗਤ ਰਹੇ ਪੁਲਿਸ ਮੁਲਾਜ਼ਮਾਂ ਦੀ ਸਜ਼ਾ ਮੁਆਫੀ ਦੇ ਮੁੱਦੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਹੀ ਕਟਹਿਰੇ 'ਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਕਿ ਪੁਲਿਸ ਮੁਲਾਜ਼ਮਾਂ ਨੂੰ ਮੁਆਫੀ ਦੇਣ ਦੀ ਅਰਜ਼ੀ ਜਾਂ ਫਾਈਲ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਉਪ ਮੁੱਖ ਮੰਤਰੀ (ਸੁਖਬੀਰ ਬਾਦਲ) ਤੱਕ ਨਹੀਂ ਪਹੁੰਚੀ ਸੀ।

ਸਰਕਾਰੀ ਫਾਈਲ ਦੇ ਦਸਤਾਵੇਜ਼ ਮੀਡੀਆ ਨਾਲ ਸਾਂਝੇ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪੁਲਿਸ ਕਰਮਚਾਰੀਆਂ ਨੂੰ ਮੁਆਫੀ ਦੇ ਮਾਮਲੇ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਨਿੱਜੀ ਦਿਲਚਸਪੀ ਲਈ ਜਿਸ ਦੇ ਤੱਥ ਫਾਈਲ 'ਚ ਮੌਜੂਦ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਵਫਦ ਇਸ ਮਾਮਲੇ 'ਤੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੂੰ ਮਿਲ ਕੇ ਸਜ਼ਾ ਮੁਆਫੀ ਦਾ ਫੈਸਲਾ ਵਾਪਸ ਲੈਣ ਦੀ ਮੰਗ ਕਰੇਗਾ। ਸ੍ਰੀ ਬਾਦਲ ਨੇ ਕਿਹਾ ਕਿ ਜੇਕਰ ਰਾਜਪਾਲ ਨੇ ਆਪਣਾ ਫੈਸਲਾ ਵਾਪਸ ਨਾ ਲਿਆ ਤਾਂ ਪਾਰਟੀ ਵੱਲੋਂ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਇਸ ਨੂੰ ਚੁਣੌਤੀ ਦਿੱਤੀ ਜਾਵੇਗੀ।

ਅਕਾਲੀ ਸਰਕਾਰ ਸਮੇਂ ਸ਼ੁਰੂ ਹੋਈ ਮੁਆਫੀ ਦੇ ਪ੍ਰਸਤਾਵ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਦੋਸ਼ੀਆਂ ਦੇ ਪਰਿਵਾਰਾਂ ਵੱਲੋਂ ਹੀ ਰਾਜਪਾਲ ਨੂੰ ਅਰਜ਼ੀ ਦਿੱਤੀ ਗਈ ਸੀ ਤੇ ਇਹ ਅਰਜ਼ੀ ਸਕੱਤਰ ਪੱਧਰ ਤੱਕ ਰਹੀ।

ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਅਜਿਹੇ ਦੋਸ਼ੀਆਂ ਦੀ ਸਜ਼ਾ ਮੁਆਫੀ ਦੇ ਪੱਖ 'ਚ ਨਹੀਂ ਸੀ। ਉਨ੍ਹਾਂ ਕਿਹਾ ਕਿ 2 ਨਵੰਬਰ 2016 ਨੂੰ ਕਤਲ ਦੀ



ਸਜ਼ਾ ਭੁਗਤ ਰਹੇ ਦੋਸ਼ੀਆਂ ਨੇ ਸਜ਼ਾ ਮੁਆਫੀ ਲਈ ਰਾਜਪਾਲ ਨੂੰ ਅਰਜ਼ੀ ਦਿੱਤੀ ਸੀ ਜਿਸ ਉਪਰ ਅਕਾਲੀ-ਭਾਜਪਾ ਸਰਕਾਰ ਨੇ ਕੋਈ ਵੀ ਫੈਸਲਾ ਨਹੀਂ ਸੀ ਲਿਆ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸੀ.ਬੀ.ਆਈ. ਅਦਾਲਤਾਂ ਵੱਲੋਂ ਦੋਸ਼ੀ ਠਹਿਰਾਏ ਵਿਅਕਤੀਆਂ ਨੂੰ ਸਜ਼ਾ ਮੁਆਫੀ ਦਾ ਫੈਸਲਾ ਕੇਂਦਰ ਸਰਕਾਰ ਦੇ ਪੱਧਰ 'ਤੇ ਹੀ ਵਿਚਾਰਿਆ ਜਾ ਸਕਦਾ ਹੈ ਪਰ ਕੈਪਟਨ ਸਰਕਾਰ ਨੇ ਆਪਣੇ ਪੱਧਰ 'ਤੇ ਇਹ ਫੈਸਲਾ ਲਿਆ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਦਾ ਕਾਰਜਭਾਰ ਸੰਭਾਲਦਿਆਂ ਹੀ ਸਜ਼ਾ ਮੁਆਫੀ ਦੀ ਸਰਗਰਮੀ ਫੜ ਲਈ ਸੀ।

# ਬਾਜਵਾ ਵੱਲੋਂ ਵਿਦੇਸ਼ੀ ਮਾਮਲਿਆਂ ਸਬੰਧੀ ਕਮੇਟੀ ਦੇ ਉਪ-ਪ੍ਰਧਾਨ ਵਜੋਂ ਅਸਤੀਫਾ

**ਚੰਡੀਗੜ੍ਹ:** ਲੋਕ ਸਭਾ ਚੋਣਾਂ 'ਚ ਕਾਂਗਰਸ ਪਾਰਟੀ ਨੂੰ ਮਿਲੀ ਹਾਰ ਮਗਰੋਂ ਪਾਰਟੀ ਆਗੂਆਂ ਵਲੋਂ ਅਸਤੀਫੇ ਦੇਣ ਦਾ ਦੌਰ ਜਾਰੀ ਹੈ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਵਿਦੇਸ਼ੀ ਮਾਮਲਿਆਂ ਸਬੰਧੀ ਕਮੇਟੀ ਦੀ ਉਪ ਪ੍ਰਧਾਨਗੀ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਆਪਣਾ ਅਸਤੀਫਾ ਪਾਰਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੂੰ ਭੇਜਿਆ ਹੈ।

ਆਪਣੇ ਅਸਤੀਫੇ 'ਚ ਸ. ਬਾਜਵਾ ਨੇ ਲਿਖਿਆ ਕਿ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨੇ ਅਹੁਦੇ ਤੋਂ ਅਸਤੀਫਾ ਦੇ ਕੇ ਹੋਰ ਪਾਰਟੀ ਨੇਤਾਵਾਂ ਲਈ ਜਵਾਬਦੇਹੀ ਦੀ ਇਕ ਉਦਾਹਰਨ ਪੇਸ਼ ਕੀਤੀ ਹੈ, ਜਿਸ ਨੂੰ ਧਿਆਨ 'ਚ ਰੱਖਦੇ ਹੋਏ ਸਾਰੇ ਅਹੁਦੇਦਾਰਾਂ ਨੂੰ ਖੁਦ ਆਪਣੇ ਅਹੁਦਿਆਂ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ ਅਤੇ ਪਾਰਟੀ ਦੀ ਪ੍ਰਣਾਲੀ ਸਹੀ ਢੰਗ ਨਾਲ ਚਲਾਉਣ ਲਈ ਰਾਹੁਲ ਗਾਂਧੀ ਨੂੰ ਪੂਰੀ ਖੁੱਲ ਦੇਣੀ ਚਾਹੀਦੀ ਹੈ।

ਰਾਜ ਸਭਾ ਮੈਂਬਰ ਸ. ਬਾਜਵਾ ਨੇ ਰਾਹੁਲ ਗਾਂਧੀ ਨੂੰ ਪ੍ਰਧਾਨਗੀ ਦੇ ਅਹੁਦੇ 'ਤੇ ਬਣੇ ਰਹਿਣ ਅਤੇ ਪਾਰਟੀ ਸੰਗਠਨ ਮਜ਼ਬੂਤ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜਿਥੇ ਪੰਜਾਬ ਕਾਂਗਰਸ ਦੇ ਪ੍ਰਧਾਨ



ਸੁਨੀਲ ਜਾਖੜ ਵੀ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਹਨ, ਉਥੇ ਹੋਰਨਾਂ ਰਾਜਾਂ 'ਚੋਂ ਵੀ ਕਾਂਗਰਸੀ ਆਗੂਆਂ ਵਲੋਂ ਅਸਤੀਫੇ ਦੇਣ ਦਾ ਸਿਲਸਿਲਾ ਜਾਰੀ ਹੈ।

# ਰਾਵੀ ਦਰਿਆ 'ਤੇ ਪੁਲ ਲਈ ਪਾਕਿ 'ਤੇ ਦਬਾਅ ਪਾਏ ਕੇਂਦਰ: ਕੈਪਟਨ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਥੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ ਤੇ ਰਾਵੀ ਦਰਿਆ 'ਤੇ ਪੁਲ ਦੀ ਉਸਾਰੀ ਲਈ ਪਾਕਿਸਤਾਨ 'ਤੇ ਦਬਾਅ ਬਣਾਏ ਜਾਣ ਦੀ ਮੰਗ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਦੀ ਉਸਾਰੀ ਦੌਰਾਨ ਜੇਕਰ ਪਾਕਿਸਤਾਨ ਆਪਣੇ ਵਾਲੇ ਪਾਸੇ ਰਾਵੀ ਦਰਿਆ 'ਤੇ ਪੁਲ ਦੀ ਉਸਾਰੀ ਕਰਦਾ ਹੈ ਤਾਂ ਇਸ ਨਾਲ ਸਿੱਖ ਸ਼ਰਧਾਲੂਆਂ ਲਈ ਹਰ ਮੌਸਮ ਵਿਚ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨੇ ਸੁਖਾਲੇ ਹੋਣਗੇ ਤੇ ਬਰਸਾਤਾਂ ਦੇ ਦਿਨਾਂ ਵਿਚ ਪੰਜਾਬ ਵਾਲੇ ਪਾਸੇ ਕਿਸਾਨਾਂ ਦੀਆਂ ਫਸਲਾਂ ਦੇ ਹੁੰਦੇ ਨੁਕਸਾਨ ਨੂੰ ਵੀ ਠੱਲ੍ਹ ਪਏਗੀ। ਗੌਰਤਲਬ ਹੈ ਕਿ ਭਾਰਤ ਜਿਥੇ ਰਾਵੀ ਦਰਿਆ 'ਤੇ ਪੁਲ ਦੀ ਉਸਾਰੀ ਚਾਹੁੰਦਾ ਹੈ, ਉਥੇ ਪਾਕਿਸਤਾਨ ਪੁਲ ਦੀ ਥਾਂ ਕਾਜ਼ਵੇਅ ਬਣਾਉਣ ਲਈ ਬਜ਼ਿੱਦ ਹੈ। ਮੁੱਖ ਮੰਤਰੀ ਨੇ ਇਸ ਮੁਲਾਕਾਤ ਦੌਰਾਨ ਪੰਜਾਬ ਵਿਚ ਨਸ਼ਿਆਂ ਦੀ ਅਲਾਮਤ ਦਾ ਮੁੱਦਾ ਵੀ ਵਿਚਾਰਿਆ। ਸ੍ਰੀ ਸ਼ਾਹ ਨੇ ਮਗਰੋਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਤੇ ਜੰਮੂ-ਕਸ਼ਮੀਰ ਵਿਚ ਨਸ਼ਿਆਂ ਦੀ ਅਲਾਮਤ ਨਾਲ ਸਿੱਝਣ ਲਈ ਵਿਸਥਾਰਤ ਰਣਨੀਤੀ ਘੜ ਰਹੀ ਹੈ। ਮੁੱਖ ਮੰਤਰੀ ਨੇ ਇਸ ਮੁਲਾਕਾਤ ਮੌਕੇ ਦੇਸ਼ ਵਿਚ ਕੌਮੀ ਡਰੱਗ ਨੀਤੀ ਦੀ ਮੰਗ ਨੂੰ ਦੁਹਰਾਇਆ।

# ਸਿੱਧੂ ਦੇ ਕਾਰਜਕਾਲ ਵਿਚ ਖਾਮੀਆਂ ਲੱਭਣ ਵਿਚ ਜੁਟੀ ਸਰਕਾਰ

**ਅੰਮ੍ਰਿਤਸਰ:** ਕੈਪਟਨ ਸਰਕਾਰ ਨਵਜੋਤ ਸਿੰਘ ਸਿੱਧੂ ਨੂੰ ਘੇਰਨ ਦੀ ਤਿਆਰੀ ਵਿਚ ਹੈ। ਸਿੱਧੂ ਖਿਲਾਫ ਜਿਥੇ ਕੈਪਟਨ ਦੇ ਮੰਤਰੀਆਂ ਨੇ ਮੋਰਚਾ ਖੋਲ੍ਹਿਆ ਹੋਇਆ ਹੈ, ਉਥੇ ਸਿੱਧੂ ਦੇ ਸਥਾਨਕ ਸਰਕਾਰਾਂ ਮੰਤਰੀ ਹੁੰਦਿਆਂ ਕੀਤੇ ਕੰਮਾਂ ਦੀ ਘੋਖ ਕੀਤੀ ਜਾ ਰਹੀ ਹੈ।



ਸਥਾਨਕ ਸਰਕਾਰਾਂ ਵਿਭਾਗ ਅਧੀਨ ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਤੋਂ ਬਾਅਦ ਚੌਕਸੀ ਵਿਭਾਗ ਦੀ ਟੀਮ ਨੇ ਵਿਭਾਗ ਦੇ ਅਧੀਨ ਨਗਰ ਨਿਗਮ ਅੰਮ੍ਰਿਤਸਰ ਦੇ ਦਫਤਰ 'ਚ ਦਸਤਕ ਦਿੱਤੀ। ਭਾਵੇਂ ਚੌਕਸੀ ਵਿਭਾਗ ਦੀ ਟੀਮ ਆਪਣੀ ਇਸ ਫੇਰੀ ਨੂੰ ਆਮ ਚੈਕਿੰਗ ਦੱਸ ਰਹੀ ਹੈ ਪਰ ਵਿਭਾਗ ਦੀ ਨਵਜੋਤ ਸਿੰਘ ਸਿੱਧੂ ਦੇ ਪਿਛਲੇ ਵਿਭਾਗ ਦੇ ਵੱਖ-ਵੱਖ ਦਫਤਰਾਂ 'ਚ ਮਾਰੀ ਜਾ ਰਹੀ ਛਾਪੇਮਾਰੀ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਿੱਧੂ ਦਰਮਿਆਨ ਛਿੜੇ ਵਿਵਾਦ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਚੌਕਸੀ ਵਿਭਾਗ ਦੀ ਟੀਮ ਡੀ.ਐਸ.ਪੀ. ਵਿਜੀਲੈਂਸ ਕੰਵਲਦੀਪ ਕੌਰ ਦੀ ਅਗਵਾਈ ਹੇਠ ਨਿਗਮ ਦਫਤਰ ਪੁੱਜੀ। ਇਸ ਟੀਮ ਨੇ ਸਭ ਤੋਂ ਪਹਿਲਾਂ ਨਿਗਮ ਮੁਲਾਜ਼ਮਾਂ ਦੀਆਂ ਹਾਜ਼ਰੀਆਂ ਦੀ ਜਾਂਚ ਕੀਤੀ ਤੇ ਇਸ ਤੋਂ ਬਾਅਦ ਵੱਖ-ਵੱਖ ਵਿਭਾਗਾਂ ਖਾਸ ਕਰਕੇ ਬਿਲਡਿੰਗ ਵਿਭਾਗ, ਸਿਵਲ ਵਿਭਾਗ ਤੇ ਓ.ਐਂਡ.ਐਮ. ਵਿਭਾਗਾਂ ਵਿਚ ਜਾ ਕੇ ਸਬੰਧਿਤ ਵਿਭਾਗਾਂ ਤੋਂ ਅਧਿਕਾਰੀਆਂ ਤੋਂ ਬੀਤੇ ਸਾਲ ਦਾ ਰਿਕਾਰਡ ਮੰਗਿਆ।

ਇਸ ਤੋਂ ਬਾਅਦ ਇਸ ਟੀਮ ਨੇ ਸੰਯੁਕਤ ਕਮਿਸ਼ਨਰ ਨਿਤਿਸ਼ ਸਿੰਗਲਾ ਨਾਲ ਬੈਠਕ ਕੀਤੀ। ਉਪਰੰਤ ਇਸ ਟੀਮ ਦੇ ਅਧਿਕਾਰੀਆਂ ਨੇ ਕਮਿਸ਼ਨਰ ਹਰਬੀਰ ਸਿੰਘ ਦੇ ਦਫਤਰ ਦੇ ਨਾਲ ਸਥਿਤ ਮੀਟਿੰਗ ਹਾਲ 'ਚ ਡੇਰੇ ਲਗਾ ਲਏ ਅਤੇ ਉਥੇ ਚੌਕਸੀ ਵਿਭਾਗ ਤੇ ਅਧਿਕਾਰੀਆਂ ਨੇ ਨਿਗਮ ਦੇ ਬਿਲਡਿੰਗ ਵਿਭਾਗ ਦੇ ਐਮ.ਟੀ.ਪੀ. ਇਕਬਾਲਪ੍ਰੀਤ ਸਿੰਘ ਰੰਧਾਵਾ, ਐਮ. ਟੀ. ਪੀ. ਪਰਮਪਾਲ ਸਿੰਘ, ਸਿਵਲ ਵਿਭਾਗ ਦੇ ਐਕਸੀਅਨ ਸੰਦੀਪ ਸਿੰਘ ਤੇ ਹੋਰ ਅਧਿਕਾਰੀਆਂ ਨਾਲ ਬੈਠਕ ਕੀਤੀ ਤੇ ਉਨ੍ਹਾਂ ਕੋਲੋਂ ਨੂੰ ਆਪਣੇ ਆਪਣੇ ਵਿਭਾਗ ਦੇ ਦੋ ਸਾਲ ਦਾ ਰਿਕਾਰਡ ਮੁਹੱਈਆ ਕਰਵਾਉਣ ਦੀਆਂ ਹਦਾਇਤਾਂ ਕੀਤੀਆਂ। ਪੂਰਾ ਦਿਨ ਨਿਗਮ ਦਫਤਰ ਵਿਖੇ ਰਹਿਣ ਵਾਲੀ ਇਸ ਚੌਕਸੀ ਵਿਭਾਗ ਦੀ ਟੀਮ ਨੇ ਬਿਲਡਿੰਗ ਵਿਭਾਗ ਕੋਲੋਂ ਦੋ ਸਾਲ ਵਿਚ ਬਣਨ ਵਾਲੀਆਂ ਕਾਲੋਨੀਆਂ, ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਬਣੇ ਹੋਟਲਾਂ ਤੇ ਹੋਰ ਇਮਾਰਤਾਂ ਦਾ ਵੇਰਵਾ ਮੰਗਿਆ, ਜੋ ਐਮ.ਟੀ.ਪੀ. ਪਰਮਪਾਲ ਸਿੰਘ ਵੱਲੋਂ ਮੁਹੱਈਆ ਕਰਵਾਇਆ ਗਿਆ।

ਇਸ ਦੌਰਾਨ ਟੀਮ ਨੇ ਸਿਵਲ ਅਤੇ ਓ.ਐਂਡ. ਐਮ. ਵਿਭਾਗ ਕੋਲੋਂ ਦੋ ਸਾਲ 'ਚ ਕਰਵਾਏ ਕੰਮਾਂ ਤੋਂ ਇਲਾਵਾ ਨਿਗਮ ਵਲੋਂ 'ਹਿਰਦੇ' ਸਕੀਮ ਤਹਿਤ ਕਰਵਾਏ ਪਤੰਗਬਾਜੀ ਮੁਕਾਬਲੇ ਤੇ ਗਾਇਕ ਐਮੀ ਵਿਰਕ ਦੀ ਸ਼ਾਮ 'ਤੇ ਆਏ ਖਰਚ ਦਾ ਵੇਰਵਾ ਵੀ ਲਿਆ। ਇਸ ਦੌਰਾਨ ਚੌਕਸੀ ਵਿਭਾਗ ਦੀ ਟੀਮ ਨੇ ਸਿੱਧੂ ਜੋੜੇ ਖਿਲਾਫ ਕਈ ਤਰ੍ਹਾਂ ਦੇ ਦੋਸ਼ ਲਾਉਣ ਵਾਲੇ ਕਾਂਗਰਸ ਦੇ ਸਾਬਕਾ ਬੁਲਾਰੇ ਮਨਦੀਪ ਸਿੰਘ ਮੰਨਾ ਨਾਲ ਵੀ ਗੱਲਬਾਤ ਕੀਤੀ। ਚੌਕਸੀ ਵਿਭਾਗ ਦੇ ਐਸ.ਐਸ.ਪੀ. ਆਰ.ਕੇ. ਬਖ਼ਸ਼ੀ ਨੇ ਦੱਸਿਆ ਕਿ ਚੌਕਸੀ ਵਿਭਾਗ ਦੀ ਇਹ ਆਮ ਜਾਂਚ ਹੈ ਤੇ ਇਸ ਦੌਰਾਨ ਪਿਛਲੇ ਸਾਲਾਂ ਦਾ ਕੁਝ ਰਿਕਾਰਡ ਮੰਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਉਪਰੰਤ ਇਸ ਰਿਕਾਰਡ ਦੀ ਜਾਂਚ ਕੀਤੀ ਜਾਵੇਗੀ।

## ਰਾਹੁਲ ਦੇ ਇਸ਼ਾਰੇ 'ਤੇ ਕੈਪਟਨ ਨੂੰ ਕਮਜ਼ੋਰ ਕਰ ਰਿਹੈ ਸਿੱਧੂ: ਸ਼ਵੇਤ ਮਲਿਕ

**ਜਲੰਧਰ:** ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਾਲਿਕ ਨੇ ਕਿਹਾ ਹੈ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕੈਪਟਨ ਨੂੰ ਕਮਜ਼ੋਰ ਕਰਨ ਲਈ ਸਿੱਧੂ ਨੂੰ ਸ਼ਹਿ ਦਿੱਤੀ ਹੋਈ ਹੈ। ਕਾਂਗਰਸ ਵੱਲੋਂ ਅੰਦਰੂਨੀ ਰਾਜਨੀਤੀ ਨਾਲ ਪੰਜਾਬ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸੇ ਰਾਜਨੀਤਕ ਪਾਰਟੀ ਦਾ ਕੌਮੀ ਪ੍ਰਧਾਨ ਆਪਣੇ ਹੀ ਮੁੱਖ ਮੰਤਰੀ ਨੂੰ ਨੁਕਸਾਨ ਪਹੁੰਚਾਉਣ ਲਈ ਪੂਰੀ ਤਰ੍ਹਾਂ ਨਾਲ ਸਰਗਰਮ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕੰਮ 'ਚ ਰੁਕਾਵਟ ਪਾਉਣ ਲਈ ਨਵਜੋਤ ਸਿੰਘ ਸਿੱਧੂ ਨੂੰ ਭੇਜਿਆ ਹੋਇਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਜ਼ਾਰਤ ਵਿਚ ਫੇਰ ਬਦਲ ਦੌਰਾਨ ਨਵਜੋਤ ਸਿੰਘ ਸਿੱਧੂ ਦਾ ਵਿਭਾਗ ਬਦਲ ਕੇ ਭਾਜਪਾ ਦੀ ਇਸ ਗੱਲ ਨੂੰ ਸਾਬਤ ਕਰ ਦਿੱਤਾ ਹੈ ਕਿ ਸੂਬੇ 'ਚ ਵਿਕਾਸ ਦੇ ਸਾਰੇ ਕੰਮਕਾਜ ਠੱਪ ਪਏ ਹੋਏ ਸਨ।

## ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਲੀ ਪਹੁੰਚ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਿੱਲੀ 'ਚ ਕਾਂਗਰਸ ਦੇ ਜਨਰਲ ਸਕੱਤਰ ਅਹਿਮਦ ਪਟੇਲ ਜਿਨ੍ਹਾਂ ਨੂੰ ਰਾਹੁਲ ਗਾਂਧੀ ਵੱਲੋਂ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਮਾਮਲਾ ਸੁਲਝਾਉਣ ਦਾ ਚਾਰਜ ਦਿੱਤਾ ਗਿਆ ਸੀ, ਨਾਲ ਮੁਲਾਕਾਤ ਕੀਤੀ।

ਸੂਤਰਾਂ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਅਹਿਮਦ ਪਟੇਲ ਨੂੰ ਇਸ ਲਈ ਮਿਲਣ ਗਏ, ਕਿਉਂਕਿ ਕੁਝ ਦਿਨ ਪਹਿਲਾਂ ਉਹ ਪਟੇਲ ਵੱਲੋਂ ਖਾਣੇ ਦੇ ਸੱਦੇ 'ਤੇ ਨਹੀਂ ਪੁੱਜ ਸਕੇ ਸਨ। ਮੀਟਿੰਗ 'ਚ ਪੰਜਾਬ ਸਬੰਧੀ ਜਾਂ ਸਿੱਧੂ ਮਾਮਲੇ ਦੀ ਕੋਈ ਗੱਲਬਾਤ ਨਹੀਂ ਹੋਈ, ਪਰ ਪਤਾ ਲੱਗਾ ਹੈ ਕਿ ਮੀਟਿੰਗ ਦਾ ਮੁੱਖ ਮੁੱਦਾ ਹੀ ਨਵਜੋਤ ਸਿੰਘ ਸਿੱਧੂ ਸਨ ਅਤੇ ਇਹ ਵੀ ਚਰਚਾ ਹੈ ਕਿ ਮੁੱਖ ਮੰਤਰੀ ਮੀਟਿੰਗ ਦੌਰਾਨ ਆਪਣੇ ਪਹਿਲਾਂ ਵਾਲੇ ਸਟੈਂਡ ਨੂੰ ਹੀ ਦੁਹਰਾਅ ਰਹੇ ਸਨ ਕਿ ਮੰਤਰੀਆਂ ਦੇ ਵਿਭਾਗਾਂ 'ਚ ਰੱਦੋਬਦਲ ਸਰਕਾਰ ਦੇ ਕੰਮਕਾਜ 'ਚ ਸੁਧਾਰ ਲਿਆਉਣ ਲਈ ਕੀਤੀ ਗਈ, ਜੋ ਕਿ ਉਨ੍ਹਾਂ ਦੇ ਅਧਿਕਾਰ ਖੇਤਰ 'ਚ ਹੈ।

## ਸੰਯੁਕਤ ਰਾਸ਼ਟਰ ਦੀ ਟੀਮ ਵੱਲੋਂ ਦਰਬਾਰ ਸਾਹਿਬ 'ਚ ਹਵਾ ਪ੍ਰਦੂਸ਼ਣ 'ਚ ਸੁਧਾਰ ਲਈ ਹੰਭਲਾ

**ਅੰਮ੍ਰਿਤਸਰ:** ਸੰਯੁਕਤ ਰਾਸ਼ਟਰ ਵੱਲੋਂ ਅੰਮ੍ਰਿਤਸਰ ਵਿਚ ਹਵਾ ਪ੍ਰਦੂਸ਼ਣ ਦੇ ਸੁਧਾਰ ਲਈ ਇਕ ਵਿਸਥਾਰਤ ਯੋਜਨਾ ਤਿਆਰ ਕਰਨ ਦੀ ਕਾਰਵਾਈ ਨੂੰ ਅਮਲੀ ਰੂਪ ਦੇਣ ਦੀ ਸ਼ੁਰੂਆਤ ਕਰ ਦਿੱਤੀ ਹੈ, ਜਿਸ ਤਹਿਤ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੀ ਉਚ ਪੱਧਰੀ ਟੀਮ ਨੇ ਸ਼ਹਿਰ ਦਾ ਦੌਰਾ ਕੀਤਾ ਹੈ।

ਇਹ ਟੀਮ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਨਤਮਸਤਕ ਹੋਈ ਅਤੇ ਸ਼ਹਿਰ ਦੇ ਅੰਦਰੂਨੀ ਇਲਾਕਿਆਂ ਦਾ ਵੀ ਨਿਰੀਖਣ ਕੀਤਾ ਹੈ। ਇਸ ਟੀਮ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸੀਨੀਅਰ ਅਧਿਕਾਰੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਵੀ ਵਿਚਾਰ-ਚਰਚਾ ਕੀਤੀ ਹੈ। ਸੰਯੁਕਤ ਰਾਸ਼ਟਰ ਦੀ ਟੀਮ ਦੇ ਆਗੂ ਜ਼ਿਆਵਾਂਗ ਜਾਊ ਨੇ ਸੂਚਨਾ ਕੇਂਦਰ 'ਚ ਦੱਸਿਆ ਕਿ ਸੰਯੁਕਤ ਰਾਸ਼ਟਰ ਭਾਰਤ ਵਿਚ ਵਧ ਰਹੇ ਹਵਾ ਪ੍ਰਦੂਸ਼ਣ ਨੂੰ ਲੈ ਕੇ ਚਿੰਤਤ ਹੈ। ਇਸ ਦੇ ਪਹਿਲੇ ਪੜਾਅ 'ਚ ਅੰਮ੍ਰਿਤਸਰ, ਵਾਰਾਨਸੀ ਅਤੇ ਗੁਰੂਗ੍ਰਾਮ ਵਿਚ ਹਵਾ ਪ੍ਰਦੂਸ਼ਣ ਨੂੰ ਠੀਕ ਕਰਨ ਲਈ ਇਨ੍ਹਾਂ ਸ਼ਹਿਰਾਂ ਦੀ ਚੋਣ ਕੀਤੀ ਗਈ ਹੈ। ਇਸੇ ਤਹਿਤ ਟੀਮ ਨੇ ਇਸ ਕੰਮ ਦੀ ਸ਼ੁਰੂਆਤ ਅੰਮ੍ਰਿਤਸਰ ਦੇ ਦੌਰੇ ਤੋਂ ਕੀਤੀ ਹੈ। ਇਸੇ ਤਹਿਤ ਉਨ੍ਹਾਂ ਨੇ ਜਨਤਕ ਟਰਾਂਸਪੋਰਟ ਸੇਵਾ ਨੂੰ ਵਧੇਰੇ ਵਿਕਸਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਇਥੇ ਆਉਣ ਵਾਲੇ ਸੈਲਾਨੀ ਅਤੇ ਸ਼ਹਿਰ ਵਾਸੀ ਇਸ ਜਨਤਕ ਟਰਾਂਸਪੋਰਟ ਸੇਵਾ ਦਾ ਵਧੇਰੇ ਲਾਭ ਲੈ ਸਕਣ। ਇਸ ਮੌਕੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰ ਸਕੱਤਰ ਸ੍ਰੀ ਕਰੁਨੇਸ਼ ਗਰਗ ਨੇ ਟੀਮ ਨੂੰ ਦੱਸਿਆ ਕਿ ਸਾਲ 2017 ਨਾਲੋਂ 2018 ਵਿਚ ਅੰਮ੍ਰਿਤਸਰ ਦੀ ਹਵਾ ਗੁਣਵੱਤਾ ਵਿਚ ਸੁਧਾਰ ਆਇਆ ਹੈ। ਡਿਪਟੀ ਕਮਿਸ਼ਨਰ ਸ਼ਿਵਦੁਲਾਰ ਸਿੰਘ ਢਿੱਲੋਂ ਨੇ ਟੀਮ ਨੂੰ ਦੱਸਿਆ ਕਿ ਦੇਸ਼ ਦੇ ਕੋਨੇ-ਕੋਨੇ ਤੋਂ ਰੇਲ ਗੱਡੀਆਂ, ਲਗਜ਼ਰੀ ਬੱਸਾਂ ਅਤੇ ਹੋਰ ਵਾਹਨਾਂ 'ਤੇ ਵੀ ਯਾਤਰੂ ਇਥੇ ਆਉਂਦੇ ਹਨ। ਉਨ੍ਹਾਂ ਨੇ ਸ਼ਹਿਰ ਵਿਚ ਸ਼ੁਰੂ ਕੀਤੀ ਜਨਤਕ ਬੱਸ ਸੇਵਾ ਬੀ.ਆਰ.ਟੀ.ਐਸ. ਬੱਸਾਂ ਬਾਰੇ ਵੀ ਟੀਮ ਨੂੰ ਜਾਣਕਾਰੀ ਦਿੱਤੀ।

ਇਸ ਮੌਕੇ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੀਫ ਇੰਜੀਨੀਅਰ ਜੀਐਸ ਮਜੀਠੀਆ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦਾ ਲੰਗਰ ਸੀ. ਐਨ. ਜੀ. ਨਾਲ ਤਿਆਰ ਕਰਨ ਦੀ ਜਲਦੀ ਸ਼ੁਰੂਆਤ ਹੋ ਰਹੀ ਹੈ। ਇਸ ਤੋਂ ਬਿਨਾ ਜਰਨੇਟਰ ਦੀ ਵਰਤੋਂ ਰੋਕਣ ਲਈ ਨਿਰੰਤਰ ਬਿਜਲੀ ਸਪਲਾਈ ਲਈ ਵੱਖਰਾ ਗਰਿਡ ਬਣਾਇਆ ਗਿਆ ਹੈ। ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਤੋਂ ਰੋਕਣ ਲਈ ਵੀ ਸਰਕਾਰ ਯਤਨਸ਼ੀਲ ਹੈ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਯੁਕਤ ਰਾਸ਼ਟਰੀ ਟੀਮ ਦੇ ਮੈਂਬਰਾਂ ਨੂੰ ਧਾਰਮਿਕ ਤੇ ਇਤਿਹਾਸਕ ਪੁਸਤਕਾਂ ਦੇ ਕੇ ਸਨਮਾਨਤ ਵੀ ਕੀਤਾ ਗਿਆ।

### ਕਿਸਾਨ ਆਗੂ ਦਾ ਬੇਰਹਿਮੀ ਨਾਲ ਕਤਲ

**ਮਹਿਲ ਕਲਾਂ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਸਥਾਨਕ ਆਗੂ ਬਹਾਦਰ ਸਿੰਘ (54) ਵਾਸੀ ਮਹਿਲ ਕਲਾਂ ਦਾ ਅਣਪਛਾਤੇ ਲੋਕਾਂ ਨੇ ਕਤਲ ਕਰ ਦਿੱਤਾ। ਮ੍ਰਿਤਕ ਦੇ ਪੁੱਤਰ ਪਰਗਟ ਸਿੰਘ ਅਨੁਸਾਰ ਉਸ ਦੇ ਪਿਤਾ ਰਾਤ ਨੂੰ ਘਰ ਤੋਂ ਥੋੜ੍ਹੀ ਦੂਰ ਬਣੇ ਆਪਣੇ ਪੋਲਟਰੀ ਫਾਰਮ 'ਚ ਇਕੱਲੇ ਸੁੱਤੇ ਸਨ। ਇਸੇ ਦੌਰਾਨ ਅਣਪਛਾਤਿਆਂ ਨੇ ਉਨ੍ਹਾਂ ਦੇ ਸਿਰ ਵਿਚ ਭਾਰੀਆਂ ਚੀਜ਼ਾਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਮੌਤ ਦਾ ਪਤਾ ਪਰਿਵਾਰ ਨੂੰ ਸਵੇਰੇ ਉਸ ਵੇਲੇ ਲੱਗਾ ਜਦ ਮ੍ਰਿਤਕ ਦੀ ਪਤਨੀ ਤੇ ਉਨ੍ਹਾਂ ਦੀ ਮਾਂ ਪਰਮਜੀਤ ਕੌਰ ਚਾਹ ਫੜਾਉਣ ਲਈ ਫਾਰਮ 'ਤੇ ਗਈ।

# ਜਲ੍ਹਿਆਂਵਾਲਾ ਬਾਗ ਦੇ ਬਦਲੇ ਜਾ ਰਹੇ ਰੂਪ ਦਾ ਵਿਰੋਧ

**ਅੰਮ੍ਰਿਤਸਰ:** ਜਲ੍ਹਿਆਂਵਾਲਾ ਬਾਗ ਦੀ ਸ਼ਤਾਬਦੀ ਮੌਕੇ ਇਸ ਦੀ ਦਿੱਖ ਨੂੰ ਸੰਵਾਰਨ ਦੇ ਨਾਮ ਉਤੇ ਇਸ ਦੇ ਬਦਲੇ ਜਾ ਰਹੇ ਰੂਪ ਉਤੇ ਬਹੁਤ ਸਾਰੇ ਦੇਸ਼ ਭਗਤ ਪਰਿਵਾਰਾਂ ਅਤੇ ਵਿਦਵਾਨਾਂ ਨੇ ਸਵਾਲ ਉਠਾਏ ਹਨ। ਖਾਸ ਤੌਰ ਉਤੇ ਬਾਗ ਵਿਚਲੇ ਖੂਹ ਦਾ ਉਪਰਲਾ ਢਾਂਚਾ ਅਤੇ ਉਸ ਦੇ ਦੁਆਲੇ ਲੱਗੀ ਤਾਰ ਨੂੰ ਹਟਾ ਦੇਣ ਅਤੇ ਉਸ ਦੇ ਬਦਲੇ ਫਾਈਬਰ ਦਾ ਸ਼ੀਸ਼ਾ ਲਗਾਉਣ ਦੇ ਫੈਸਲਾ ਦਾ ਵਿਰੋਧ ਹੋ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਤੰਗ ਬਾਜ਼ਾਰ ਦੇ ਆਲੇ-ਦੁਆਲੇ, ਜਿਨ੍ਹਾਂ ਵਿਚ ਤੰਗ ਮਾਰਕੀਟ ਵੀ ਸ਼ਾਮਲ ਹੈ ਜਿਸ ਰਾਹੀਂ ਲੰਘ ਕੇ ਜਨਰਲ ਡਾਇਰ ਬਾਗ ਅੰਦਰ ਦਾਖਲ ਹੋਇਆ ਸੀ, ਦੀ ਦਿੱਖ ਪਹਿਲਾਂ ਹੀ ਕਾਫੀ ਬਦਲੀ ਜਾ ਚੁੱਕੀ ਹੈ। ਕੇਂਦਰ ਸਰਕਾਰ ਆਰਕਾਲੋਜੀਕਲ ਸਰਵੇ ਆਫ ਇੰਡੀਆ ਰਾਹੀਂ ਬਾਗ 'ਤੇ 20 ਕਰੋੜ ਰੁਪਏ ਦਾ ਖਰਚ ਕਰ ਰਹੀ ਹੈ।

ਜਲ੍ਹਿਆਂਵਾਲਾ ਬਾਗ ਵਿਚ ਪ੍ਰਵੇਸ਼ ਕਰਨ ਲਈ ਟਿਕਟ ਵਸੂਲਣ ਦਾ ਪ੍ਰਸਤਾਵ ਵੀ ਰੱਖਿਆ ਜਾ ਰਿਹਾ ਹੈ। ਕੇਂਦਰ ਸਰਕਾਰ ਨੇ ਟਿਕਟ ਲਗਾਉਣ ਦੇ ਪ੍ਰਸਤਾਵ ਨੂੰ ਮਾਰਚ 2008 ਵਿਚ ਮਨਜ਼ੂਰੀ ਦਿੱਤੀ ਸੀ। ਉਸ ਮੌਕੇ ਕਿਹਾ ਗਿਆ ਸੀ ਕਿ ਇਸ ਦੇ ਅੰਦਰ ਲਾਈਟ ਐਂਡ ਸਾਊਂਡ ਪ੍ਰੋਗਰਾਮ ਵੀ ਚਲਾਇਆ ਜਾਵੇਗਾ ਪਰ ਇਸ ਦੇ ਖਿਲਾਫ ਇਹ ਦਲੀਲ ਸੀ ਕਿ ਇਹ ਮਿਊਜ਼ੀਅਮ ਨਹੀਂ ਬਲਕਿ ਆਜ਼ਾਦੀ ਦੇ ਸੰਘਰਸ਼ ਵਿਚ ਦਿੱਤੀਆਂ ਕੁਰਬਾਨੀਆਂ ਦਾ ਕੇਂਦਰ ਹੈ। ਦੇਸ਼-ਦੁਨੀਆਂ ਤੋਂ ਆਮ ਲੋਕ ਇਥੇ ਸ਼ਹੀਦਾਂ ਨੂੰ ਨਤਮਸਤਕ ਹੋਣ ਆਉਂਦੇ ਹਨ। ਇਸੇ ਤਰ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਸੁਰੱਖਿਆ ਬਲਾਂ ਦੀ ਟੁਕੜੀ ਵੱਲੋਂ ਸਲਾਮੀ ਦੇਣ ਦੀ ਰਵਾਇਤ ਸ਼ੁਰੂ ਕਰਨ ਬਾਰੇ ਵੀ ਕੁਝ ਸੁਝਾਅ ਦਿੱਤੇ ਜਾ ਰਹੇ ਹਨ।

ਇਤਿਹਾਸਕ ਜਲ੍ਹਿਆਂਵਾਲਾ ਬਾਗ ਵਿਚ ਕੇਂਦਰੀ ਯੋਜਨਾ ਹੇਠ ਇਸ ਦੇ ਸੁੰਦਰੀਕਰਨ ਦੇ ਹੋ ਰਹੇ ਕੰਮ ਦਾ ਵਿਰੋਧ ਕਰਦਿਆਂ ਕੁਝ ਜਥੇਬੰਦੀਆਂ ਨੇ ਆਖਿਆ ਕਿ ਇਸ ਦੀ ਪੁਰਾਤਨਤਾ ਤੇ ਇਤਿਹਾਸਕਤਾ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਭਾਜਪਾ ਆਗੂ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੇ ਇਸ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਜਲ੍ਹਿਆਂਵਾਲਾ ਬਾਗ ਦੀ ਵਿਰਾਸਤੀ ਦਿੱਖ ਨੂੰ ਖਤਮ ਹੋਣ ਤੋਂ ਬਚਾਇਆ ਜਾਵੇ। ਉਨ੍ਹਾਂ ਕਿਹਾ ਕਿ ਵਿਕਾਸ ਅਤੇ ਸੁੰਦਰੀਕਰਨ ਦੇ ਨਾਂ ਹੇਠ ਇਸ ਦੇ ਅਸਲੀ ਸਰੂਪ ਨੂੰ ਖਤਮ ਕੀਤਾ ਜਾ ਰਿਹਾ ਹੈ। ਪਹਿਲਾਂ ਹੀ ਨੇੜਲੇ ਉਨ੍ਹਾਂ ਬਾਜ਼ਾਰਾਂ ਦੀ ਭੰਨ ਤੋੜ ਕਰ ਦਿੱਤੀ ਹੈ ਜਿਸ ਰਸਤੇ ਜਨਰਲ ਡਾਇਰ ਜਲ੍ਹਿਆਂਵਾਲਾ ਬਾਗ ਵਿਚ ਆਇਆ ਸੀ ਅਤੇ ਨਿਹੱਥੇ ਲੋਕਾਂ 'ਤੇ ਗੋਲੀ ਚਲਾਈ ਸੀ। ਉਨ੍ਹਾਂ ਆਖਿਆ ਕਿ ਹੁਣ ਜਲ੍ਹਿਆਂਵਾਲਾ ਬਾਗ ਯਾਦਗਾਰ ਕਮੇਟੀ ਨੇ ਸ਼ਹੀਦੀ ਖੂਹ ਦੀ ਭੰਨ-ਤੋੜ ਕਰ ਦਿੱਤੀ ਹੈ। ਇਸ ਖੂਹ ਨੂੰ ਲੋਕ ਇਕ ਸਦੀ ਤੋਂ ਦੇਖਦੇ ਆਏ ਹਨ ਅਤੇ ਅੱਜ ਵੀ ਲੋਕ ਇਸ ਸ਼ਹੀਦੀ ਖੂਹ ਨੂੰ ਮੱਥਾ ਟੇਕਣ ਆਉਂਦੇ ਹਨ।



### ਖੂਹ ਦੇ ਪੁਰਾਤਨ ਢਾਂਚੇ ਨਾਲ ਕੋਈ ਛੇੜਛਾੜ ਨਹੀਂ ਕੀਤੀ: ਮਲਿਕ

**ਅੰਮ੍ਰਿਤਸਰ:** ਰਾਜ ਸਭਾ ਮੈਂਬਰ ਅਤੇ ਜਲ੍ਹਿਆਂਵਾਲਾ ਬਾਗ ਯਾਦਗਾਰੀ ਟਰੱਸਟ ਦੇ ਮੈਂਬਰ ਸ਼ਵੇਤ ਮਲਿਕ ਨੇ ਭਾਰਤੀ ਪੁਰਾਤੱਤਵ ਵਿਭਾਗ ਦੇ ਅਧਿਕਾਰੀਆਂ ਸਣੇ ਇਤਿਹਾਸਕ ਬਾਗ ਦਾ ਦੌਰਾ ਕੀਤਾ ਤੇ ਇਥੇ ਚੱਲ ਰਹੇ ਕੰਮਾਂ ਦਾ ਜਾਇਜ਼ਾ ਲਿਆ। ਮੀਡੀਆ ਨਾਲ ਗੱਲ ਕਰਦਿਆਂ ਸ੍ਰੀ ਮਲਿਕ ਨੇ ਕਿਹਾ ਕਿ ਇਥੇ ਸ਼ੁਰੂ ਕੀਤੇ ਮੁਰੰਮਤ ਤੇ ਵਿਕਾਸ ਦੇ ਕੰਮ ਨਿਰਧਾਰਿਤ ਸਮੇਂ ਵਿਚ ਪੂਰੇ ਕੀਤੇ ਜਾਣਗੇ। ਇਸ ਦੌਰਾਨ ਇਤਿਹਾਸਕ ਯਾਦਗਾਰ ਦੀ ਪੁਰਾਤਨਤਾ ਅਤੇ ਇਤਿਹਾਸ ਨਾਲ ਕੋਈ ਛੇੜਛਾੜ ਨਹੀਂ ਹੋਵੇਗੀ। ਸ਼ਹੀਦੀ ਖੂਹ ਦੇ ਢਾਂਚੇ ਨੂੰ ਢਾਹੁਣ ਦੇ ਹੋ ਰਹੇ ਵਿਰੋਧ ਬਾਰੇ ਉਨ੍ਹਾਂ ਆਖਿਆ ਕਿ ਇਹ ਖੂਹ ਸਦੀ ਤੋਂ ਵੀ ਵਧੇਰੇ ਪੁਰਾਣਾ ਹੈ ਅਤੇ ਇਸ ਦੇ ਪੁਰਾਤਨ ਢਾਂਚੇ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ ਹੈ। ਉਨ੍ਹਾਂ ਕਾਂਗਰਸ ਸਰਕਾਰ 'ਤੇ ਇਤਿਹਾਸਕ ਸਥਾਨਾਂ ਨੂੰ ਅਣਗੌਲਿਆ ਕਰਨ ਦੇ ਦੋਸ਼ ਲਾਏ।

### ਸੁਸ਼ਮਾ ਸਵਰਾਜ ਨੇ ਖਾਲੀ ਕੀਤਾ ਸਰਕਾਰੀ ਘਰ

**ਨਵੀਂ ਦਿੱਲੀ:** ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਨਵੀਂ ਸਰਕਾਰ ਦੇ ਸਹੁੰ ਚੁੱਕਣ ਦੇ ਇਕ ਮਹੀਨੇ ਦੇ ਅੰਦਰ-ਅੰਦਰ ਹੀ ਆਪਣੇ ਸਰਕਾਰੀ ਘਰ ਨੂੰ ਖਾਲੀ ਕਰ ਦਿੱਤਾ ਹੈ। ਸੋਸ਼ਲ ਮੀਡੀਆ 'ਤੇ ਸਰਕਾਰੀ ਬੰਗਲਾ ਖਾਲੀ ਕਰਨ ਲਈ ਸੁਸ਼ਮਾ ਸਵਰਾਜ ਦੀ ਬਹੁਤ ਸ਼ਲਾਘਾ ਕੀਤੀ ਜਾ ਰਹੀ ਹੈ। ਭਾਜਪਾ ਦੇ ਸੀਨੀਅਰ ਨੇਤਾ ਸੁਸ਼ਮਾ ਸਵਰਾਜ ਨੇ 2019 ਦੀਆਂ ਲੋਕ ਸਭਾ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਸੀ ਤੇ ਮੋਦੀ ਸਰਕਾਰ 'ਚ ਮੰਤਰੀ ਵੀ ਨਾ ਬਣਨ ਦੀ ਅਪੀਲ ਕੀਤੀ ਸੀ। ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਟਵੀਟ ਕੀਤਾ ਕਿ 'ਮੈਂ ਦਿੱਲੀ ਸਥਿਤ 8 ਸਫਦਰਜੰਗ ਲੇਨ ਦਾ ਆਪਣਾ ਸਰਕਾਰੀ ਘਰ ਖਾਲੀ ਕਰ ਦਿੱਤਾ ਹੈ। ਕ੍ਰਿਪਾ ਕਰਕੇ ਧਿਆਨ ਦਿਉ, ਮੈਂ ਹੁਣ ਪੁਰਾਣੇ ਪਤੇ ਤੇ ਫੋਨ ਨੰਬਰਾਂ 'ਤੇ ਉਪਲਬਧ ਨਹੀਂ ਰਹਾਂਗੀ।


ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ

ਮਿਸ਼ੀਗਨ ਵਿਚ ਭਾਰਤੀ ਵੈਸ਼ਨੂੰ ਕੈਰੀਆਊਟ (ਬੈਠ ਕੇ ਖਾਣ ਲਈ ਨਹੀਂ) ਲਈ ਕਰੀ ਕੁੱਕ ਜਾਂ ਤੰਦੂਰੀਏ ਦੀ ਲੋੜ ਹੈ।

ਰੈਸਟੋਰੈਂਟ ਐਤਵਾਰ ਨੂੰ ਬੰਦ ਰਹਿੰਦਾ ਹੈ, ਟਰੇਨਿੰਗ ਦਿਆਂਗੇ।

*ਕਿਚਨ ਸੋਮਵਾਰ ਤੋਂ ਸਨਿਚਰਵਾਰ ਤੱਕ ਰਾਤੀਂ 9 ਵਜੇ ਬੰਦ ਹੋ ਜਾਂਦੀ ਹੈ*

In person : Ajanta Grocers and Carryout
3227 South Blvd, Auburn Hills, MI

Call: 248-260-7425 (Bal)
519-564-2515 (Preeti)

27-



ਮੈਡੀਸਨ, ਵਿਸਕਾਨਸਿਨ ਵਿਚ

ਵੇਟਰ, ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਵੇਟਰ, ਕਿਚਨ ਹੈਲਪਰ ਅਤੇ ਤੰਦੂਰੀਏ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਿਹਾਇਸ਼ ਮੁਫਤ

ਸੰਪਰਕ ਕਰੋ, ਦਵਿੰਦਰ ਸਿੰਘ

ਫੋਨ: 262-391-7666

25-28




ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA


*Gurdip Singh Sandhu*

*Live on Jas TV*
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com



ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।

*ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ*

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

22+

# ਦੂਜੇ ਦਰਜੇ ਦੇ ਸ਼ਹਿਰੀ

**23 ਮਈ ਨੂੰ ਲੋਕ ਸਭਾ ਨਤੀਜਿਆਂ ਤੋਂ ਬਾਅਦ ਭਾਰਤ ਦੀ ਸਿਆਸਤ ਬਾਰੇ ਬੜੇ ਬਹਿਸ-ਮੁਬਾਹਿਸੇ ਚੱਲ ਰਹੇ ਹਨ। ਸਾਰੇ ਸੰਜੀਦਾ ਲੋਕ ਦੰਦਾਂ ਹੇਠ ਉਂਗਲਾਂ ਦੇਈ ਸੋਚਾਂ ਵਿਚ ਡੁੱਬੇ ਹੋਏ ਹਨ ਕਿ ਹੁਣ ਅਗਾਂਹ ਹੋਣਾ ਕੀ ਹੈ! ਪਿਛਲੇ ਪੰਜ ਸਾਲ ਲੋਕਾਂ ਨੇ ਹਿੰਦੂਤਵੀ ਤਾਕਤਾਂ ਦੀ ਬੁਰਛਾਗਰਦੀ ਦੇਖੀ ਹੈ, ਆਉਣ ਵਾਲੇ ਪੰਜ ਸਾਲ ਇਨ੍ਹਾਂ ਤੋਂ ਕਿਸ ਤਰ੍ਹਾਂ ਵੱਖਰੇ ਹੋਣਗੇ, ਸੋਚਿਆ ਹੀ ਜਾ ਸਕਦਾ ਹੈ। ਇਨ੍ਹਾਂ ਹਾਲਾਤ ਬਾਰੇ ਖਾਸ ਅੰਦਾਜ਼ ਵਿਚ ਟਿੱਪਣੀ ਸੀਨੀਅਰ ਪੱਤਰਕਾਰ ਐਸ. ਪੀ. ਸਿੰਘ ਨੇ ਇਸ ਲੇਖ ਵਿਚ ਕੀਤੀ ਹੈ। ਇਸ ਵਿਚ ਘੱਟਗਿਣਤੀਆਂ ਦਾ ਖਾਮੋਸ਼ ਹਉਕਾ ਬਹੁਤ ਉਚਾ ਸੁਣਾਈ ਦਿੰਦਾ ਹੈ। -ਸੰਪਾਦਕ**

''ਹੁਣ ਬਣਾ ਲਵੋ ਪ੍ਰੋਗਰਾਮ, ਆ ਜਾਵੋ ਇਥੇ ਹੀ। ਉਥੇ ਤਾਂ ਹੁਣ ਦੂਜੇ ਦਰਜੇ ਦੇ ਸ਼ਹਿਰੀ ਬਣ ਕੇ ਰਹਿਣਾ ਪਵੇਗਾ।'' ਉਹ ਮੇਰਾ ਯੂਨੀਵਰਸਿਟੀ ਦੇ ਦਿਨਾਂ ਦਾ ਦੋਸਤ ਹੈ। ਉਨ੍ਹੀਂ ਦਿਨੀਂ ਜਦੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਈ ਅਧਿਆਪਕ ਸਾਹਿਬਾਨ ਬਾਰੇ ਖਬਰਾਂ ਮਿਲਦੀਆਂ ਸਨ ਕਿ ਉਨ੍ਹਾਂ ਕਿਸੇ ਦੂਜੇ ਮੁਲਕ ਜਾ ਕੇ ਟੈਕਸੀਆਂ ਪਾ ਲਈਆਂ ਹਨ ਤਾਂ ਮੈਂ ਉਹਨੂੰ ਛੇੜਦਾ। ਉਹ ਯੂਨੀਵਰਸਿਟੀ ਵਿਚ ਅਧਿਆਪਕ ਲੱਗ ਗਿਆ ਸੀ, ਫਿਰ ਇਕ ਦਿਨ ਉਸ ਚਾਲੇ ਪਾ ਦਿੱਤੇ। ਵਿਦੇਸ਼ ਵਿਚ ਟੈਕਸੀ ਚਾਲਕ ਹੋ ਗਿਆ, ਫਿਰ ਟੈਕਸੀਆਂ ਦਾ ਮਾਲਕ ਵੀ ਹੋ ਗਿਆ।

ਆਪਣਾ ਘਰ, ਮੁਹੱਲਾ, ਸ਼ਹਿਰ, ਮੁਲਕ, ਮਹਾਂਦੀਪ ਛੱਡ, ਸੱਤ ਸਮੁੰਦਰ ਪਾਰ ਲੋਕਾਂ ਨੂੰ ਇਕ ਥਾਂ ਤੋਂ ਦੂਜੇ ਥਾਂ ਢੋਣਾ ਵੀ ਤਾਂ ਕੋਈ ਸਵਾਬ ਦਾ ਕੰਮ ਹੋਵੇਗਾ! ਲਿਹਾਜ਼ਾ ਕਦੀ-ਕਦੀ ਉਹ ਫੋਨ ਕਰ ਲੈਂਦਾ, ਕਦੀ-ਕਦੀ ਮੈਂ। ਇਹ 'ਕਦੀ-ਕਦੀ' ਪਹਿਲਾਂ ਮਹੀਨੇ, ਦੋ ਮਹੀਨੇ ਬਾਅਦ ਆਉਂਦਾ ਸੀ, ਫਿਰ ਸਾਲ ਛਿਮਾਹੀ ਅਤੇ ਕਦੀ ਇਹਤੋਂ ਵੀ



ਐਸ.ਪੀ. ਸਿੰਘ

ਲੰਮੇਰਾ ਪੈਂਡਾ ਘੱਟਦਾ।

ਇਸ ਸਾਲ ਜੇਠ ਮਹੀਨੇ ਦੇ ਨੌਵੇਂ ਦਿਨ ਜਦੋਂ ਅੰਦਰ ਬਾਹਰ ਸਭ ਤਪਿਆ ਪਿਆ ਸੀ ਤੇ ਲੋਕ ਸਭਾ ਚੋਣਾਂ ਦੇ ਨਤੀਜਿਆਂ ਦਾ ਪਾਰਾ 303 ਛੂਹ ਗਿਆ ਸੀ ਤਾਂ ਉਸ ਘਬਰਾ ਕੇ ਫੋਨ ਕੀਤਾ। ਹਿੰਦੁਸਤਾਨੀ ਅਖਬਾਰਾਂ ਦੇ ਛਪਣ ਤੋਂ ਪਹਿਲਾਂ ਉਹਨੂੰ ਮੇਰੇ ਡਿੱਗ ਕੇ ਦੂਜੇ ਦਰਜੇ ਦੇ ਸ਼ਹਿਰੀ ਹੋ ਜਾਣ ਦੀ ਖਬਰ ਖੌਰੇ ਕਿਸ ਪੁਚਾਈ ਸੀ। ਅੱਧੀ ਰਾਤ ਨੂੰ ਵੱਜੀ ਟੈਲੀਫੋਨ ਦੀ ਘੰਟੀ ਨਾਲ ਪਤਨੀ ਵੀ ਨੀਂਦ ਵਿਚੋਂ ਉਠ ਪਈ ਸੀ। ਮੈਂ ਫੋਨ ਰੱਖਿਆ ਤਾਂ ਪੁੱਛਣ ਲੱਗੀ, ''ਸਭ ਠੀਕ ਹੈ? ਕੀ ਕਹਿ ਰਿਹਾ ਸੀ?''

ਮੈਂ ਆਖਿਆ, ਚਿੰਤਾ ਵਿਚ ਸੀ। ਕਹਿ ਰਿਹਾ ਸੀ, ਹੁਣ ਮੈਨੂੰ ਦੂਜੇ ਦਰਜੇ ਦੇ ਨਾਗਰਿਕ ਵਾਂਗ ਰਹਿਣਾ ਪਵੇਗਾ ਇਸ ਦੇਸ਼ (ਭਾਰਤ) ਵਿਚ। ਉਸ ਹੱਸ ਕੇ ਆਖਿਆ, ''ਵੈਲਕਮ ਟੂ ਮਾਈ ਵਰਲਡ! ਤੁਹਾਨੂੰ ਸਭ ਨੂੰ ਇਹ ਅਭਿਆਸ ਵੀ ਜਿਉਣਾ ਚਾਹੀਦਾ ਹੈ।''

ਪੰਜਾਹ ਤੋਂ ਵੱਧ ਗਰਮੀਆਂ ਵੇਖੀਆਂ ਨੇ ਪਰ ਹੋਸ਼ ਸੰਭਾਲਣ ਤੋਂ ਬਾਅਦ ਇਹ ਵਰਤਾਰਾ ਪਹਿਲੀ ਵਾਰੀ ਵੇਖਿਆ ਕਿ ਇਕੋ ਸਮੇਂ, ਇਕ ਖਾਸ ਦਿਨ ਪਿਛੋਂ ਬਹੁਤ ਸਾਰੇ ਦੋਸਤ, ਸਾਥੀ, ਸਹਿਯੋਗੀ ਭਵਿਖ ਬਾਰੇ ਅਸਲੋਂ ਨਿੰਮੋਝੂਣੇ ਹੋ ਜਾਣ। ਦੂਜੇ ਦਰਜੇ ਦੇ ਸ਼ਹਿਰੀ ਹੋ ਜਾਣ ਦੀਆਂ ਕਨਸੋਆਂ ਇਕ ਦੂਜੇ ਨਾਲ ਸਾਂਝੀਆਂ ਕਰਨ। ਕੋਈ ਘੱਟਗਿਣਤੀਆਂ ਨੂੰ ਲੈ ਕੇ ਚਿੰਤਾ ਵਿਚ ਡੁੱਬਿਆ ਹੈ, ਕਿਸੇ ਨੂੰ ਹਿੰਦੂਤਵ ਦਾ ਦਾਨਵ ਸੁਪਨਿਆਂ 'ਚੋਂ ਨਿਕਲ ਵੱਟਸਐਪ 'ਤੇ ਆ ਕੇ ਡਰਾ ਰਿਹਾ ਹੈ। ਦੂਜੇ ਦਰਜੇ ਦੇ ਸ਼ਹਿਰੀ ਹੋ ਜਾਣ ਦਾ ਝੋਰਾ ਖਾ ਰਿਹਾ ਹੈ।

ਹੁਣ ਤਾਂ ਕੈਲੰਡਰ ਦਾ ਪੰਨਾ ਵੀ ਪਲਟ ਦਿੱਤਾ ਹੈ। ਬਾਹਰ ਅਤਿ ਦੀ ਤਪਸ਼ ਹੈ। ਹਾੜ੍ਹ ਆ ਵੱਜਿਆ ਹੈ। ਅਖਬਾਰਾਂ ਦੇ ਸੰਪਾਦਕੀ ਪੰਨੇ ਅਜੇ ਵੀ ਇਹ ਮੁਤਾਲਿਆ ਕਰ ਰਹੇ ਹਨ ਕਿ ਜੇਠ ਮਹੀਨੇ ਕੀ ਭਾਣਾ ਵਰਤਿਆ, ਕਿਉਂ ਵਰਤਿਆ? ਘਰ ਦੇ ਅੰਦਰ ਮੈਂ ਆਪਣੇ ਦੂਜੇ ਦਰਜੇ ਦੇ ਸ਼ਹਿਰੀ ਹੋਣ ਦੇ ਅਭਿਆਸ ਬਾਰੇ ਗੱਲ ਕਰਨ ਲਈ ਜਗ੍ਹਾ ਲੱਭ ਰਿਹਾ ਹਾਂ, ਕਿਉਂ ਜੋ ਇਕ ਨਵੀਂ ਸੁਰਖੀ ਨੇ ਪੁਰਾਣੇ ਸੱਚ ਨਾਲ ਮਿਲਾਪ ਕਰਵਾਇਆ ਹੈ, ਪਿਛਲੀ ਚੌਥਾਈ ਸਦੀ ਤੋਂ ਵੀ ਜ਼ਿਆਦਾ ਮੈਂ ਇਕ ਹੋਰ ਦੂਜੇ ਦਰਜੇ ਦੇ ਸ਼ਹਿਰੀ ਨਾਲ ਵਿਆਹ ਕਰਵਾ, ਰਹਿ ਰਿਹਾ ਹਾਂ।

ਉਹਦੀ ਕੌਮ ਚਿਰੋਕਣੀ ਦੂਜੇ ਦਰਜੇ ਦੇ ਨਾਗਰਿਕਾਂ ਦੀ ਕੌਮ ਹੈ। ਕਿੰਨੇ ਵਜੇ ਤੱਕ, ਕਿਸ ਨਾਲ, ਕਿਹੜੇ ਕੱਪੜੇ ਪਾ ਕੇ, ਕਿੰਨੀ ਉਚੀ ਸਕਰਟ ਪਾ ਕੇ ਅਤੇ ਕਿਹੋ ਜਿਹੇ ਮੇਕਅੱਪ ਨਾਲ ਇਸ ਕੌਮ ਦੀ ਕੋਈ ਮੈਂਬਰ ਕਿਥੇ, ਕਿਸ ਦੇ ਘਰ ਜਾ ਸਕਦੀ ਹੈ? ਇਹ ਅਤਿ ਸੂਖਮ ਸਵਾਲ ਉਸ ਲਈ ਪਹਿਲਾਂ ਹੀ ਹੱਲ ਕਰ ਦਿੱਤੇ ਜਾਂਦੇ ਹਨ। ਉਸ ਬੱਸ ਜਵਾਬ ਤੋਂ ਉਨੀ-ਇਕੀ ਆਸੇ-ਪਾਸੇ ਨਹੀਂ ਜਾਣਾ। ਜੇ ਇੰਨੇ ਨਾਲ ਬਚੀ ਰਹੇ ਤਾਂ ਭਾਗਾਂਭਰੀ। ਸ਼ਹਿਰਾਂ ਵਿਚ ਰਹਿੰਦੀਆਂ ਨੇ ਫੋਨ 'ਤੇ ਅਲਾਰਮ ਲਾ ਰੱਖੇ ਹਨ ਕਿ ਕਿੰਨੇ ਵਜੇ ਉਹ ਦੂਜੇ ਦਰਜੇ 'ਤੇ ਡਿੱਗਦੀਆਂ ਹਨ। ਭਰ ਗਰਮੀਆਂ ਵਿਚ ਸੱਤ ਵਜੇ, ਯਖ ਸਰਦੀਆਂ ਵਿਚ ਸ਼ਾਮ ਪੰਜ ਤੋਂ ਬਾਅਦ ਹੀ ਹਨੇਰਾ ਹੋ ਜਾਂਦਾ ਹੈ। ਫਿਰ ਮੇਰੀ ਸਹਿਕਰਮੀ ਗਵਾਂਢ ਦੇ ਬਾਜ਼ਾਰ ਵਿਚੋਂ ਬ੍ਰੈਡ-ਆਂਡੇ ਲੈਣ ਲਈ ਵੀ ਘਰੋਂ ਨਿਕਲਣੋਂ ਗੁਰੇਜ਼ ਕਰਦੀ ਹੈ। ਇਹ ਕੰਮ ਉਹਦਾ ਪਹਿਲੇ ਦਰਜੇ ਦਾ ਸ਼ਹਿਰੀ ਪਤੀ ਰਾਤੀਂ ਗਿਆਰਾਂ ਵਜੇ ਵੀ ਨਿੱਕਰ ਪਾ ਕੇ ਭੱਜ ਕੇ ਕਰ ਆਉਂਦਾ ਹੈ।

ਇਹ ਦਰਜਾਬੰਦੀ ਸੱਤ ਸਮੁੰਦਰ ਪਾਰ ਵੀ ਭੰਨੀ ਨਹੀਂ ਜਾ ਰਹੀ, ਭਾਵੇਂ ਇਹਦੀਆਂ ਅਣਥੱਕ ਥੁਲਾਟਨਾਂ ਪੈਰ ਗੱਡ ਕੇ ਜੰਗ ਕਰ ਰਹੀਆਂ ਹਨ। ਇੰਨੇ ਦਹਾਕਿਆਂ ਵਿਚ ਸੁਹਿਰਦ ਯਾਰਾਂ ਦੇ ਕਦੀ ਰਾਤ ਬੀਤੇ ਘਬਰਾਈ ਆਵਾਜ਼ 'ਚ ਟੈਲੀਫੋਨ ਨਹੀਂ ਆਏ ਕਿ ਮੇਰੇ, ਉਨ੍ਹਾਂ ਦੇ, ਸਭਨਾਂ ਦੇ ਘਰ, ਗਲੀ, ਮੁਹੱਲਿਆਂ, ਪਿੰਡਾਂ, ਸ਼ਹਿਰਾਂ, ਮੁਲਕਾਂ ਵਿਚ ਅਸੀਂ ਦੂਜੇ ਦਰਜੇ ਦੇ ਸ਼ਹਿਰੀਆਂ ਨਾਲ ਰਹਿ ਰਹੇ ਹਾਂ।

ਖੂਬਸੂਰਤ ਚੰਡੀਗੜ੍ਹ ਦੀ ਪਿੱਠ 'ਤੇ ਵਸੇ ਪੰਚਕੂਲਾ ਦੇ ਇਕ ਮੁਹੱਜ਼ਬ ਇਲਾਕੇ ਵਿਚ ਜਿਸ ਹਾਊਸਿੰਗ ਸੁਸਾਇਟੀ ਵਿਚ ਮੈਂ ਰਹਿੰਦਾ ਸਾਂ,




ਉਹਦੀ ਹਰ ਲਿਫਟ ਵਿਚ ਚਿਤਾਵਨੀ ਲਿਖੀ ਹੋਈ ਸੀ ਕਿ ਘਰਾਂ ਵਿਚ ਕੰਮ ਕਰਦੀਆਂ ਨੌਕਰਾਣੀਆਂ ਨੂੰ ਲਿਫਟ ਵਰਤਣ ਦੀ ਮਨਾਹੀ ਹੈ। ਇਤਰਾਜ਼ ਕਰਨ 'ਤੇ ਮੇਰੇ ਵਿਰੋਧ ਵਿਚ ਏਕਤਾ ਹੀ ਨਹੀਂ ਹੋਈ ਸਗੋਂ ਮੈਨੂੰ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਇਹ ਨਿਯਮ ਬਹੁਤ ਸਾਰੇ ਸ਼ਹਿਰਾਂ ਵਿਚ ਹੈ।

ਇਸ ਦੇਸ਼ ਵਿਚ ਦਲਿਤ ਭਾਈਚਾਰਾ, ਘੱਟਗਿਣਤੀਆਂ, ਔਰਤਾਂ, ਆਦਿਵਾਸੀ, ਮਜ਼ਦੂਰ, ਅੰਗਹੀਣ, ਗਰੀਬ, ਸਭ ਦਾ ਸਦੀਆਂ ਲੰਮਾ ਦੂਜੇ ਦਰਜੇ ਦੇ ਸ਼ਹਿਰੀ ਵਜੋਂ ਜਿਉਣ, ਵਿਚਰਨ, ਬਚ-ਬਚਾ ਕੇ ਵਰ੍ਹਾ-ਦਰ-ਵਰ੍ਹਾ ਲੰਘਾ ਦੇਣ ਦਾ ਅਭਿਆਸ ਹੈ। ਤੁਸੀਂ ਇਸ ਸ੍ਰੇਣੀ ਵਿਚ ਹਰ ਇਕ ਦੀ ਦੂਜੇ ਦਰਜੇ ਦੇ ਅਭਿਆਸ ਦੀ ਵਿਅਕਤੀਗਤ ਇੰਤਿਹਾ ਦਾ ਪੱਧਰ ਗੁਣਾ-ਤਕਸੀਮ-ਜਮ੍ਹਾਂ-ਘਟਾਉ ਦੇ ਫਾਰਮੂਲੇ ਨਾਲ ਕੱਢ ਸਕਦੇ ਹੋ। ਜੇ ਤੁਸੀਂ ਦਲਿਤ ਹੋ, ਔਰਤ ਵੀ ਹੋ, ਮਜ਼ਦੂਰੀ ਕਰਦੇ ਹੋ, ਅੰਗਹੀਣ ਹੋ ਅਤੇ ਸਮਲਿੰਗੀ ਹੋ ਤਾਂ ਉਦੋਂ ਤੱਕ ਗੁਣਾ ਕਰਦੇ ਜਾਣਾ, ਜਦੋਂ ਤੱਕ ਸਹਿ ਸਕੋ। ਫਿਰ ਪਿੰਡ ਦੇ ਕਿਸ ਸ਼ਮਸ਼ਾਨਘਾਟ ਵਿਚ ਸਾੜੇ ਜਾਵੋਗੇ, ਇਹ ਹਿਸਾਬ ਪਹਿਲੇ ਦਰਜੇ ਦੇ ਨਾਗਰਿਕ ਕਰ ਲੈਣਗੇ।

ਦਸਵੀਂ ਵਿਚ ਪੜ੍ਹਦਾ ਸਾਂ, ਜਦੋਂ ਮੁਲਕ ਵਿਚ ਏਸ਼ੀਆਡ ਖੇਡਾਂ ਅਤੇ ਰੰਗੀਨ ਟੈਲੀਵਿਜ਼ਨ ਇਕੱਠੇ ਆਏ। ਜਦੋਂ ਤੱਕ ਵੇਖਿਆ ਨਹੀਂ ਸੀ, ਯਕੀਨ ਨਹੀਂ ਸੀ ਆਉਂਦਾ ਕਿ ਬਲੈਕ ਐਂਡ ਵ੍ਹਾਈਟ ਟੀ. ਵੀ., ਜੋ ਅਸਲ ਵਿਚ ਮੈਨੂੰ ਸਲੇਟੀ ਤੇ ਨੀਲਾ ਜਿਹਾ ਜਾਪਦਾ ਸੀ, ਹੁਣ ਸਤਰੰਗੀ ਹੋ ਜਾਵੇਗਾ। ਨਾ ਇਸ ਗੱਲ 'ਤੇ ਯਕੀਨ ਆਉਂਦਾ ਸੀ ਕਿ ਜਿਹੜਾ ਪੰਜਾਬ ਤੋਂ ਪੱਗ ਬੰਨ੍ਹ ਕੇ, ਬੱਸ ਵਿਚ ਬੈਠ, ਹਰਿਆਣਿਓਂ ਲੰਘ ਕੇ ਦਿੱਲੀ ਦੀਆਂ ਏਸ਼ਿਆਈ ਖੇਡਾਂ ਵੇਖਣ ਜਾਵੇਗਾ, ਉਹਨੂੰ ਪਹਿਲੇ ਦਰਜੇ ਦੇ ਸ਼ਹਿਰੀ ਭਜਨ ਲਾਲ ਦੇ ਇਸ਼ਾਰੇ 'ਤੇ ਬੱਸ ਵਿਚੋਂ ਲਾਹ ਕੇ ਕੁੱਟਿਆ ਜਾਵੇਗਾ। ਇਹ 1982 ਦੀ ਗੱਲ ਹੈ।

ਦੋ ਸਾਲ ਬਾਅਦ ਸੁਪਰੀਮ ਕੋਰਟ ਦੇ ਗਵਾਂਢ ਏਸ਼ੀਆਡ ਦੀ ਯਾਦ ਨੂੰ ਹੋਰ ਠੋਸ ਰੂਪ ਦਿੰਦਾ 'ਅੱਪੂ ਘਰ' ਖੋਲ੍ਹਿਆ ਗਿਆ, ਜਿਸ ਦਾ ਉਦਘਾਟਨ 19 ਨਵੰਬਰ 1984 ਨੂੰ ਨੌਜਵਾਨ ਪ੍ਰਧਾਨ ਮੰਤਰੀ ਦੇ ਕਰ-ਕਮਲਾਂ ਨਾਲ ਹੋਇਆ। ਦੇਸ਼ ਦੇ ਸਭ ਤੋਂ ਪਹਿਲੇ ਇੰਨੇ ਵੱਡੇ ਮਨੋਰੰਜਨ ਪਾਰਕ ਖੁੱਲ੍ਹਣ ਦੀ ਇਹ ਅਤਿਅੰਤ ਖੁਸ਼ੀ ਦੀ ਖਬਰ ਤਿਰਲੋਕਪੁਰੀ ਦੀਆਂ ਗਲੀਆਂ ਵਿਚ ਕਿੰਨੇ ਚਾਅ ਨਾਲ ਪੜ੍ਹੀ ਗਈ ਹੋਵੇਗੀ, ਨਹੀਂ ਕਿਹਾ ਜਾ ਸਕਦਾ ਕਿਉਂ ਜੋ ਉਥੋਂ ਦੇ ਕੁਝ ਪਾਠਕਾਂ ਦੇ ਗਲ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਤਗਮਾ ਦੋ ਹਫਤੇ ਪਹਿਲਾਂ ਹੀ ਪਾਇਆ ਗਿਆ ਸੀ। ਕੰਡਮ ਟਾਇਰਾਂ ਤੋਂ ਬਣੇ ਇਨ੍ਹਾਂ ਤਗਮਿਆਂ 'ਚੋਂ ਲਾਟਾਂ ਨਿਕਲੀਆਂ ਸਨ।

ਜਿਨ੍ਹਾਂ ਨੂੰ ਜਾਪਦਾ ਹੈ ਕਿ ਉਹ 23 ਮਈ 2019 ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋ ਗਏ, ਉਹ ਇਤਿਹਾਸ ਵਿਚ ਵਾਪਸ ਜਾਣ, 1947 ਤੱਕ ਦੇ ਵਰਕੇ ਫਰੋਲਣ, ਜਿਥੇ ਉਨ੍ਹਾਂ ਨੂੰ ਮੇਰਾ ਭਰ-ਜਵਾਨ ਦਾਦਾ, ਭੋਲਾ ਸਿੰਘ ਮਿਲੇਗਾ। ਓਕਾੜੇ (ਪਾਕਿਸਤਾਨ) ਦੇ ਦੀਪਾਲਪੁਰ ਵਿਚਲੇ ਹੁਜਰਾ ਸ਼ਾਹ ਮੁਕੀਮ ਤੋਂ ਉਜੜਿਆ ਭੋਲਾ ਸਿੰਘ ਦਾ ਪਰਿਵਾਰ ਲੁਧਿਆਣੇ ਦੇ ਜਵਾਹਰ ਨਗਰ ਰਿਫਿਊਜੀ ਕੈਂਪ ਵਿਚ ਆ ਡਿੱਗਿਆ। ਥੱਕੇ-ਟੁੱਟੇ ਭੋਲਾ ਸਿੰਘ ਨੂੰ ਜਦੋਂ ਰਾਸ਼ਨ ਵੰਡਦਾ ਫੌਜੀ 'ਕਿੰਨੇ ਜੀਅ?' ਪੁੱਛ, ਕੁੜਤੇ ਦੀ ਝੋਲੀ ਬਣਾ, ਉਹਦੇ ਵਿਚ ਸੱਤ ਮੁੱਠ ਆਟਾ ਸੁੱਟਦਾ ਹੋਣਾ ਏ ਤਾਂ ਦਾਦਾ ਸ਼ਾਇਦ ਸੋਚਦਾ ਹੋਵੇਗਾ ਕਿ ਵਕਤ ਦੇ ਨਾਲ-ਨਾਲ ਇਹ ਦੂਜੇ ਦਰਜੇ ਵਾਲਾ ਮੁਕਾਮ ਬਦਲ ਜਾਵੇਗਾ।

ਸਕੂਲ ਵਿਚ ਮੈਂ ਸਬਕ ਨਾ ਯਾਦ ਕਰਨ ਕਰਕੇ ਮਾਰ ਘੱਟ ਹੀ ਖਾਧੀ। ਬਹੁਤੀ ਵਾਰੀ ਚਾਰ-ਪੰਜ ਜਣੇ ਇਕੱਠੇ ਹੋ ਕੇ ਮੈਨੂੰ 'ਭਾਪਾ' 'ਭਾਪਾ' ਕਹਿ ਕੇ ਕੁੱਟਦੇ। ਦੂਜੇ ਦਰਜੇ ਦੇ ਇਸ ਅਭਿਆਸ ਦਾ ਤਾਜ਼ਾ ਸਿੱਕੇਬੰਦ ਸਬੂਤ ਅਖਬਾਰਾਂ ਵਿਚ 'ਰਿਸ਼ਤੇ ਹੀ ਰਿਸ਼ਤੇ' ਕੂਕਦੇ 'ਸਿਰਲੇਖਵਾਰ' ਇਸ਼ਤਿਹਾਰਾਂ ਵਿਚੋਂ ਪੜ੍ਹ ਸਕਦੇ ਹੋ। ਇਹ ਇਸ਼ਤਿਹਾਰ ਕੱਲ੍ਹ ਵੀ ਛਪੇ ਸਨ, ਕੱਲ੍ਹ ਵੀ ਛਪਣਗੇ। ਤੁਹਾਨੂੰ ਅੱਧੀ ਰਾਤੀਂ ਘਬਰਾਏ ਮਿੱਤਰਾਂ ਕਿੰਨੇ ਕੁ ਟੈਲੀਫੋਨ ਕੀਤੇ, ਕਿੰਨੇ ਕੱਲ੍ਹ ਕਰਨਗੇ, ਮੇਰੇ ਕੋਲ ਸਾਰਾ ਰਿਕਾਰਡ ਮੌਜੂਦ ਹੈ।

ਬੰਬਈ ਵਿਚ ਬੰਬਈ ਨੂੰ ਬੰਬਈ ਕਹਿਣ ਕਰਕੇ ਜਿਨ੍ਹਾਂ ਕੁੱਟ ਖਾਧੀ, ਉਹ ਮੁੰਬਾ ਦੇਵੀ ਦੀ ਕਰੋਪੀ ਦਾ ਸ਼ਿਕਾਰ ਨਹੀਂ ਸਨ ਹੋਏ ਸਗੋਂ ਉਸ ਬਾਲ ਠਾਕਰੇ ਦੀ ਕੁਝ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾ ਦੇਣ ਵਾਲੀ ਸਿਆਸਤ ਦੀ ਬਲੀ ਚੜ੍ਹੇ ਸਨ, ਜਿਸ ਨੂੰ ਅੱਜ ਵੀ ਵੱਡੇ ਨੇਤਾ ਅਤੇ ਮੇਰੇ ਦੂਜੇ ਦਰਜੇ ਦਾ ਸ਼ਹਿਰੀ ਹੋ ਜਾਣ ਦੀ ਚਿੰਤਾ ਵਿਚ ਡੁੱਬੇ ਵੱਡੇ-ਵੱਡੇ ਪੱਤਰਕਾਰ 'ਬਾਲਾ ਸਾਹਿਬ' ਤੋਂ ਘੱਟ ਕਹਿ ਕੇ ਮੁਖਾਤਿਬ ਹੋਣ ਦਾ ਹੀਆ ਨਹੀਂ ਕਰਦੇ। ਚੀਤੇ ਦੀ ਖੱਲ 'ਤੇ ਬੈਠ ਦੂਜਿਆਂ ਦੀ ਦਰਜਾਬੰਦੀ ਦਾ ਅਧਿਕਾਰ ਚਲਾਉਣਾ ਜੰਗਲ ਦਾ ਕਾਨੂੰਨ ਹੈ, ਪਰ ਇਹਦੇ ਵਿਰੁਧ ਅੱਧੀ ਰਾਤ ਕਿਸੇ ਸਿਆਸਤ ਦੀਆਂ ਘੰਟੀਆਂ ਨਹੀਂ ਖੜਕੀਆਂ। ਪੰਜਾਬ ਦੇ ਹਨੇਰੇ ਦਿਨਾਂ ਵਿਚ ਜਿਹੜੇ ਚਾਂਗਰਾਂ ਮਾਰ ਕੇ ਇਕ ਦੇ ਹਿੱਸੇ ਪੈਂਤੀ-ਪੈਂਤੀ ਦੀਆਂ ਗੱਲਾਂ ਕਰਦੇ ਰਹੇ, ਉਨ੍ਹਾਂ ਦੇ ਇਹ ਅੱਜ ਦੀ ਦੂਜੇ ਦਰਜੇ ਦੇ ਸ਼ਹਿਰੀਆਂ ਦੀ ਦਰਜਾਬੰਦੀ ਕਰਨ ਵਾਲੇ ਮਾਮੇ-ਤਾਏ ਦੇ ਪੁੱਤ ਲੱਗਦੇ ਹਨ।

ਜਦੋਂ ਵਿਆਹ ਧਰਮਸ਼ਾਲਾ ਜਾਂ ਖੁੱਲ੍ਹੇ ਵਿਚ ਕਨਾਤ ਲਾ ਕੇ ਹੁੰਦੇ ਸਨ ਤਾਂ ਖੁਸ਼ੀ ਸਾਂਝੀ ਹੁੰਦੀ ਸੀ। ਹੁਣ ਡਰਾਈਵਰਾਂ, ਬੈਂਡ ਵਾਲਿਆਂ ਅਤੇ ਹੋਰਨਾਂ ਗਰੀਬ ਗੁਰਬਿਆਂ, ਕਿਰਤੀਆਂ ਲਈ ਲੱਗੀ ਵੱਖਰੀ ਖਾਣੇ ਦੀ ਮੇਜ਼ ਉਤੇ ਦੂਜੇ ਦਰਜੇ ਵਾਲੀ ਤਖਤੀ ਜੜਨ ਤੋਂ ਘੱਟ, ਬਾਕੀ ਕੀ ਬਚਿਆ ਹੈ? ਭਾਂਡੇ ਮਾਂਜਦੀ, ਪੋਚਾ ਲਾਉਂਦੀ, ਬਿਹਾਰ ਤੋਂ ਆਈ ਬੜੇ ਘਰਾਂ ਵਿਚ ਰਸੋਈ ਦੀ ਆਖਰੀ ਨੁੱਕਰ ਤੱਕ ਜਾ ਸਕਦੀ ਹੈ, ਪਰ ਗੁਸਲਖਾਨਾ ਨਹੀਂ ਵਰਤ ਸਕਦੀ।

ਹੁਣ ਫਿਰ ਅੱਧੀ ਰਾਤ ਨੂੰ ਟੈਲੀਫੋਨ ਖੜਕ ਰਹੇ ਹਨ। ਬੰਗਾਲ ਵਿਚ ਡਾਕਟਰਾਂ 'ਤੇ ਸੁਣਿਐ, ਕੋਈ ਜ਼ੁਲਮ ਹੋ ਗਿਆ ਹੈ। ਪੂਰੇ ਮੁਲਕ ਵਿਚ ਡਾਕਟਰ ਭੜਕ ਰਹੇ ਹਨ। ਮੇਰੇ ਦੂਜੇ ਦਰਜੇ ਦੇ ਸ਼ਹਿਰੀ ਹੋਣ ਦੇ ਤਸਦੀਕਸ਼ੁਦਾ ਪ੍ਰਮਾਣ ਪੱਤਰ ਜਾਰੀ ਹੋਣ ਤੋਂ ਇਕ ਦਿਨ ਪਹਿਲਾਂ, 22 ਮਈ ਨੂੰ ਜਦੋਂ 26 ਵਰ੍ਹਿਆਂ ਦੀ ਗਾਇਨਾਕਾਲੋਜਿਸਟ ਡਾ. ਪਾਇਲ ਤਾੜਵੀ ਨੇ ਜਾਤਪਾਤੀ ਵਿਤਕਰੇ ਤੋਂ ਤੰਗ ਆ ਕੇ ਆਤਮ ਹੱਤਿਆ ਕੀਤੀ ਸੀ ਤਾਂ ਇਹ ਸਾਰੇ ਡਾਕਟਰ ਸੜਕਾਂ 'ਤੇ ਕਿਉਂ ਨਹੀਂ ਸਨ ਨਿਕਲੇ? ਅੱਧੀ ਰਾਤ ਨੂੰ ਮੁਲਕ ਭਰ ਵਿਚ ਟੈਲੀਫੋਨ ਕਿਉਂ ਨਹੀਂ ਖੜਕੇ? ਕੀ ਇਸ ਲਈ ਕਿ ਪਾਇਲ ਤਾੜਵੀ ਤਾਂ ਪਹਿਲੋਂ ਹੀ ਦੂਜੇ ਦਰਜੇ ਦੀ ਨਾਗਰਿਕ ਸੀ?

ਹਾਲ ਹੀ ਵਿਚ ਜਦੋਂ ਅਮ੍ਰਿਤਿਆ ਸੇਨ ਦੇ ਮੁੱਖਬੰਦ ਨਾਲ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਦੀ ਕਿਤਾਬ 'ਹੀਲਰਜ਼ ਐਂਡ ਪ੍ਰੀਡੇਟਰਜ਼' ਨੇ ਦੇਸ਼ ਵਿਚ ਡਾਕਟਰਾਂ ਵਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਦੇ ਪਾਜ ਖੋਲ੍ਹੇ ਤਾਂ ਇਹਦੇ ਮੁੱਖ ਲੇਖਕ, ਪਦਮ ਸ੍ਰੀ ਡਾਕਟਰ ਸਮੀਰ ਨੰਦੀ ਨੇ ਰਾਸ਼ਟਰੀ ਟੀ.ਵੀ. ਚੈਨਲਾਂ 'ਤੇ ਕਿਹਾ ਕਿ ਭਾਵੇਂ ਕਿਤਾਬ ਵਿਚ 90 ਪ੍ਰਤੀਸ਼ਤ ਡਾਕਟਰਾਂ ਨੂੰ ਭ੍ਰਿਸ਼ਟ ਕਿਹਾ ਗਿਆ ਹੈ, ਪਰ ਇਹ ਅੰਕੜਾ 99 ਪ੍ਰਤੀਸ਼ਤ ਵੀ ਹੋ ਸਕਦਾ ਹੈ ਤਾਂ ਸਾਰੇ ਦੇਸ਼ ਵਿਚ ਡਾਕਟਰਾਂ ਨੂੰ ਸੜਕਾਂ 'ਤੇ ਆ ਜਾਣਾ ਚਾਹੀਦਾ ਸੀ। ਅੱਧੀ ਰਾਤ ਨੂੰ ਘੰਟੀਆਂ ਖੜਕਾ ਦੇਣੀਆਂ ਚਾਹੀਦੀਆਂ ਸਨ ਪਰ ਉਹ ਕਿਉਂ ਅਜਿਹਾ ਕਰਨਗੇ? ਪਹਿਲੇ ਦਰਜੇ ਵਾਲਿਆਂ ਲਈ ਪੰਜ ਸਿਤਾਰਾ ਹਸਪਤਾਲ ਜੋ ਖੁੱਲ੍ਹ ਰਹੇ ਹਨ।

ਦੂਜੇ ਦਰਜੇ ਵਾਲਿਆਂ ਦੇ ਹਸਪਤਾਲਾਂ 'ਚ ਜਿਹੜੇ ਡਾਕਟਰ ਦਿਨ-ਰਾਤ ਥੋੜ੍ਹੀ ਤਨਖਾਹ ਲੈ ਬਹੁਤੇ ਘੰਟੇ ਕੰਮ ਕਰਦੇ ਹਨ, ਬੱਸ ਉਥੇ ਹੀ ਬਚੀ ਹੋਈ ਮਨੁੱਖਤਾ ਧੜਕਦੀ ਹੈ। ਅੱਧੀ ਰਾਤੀਂ ਵੀ ਗਰੀਬ ਦੀ ਵਜਾਈ ਘੰਟੀ ਉਹੀ ਸੁਣਦੇ ਹਨ।

ਜੋ ਵੀ ਹੋਵੇ, ਹਮਦਰਦੀ ਤਾਂ ਯੂਨੀਵਰਸਿਟੀ ਵਾਲੇ ਮਿੱਤਰ ਨੇ ਜਤਾਈ ਹੀ ਸੀ ਨਾ? ਇਸ ਲਈ ਰਸਮ ਅਦਾਇਗੀ ਵਜੋਂ ਮੈਂ ਵੀ ਫੋਨ ਕਰ ਦਿੱਤਾ। ਪੁੱਛਿਆ, ''ਤੁਸੀਂ ਤਾਂ ਪਹਿਲੇ ਦਰਜੇ ਦਾ ਅਹਿਸਾਸ ਮਹਿਸੂਸਦੇ ਹੋ ਨਾ?'' ਕਹਿਣ ਲੱਗਾ, ''ਜੇ ਟਰੂਡੋ (ਕੈਨੇਡੀਅਨ ਪ੍ਰਧਾਨ ਮੰਤਰੀ) ਹਾਰ ਗਿਆ, ਫਿਰ ਸ਼ਾਇਦ ਟਰੰਪ ਦੇ ਮੁਲਕ ਵਗ ਚੱਲੀਏ। ਵੈਨਕੂਵਰ ਤੋਂ ਸਿਆਟਲ ਢਾਈ ਘੰਟੇ ਹੀ ਹੈ। ਜੇ ਦੂਜੇ ਦਰਜੇ ਦੇ ਸ਼ਹਿਰੀ ਹੀ ਰਹਿਣਾ ਹੈ ਤਾਂ ਚਾਰ ਪੈਸੇ ਤਾਂ ਵਧੇਰੇ ਕਮਾਵਾਂਗੇ।'' ਦੂਜੇ ਦਰਜੇ ਦੇ ਨਾਗਰਿਕ ਦੀ ਚਿੰਤਾ ਕਰਨ ਵਾਲਿਆਂ ਦੀ ਕਮਾਲ ਵੇਖੋ, ਰਾਜਨੀਤੀ ਆਊਟ-ਸੋਰਸ ਕੀਤੀ ਹੋਈ ਹੈ, ਵੈਨਕੂਵਰ ਤੋਂ ਸਿਆਟਲ ਪਰਵਾਸ ਨਾਲ ਦੂਜੇ ਦਰਜੇ ਦੀ ਵੀ ਸ਼ੌਪਿੰਗ ਕਰਦੇ ਹਨ।

ਜੇ 23 ਮਈ ਦੀ ਅੰਦਰ ਤੱਕ ਪੁੱਜੀ ਤਪਸ਼ ਤੋਂ ਕੁਝ ਸਿੱਖਣਾ ਹੈ ਤਾਂ ਇੰਨਾ ਕਿ ਰਾਜਨੀਤੀ ਨੇਤਾਵਾਂ ਨੂੰ ਆਊਟ-ਸੋਰਸ ਨਹੀਂ ਕੀਤੀ ਜਾ ਸਕਦੀ। ਅੰਦਰ ਝਾਤ ਮਾਰ ਸਫਾਈ ਜ਼ਰੂਰੀ ਹੈ। ਦੂਜੇ, ਤੀਜੇ, ਦਸਵੇਂ ਦਰਜੇ ਤੱਕ ਬਥੇਰੀ ਖਲਕਤ ਪਹਿਲੋਂ ਵੀ ਧੱਕੀ ਜਾਂਦੀ ਰਹੀ ਹੈ। ਅੱਧੀ ਰਾਤ ਨੂੰ ਟੈਲੀਫੋਨ ਦੀਆਂ ਘੰਟੀਆਂ ਵਜਾਉਣੋਂ ਪਹਿਲੋਂ ਵੀ ਬੜੀ ਵਾਰ ਉਕੇ ਹਾਂ। ਦਰਜਾ ਪਹਿਲਾਂ ਵੀ ਪਹਿਲਾ ਨਹੀਂ ਸੀ, ਦੂਜਾ ਵੀ 23 ਮਈ ਨੂੰ ਨਹੀਂ ਹੋਇਆ। ਕੁਝ ਅੰਦਰ ਜਾਗਿਆ, ਕੁਝ ਧੁਰ ਅੰਦਰ ਮੋਇਆ।

# ਦੱਖਣ ਭਾਰਤੀ ਸਥਿਤੀ

ਕੁਝ ਜਾਹਲ ਕੱਟੜਪੰਥੀਆਂ ਨੂੰ ਅਖੰਡ ਭਾਰਤ ਦੀ ਕਲਪਨਾ ਅਤੇ ਉਤਰੀ ਭਾਰਤ ਦੀਆਂ ਹਿੰਦੂ ਮਾਨਤਾਵਾਂ ਵਿਰੁਧ ਮਲਿਆਲੀਆਂ ਨੂੰ ਆਪਣਾ ਨਿਸ਼ਾਨਾ ਬਣਾਉਣ ਤੋਂ ਪਹਿਲਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਕੇਰਲਾ ਦੇ ਹਿੰਦੂ ਹਾਂ ਤੇ ਗਾਂਵਾਂ ਦੀ ਪੂਜਾ ਮਾਂਵਾਂ ਵਾਂਗ ਬਿਲਕੁਲ ਨਹੀਂ ਕਰਦੇ। ਸਾਡੇ ਤਾਂ ਸ਼ਿਵ ਮੰਦਿਰਾਂ 'ਚ ਤੁਹਾਨੂੰ ਬਲਦ ਲੱਭਣਗੇ, ਉਹ ਸਾਡਾ ਹੀਰੋ (ਸਿਤਾਰਾ)

**ਰਾਮਾਚੰਦਰਾ ਅਲੂਰੀ***
**ਅਨੁਵਾਦ: ਸੁਖਦੇਵ ਸਿੱਧੂ**

ਹੈ। ਸਾਡੇ ਲਈ ਸਬਰੀਮਾਲਾ ਅਤੇ ਗੁਰੂਵੇਯੂਰ ਦਾ ਮਤਲਬ ਹਰਿਦੁਆਰ ਜਾਂ ਅਯੁੱਧਿਆ ਤੋਂ ਕਿਤੇ ਵੱਧ ਹੈ। ਸਾਡੇ ਮੁੱਖ ਤਿਉਹਾਰ ਓਨਮ ਅਤੇ ਵਿਸ਼ੂ ਹੁੰਦੇ ਹਨ, ਦੀਵਾਲੀ ਜਾਂ ਨਵਰਾਤਰੀ ਨਹੀਂ ਹੁੰਦੇ। ਅਸੀਂ ਹੋਲੀ, ਭਾਈ ਦੂਜ, ਕਾਰਵਾਚੌਥ ਜਾਂ ਰਾਖੀ ਨਹੀਂ ਮਨਾਉਂਦੇ। ਕ੍ਰਿਸਮਸ ਅਤੇ ਈਦ ਸਾਡੀ ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ ਹਨ। ਕੁਝ ਪੱਕੇ ਧਾਰਮਿਕ ਮਲਿਆਲੀ ਲੋਕ ਸ਼ਾਕਾਹਾਰੀ ਵੀ ਹਨ ਅਤੇ ਕੁਝ ਹੋਰ ਆਪਣੀ ਮਰਜ਼ੀ ਨਾਲ ਮੀਟ ਨਹੀਂ ਛੱਕਦੇ, ਪਰ ਸਾਡੇ ਵਿਚੋਂ ਜ਼ਿਆਦਾਤਰ ਬੀਫ, ਚਿਕਨ, ਮਟਨ, ਬਤਖ ਅਤੇ ਹੋਰ ਸਾਰੇ ਮੀਟ ਚਾਹ ਕੇ ਛਕਦੇ ਹਨ। ਮੱਛੀ ਕੇਰਲੀ ਪਕਵਾਨਾਂ ਦਾ ਲਾਜ਼ਮੀ ਹਿੱਸਾ ਹੈ, ਕਿਉਂਕਿ ਕੁਝ ਉਤਰ ਭਾਰਤੀ ਲੋਕ ਗਊ ਦੀ ਪੂਜਾ ਕਰਦੇ ਹਨ, ਸਾਡੇ ਤੋਂ ਉਮੀਦ ਨਾ ਕਰੋ ਕਿ ਅਸੀਂ ਗਊ ਮਾਸ ਨੂੰ ਛੱਡ ਦੇਈਏ। ਮੱਝ ਦੇ ਮੀਟ 'ਤੇ ਭਾਰਤ ਵਿਚ ਕਿਤੇ ਵੀ ਪਾਬੰਦੀ ਨਹੀਂ ਹੈ।

ਦਿੱਲੀ ਦੇ ਮਿੱਥੇ ਪਲੈਨ ਅਨੁਸਾਰ ਕੁਝ ਹਿੰਦੂ ਸੈਨਿਕਾਂ ਨੇ ਕੇਰਲ ਦੇ ਪ੍ਰਤੀਕਰਮ ਨੂੰ ਠੇਸ ਪਹੁੰਚਾਉਣ ਲਈ ਕਾਰਵਾਈ ਕੀਤੀ ਹੈ। ਮਲਿਆਲਮ ਸਾਡੀ ਮਾਤ ਭਾਸ਼ਾ ਹੈ ਅਤੇ ਅਸੀਂ ਮਲਿਆਲੀ ਹਾਂ। ਹਿੰਦੀ ਅਤੇ ਹਿੰਦੂਤਵ ਸਾਡੇ ਲਈ ਕੁਝ ਵੀ ਨਹੀਂ ਹੈ। ਇਸਲਾਮ ਅਤੇ ਈਸਾਈ ਧਰਮ ਸ਼ਾਂਤੀਪੂਰਨ ਢੰਗ ਨਾਲ ਇੱਥੇ ਵਧੇ ਫੁਲੇ ਹਨ। ਜੋ ਲੋਕ ਧਰਮ ਵਿਚ ਯਕੀਨ ਕਰਦੇ ਹਨ, ਉਹ ਸਾਡੇ ਬਹੁ-ਸਭਿਆਚਾਰਕ ਸਮਾਜ ਦਾ ਹਿੱਸਾ ਹਨ। ਕੇਰਲਾ ਵਿਚ ਤੁਸੀਂ ਚਰਚਾਂ, ਮੰਦਿਰਾਂ ਅਤੇ ਮਸਜਿਦਾਂ ਨੂੰ ਇਕ-ਦੂਜੇ ਦੇ ਕੋਲ ਕੋਲ ਹੀ ਦੇਖੋਗੇ ਅਤੇ ਉਨ੍ਹਾਂ ਵਿਚੋਂ ਕਈ ਤਾਂ ਹਜ਼ਾਰਾਂ ਸਾਲ ਪੁਰਾਣੇ ਵੀ ਹਨ। ਆਪਣੇ ਆਪ ਨੂੰ ਮੁਗਲਾਂ ਜਾਂ ਉਤਰੀ ਭਾਰਤ ਤੇ ਦੂਜੇ ਹਮਲਿਆਂ ਦੇ ਰੋਣ ਧੋਣ ਦੀਆਂ ਕਹਾਣੀਆਂ ਨੂੰ ਆਪਣੇ ਕੋਲ ਰੱਖੋ, ਪਰ ਇਹ ਯਾਦ ਰੱਖੋ ਭਾਰਤ ਵਿਚ ਸਭ ਤੋਂ ਪੁਰਾਣੀ ਮਸਜਿਦ 629 ਈਸਵੀ ਵਿਚ ਕੋਡੂੰਗਲੂਰ (ਕੇਰਲਾ) 'ਚ ਬਣੀ ਸੀ।


ਦੋ ਹਜ਼ਾਰ ਸਾਲ (ਅਰਥਾਤ ਬੀ.ਸੀ. ਦੇ ਵੇਲੇ) ਪੁਰਾਣੇ ਯਹੂਦੀਆਂ, ਅਰਬੀਆਂ, ਚੀਨੀਆਂ ਅਤੇ ਕਈ ਦੱਖਣ-ਪੂਰਬੀ ਏਸ਼ੀਆਈ ਰਾਜਾਂ ਨਾਲ ਸਾਡੇ ਪੁਖਤਾ ਵਪਾਰਕ ਸਬੰਧ ਵੀ ਸਨ। ਡੱਚਾਂ (ਨੈਦਰਲੈਂਡਜ਼) ਨੂੰ ਵੀ ਅਸੀਂ ਹੀ ਕੋਲਾਚਲ 'ਚ ਹਰਾਇਆ ਸੀ। ਤ੍ਰਾਵਨਕੋਰ ਅਤੇ ਕੋਚੀ ਅੰਗਰੇਜ਼ੀ ਰਿਆਸਤ ਦਾ ਹਿੱਸਾ ਨਹੀਂ ਸਨ, ਸਗੋਂ ਸੁਤੰਤਰ ਰਿਆਸਤਾਂ ਸਨ। ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਤ੍ਰਾਵਿਨਕੋਰ ਦੇ ਇੱਥੇ ਤ੍ਰਿਵੇਂਦਰਮ ਵਿਚ ਇਥੋਂ ਦੀ ਚੁਣੀ ਹੋਈ ਲੋਕ ਸਭਾ ਸੀ। ਆਰ. ਐਸ. ਐਸ. ਅਤੇ ਹੋਰ ਵਿਰੋਧੀ ਤਾਕਤਾਂ ਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਅਸੀਂ ਤੁਹਾਡੇ ਹਿੰਦੂਤਵੀ ਏਜੰਡੇ ਅੱਗੇ ਨਹੀਂ ਝੁਕਾਂਗੇ। ਅਸੀਂ ਭਾਰਤੀ ਸੰਘ 'ਚ ਸ਼ਾਮਿਲ ਹੋ ਗਏ ਹਾਂ, ਜੋ ਸੈਕੂਲਰ ਫੈਡਰਲ ਰਿਪਬਲਿਕ ਹੈ, ਪਰ ਕਦੇ ਵੀ ਕਿਸੇ ਵੀ ਹਿੰਦੂ ਰਾਜ ਦਾ ਹਿੱਸਾ ਨਹੀਂ ਬਣਾਂਗੇ।

---

*ਨੋਟ: ਰਾਮਾਚੰਦਰਾ ਅਲੂਰੀ ਵੱਡੀ ਗਿਣਤੀ 'ਚ ਛਪਦੇ 'ਮਾਤਰਭੂਮੀ ਡੇਲੀ' ਦੇ ਐਸੋਸੀਏਟ ਐਡੀਟਰ ਹਨ ਅਤੇ ਮਲਿਆਲੀ ਭਾਸ਼ਾ ਦੀ ਮਹਾਨ ਸਾਹਿਤਕ ਹਸਤੀ ਤੇ ਸ਼ਰਧਾਵਾਨ ਮਲਾਵੀ ਹਿੰਦੂ ਹਨ।*

# ਭਗਵੇਂ ਰੰਗ 'ਚ ਬਦਲਦੀਆਂ ਸੁਰਾਂ ਵਾਲਾ ਮਾਹੌਲ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਸਮੁੱਚੀ ਫਿਜ਼ਾ ਬਦਲ ਰਹੀ ਜਾਪਣ ਲੱਗ ਪਈ ਹੈ। ਇਸ ਵਿਚ ਪੰਜਾਬ ਵੀ ਬਦਲਦਾ ਨਜ਼ਰ ਆ ਜਾਂਦਾ ਹੈ ਤੇ ਇਸ ਵਿਚ ਵੱਸਦੇ ਅਤੇ ਅਸਲ ਵਿਚ ਇਸ ਵਿਚ ਜੜ੍ਹਾਂ ਰੱਖਣ ਵਾਲੇ ਸਿੱਖ ਭਾਈਚਾਰੇ ਵਿਚ ਵੀ ਅਸਲੋਂ ਨਵਾਂ ਮੋੜਾ ਆ ਰਿਹਾ ਜਾਪਦਾ ਹੈ। ਅਸੀਂ ਉਸ ਦੌਰ ਵਿਚ ਬਚਪਨ ਹੰਢਾਇਆ ਸੀ, ਜਿਸ ਵਿਚ ਇੱਕ ਪਾਸੇ ਅਕਾਲੀ ਆਗੂਆਂ ਦੇ ਇਹ ਭਾਸ਼ਣ ਸੁਣਨ ਨੂੰ ਮਿਲਦੇ ਸਨ ਕਿ ਸਿੱਖ ਧਰਮ ਨੂੰ ਮੁਗਲਾਂ ਤੋਂ ਤਾਂ ਬਚਾ ਲਿਆ ਸੀ, ਅੱਜ ਹਿੰਦੂ ਧਰਮ ਤੋਂ ਬਚਾਉਣ ਲਈ ਕੁਰਬਾਨੀਆਂ ਦੀ ਲੋੜ ਹੈ। ਦੂਜੇ ਪਾਸੇ ਹਿੰਦੂ ਭਾਈਚਾਰੇ ਦੀ ਪ੍ਰਤੀਨਿਧਤਾ ਕਰਦੇ ਜਨ ਸੰਘ ਦੇ ਆਗੂ ਇਨ੍ਹਾਂ ਨੂੰ ਚਿੜਾਉਣ ਲਈ ਜਵਾਬੀ ਨਾਅਰਾ 'ਕੱਛ ਕੜਾ ਕ੍ਰਿਪਾਨ, ਧੱਕ ਦਿਆਂਗੇ ਪਾਕਿਸਤਾਨ' ਵਾਲਾ ਲਾਇਆ ਕਰਦੇ ਸਨ। ਉਦੋਂ ਦਾ ਜਨ ਸੰਘ ਹੀ ਪਿੱਛੋਂ ਭਾਰਤੀ ਜਨਤਾ ਪਾਰਟੀ ਬਣਿਆ ਸੀ ਤੇ ਅੱਜ ਭਾਰਤ ਦੀ ਕਮਾਨ ਉਸ ਦੇ ਕੋਲ ਹੈ। ਜਿਸ ਅਕਾਲੀ ਦਲ ਦੇ ਆਗੂ ਕਦੀ ਜਨ ਸੰਘ ਨਾਲ ਮੋਰਚੇਬਾਜ਼ੀ ਦਾ ਮੁਕਾਬਲਾ ਕਰਦੇ ਸਨ, ਇੱਕ ਪਾਸੇ ਮਾਸਟਰ ਤਾਰਾ ਸਿੰਘ ਤੇ ਸੰਤ ਫਤਿਹ ਸਿੰਘ ਦਾ ਮਰਨ ਵਰਤ ਰਖਵਾਇਆ ਜਾਂਦਾ ਅਤੇ ਦੂਜੇ ਪਾਸੇ ਜਨ ਸੰਘ ਵੱਲੋਂ ਯੱਗ ਦੱਤ ਮਰਨ ਵਰਤ ਰੱਖ ਦਿੰਦਾ ਸੀ, ਆਪਸ ਵਿਚ ਭਿੜਨਾ ਛੱਡ ਕੇ ਖੰਡ-ਖੀਰ ਬਣੇ ਹੋਏ ਨਜ਼ਰ ਆਉਂਦੇ ਹਨ। ਇਸ ਦਾ ਮੁੱਢ ਪੰਜਾਬ ਵਿਚ ਪਹਿਲੀ ਗੈਰ ਕਾਂਗਰਸੀ ਸਰਕਾਰ ਵੇਲੇ ਹੀ ਬੱਝ ਗਿਆ ਸੀ, ਜਿਸ ਦਾ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਸੀ ਤੇ ਮੰਤਰੀਆਂ ਵਿਚ ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਲ ਸੀ। ਉਹ ਸਾਂਝ ਦੋ ਵਾਰੀ ਟੁੱਟੀ। ਇੱਕ ਵਾਰੀ ਇਸ ਲਈ ਟੁੱਟੀ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਯੂਨੀਵਰਸਿਟੀ ਬਣਾਉਣ ਦਾ ਜਨ ਸੰਘ ਵਾਲਿਆਂ ਨੇ ਵਿਰੋਧ ਕੀਤਾ ਸੀ, ਦੂਜੀ ਵਾਰੀ ਆਰ. ਐਸ. ਐਸ. ਨਾਲ ਸਾਂਝ ਦੇ ਸਵਾਲ 'ਤੇ ਟੁੱਟੀ ਸੀ, ਉਸ ਬਾਰੇ ਅੱਜ ਇਹ ਕਿਹਾ ਜਾ ਰਿਹਾ ਹੈ ਕਿ ਜਦ ਤੱਕ ਬਾਦਲ ਪਰਿਵਾਰ ਦਾ ਕੋਈ ਇੱਕ ਵੀ ਜੀਅ ਰਾਜਨੀਤੀ ਵਿਚ ਹੈ, ਇਹ ਸਾਂਝ ਕਦੇ ਨਹੀਂ ਟੁੱਟ ਸਕਦੀ। ਏਦਾਂ ਪ੍ਰਭਾਵ ਬਣਦਾ ਪਿਆ ਹੈ, ਜਿਵੇਂ ਸਾਂਝ ਅਕਾਲੀ ਦਲ ਅਤੇ ਭਾਜਪਾ ਦੀ ਨਹੀਂ, ਸੰਘ ਪਰਿਵਾਰ ਅਤੇ ਬਾਦਲ ਪਰਿਵਾਰ ਦੀ ਰਿਸ਼ਤੇਦਾਰੀ ਬਣ ਚੁਕੀ ਹੈ।

ਉਪਰਲਾ ਪ੍ਰਭਾਵ ਇਹੋ ਹੈ ਅਤੇ ਇੱਕ ਹੱਦ ਤੱਕ ਇਹ ਠੀਕ ਵੀ ਹੈ, ਪਰ ਇੱਕ ਹੱਦ ਤੱਕ ਇਸ ਨੂੰ ਵਰਤਣ ਪਿੱਛੋਂ ਭਾਜਪਾ ਆਗੂ ਇਸ ਹੱਦ ਤੱਕ ਸੀਮਤ ਰਹਿਣ ਦੀ ਥਾਂ ਇਸ ਤੋਂ ਅਗਲੀ ਉਡਾਰੀ ਲਈ ਤਿਆਰ ਜਾਪਦੇ ਹਨ। ਕੁਝ ਕੁ ਦਿਨ ਪਹਿਲਾਂ ਜਦੋਂ ਲੋਕ ਸਭਾ ਚੋਣਾਂ ਵਿਚ ਪੰਜਾਬ ਵਿਚੋਂ ਦੋ ਸੀਟਾਂ ਭਾਜਪਾ ਨੇ ਜਿੱਤ ਲਈਆਂ ਤੇ ਅਕਾਲੀ ਵੀ ਮਸਾਂ ਦੋ ਹੀ ਜਿੱਤ ਸਕੇ ਤੇ ਉਹ ਵੀ ਮੀਆਂ-ਬੀਵੀ ਵਾਲੀਆਂ, ਤਾਂ ਭਾਜਪਾ ਆਗੂਆਂ ਨੇ ਇਹ ਸੁਰ ਚੁੱਕ ਲਈ ਸੀ ਕਿ ਅਗਲੀ ਵਾਰੀ ਵਿਧਾਨ ਸਭਾ ਚੋਣਾਂ ਵੇਲੇ ਅਸੀਂ ਅੱਜ ਤੱਕ ਦੇ ਕੋਟੇ ਵਾਲੀਆਂ ਤੇਈ ਸੀਟਾਂ ਤੱਕ ਨਹੀਂ ਰੁਕਣਾ। ਉਹ ਦੋ-ਦੋ ਲੋਕ ਸਭਾ ਸੀਟਾਂ ਵਾਲੀ ਨਵੀਂ ਸਥਿਤੀ ਵਿਚ ਵਿਧਾਨ ਸਭਾ ਦੀਆਂ ਅੱਧੋ-ਅੱਧ ਸੀਟਾਂ ਮੰਗ ਕੇ ਘੱਟੋ-ਘੱਟ ਤੀਜਾ ਹਿੱਸਾ ਬਣਦੇ ਪੈਂਤੀ ਤੋਂ ਵੱਧ ਹਲਕਿਆਂ ਵੱਲ ਝਾਕਦੇ ਸੁਣੇ ਜਾਣ ਲੱਗ ਪਏ ਸਨ। ਅਕਾਲੀ ਦਲ ਬਾਹਰੋਂ ਇਸ ਤੋਂ ਬੇਫਿਕਰ ਰਿਹਾ, ਪਰ ਅੰਦਰੋਂ ਉਸ ਦੀ ਲੀਡਰਸ਼ਿਪ ਚਿੰਤਾ ਵਿਚ ਹੈ ਤੇ ਚਿੰਤਾ ਇਨ੍ਹਾਂ ਬਿਆਨਾਂ ਦੀ ਨਹੀਂ, ਕੁਝ ਹੋਰ ਗੱਲਾਂ ਨਾਲ ਹੈ।

ਦਿੱਲੀ ਦੀ ਸਿੱਖ ਰਾਜਨੀਤੀ ਇਸ ਦੇਸ਼ ਦੀ ਆਜ਼ਾਦੀ ਦੇ ਤੀਹ ਸਾਲ ਤੋਂ ਵੱਧ ਸਮੇਂ ਤੱਕ ਉਸ ਆਦਮੀ ਨੂੰ ਆਪਣਾ ਆਗੂ ਮੰਨਦੀ ਰਹੀ ਹੈ, ਜੋ ਕੇਂਦਰ ਦੇ ਹਾਕਮਾਂ ਨਾਲ ਮਿਲ ਕੇ ਚੱਲਦਾ ਰਿਹਾ ਹੈ। ਜਥੇਦਾਰ ਸੰਤੋਖ ਸਿੰਘ ਅਤੇ ਰਛਪਾਲ ਸਿੰਘ ਇਸੇ ਧਾਰਨਾ ਦੇ ਪ੍ਰਤੀਕ ਆਗੂ ਹੋਇਆ ਕਰਦੇ ਸਨ। ਫਿਰ ਇੱਕ ਸਮਾਂ ਏਦਾਂ ਦਾ ਆਇਆ ਕਿ ਦਿੱਲੀ ਦੇ ਸਿੱਖਾਂ ਦੀ ਪ੍ਰਤੀਨਿਧਤਾ ਕਰਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਾਦਲ ਅਕਾਲੀ ਦਲ ਦਾ ਦਬਦਬਾ ਬਣ ਗਿਆ, ਪਰ ਇਸ ਬਾਰੇ ਇਸ ਅਕਾਲੀ ਦਲ ਦਾ ਇਹ ਸੋਚਣਾ ਠੀਕ ਨਹੀਂ ਸੀ ਕਿ ਪੱਕੀ ਧਿਰ ਲੱਭ ਪਈ ਹੈ। ਅਕਾਲੀਆਂ ਦੀ ਉਹ ਧਿਰ ਇਸ ਵੇਲੇ ਖਿਸਕਦੀ ਦਿੱਸ ਰਹੀ ਹੈ। ਸਿਰਫ ਉਸੇ ਧਿਰ ਬਾਰੇ ਗੱਲ ਕੀ ਕਰਨੀ, ਬੜਾ ਕੁਝ ਖਿਸਕ ਰਿਹਾ ਹੈ। ਇਸ ਵਿਚ ਹੋਰ ਕਿੰਨਾ ਕੁਝ ਖਿਸਕ ਰਿਹਾ ਹੈ, ਉਸ ਦੀ ਕਹਾਣੀ ਸਿਰਫ ਸਿੱਖਾਂ ਜਾਂ ਅਕਾਲੀ ਆਗੂਆਂ ਤੇ ਉਨ੍ਹਾਂ ਦੇ ਖਾਸ ਪਿਛਲੱਗਾਂ, ਜਾਂ ਪਿਛਲੱਗ ਹੋਣ ਦਾ ਭਰਮ ਪਾਉਣ ਵਾਲੇ ਲੋਕਾਂ ਤੱਕ ਨਹੀਂ ਰਹਿੰਦੀ, ਪੂਰੇ ਭਾਰਤ ਦੀ ਰਾਜਨੀਤੀ ਨੂੰ ਸਮਝਣ ਦੀ ਲੋੜ ਹੈ।

ਜਿਵੇਂ ਕਿਸੇ ਸਮੇਂ ਦਿੱਲੀ ਦੇ ਸਿੱਖ ਆਗੂ ਹੀ ਨਹੀਂ, ਭਾਰਤ ਦੇ ਬਹੁਤੇ ਰਾਜਾਂ ਦੇ ਵੱਖ-ਵੱਖ ਸੋਚਾਂ ਵਾਲੇ ਰਾਜਨੀਤਕ ਪਿੜ ਦੇ ਘੁਲਾਟੀਏ ਵੀ ਦਿੱਲੀ ਦਰਬਾਰ ਅਤੇ ਨਹਿਰੂ ਪਰਿਵਾਰ ਨੂੰ ਸਜਦੇ ਕਰਨ ਲਈ ਝੁਕੇ ਨਜ਼ਰ ਆਉਂਦੇ ਸਨ, ਏਦਾਂ ਦਾ ਮਾਹੌਲ ਇਸ ਵਕਤ ਭਾਜਪਾ ਦੇ ਪੱਖ ਵਿਚ ਬਣਦਾ ਜਾਂਦਾ ਹੈ। ਪਹਿਲ ਹਰਿਆਣਾ ਅਤੇ ਉਤਰ ਪ੍ਰਦੇਸ਼ ਤੋਂ ਹੋਈ ਮੰਨ ਸਕਦੇ ਹਾਂ, ਜਿੱਥੋਂ ਹਾਰ ਰਾਓ ਬਰਿੰਦਰ ਸਿੰਘ ਖੁਦ ਭਾਜਪਾ ਵਿਚ ਚਲਾ ਗਿਆ ਅਤੇ ਐਚ. ਐਨ. ਬਹੁਗੁਣਾ ਦਾ ਪੁੱਤਰ-ਧੀ ਪਾਸਾ ਬਦਲ ਕੇ ਭਾਜਪਾ ਵਿਚ ਜਾ ਵੜੇ ਸਨ। ਜਿਨ੍ਹਾਂ ਸਾਰੀ ਉਮਰ ਧਰਮ ਨਿਰਪੱਖਤਾ ਦਾ ਚੋਲਾ ਪਾ ਰੱਖਿਆ ਸੀ, ਉਸ ਟੱਬਰ ਦੀ ਰੀਟਾ ਬਹੁਗੁਣਾ ਜੋਸ਼ੀ ਉਤਰ ਪ੍ਰਦੇਸ਼ ਵਿਚ ਭਾਜਪਾ ਦੀ ਮੰਤਰੀ ਜਾ ਬਣੀ। ਐਮ. ਜੇ. ਅਕਬਰ ਵਰਗਾ ਲੇਖਕ ਜਿਵੇਂ ਸਿਰਫ ਇੱਕ ਵਜ਼ੀਰੀ ਖਾਤਰ ਸੋਚ-ਧਾਰਾ ਦੀ ਲਛਮਣ ਰੇਖਾ ਟੱਪ ਕੇ ਭਾਜਪਾ ਵਿਚ ਪਹੁੰਚ ਗਿਆ, ਉਸ ਨੇ ਕਈ ਲੋਕਾਂ ਨੂੰ ਆਪਣੇ ਹੱਥਾਂ ਦੀਆਂ ਉਂਗਲਾਂ ਟੁੱਕਣ ਲਾ ਦਿੱਤਾ ਸੀ। ਉਹ ਮੁਢਲੇ ਪ੍ਰਗਟਾਵੇ ਸਨ।

ਜਦੋਂ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਇਸ ਦੇਸ਼ ਦੇ ਲੋਕਾਂ ਤੋਂ ਲਗਾਤਾਰ ਨਾ ਸਿਰਫ ਦੂਜੀ ਵਾਰ, ਸਗੋਂ ਪਹਿਲਾਂ ਤੋਂ ਵੀ ਵੱਡਾ ਲੋਕ ਫਤਵਾ ਹਾਸਲ ਕਰ ਗਈ ਤਾਂ ਉਸ ਪਾਸੇ ਵੱਲ ਜਾਣ ਵਾਲੇ ਲੋਕਾਂ ਦੀ ਲੰਮੀ ਲਾਈਨ ਲੱਗ ਗਈ ਹੈ। ਤੇਲਗੂ ਦੇਸਮ ਦੇ ਦੋ ਤਿਹਾਈ ਰਾਜ ਸਭਾ ਮੈਂਬਰ ਭਾਜਪਾ ਵੱਲ ਚਲੇ ਗਏ ਅਤੇ ਭਾਜਪਾ ਨਾਲ ਸਭ ਤੋਂ ਤਿੱਖੀ ਲੜਾਈ ਲੜਨ ਵਾਲੀ ਤ੍ਰਿਣਮੂਲ ਕਾਂਗਰਸ ਦੇ ਕਈ ਵਿਧਾਇਕ ਉਸ ਦਾ ਸਾਥ ਛੱਡ ਕੇ ਭਾਜਪਾ ਵੱਲ ਤੁਰੇ ਜਾਂਦੇ ਹਨ। ਪਿਛਲੇ ਦਿਨੀਂ ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਪੰਜਾਬ ਆਏ ਇੱਕ ਪ੍ਰਮੁੱਖ ਬੁੱਧੀਜੀਵੀ ਨੇ ਇਹ ਕਹਿ ਕੇ ਹੈਰਾਨ ਕਰ ਦਿੱਤਾ ਕਿ ਸਾਲਾਂ ਬੱਧੀ ਖੱਬੀ ਧਿਰ ਦਾ ਮਜ਼ਬੂਤ ਆਧਾਰ ਬਣੇ ਦਿਖਾਈ ਦੇਣ ਵਾਲੇ ਕਈ ਲੋਕ ਅੱਜ 'ਪਹਿਲੇ ਰਾਮ, ਫਿਰ ਵਾਮ', ਭਾਵ ਕਿ ਪਹਿਲਾਂ ਧਰਮ ਤੇ ਫਿਰ ਖੱਬਾ ਪੱਖ ਵਾਲੀ ਗੱਲ ਕਹਿ ਕੇ ਭਾਜਪਾ ਵੱਲ ਜਾ ਰਹੇ ਹਨ। ਤ੍ਰਿਪੁਰਾ ਅਤੇ ਪੱਛਮੀ ਬੰਗਾਲ ਦੇ ਹਾਲਾਤ ਵਿਚ ਆਖੀ ਗਈ ਇਹ ਗੱਲ ਸਿਰਫ ਉਥੋਂ ਤੱਕ ਸੀਮਤ ਨਹੀਂ, ਪੰਜਾਬ ਤੱਕ ਪਹੁੰਚਣ ਲੱਗ ਪਈ ਹੈ। ਸਾਨੂੰ ਇਸ ਦੀ ਝਲਕ ਇਸ ਹਫਤੇ ਮਿਲੀ ਹੈ। ਇੱਕ ਖੱਬੇ ਪੱਖੀ ਸੋਚ ਵਾਲੇ ਲੇਖਕ ਨੇ ਇੱਕ ਹੋਰ ਲੇਖਕ ਬਾਰੇ ਦੱਸਿਆ ਕਿ ਉਹ ਭਾਜਪਾ ਵੱਲ ਜਾ ਰਿਹਾ ਹੈ ਤਾਂ ਅਗਲੀ ਮਿਲਣੀ ਮੌਕੇ ਉਸ ਲੇਖਕ ਨੂੰ ਅਸੀਂ ਇਸ ਬਾਰੇ ਪੁੱਛ ਲਿਆ। ਹੈਰਾਨੀ ਦੀ ਗੱਲ ਸੀ ਕਿ ਉਸ ਨੇ ਝੱਟ ਮੰਨ ਲਿਆ ਅਤੇ ਸਾਨੂੰ ਆਪਣੇ ਇਰਾਦੇ ਦੇ ਜਾਇਜ਼ ਹੋਣ ਬਾਰੇ ਕਈ ਮਿੰਟਾਂ ਤੱਕ ਸਮਝਾਉਣੀ ਦਿੰਦਾ ਰਿਹਾ ਕਿ ਇਹ ਅੱਜ ਦੇ ਵਕਤ ਜ਼ਰੂਰੀ ਹੋ ਗਿਆ ਹੈ।

ਰਾਹੁਲ ਗਾਂਧੀ ਦੁਖੀ ਹੈ ਕਿ ਏਡੀ ਵੱਡੀ ਹਾਰ ਪਿੱਛੋਂ ਵੀ ਸਿਰਫ ਉਸ ਨੇ ਅਸਤੀਫਾ ਦਿੱਤਾ ਹੈ, ਹੋਰ ਕਿਸੇ ਨੇ ਇਸ ਹਾਰ ਦੀ ਜਿੰਮੇਵਾਰੀ ਲੈ ਕੇ ਅਸਤੀਫਾ ਦੇਣ ਦੀ ਲੋੜ ਨਹੀਂ ਸਮਝੀ, ਪਰ ਉਸ ਨੂੰ ਪਤਾ ਨਹੀਂ ਕਿ ਉਸ ਪਾਰਟੀ ਵਿਚੋਂ ਕਈ ਸੱਜਣ ਅਸਤੀਫੇ ਲਿਖ ਕੇ ਆਪਣੀ ਜੇਬ ਵਿਚ ਪਾਈ ਬੈਠੇ ਹਨ। ਉਨ੍ਹਾਂ ਦੀ ਭਾਜਪਾ ਲੀਡਰਾਂ ਦੇ ਨਾਲ ਗੱਲ ਚੱਲਦੀ ਹੈ ਕਿ ਅਸੀਂ ਕਦੋਂ ਆਈਏ, ਜਿਸ ਦਿਨ ਉਸ ਪਾਸੇ ਤੋਂ ਮਹੂਰਤ ਦੱਸਿਆ ਗਿਆ, ਇਨ੍ਹਾਂ ਨੇ ਓਧਰ ਚਲੇ ਜਾਣਾ ਹੈ। ਮਾਇਆਵਤੀ ਅਤੇ ਅਖਿਲੇਸ਼ ਸਿੰਘ ਦੀਆਂ ਪਾਰਟੀਆਂ ਦੇ ਕਈ ਲੋਕ ਉਸ ਪਾਸੇ ਚਲੇ ਗਏ ਹਨ ਤੇ ਬਿਹਾਰ ਵਿਚ ਚਮਕੀ ਬੁਖਾਰ ਦੇ ਰੌਲੇ ਵਿਚ ਭਾਜਪਾ ਦਾ ਕੋਈ ਆਗੂ ਨਿਤੀਸ਼ ਕੁਮਾਰ ਦੇ ਪੱਖ ਵਿਚ ਬੋਲਿਆ ਨਹੀਂ ਤੇ ਉਸ ਦੇ ਵਿਰੋਧ ਵਿਚ ਬੋਲ ਕੇ ਨਿਤੀਸ਼ ਦੀ ਪਾਰਟੀ ਵਿਚ ਸੰਨ੍ਹ ਲਾਉਣ ਦਾ ਕੰਮ ਕਰਦੇ ਪਏ ਹਨ। ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਿਹਾਰ ਵਿਚ ਭਾਜਪਾ ਆਗੂ ਉਥੇ ਵੀ ਉਦਾਂ ਦਾ ਵੱਡਾ ਦਾਅ ਖੇਡਣ ਦੇ ਰਉਂ ਵਿਚ ਸੁਣੇ ਜਾਂਦੇ ਹਨ, ਜਿਦਾਂ ਦਾ ਉਤਰਾ ਖੰਡ, ਆਸਾਮ, ਤ੍ਰਿਪੁਰਾ ਤੇ ਹੋਰ ਕਈ ਰਾਜਾਂ ਵਿਚ ਪਹਿਲਾਂ ਕਾਂਗਰਸੀ ਆਗੂਆਂ ਨੂੰ ਆਪਣੇ ਪਿਆਦੇ ਬਣਾ ਕੇ ਕਾਮਯਾਬੀ ਨਾਲ ਖੇਡ ਚੁਕੇ ਹਨ। ਪੰਜਾਬ ਦੀ ਵਾਰੀ ਇਸ ਤੋਂ ਬਾਅਦ ਆਉਣ ਵਾਲੀ ਹੈ, ਜਿਸ ਲਈ ਕੁਝ ਅਕਾਲੀ ਤੇ ਕੁਝ ਕਾਂਗਰਸੀ ਆਗੂ ਤਿਆਰ ਬੈਠੇ ਹਨ।

ਗੱਲ ਫਿਰ ਪੰਜਾਬ ਵਿਚ ਪੱਕੀ ਜੜ੍ਹ ਵਾਲੇ ਸਿੱਖ ਭਾਈਚਾਰੇ ਦੇ ਨਾਂ 'ਤੇ ਰਾਜਨੀਤੀ ਕਰਨ ਵਾਲੇ ਅਕਾਲੀ ਦਲ ਦੀ ਲੀਡਰਸ਼ਿਪ ਦੀ ਆ ਜਾਂਦੀ ਹੈ। ਦਿੱਲੀ ਵਿਚ ਇਸ ਦਲ ਨੂੰ ਸੰਨ੍ਹ ਲੱਗਣ ਦਾ ਕੰਮ ਹੋ ਚੁਕਾ ਹੈ। ਇੱਕ ਆਗੂ ਨੂੰ ਅਕਾਲੀ ਦਲ ਨੇ ਆਪ ਕੱਢ ਕੇ ਇਸ ਵਕਤ ਦੇ ਦਿੱਲੀ ਦਰਬਾਰ ਨਾਲ ਤਾਰਾਂ ਜੋੜਨ ਨੂੰ ਵਿਹਲਾ ਕਰ ਦਿੱਤਾ ਹੈ ਤੇ ਜਿਸ ਦੂਜੇ 'ਤੇ ਅਕਾਲੀ ਦਲ ਨੇ ਟੇਕ ਰੱਖੀ ਸੀ, ਉਸ ਨੂੰ ਇਹ ਪਤਾ ਹੈ ਕਿ ਦਿੱਲੀ ਵਿਚ ਕਾਰੋਬਾਰ ਲਈ ਅਕਾਲੀਆਂ ਦੀ ਥਾਂ ਭਾਜਪਾ ਨਾਲ ਮਿਲ ਕੇ ਚੱਲਣਾ ਪੈਣਾ ਹੈ। ਇੱਕ ਜਣਾ ਹਵੇਲੀ ਦੇ ਅਗਲੇ ਪਾਸਿਓਂ ਅਤੇ ਦੂਜਾ ਵੀਹੀ ਵਾਲੇ ਬੂਹੇ ਵੱਲੋਂ ਭਾਜਪਾ ਦੇ ਵੱਡੇ ਲੀਡਰਾਂ ਨਾਲ ਤਾਲਮੇਲ ਰੱਖਣ ਦਾ ਯਤਨ ਕਰ ਰਿਹਾ ਹੈ ਤੇ ਉਨ੍ਹਾਂ ਦੋਹਾਂ ਦਾ ਆਪਣੇ ਨੇੜਲੇ ਸਰਕਲ ਵਿਚ ਇਹ ਕਹਿਣਾ ਹੈ ਕਿ ਦਿੱਲੀ ਵਿਚ ਰਹਿਣਾ ਹੈ ਤਾਂ ਦਿੱਲੀ ਨਾਲ ਸਾਂਝ ਬਿਨਾ ਨਹੀਂ ਚੱਲ ਸਕਦੇ।

ਹੈਰਾਨੀ ਦੀ ਗੱਲ ਇਹ ਹੈ ਕਿ ਜਿਨ੍ਹਾਂ ਲੀਡਰਾਂ ਨੂੰ ਇਹ ਕਹਿੰਦੇ ਸੁਣਦੇ ਰਹੇ ਸਾਂ ਕਿ ਸਿੱਖੀ ਨੂੰ ਬ੍ਰਾਹਮਣਵਾਦ ਤੋਂ ਖਤਰਾ ਹੈ ਤੇ ਆਪਣੀ ਇਹ ਗੱਲ ਸਾਬਤ ਕਰਨ ਵਾਸਤੇ ਝੂਠੇ ਕਿੱਸੇ ਵੀ ਸੁਣਾਇਆ ਕਰਦੇ ਸਨ, ਅੱਜ ਉਹੀ ਆਗੂ ਇਹ ਦੱਸ ਰਹੇ ਹਨ ਕਿ ਰਾਮ, ਭਗਵਾਨ, ਸਵਰਗ-ਨਰਕ ਅਤੇ ਧਰਮਰਾਜ ਬਾਰੇ ਧਾਰਨਾ ਤੋਂ ਲੈ ਕੇ ਮਰਨੇ-ਪਰਨੇ ਦੀ ਸਾਡੀ ਸਾਂਝ ਹਿੰਦੂਤਵ ਨਾਲ ਹੈ।

ਅਸੀਂ ਚਾਲੀ ਕੁ ਸਾਲ ਪਹਿਲਾਂ ਕਦੀ ਮੱਧ ਭਾਰਤ ਵਿਚੋਂ ਸਫਰ ਕਰਦੇ ਸਮੇਂ ਕੁਝ ਰੇਲਵੇ ਸਟੇਸ਼ਨਾਂ 'ਤੇ ਨਾਅਰੇ ਲਿਖੇ ਪੜ੍ਹਦੇ ਹੁੰਦੇ ਸਾਂ: 'ਭਾਰਤ ਮੇਂ ਯਦੀ ਰਹਿਨਾ ਹੋਗਾ ਤੋ ਵੰਦੇ ਮਾਤਰਮ ਕਹਿਨਾ ਹੋਗਾ।' ਅੱਜ ਦੇ ਹਾਲਾਤ ਨਵਾਂ ਮਾਹੌਲ ਸਿਰਜ ਰਹੇ ਹਨ, ਜਿਸ ਬਾਰੇ ਇਹ ਕਿਹਾ ਜਾ ਰਿਹਾ ਹੈ, 'ਭਾਰਤ ਮੇਂ ਯਦੀ ਰਹਿਨਾ ਹੋਗਾ, ਯੇ ਸਬ ਕੁਛ ਸਹਿਨਾ ਹੋਗਾ', ਕਿਉਂਕਿ ਫਿਜ਼ਾ ਬਦਲ ਰਹੀ ਹੈ। ਫਿਜ਼ਾ ਬਦਲ ਰਹੀ ਹੈ, ਕੁਝ ਲੋਕ ਬਦਲ ਰਹੇ ਹਨ, ਪਰ ਸਾਰੇ ਲੋਕ ਕਦੇ ਫਿਜ਼ਾ ਦੇ ਨਾਲ ਬਦਲਣ ਵਾਲੇ ਨਹੀਂ ਹੋਇਆ ਕਰਦੇ। ਕੁਝ ਲੋਕ ਵੱਖਰੀ ਤਰ੍ਹਾਂ ਦੇ ਹੁੰਦੇ ਹਨ। ਜਿਹੜੇ ਬਦਲਦੇ ਜਾ ਰਹੇ ਹਨ, ਉਨ੍ਹਾਂ ਬਾਰੇ ਹਿੰਦੀ ਕਵੀ ਦੁਸ਼ਿਅੰਤ ਨੇ ਬਹੁਤ ਦੇਰ ਪਹਿਲਾਂ ਲਿਖ ਦਿੱਤਾ ਸੀ:

ਨਾ ਹੋ ਕਮੀਜ਼ ਤੋ ਘੁਟਨੋਂ ਸੇ ਪੇਟ ਢਕ ਲੇਂਗੇ,
ਯੇ ਲੋਗ ਕਿਤਨੇ ਮਨਾਸਿਬ ਹੈਂ ਇਸ ਸਫਰ ਕੇ ਲੀਏ।

ਇਸ ਮਾਹੌਲ ਵਿਚ ਵੀ, ਬਦਲਦੇ ਹੋਏ ਮਾਹੌਲ ਵਿਚ ਵੀ, ਜਿਹੜੇ ਲੋਕ ਦੇਸ਼ ਦੇ ਪਰਦੇ ਕੱਜਣ ਅਤੇ ਪੇਟ ਦੀ ਅੱਗ ਬੁਝਾਉਣ ਬਾਰੇ ਕਦੀ-ਕਦੀ ਸੋਚ ਲਿਆ ਕਰਦੇ ਹਨ, ਉਨ੍ਹਾਂ ਤੋਂ ਬਦਲਦੀ ਫਿਜ਼ਾ ਦੇ ਨਾਲ ਵੀ ਬਦਲਿਆ ਨਹੀਂ ਜਾਣਾ।

# ਹਾਸ਼ਮ ਦੇਣ ਉਲਾਂਭਾ ਮਾਪੇ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਹਰ ਮਾਂ ਨੂੰ ਕਦੇ ਨਾ ਕਦੇ ਆਂਢਣਾਂ-ਗੁਆਂਢਣਾਂ ਵਲੋਂ ਆਪਣੇ ਬੱਚੇ ਲਈ ਉਲਾਂਭੇ ਸੁਣਨੇ ਪੈਂਦੇ ਹਨ। ਖਾਸ ਤੌਰ 'ਤੇ ਜੇ ਬੱਚਾ ਸ਼ਰਾਰਤੀ, ਜੁੱਸੇ ਦਾ ਤਕੜਾ ਜਾਂ ਧੱਕੜ ਹੋਵੇ। ਬੱਚੇ ਨੇ ਕੋਈ ਨਾ ਕੋਈ ਗਲਤੀ ਕੀਤੀ ਹੁੰਦੀ ਹੈ, ਗਵਾਂਢੀਆਂ ਦੇ ਮੇਰੇ ਵਰਗੇ ਮਾੜੇ ਬੱਚੇ ਨੂੰ ਅਜਾਈਂ ਕੁੱਟਿਆ ਹੁੰਦਾ ਹੈ, ਗੇਂਦ ਮਾਰ ਕੇ ਕਿਸੇ ਦਾ ਸ਼ੀਸ਼ਾ ਤੋੜਿਆ ਹੁੰਦਾ ਹੈ, ਜਾਂ ਉਂਜ ਹੀ ਦੰਦੀਆਂ ਚੰਘਾਈਆਂ ਹੁੰਦੀਆਂ ਹਨ। ਮੈਂ ਭਾਵੇਂ ਸਰੀਰਕ ਤੌਰ 'ਤੇ ਕਿੰਨਾ ਵੀ ਮਾੜਾ ਸੀ, ਕਦੇ ਕੁੱਟ ਨਹੀਂ ਸੀ ਖਾਧੀ, ਕਿਉਂਕਿ ਮੈਂ ਤਕੜੇ ਦੇ ਕੋਲ ਹੀ ਨਹੀਂ ਸਾਂ ਜਾਂਦਾ ਤੇ ਮੇਰੀ ਮਾਂ ਨੂੰ ਕਦੇ ਉਲਾਂਭਾ ਦੇਣ ਦਾ ਮੌਕਾ ਨਹੀਂ ਮਿਲਿਆ।

ਖੈਰ! ਅਕਸਰ ਅੱਥਰੇ ਬੱਚੇ ਉਲਾਂਭਾ ਲੈ ਕੇ ਆਉਂਦੇ ਹਨ। ਗਵਾਂਢੀਆਂ ਦੀ ਪੀੜਿਤ ਮਾਂ ਗਲਤੀ ਕਰਨ ਵਾਲੇ ਬੱਚੇ ਦੀ ਮਾਂ ਕੋਲ ਜੋ ਸ਼ਿਕਾਇਤ ਕਰਦੀ ਹੈ, ਉਸ ਨੂੰ ਅਸੀਂ ਉਲਾਂਭਾ ਆਖਦੇ ਹਾਂ। ਉਲਾਂਭਾ ਦਿੱਤਾ ਜਾਂਦਾ ਹੈ ਤੇ ਕਿਸੇ ਵੇਲੇ ਗਲਤੀ ਸੁਧਾਰ ਕੇ ਉਲਾਂਭਾ ਲਾਹਿਆ ਜਾਂਦਾ ਹੈ। ਉਲਾਂਭੇ ਕਾਰਨ ਜਨਾਨੀਆਂ ਦੀਆਂ ਲੜਾਈਆਂ ਹੁੰਦੀਆਂ ਹਨ, ਉਹ ਮਿਹਣੋ-ਮਿਹਣੀ ਹੁੰਦੀਆਂ ਹਨ। ਗਲੀਆਂ ਵਿਚ ਅਜਿਹਾ ਨਜ਼ਾਰਾ ਅਕਸਰ ਹੀ ਦੇਖਣ ਨੂੰ ਮਿਲਦਾ ਹੈ।

ਉਲਾਂਭਾ ਦਰਅਸਲ ਰੋਸ ਭਰੀ ਸ਼ਿਕਾਇਤ, ਗਿਲਾ ਸ਼ਿਕਵਾ ਕਰਨ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਸ਼ਿਕਾਇਤ ਤੋਂ ਅੱਗੇ ਵਧ ਕੇ ਦੂਜੇ ਨੂੰ ਝਿੜਕਿਆ, ਦੁਰਕਾਰਿਆ ਵੀ ਜਾਂਦਾ ਹੈ। ਉਲਾਂਭਾ ਸ਼ਬਦ ਦੀ ਅਜਿਹੀ ਵਰਤੋਂ ਆਮ ਹੈ। ਉਂਜ ਇਹ ਬੱਚਿਆਂ ਦੇ ਪ੍ਰਸੰਗ ਵਿਚ ਹੀ ਨਹੀਂ, ਵੱਡਿਆਂ ਦੇ ਮਾਮਲਿਆਂ ਵਿਚ ਵੀ ਵਰਤਿਆ ਜਾਂਦਾ ਹੈ। ਗੱਲ ਕੀ, ਇਸ ਵਿਚ ਮਾੜੇ ਵਲੋਂ ਤਕੜੇ ਦੀ ਵਧੀਕੀ ਦਾ ਜ਼ਬਰਦਸਤ ਰੋਸਾ ਹੁੰਦਾ ਹੈ। ਇਸ ਸ਼ਬਦ ਦਾ ਆਮ ਬੋਲਚਾਲ ਰੂਪ ਹੈ, ਉਲ੍ਹਾਮਾ। ਬਾਬਾ ਸ਼ੇਖ ਫਰੀਦ ਨੇ ਇਹ ਸ਼ਬਦ ਵਰਤਿਆ ਹੈ, 'ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ' ਪਰ ਇਥੇ ਕੀਤੇ ਮਾੜੇ ਕੰਮਾਂ ਵੱਲ ਸੰਕੇਤ ਹੈ, ਜਿਨ੍ਹਾਂ ਕਾਰਨ ਮਨੁੱਖ ਨੂੰ ਅੱਗੇ ਜਾ ਕੇ ਰੱਬ ਕੋਲੋਂ ਉਲਾਂਭੇ ਸੁਣਨੇ ਪੈਂਦੇ ਹਨ। ਗੁਰੂ ਅਰਜਨ ਦੇਵ ਨੇ ਉਲਾਮਾ ਸ਼ਬਦ ਇੰਜ ਵਰਤਿਆ ਹੈ, "ਉਲਾਹਨੋ ਮੋਹਿ ਹਰਿ ਜਬ ਲਗੁ ਨਹ ਮਿਲੈ ਰਾਮ॥" ਅਤੇ "ਉਲਾਹਨੋ ਮੈ ਕਾਹੂ ਨ ਦੀਓ॥"



ਹਾਸ਼ਮ ਸ਼ਾਹ ਦੇ ਦੋਹੜਿਆਂ ਵਿਚ ਇਹ ਸ਼ਬਦ ਆਇਆ ਹੈ,

ਜਬ ਲਗ ਮਿਲੀ ਨ ਤੈਨੂੰ ਜਾਗ੍ਹਾ,
ਮੈਂ ਹੀਰ ਆਹੀ ਅਲਬੇਲੀ।
ਹੁਣ ਮੈਂ ਚੋਰ ਹੋਈ ਜਗ ਸਾਰੇ,
ਮੇਰਾ ਤੈਂ ਬਿਨ ਹੋਰ ਨ ਬੇਲੀ।
ਚਾਕਾ! ਚਾਕ ਮੇਰਾ ਦਿਲ ਕਰਕੇ,
ਹੁਣ ਮਤ ਜਾ ਛੋੜ ਇਕੇਲੀ।
ਹਾਸ਼ਮ ਦੇਣ ਉਲਾਂਭਾ ਮਾਪੇ,
ਹੋਈ ਹੀਰ ਰਾਂਝਣ ਦੀ ਚੇਲੀ।

ਕ੍ਰਿਸ਼ਨਾਵ (ਦਸਮ ਗ੍ਰੰਥ) ਵਿਚ ਉਲਾਂਭਾ ਦਾ ਇਕ ਰੁਪਾਂਤਰ 'ਉਰਾਹਨ' ਵੀ ਮਿਲਦਾ ਹੈ, 'ਕਾਹੇ ਉਰਾਹਨ ਦੇਤ ਸਖੀ ਕਹਿਯੋ ਪ੍ਰੀਤ ਘਨੀ ਹਮਰੀ ਸੰਗ ਤੇਰੇ।' ਕ੍ਰਿਸ਼ਨ ਰਾਧਾ ਨੂੰ ਕਹਿ ਰਿਹਾ ਹੈ ਕਿ ਕਿਉਂ ਉਲਾਂਭੇ ਦੇ ਰਹੀ ਹੈਂ, ਸਾਡੀ ਪ੍ਰੀਤ ਬੜੀ ਘਣੀ ਹੈ। 'ਰ' ਧੁਨੀ ਅਤੇ 'ਲ' ਧੁਨੀ ਸਹਿਜੇ ਹੀ ਆਪਸ ਵਿਚ ਵਟ ਜਾਂਦੀਆਂ ਹਨ।

ਦਰਅਸਲ ਉਰਾਹਨ ਰੂਪ ਬ੍ਰਿਜ ਭਾਸ਼ਾ ਦਾ ਹੈ, ਵਰਨਾ ਅਰਥ ਇਕੋ ਹੀ ਹਨ। ਉਲਾਂਭਾ ਦਾ ਸੰਸਕ੍ਰਿਤ ਰੂਪ 'ਉਪਲੰਭਨ' ਹੈ। ਉਪਾਲੰਭ ਸ਼ਿੰਗਾਰ ਰਸ ਦਾ ਇਕ ਭੇਦ ਹੈ। ਇਸ ਵਿਚ ਨਾਇਕਾ ਦੀ ਵਿਸ਼ਵਾਸਪਾਤਰ ਸਖੀ ਉਲਾਂਭੇ ਦੇ ਕੇ ਨਾਇਕ ਤੋਂ ਆਪਣੀ ਗੱਲ ਮਨਾਉਣ ਦੀ ਕੋਸ਼ਿਸ਼ ਕਰਦੀ ਹੈ, ਜਾਣੋ ਉਸ ਨੂੰ ਆਪਣੇ ਪ੍ਰੇਮ ਕਰਤਵ ਦਾ ਅਹਿਸਾਸ ਕਰਾਉਂਦੀ ਹੈ। ਕਵਿਤਾ ਵਿਚ ਇਹ ਕੰਮ ਖੁਦ ਨਾਇਕਾ ਤੇ ਹੋਰ ਪਸ਼ੂ-ਪੰਛੀ ਵੀ ਕਰ ਸਕਦੇ ਹਨ। ਭਗਤ ਕਵੀਆਂ ਨੇ ਆਪਣੇ ਇਸ਼ਟ ਦੇਵ ਲਈ ਉਪਾਲੰਭ ਦਾ ਆਸਰਾ ਲਿਆ ਹੈ। ਕ੍ਰਿਸ਼ਨ ਅਤੇ ਗੋਪੀਆਂ ਵਿਚਕਾਰ ਅਜਿਹੇ ਸਬੰਧਾਂ ਨੂੰ ਚਿਤਰਦਾ ਕਾਵਿ ਭਰਪੂਰ ਮਾਤਰਾ ਵਿਚ ਰਚਿਆ ਗਿਆ ਹੈ। ਇਸ ਤਰ੍ਹਾਂ ਇਸ ਵਿਚ ਵਾਸਤਵ ਵਿਚ ਨਿੰਦਾ ਜਾਂ ਸ਼ਿਕਵੇ ਸ਼ਿਕਾਇਤ ਦੇ ਨਾਲ ਨਾਲ ਪ੍ਰੇਰਨਾ ਭਾਵ ਭਾਰੂ ਹੁੰਦਾ ਹੈ।

ਸੰਸਕ੍ਰਿਤ ਉਪਲੰਭ ਵਿਚ ਫੜਨ, ਹਥਿਆਉਣ, ਖਾਸ ਤੌਰ 'ਤੇ ਬਲੀ ਦੇ ਜਾਨਵਰ ਨੂੰ ਵਢਣ ਲਈ ਫੜਨ, ਜਕੜਨ ਦੇ ਭਾਵ ਹਨ। ਇਸ ਤੋਂ ਅੱਗੇ ਇਸ ਦੇ ਅਰਥ ਧਿਕਾਰਨਾ, ਵਰਜਣਾ, ਝਿੜਕਣਾ, ਡਾਂਟਣਾ, ਬੋਲ ਕੁਬੋਲ ਕਰਨਾ ਆਦਿ ਵਿਚ ਵਿਕਸਿਤ ਹੁੰਦੇ ਹਨ। ਇਹ ਸ਼ਬਦ ਬਣਿਆ ਹੈ, ਉਪ+ਅਲੰਭ ਤੋਂ। ਅਲੰਭ ਵਿਚ ਛੂਹਣ, ਫੜਨ; ਉਖਾੜਨ; ਮਾਰਨ, ਵਢਣ ਦੇ ਭਾਵ ਹਨ। ਗੁਰੂ ਨਾਨਕ ਦੇਵ ਨੇ ਨਿਰਾਲਮ ਸ਼ਬਦ ਵਰਤਿਆ ਹੈ, ਜੋ ਨਿਰਾਲੰਭ (ਨਿਰ+ਆਲੰਭ) ਦਾ ਰੁਪਾਂਤਰ ਹੈ ਤੇ ਜਿਸ ਦਾ ਅਰਥ ਅਛੋਹ ਜਾਂ ਅਛੂਤਾ ਬਣਦਾ ਹੈ, "ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥"

ਉਪਾਲੰਭ ਦਾ ਪ੍ਰਾਕ੍ਰਿਤ ਰੂਪ ਹੋਇਆ, 'ਉਵਾਲੰਭ' ਜਿਸ ਤੋਂ ਅੱਗੇ ਉਲੰਭ, ਉਲਾਹਨ, ਉਰਾਹਨ ਜਿਹੇ ਰੂਪ ਉਭਰਦੇ ਹਨ। ਇਸੇ ਨਾਲ ਜਾ ਜੁੜਦਾ ਹੈ, ਉਲਾਹੁਣਾ। ਕਿਸੇ ਦੇ ਮਰਨੇ 'ਤੇ ਵਿਸ਼ੇਸ਼ ਢੰਗ ਨਾਲ ਰੋਣ ਪਿੱਟਣ ਨੂੰ ਉਲਾਹੁਣਾ ਆਖਿਆ ਜਾਂਦਾ ਹੈ। ਇਸ ਤਰ੍ਹਾਂ ਇਸ ਵਿਚ ਇਕ ਤਰ੍ਹਾਂ ਹੋਣੀ ਤੇ ਗਿਲੇ ਸ਼ਿਕਵੇ ਕਰਨ ਦਾ ਆਸ਼ਾ ਹੀ ਹੈ। ਅਸਲ ਵਿਚ ਉਲਾਂਭਾ ਜਿਹੇ ਸ਼ਬਦਾਂ ਤੋਂ ਨਾਕਾਰਾਤਮਕ ਜਿਹੇ ਭਾਵ ਲਏ ਜਾਂਦੇ ਹਨ, ਪਰ ਸੰਸਕ੍ਰਿਤ ਉਪਲੰਭ ਵਿਚ ਪ੍ਰਤੀਤੀ, ਬੋਧ, ਸਮਝ ਦੇ ਨਾਲ ਨਾਲ ਦੇਖਣ, ਬੁਝਣ ਦੇ ਭਾਵ ਵੀ ਹਨ। ਧਿਆਨ ਦਿਉ ਕਿ ਛੂਹਣ, ਫੜਨ ਵਿਚੋਂ ਅਜਿਹੇ ਭਾਵ ਸਹਿਜੇ ਹੀ ਵਿਕਸਿਤ ਹੋ ਜਾਂਦੇ ਹਨ। ਮਾਨੋ ਫੜਨ, ਛੂਹਣ ਤੋਂ ਮਤਲਬ ਹੈ, ਕਿਸੇ ਦੀ ਗੱਲ ਫੜਨੀ, ਸਮਝਣੀ, ਬੁੱਝਣੀ।

ਅੰਗਰੇਜ਼ੀ ਸ਼ਬਦ Comprehend ਵਿਚ Com ਤਾਂ ਅਗੇਤਰ ਹੀ ਹੈ, ਬਾਕੀ ਦੇ ਘਟਕ ਦਾ ਅਰਥ ਫੜਨਾ ਹੀ ਹੈ। ਇਸ ਨਾਲ ਜੁੜਦੇ Apprehend ਦਾ ਅਰਥ ਹੀ ਫੜਨਾ, ਪਕੜਨਾ ਹੁੰਦਾ ਹੈ। ਇਸ ਤੋਂ ਅਸੀਂ ਉਲਾਂਭਾ ਸ਼ਬਦ ਵਿਚ ਨਿਹਿਤ ਅਸਲੀ ਭਾਵ ਸਮਝ ਸਕਦੇ ਹਾਂ, ਯਾਨਿ ਕਿਸੇ ਨੂੰ ਬੋਧ ਕਰਾਉਣਾ, ਜਤਾਉਣਾ, ਗਲਤੀ ਆਦਿ ਦਾ ਅਹਿਸਾਸ ਕਰਾਉਣਾ। ਨਿਸ਼ਚੇ ਹੀ ਇਹ ਅਰਥ ਸ਼ਿਕਾਇਤ ਜਾਂ ਗਿਲੇ ਸ਼ਿਕਵੇ ਕਰਨ ਦੇ ਅਰਥਾਂ ਵਿਚ ਵਰਤਿਆ ਜਾਣ ਲੱਗਾ।

ਉਪਲੰਭ ਸ਼ਬਦ ਪਿਛੇ 'ਲਭ' ਧਾਤੂ ਕਾਰਜਸ਼ੀਲ ਹੈ, ਜਿਸ 'ਚ ਪਾਉਣ, ਪ੍ਰਾਪਤ ਕਰਨ, ਸਮਝਣ ਦੇ ਭਾਵ ਹਨ। ਪੰਜਾਬੀ ਲੱਭਣਾ ਭਾਵ ਹੱਥ ਲੱਗਣਾ, ਇਹੋ ਹੈ। 'ਲ' ਧੁਨੀ 'ਰ' ਧੁਨੀ 'ਚ ਵਟ ਜਾਂਦੀ ਹੈ ਤਾਂ 'ਲਭ' 'ਰਭ' ਵਿਚ ਵਟ ਜਾਂਦਾ ਹੈ। ਇਸ ਵਿਚ ਅਨੁਨਾਸਕਤਾ ਆ ਜਾਂਦੀ ਹੈ ਤਾਂ 'ਰੰਭ' ਸਾਹਮਣੇ ਆਉਂਦਾ ਹੈ। ਇਸ ਤੋਂ ਸ਼ੁਰੂ ਕਰਨ ਦੇ ਅਰਥਾਂ ਵਾਲਾ ਅਰੰਭ ਸ਼ਬਦ ਆਉਂਦਾ ਹੈ, ਪਰ ਇਸ ਬਾਰੇ ਹੋਰ ਫਿਰ ਕਦੇ। ਹਾਲ ਦੀ ਘੜੀ ਏਨਾ ਹੀ ਕਿ ਅਰੰਭ ਸ਼ਬਦ ਵਿਚ ਕਿਸੇ ਕੰਮ ਨੂੰ ਫੜਨ, ਪੂਣੀ ਛੂਹਣ ਦਾ ਹੀ ਭਾਵ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 6 ਜੁਲਾਈ 2019*

# ਅਦਾਲਤਾਂ, ਰਾਜ ਪ੍ਰਬੰਧ ਅਤੇ ਲੋਕ

ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਹਰਿਆਣਾ ਜੇਲ੍ਹ ਵਿਚੋਂ ਪੈਰੋਲ 'ਤੇ ਰਿਹਾਈ ਫਿਲਹਾਲ ਟਲ ਗਈ ਹੈ। ਉਸ ਨੇ ਖੇਤੀ ਕਰਨ ਲਈ ਪੈਰੋਲ ਮੰਗੀ ਸੀ ਅਤੇ ਹਰਿਆਣਾ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਪੈਰੋਲ ਦੇਣ ਲਈ ਪਹਿਲਾਂ ਹੀ ਤਿਆਰ ਬੈਠੀ ਸੀ। ਦਰਅਸਲ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਸਿਰ ਉਤੇ ਹਨ ਅਤੇ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਡੇਰੇ ਦੀਆਂ ਵੋਟਾਂ ਲੈਣ ਲਈ ਪੱਬਾਂ ਭਾਰ ਹੋਈ ਪਈ ਹੈ। ਉਂਜ ਵੀ ਹਰਿਆਣਾ ਦੀ ਮਨੋਹਰ ਲਾਲ ਖੱਟਰ ਸਰਕਾਰ ਦਾ ਡੇਰੇ ਵਲ ਰਵੱਈਆ ਨਰਮ ਹੀ ਰਿਹਾ ਹੈ। ਮੀਡੀਆ ਵਿਚ ਪੈਰੋਲ ਦੀਆਂ ਖਬਰਾਂ ਵੱਡੀ ਪੱਧਰ ਉਤੇ ਨਸ਼ਰ ਹੋਣ ਕਾਰਨ ਇਹ ਮਾਮਲੇ ਸਭ ਦੇ ਧਿਆਨ ਵਿਚ ਆ ਗਿਆ ਅਤੇ ਆਖਰਕਾਰ ਡੇਰਾ ਮੁਖੀ ਦੀ ਪੈਰੋਲ ਟਲ ਗਈ। ਜੇਲ੍ਹ ਮੈਨੂਅਲ ਅਨੁਸਾਰ, ਖੇਤੀ ਕਰਨ ਲਈ ਪੈਰੋਲ ਉਸ ਕੈਦੀ ਨੂੰ ਹੀ ਮਿਲ ਸਕਦੀ ਹੈ ਜਿਸ ਦੇ ਨਾਂ ਉਤੇ ਜ਼ਮੀਨ ਹੋਵੇ। ਜਾਹਰ ਹੈ ਕਿ ਇਹ ਪੈਰੋਲ ਸਿਰਫ ਮੀਡੀਆ ਅੰਦਰ ਰੌਲਾ ਪੈਣ ਅਤੇ ਤਕਨੀਕੀ ਆਧਾਰ ਉਤੇ ਹੀ ਟਲੀ ਹੈ ਅਤੇ ਡੇਰਾ ਮੁਖੀ ਨੂੰ ਅਦਾਲਤ ਵਿਚ ਲਾਈ ਪੈਰੋਲ ਵਾਲੀ ਅਰਜ਼ੀ ਵਾਪਸ ਲੈਣੀ ਪਈ ਹੈ। ਯਾਦ ਰਹੇ, ਡੇਰਾ ਮੁਖੀ ਇਸ ਵੇਲੇ ਜਿਨਸੀ ਸ਼ੋਸ਼ਣ ਅਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕੇਸਾਂ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਉਸ ਨੂੰ ਅਗਸਤ 2017 ਵਿਚ ਜਿਨਸੀ ਸ਼ੋਸ਼ਣ ਵਾਲੇ ਕੇਸ ਵਿਚ 20 ਸਾਲ ਕੈਦ ਅਤੇ ਜਨਵਰੀ 2019 ਵਿਚ ਛਤਰਪਤੀ ਵਾਲੇ ਕੇਸ ਵਿਚ ਉਮਰ ਕੈਦ ਹੋਈ ਸੀ। ਉਸ ਖਿਲਾਫ ਹੋਰ ਵੀ ਕਈ ਕੇਸ ਚਲ ਰਹੇ ਹਨ। ਉਸ ਦਾ ਅਤੇ ਉਸ ਦੇ ਡੇਰੇ ਦਾ ਜ਼ੋਰ ਇੰਨਾ ਜ਼ਿਆਦਾ ਹੈ ਕਿ ਪ੍ਰਸਿੱਧ ਅਖਬਾਰ 'ਇੰਡੀਅਨ ਐਕਸਪ੍ਰੈਸ' ਨੇ 2015 ਵਿਚ ਭਾਰਤ ਦੇ 100 ਸਭ ਤੋਂ ਸ਼ਕਤੀਸ਼ਾਲੀ ਆਦਮੀਆਂ ਦੀ ਜਿਹੜੀ ਸੂਚੀ ਜਾਰੀ ਕੀਤੀ ਸੀ, ਉਸ ਵਿਚ ਡੇਰਾ ਮੁਖੀ ਦਾ ਨਾਂ ਵੀ ਸ਼ਾਮਲ ਸੀ।

ਇਹ ਭਾਰਤ ਦੇ ਰਾਜ ਪ੍ਰਬੰਧ ਅਤੇ ਅਦਾਲਤਾਂ ਉਤੇ ਵੱਡਾ ਸਵਾਲ ਹੈ ਕਿ ਇਕ ਪਾਸੇ ਤਾਂ ਜਬਰ ਜਨਾਹ ਅਤੇ ਕਤਲ ਦੇ ਕੈਦੀ ਨੂੰ ਪੈਰੋਲ ਉਤੇ ਰਿਹਾਈ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ, ਦੂਜੇ ਪਾਸੇ ਵੱਖ-ਵੱਖ ਕੇਸਾਂ ਵਿਚ ਆਪੋ-ਆਪਣੀ ਸਜ਼ਾ ਭੁਗਤ ਚੁਕੇ ਸਿੱਖ ਕੈਦੀਆਂ ਨੂੰ ਛੱਡਿਆ ਨਹੀਂ ਜਾ ਰਿਹਾ। ਇਨ੍ਹਾਂ ਸਿੱਖ ਕੈਦੀਆਂ ਦੀ ਰਿਹਾਈ ਲਈ ਗੁਰਬਖਸ਼ ਸਿੰਘ ਅਤੇ ਸੂਰਤ ਸਿੰਘ ਵਰਗਿਆਂ ਵਲੋਂ ਭੁੱਖ ਹੜਤਾਲਾਂ ਤੱਕ ਕੀਤੀਆਂ ਜਾ ਚੁਕੀਆਂ ਹਨ ਪਰ ਰਿਹਾਈ ਸੰਭਵ ਨਹੀਂ ਹੋ ਸਕੀ। ਕੋਈ ਨਾ ਕੋਈ ਬਹਾਨਾ ਜਾਂ ਤਕਨੀਕੀ ਆਧਾਰ ਬਣਾ ਕੇ ਰਿਹਾਈ ਟਾਲੀ ਜਾ ਰਹੀ ਹੈ। ਹੋਰ ਤਾਂ ਹੋਰ, ਮਾਓਵਾਦੀਆਂ ਨਾਲ ਸਬੰਧਾਂ ਦੇ ਦੋਸ਼ ਵਿਚ ਜੇਲ੍ਹ ਅੰਦਰ ਸੁੱਟੇ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ. ਐਨ. ਸਾਈਬਾਬਾ ਨੂੰ ਇਲਾਜ ਲਈ ਵੀ ਪੈਰੋਲ ਨਹੀਂ ਦਿੱਤੀ ਜਾ ਰਹੀ। ਯਾਦ ਰਹੇ, ਪ੍ਰੋਫੈਸਰ ਦਾ ਸਰੀਰ 90 ਫੀਸਦੀ ਨਕਾਰਾ ਹੈ ਅਤੇ ਵੱਖ-ਵੱਖ ਰੋਗਾਂ ਕਰਕੇ ਜੇਲ੍ਹ ਵਿਚ ਉਸ ਦੀ ਹਾਲਤ ਨਿਤ ਦਿਨ ਵਿਗੜਦੀ ਜਾ ਰਹੀ ਹੈ, ਪਰ ਨਾ ਉਸ ਦੀ ਰਿਹਾਈ ਅਤੇ ਨਾ ਹੀ ਉਸ ਦੇ ਬਣਦੇ ਇਲਾਜ ਲਈ ਕੋਈ ਕਾਰਵਾਈ ਕੀਤੀ ਜਾ ਰਹੀ ਹੈ। ਉਸ ਨੂੰ ਪੰਜ ਸਾਲ ਪਹਿਲਾਂ ਮਈ 2014 ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਨੂੰ ਮਾਰਚ 2017 ਤੋਂ ਨਾਗਪੁਰ (ਮਹਾਰਾਸ਼ਟਰ) ਦੀ ਕੇਂਦਰੀ ਜੇਲ੍ਹ ਦੇ 'ਆਂਡਾ ਸੈੱਲ' ਵਿਚ ਰੱਖਿਆ ਗਿਆ ਹੈ। ਵਿਗੜ ਰਹੀ ਸਿਹਤ ਕਾਰਨ ਉਸ ਦੀ ਰਿਹਾਈ ਲਈ ਕੌਮਾਂਤਰੀ ਪੱਧਰ ਤਕ ਅਵਾਜ਼ ਬੁਲੰਦ ਕੀਤੀ ਜਾ ਚੁਕੀ ਹੈ ਅਤੇ ਸੰਯੁਕਤ ਰਾਸ਼ਟਰ ਦਾ ਮਨੁੱਖੀ ਹੱਕਾਂ ਬਾਰੇ ਹਾਈ ਕਮਿਸ਼ਨਰ ਭਾਰਤ ਸਰਕਾਰ ਨੂੰ ਤੁਰੰਤ ਰਿਹਾ ਕਰਨ ਬਾਰੇ ਲਿਖ ਚੁਕਾ ਹੈ, ਪਰ ਕਿਸੇ ਦੇ ਵੀ ਕੰਨ ਉਤੇ ਜੂੰਅ ਨਹੀਂ ਸਰਕੀ। ਪ੍ਰੋਫੈਸਰ ਸਾਈਬਾਬਾ ਪੋਲੀਓ ਦੀ ਮਾਰ ਕਾਰਨ ਪਹਿਲਾਂ ਹੀ ਵ੍ਹੀਲ ਚੇਅਰ ਉਤੇ ਸੀ ਅਤੇ ਹੁਣ ਜੇਲ੍ਹ ਦੇ ਹਾਲਾਤ ਕਾਰਨ ਉਹ ਹੋਰ ਬਿਮਾਰੀਆਂ ਨਾਲ ਜੂਝ ਰਿਹਾ ਹੈ।

ਅਸਲ ਵਿਚ ਭਾਰਤ ਦਾ ਸਮੁੱਚਾ ਸਿਸਟਮ ਚੋਣ ਸਿਆਸਤ ਦੁਆਲੇ ਘੁੰਮ ਰਿਹਾ ਹੈ। ਵੋਟ ਸਿਆਸਤ ਵਿਚ ਹਿੱਸਾ ਲੈਣ ਵਾਲੀਆਂ ਸਭ ਸਿਆਸੀ ਪਾਰਟੀਆਂ ਵੋਟਾਂ ਹਾਸਲ ਕਰਨ ਲਈ ਹਰ ਹਰਬਾ ਵਰਤਦੀਆਂ ਹਨ। ਦੂਰ ਕਿਤੇ ਕੀ ਜਾਣਾ ਹੈ, ਪੰਜਾਬ ਵਿਚ ਇਸ ਵੋਟ ਸਿਆਸਤ ਨੇ ਪਿਛਲੇ ਸਮੇਂ ਦੌਰਾਨ ਜੋ ਰੰਗ ਦਿਖਾਏ ਹਨ, ਉਹ ਸਭ ਦੇ ਸਾਹਮਣੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਡੇਰੇ ਦੀਆਂ ਵੋਟਾਂ ਹਾਸਲ ਕਰਨ ਲਈ ਹੀ ਤਾਂ ਡੇਰਾ ਮੁਖੀ ਨੂੰ ਸਿੰਘ ਸਾਹਿਬਾਨ ਤੋਂ ਮੁਆਫੀ ਦਿਵਾਈ ਸੀ। ਬਾਅਦ ਵਿਚ ਮਾਮਲਾ ਵੱਡੇ ਪੱਧਰ ਉਤੇ ਭਖਣ ਕਾਰਨ ਸਮੁੱਚੇ ਮਾਮਲੇ ਨੂੰ ਰਫਾ-ਦਫਾ ਕਰਨ ਦਾ ਯਤਨ ਕੀਤਾ ਗਿਆ। ਇਸ ਮਾਮਲੇ ਵਿਚ ਪੰਜਾਬ ਦੀਆਂ ਹੋਰ ਪਾਰਟੀਆਂ ਵੀ ਕਿਸੇ ਲਿਹਾਜ ਘੱਟ ਨਹੀਂ ਹਨ। ਤਕਰੀਬਨ ਹਰ ਪਾਰਟੀ ਡੇਰੇ ਦੀਆਂ ਵੋਟਾਂ ਲੈਣ ਖਾਤਰ ਉਥੇ ਹਾਜ਼ਰੀ ਭਰਦੀ ਰਹੀ ਹੈ। ਪੰਜਾਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਮਾਮਲੇ ਇਸ ਸਿਆਸਤ ਨਾਲ ਹੀ ਜੁੜੇ ਹੋਏ ਹਨ। ਇਸੇ ਕਰਕੇ ਆਪਣੇ ਰਾਜਕਾਲ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਇਨ੍ਹਾਂ ਮਾਮਲਿਆਂ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਹੈ ਅਤੇ ਇਨ੍ਹਾਂ ਮਾਮਲਿਆਂ ਵਿਚ ਪੰਜਾਬ ਦੀ ਕਾਂਗਰਸ ਸਰਕਾਰ ਜੋ ਢਿੱਲ-ਮੱਠ ਵਰਤ ਰਹੀ ਹੈ, ਉਸ ਬਾਰੇ ਸਾਰੇ ਤੱਥ ਮੀਡੀਆ ਵਿਚ ਅਕਸਰ ਚਰਚਾ ਵਿਚ ਆਉਂਦੇ ਰਹੇ ਹਨ। ਇਸੇ ਕਰਕੇ ਡੇਰਾ ਮੁਖੀ ਨੂੰ ਪੈਰੋਲ ਦੇਣ ਲਈ ਕੀਤੀ ਕਵਾਇਦ ਇਕ ਤਰ੍ਹਾਂ ਅਦਾਲਤ ਦੀ ਤੌਹੀਨ ਹੀ ਹੈ। ਦੇਸ਼ ਦੀ ਸੁਪਰੀਮ ਕੋਰਟ ਨੇ ਆਧਾਰ ਕਾਰਡ ਨੂੰ ਜ਼ਰੂਰੀ ਨਹੀਂ ਮੰਨਿਆ ਹੈ ਪਰ ਮੋਦੀ ਸਰਕਾਰ ਨੇ ਸੰਸਦ ਵਿਚ ਬਿੱਲ ਪੇਸ਼ ਕਰ ਦਿੱਤਾ ਹੈ ਕਿ ਜੇ ਕੋਈ ਆਪਣੀ ਮਰਜ਼ੀ ਨਾਲ ਆਧਾਰ ਦੀ ਵਰਤੋਂ ਕਰਦਾ ਹੈ ਤਾਂ ਉਸ ਨੂੰ ਮੰਨਿਆ ਜਾਵੇਗਾ। ਇਹ ਮਸਲਾ ਅਦਾਲਤ ਵਿਚ ਇਸ ਕਰਕੇ ਗਿਆ ਸੀ ਤਾਂ ਕਿ ਆਧਾਰ ਨੂੰ ਆਧਾਰ ਬਣਾ ਕੇ ਲੋਕਾਂ ਦੇ ਨਿੱਜੀ ਵੇਰਵਿਆਂ ਉਤੇ ਡਾਕਾ ਨਾ ਪਵੇ। ਇਹੀ ਹਾਲ ਡੇਰਾ ਮੁਖੀ ਨੂੰ ਪੈਰੋਲ ਦੇ ਮਾਮਲੇ ਦਾ ਹੈ। ਅਜਿਹੀਆਂ ਹਨੇਰਗਰਦੀਆਂ ਨੂੰ ਪੂਰੀ ਤਰ੍ਹਾਂ ਸੁਚੇਤ ਹੋ ਕੇ ਹੀ ਟੱਕਰ ਦਿੱਤੀ ਜਾ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪਿਤਾ ਜੀ ਤੇ ਪੈਰੋਲ!*

ਬੈਠੇ ਜੇਲ੍ਹ ਵਿਚ ਸਜ਼ਾ ਜੋ ਭੁਗਤਦੇ ਨੇ, 'ਬਾਬੇ' ਕਈਆਂ ਦੀ ਪੱਤਿ ਨੂੰ ਰੋਲ ਮੀਆਂ।
ਪਾਉਂਦੇ ਵੋਟ ਇਸ਼ਾਰਾ ਪਾ ਮਾਲਕਾਂ ਦਾ, 'ਸ਼ਰਧਾ ਉਲੂ' ਜੋ ਡੇਰਿਆਂ ਕੋਲ ਮੀਆਂ।
ਪੈਣ ਖੂਹ ਦੇ ਵਿਚ ਕਾਨੂੰਨ ਕਾਇਦੇ, ਸਿਆਸਤਦਾਨਾਂ ਲਈ ਵੋਟਾਂ ਦਾ 'ਗੋਲ' ਮੀਆਂ।
ਵਾਂਗ ਮੋਮ ਦੇ ਮੋੜ ਕਾਨੂੰਨ ਦਿੰਦੇ, ਜਨਤਾ ਦੇਖ ਕੇ ਜਾਂਦੀ ਏ ਡੋਲ ਮੀਆਂ।
ਬਹੁਤਾ ਮੀਡੀਆ ਜੀ-ਹਜ਼ੂਰੀਆਂ ਦਾ, ਕਿਹੜਾ ਖੋਲ੍ਹੇਗਾ 'ਢੋਲ ਦੀ ਪੋਲ' ਮੀਆਂ।
ਹੋਵੇ ਕਾਤਿਲ ਜਾਂ ਚੋਰ, ਬਲਾਤਕਾਰੀ, ਕਹਿ ਕੇ 'ਪਿਤਾ ਜੀ' ਦੇਣ 'ਪੈਰੋਲ' ਮੀਆਂ!

# 'ਜੈ ਹਿੰਦ' ਤੋਂ 'ਭਾਰਤ ਮਾਤਾ ਦੀ ਜੈ' ਦੇ ਨਾਅਰੇ ਤੱਕ

***ਭਾਰਤੀ ਲੋਕ ਸਭਾ ਅੰਦਰ ਨਵੇਂ ਮੈਂਬਰਾਂ ਦੇ ਹਲਫ ਸਮਾਗਮ ਦੌਰਾਨ ਜਿਹੜੀਆਂ ਝਲਕੀਆਂ ਦੇਖਣ ਨੂੰ ਮਿਲੀਆਂ, ਉਨ੍ਹਾਂ ਤੋਂ ਸਾਫ ਹੋ ਗਿਆ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਦਾ ਆਉਣ ਵਾਲੇ ਪੰਜ ਸਾਲਾਂ ਵਿਚ ਕੀ ਰੁਖ ਹੋਵੇਗਾ। ਲੋਕ ਸਭਾ ਵਿਚ ਪਹਿਲੀ ਵਾਰ ਧਰਮ ਦੇ ਆਧਾਰ ਉਤੇ ਨਾਅਰੇ ਲੱਗੇ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨੇ ਕੀਤੀ ਹੈ। -ਸੰਪਾਦਕ***

ਸਤਾਰਵੀਂ ਲੋਕ ਸਭਾ ਦੇ ਸ਼ੁਰੂਆਤੀ ਦਿਨਾਂ ਨੇ ਬੜੇ ਸਪਸ਼ਟ ਅਤੇ ਉਭਰਵੇਂ ਸੰਕੇਤ ਦਿੱਤੇ ਹਨ ਕਿ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਵਜੋਂ ਜਾਣਿਆ ਜਾਂਦਾ ਹਿੰਦੋਸਤਾਨ ਲਗਾਤਾਰ ਦੂਜੀ ਵਾਰੀ ਮੁਲਕ ਦੀ ਰਾਜ ਸੱਤਾ ਉਤੇ ਕਾਬਜ਼ ਹੋਈ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਥੱਲੇ ਭਵਿਖ ਵਿਚ ਕਿਸ ਦਿਸ਼ਾ ਵੱਲ ਜਾ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੀ ਇਹ ਇਤਿਹਾਸਕ ਜਿੱਤ ਨਰਿੰਦਰ ਮੋਦੀ ਦੀ ਅਗਵਾਈ ਵਿਚ ਹੋਈ ਹੈ ਜਿਹੜੇ ਇੰਦਰਾ ਗਾਂਧੀ ਤੋਂ ਬਾਅਦ ਦੇਣ ਦੇ ਸਭ ਤੋਂ ਸ਼ਕਤੀਸ਼ਾਲੀ ਆਗੂ ਵਜੋਂ ਉਭਰੇ ਹਨ।

ਲੋਕ ਸਭਾ ਮੈਂਬਰਾਂ ਦੇ ਸਹੁੰ ਚੁੱਕ ਸਮਾਗਮ ਦੇ ਮਾਹੌਲ ਤੋਂ ਸਪਸ਼ਟ ਹੋ ਗਿਆ ਹੈ ਕਿ ਹਿੰਦੋਸਤਾਨ 'ਜੈ ਹਿੰਦ' ਤੋਂ 'ਭਾਰਤ ਮਾਤਾ ਦੀ ਜੈ' ਵਿਚ ਤਬਦੀਲ ਹੋ ਗਿਆ ਹੈ। ਇਹ ਤਾਂ ਹੁਣ ਸਮਾਂ ਹੀ ਦੱਸੇਗਾ ਕਿ ਹਿੰਦੋਸਤਾਨ ਦਾ ਇਹ ਕਦਮ ਅਗਾਂਹਵਧੂ ਹੈ ਜਾਂ ਪਿਛਾਂਹਖਿੱਚੂ, ਕਿਉਂਕਿ ਇਸ ਤਬਦੀਲੀ ਦੀਆਂ ਅਨੇਕਾਂ ਤਹਿਆਂ ਅਤੇ ਪਹਿਲੂ ਹਨ।

**ਜਗਤਾਰ ਸਿੰਘ**
**ਫੋਨ: +91-97797-11201**

ਲੋਕ ਸਭਾ ਵਿਚ ਹੁਕਮਰਾਨ ਧਿਰ ਭਾਰਤੀ ਜਨਤਾ ਪਾਰਟੀ ਦੇ ਬੈਂਚਾਂ ਤੋਂ ਜਿਹੜੇ ਨਾਅਰੇ ਗੂੰਜੇ, ਉਹ ਸਨ: ਭਾਰਤ ਮਾਤਾ ਕੀ ਜੈ ਅਤੇ ਜੈ ਸ਼੍ਰੀਰਾਮ। 'ਜੈ ਹਿੰਦ' ਤੋਂ 'ਜੈ ਸ਼੍ਰੀਰਾਮ' ਅਤੇ 'ਭਾਰਤ ਮਾਤਾ ਕੀ ਜੈ' ਤੱਕ ਦੀ ਤਬਦੀਲੀ ਮੁਲਕ ਦੀ ਬਹੁਗਿਣਤੀ ਦੀ ਮਾਨਸਕਿਤਾ ਅੰਦਰ ਆਈ ਧਾਰਮਿਕ-ਸਭਿਆਚਾਰਕ ਅਤੇ ਵਿਚਾਰਧਾਰਕ ਤਬਦੀਲੀ ਦੀ ਨਿਸ਼ਾਨੀ ਹੈ। ਬਹੁਗਿਣਤੀ ਦੀ ਇਹ ਮਾਨਸਿਕਤਾ ਹਿੰਦੂਤਵ ਨਾਲ ਜੁੜੀ ਹੋਈ ਹੈ ਜੋ ਭਾਰਤੀ ਜਨਤਾ ਪਾਰਟੀ ਦੀ ਮਾਂ ਸਮਝੀ ਜਾਂਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰਐਸਐਸ) ਦੀ ਰਾਜਸੀ ਵਿਚਾਰਧਾਰਾ ਹੈ। ਉਂਜ, ਮੁਲਕ ਦੇ ਬਦਲੇ ਹੋਏ ਰਾਜਸੀ ਹਾਲਾਤ ਵਿਚ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਆਰਐਸਐਸ ਦੇ ਸਬੰਧਾਂ ਵਿਚ ਵੀ ਤਬਦੀਲੀ ਆ ਸਕਦੀ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਪਹਿਲਾਂ ਵਾਂਗ ਆਰਐਸਐਸ ਨੇ 2019 ਦੀ ਲੋਕ ਸਭਾ ਚੋਣ ਲਈ ਪਾਰਟੀ ਉਮੀਦਵਾਰਾਂ ਦਾ ਫੈਸਲਾ ਕਰਨ ਵਿਚ ਮੋਹਰੀ ਰੋਲ ਨਹੀਂ ਨਿਭਾਇਆ।

ਲੋਕ ਸਭਾ ਦੇ ਹਲਫਦਾਰੀ ਸਮਾਗਮ ਦਾ ਸਭ ਤੋਂ ਦੁਖੀ ਕਰਨ ਵਾਲਾ ਦ੍ਰਿਸ਼ ਉਹ ਸੀ, ਜਦੋਂ ਵਿਰੋਧੀ ਧਿਰ ਦਾ ਇਕ ਮੁਸਲਿਮ ਮੈਂਬਰ ਸਹੁੰ ਚੁੱਕਣ ਜਾ ਰਿਹਾ ਸੀ। ਭਾਜਪਾ ਮੈਂਬਰਾਂ ਨੇ ਉਸ ਨੂੰ ਜ਼ਲੀਲ ਕਰਨ ਦੀ ਮਨਸ਼ਾ ਨਾਲ ਵਾਰ ਵਾਰ 'ਜੈ ਸ਼੍ਰੀਰਾਮ' ਅਤੇ 'ਭਾਰਤ ਮਾਤਾ ਕੀ ਜੈ' ਦੇ ਨਾਹਰੇ ਲਾਏ। ਇਸ ਦਾ ਜਵਾਬ ਉਸ ਨੇ ਸਹੁੰ ਚੁੱਕਣ ਸਮੇਂ ਉਚੀ ਆਵਾਜ਼ ਵਿਚ 'ਜੈ ਹਿੰਦ' ਅਤੇ 'ਅਲ੍ਹਾ ਹੂ ਅਕਬਰ' ਦਾ ਨਾਅਰਾ ਲਾ ਕੇ ਦਿੱਤਾ। ਇਹ ਕੋਈ ਇਕੱਲਾ ਇਕਹਿਰਾ ਦ੍ਰਿਸ਼ ਨਹੀਂ ਸੀ, ਹਲਫਦਾਰੀ ਸਮਾਗਮ ਵਿਚ ਵਾਰ ਵਾਰ ਸਦਨ ਦੀ ਸ਼ਾਨ ਤੇ ਮਰਿਆਦਾ ਨੂੰ ਠੇਸ ਪਹੁੰਚਾਈ ਜਾਂਦੀ ਰਹੀ।

ਭਗਵਾਨ ਰਾਮ ਨੂੰ ਰਾਜਸੀ ਚਿੰਨ ਵਜੋਂ ਵਰਤਣਾ ਸੰਘ ਪਰਿਵਾਰ ਦਾ ਪੁਰਾਣਾ ਪੈਂਤੜਾ ਹੈ ਪਰ ਹੁਣ ਪੂਰੀ ਰਾਜਨੀਤੀ ਹੀ ਭਗਵਾਨ ਰਾਮ ਦੇ ਨਾਂ ਉਤੇ ਕਰਨ ਲੱਗਣਾ ਨਵਾਂ ਵਰਤਾਰਾ ਹੈ। ਭਾਜਪਾ ਨੂੰ ਲੋਕਾਂ ਨੇ ਮੁਲਕ ਨੂੰ ਸ਼ਕਤੀਸ਼ਾਲੀ ਅਤੇ ਹਰ ਪੱਖੋਂ ਸਮਰੱਥ ਮੁਲਕ ਵਿਚ ਤਬਦੀਲ ਕਰਨ ਲਈ ਵੱਡਾ ਫਤਵਾ ਦਿੱਤਾ ਹੈ। ਇਹ ਤਾਂ ਹੁਣ ਇਸ ਨੇ ਤੈਅ ਕਰਨਾ ਹੈ ਕਿ ਉਸ ਨੇ ਮੁਲਕ ਨੂੰ ਕਿਸ ਦਿਸ਼ਾ ਵਿਚ ਲੈ ਕੇ ਜਾਣਾ ਹੈ ਪਰ ਇਥੇ ਮਾਮਲਾ ਹਿੰਦੋਸਤਾਨ ਦੇ ਖਾਸੇ ਅਤੇ ਧਾਰਮਿਕ, ਸਮਾਜਿਕ ਤੇ ਭਾਸ਼ਾਈ ਤਾਣੇ ਬਾਣੇ ਦਾ ਹੈ।

ਸਿਰਫ ਹਲਫਦਾਰੀ ਸਮਾਗਮ ਨੇ ਹੀ ਸੰਕੇਤ ਨਹੀਂ ਦਿੱਤੇ ਕਿ ਭਾਰਤੀ ਜਨਤਾ ਪਾਰਟੀ ਮੁਲਕ ਨੂੰ ਕਿਸ ਦਿਸ਼ਾ ਵਲ ਲੈ ਕੇ ਜਾ ਰਹੀ ਹੈ; ਇਸ ਤੋਂ ਪਹਿਲਾਂ ਉਤਰ ਪ੍ਰਦੇਸ਼ ਵਿਚ ਯੋਗੀ ਅਦਿਤਿਆਨਾਥ ਸਰਕਾਰ ਨੇ ਸੂਬੇ ਵਿਚ ਅਜਿਹਾ ਕਾਨੂੰਨ ਲਿਆਂਦਾ ਹੈ ਜਿਸ ਦਾ ਮਕਸਦ ਯੂਨੀਵਰਸਿਟੀਆਂ ਵਿਚ ਕਥਿਤ ਦੇਸ਼ ਵਿਰੋਧੀ ਸਰਗਰਮੀਆਂ ਉਤੇ ਰੋਕ ਲਾਉਣੀ ਹੈ। ਯੂਨੀਵਰਸਿਟੀਆਂ ਉਹ ਥਾਵਾਂ ਹਨ ਜਿਥੇ ਵੱਖ ਵੱਖ ਵਿਚਾਰਾਂ ਅਤੇ ਵਿਚਾਰਧਾਰਾਵਾਂ ਦੇ ਪ੍ਰਗਟਾਵੇ ਤੇ ਸੰਵਾਦ ਦੀ ਖੁੱਲ੍ਹ ਹੁੰਦੀ ਹੈ। ਉਤਰ ਪ੍ਰਦੇਸ਼ ਸਰਕਾਰ ਵਲੋਂ ਬਣਾਏ ਕਾਨੂੰਨ ਵਿਚ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਹੈ ਕਿ ਕਿਹੜੀਆਂ ਸਰਗਰਮੀਆਂ ਨੂੰ ਦੇਸ਼ ਵਿਰੋਧੀ ਸਰਗਰਮੀਆਂ ਮੰਨਿਆ ਜਾਵੇਗਾ।

ਇਸ ਪ੍ਰਸੰਗ ਵਿਚ ਜਵਾਹਰ ਲਾਲ ਯੂਨੀਵਰਸਿਟੀ ਉਤੇ ਪੂਰੀ ਸਕੀਮ ਨਾਲ ਕੀਤੇ ਸਾਜ਼ਿਸ਼ੀ ਹਮਲੇ ਚੇਤੇ ਆਉਣੇ ਸੁਭਾਵਕ ਹਨ। ਭਾਜਪਾ ਦਾ ਇਹ ਏਜੰਡਾ ਉਸ ਵੇਲੇ ਹੀ ਸਾਹਮਣੇ ਆ ਗਿਆ ਸੀ ਜਿਸ ਨੂੰ ਹੁਣ ਤਰਾਸ਼ ਲਿਆ ਗਿਆ ਹੈ। ਜਵਾਹਰ ਲਾਲ ਯੂਨੀਵਰਸਿਟੀ ਵਿਚ ਵਾਪਰੀਆਂ ਘਟਨਾਵਾਂ ਸਮੇਂ ਹਰ ਉਸ ਸ਼ਖਸ ਨੂੰ ਦੇਸ਼ ਵਿਰੋਧੀ ਗਰਦਾਨ ਦਿੱਤਾ ਗਿਆ ਸੀ ਜਿਹੜਾ ਵਿਰੋਧੀ ਰਾਇ ਰੱਖਦਾ ਸੀ।

ਮੁਲਕ ਦੇ ਅਜੋਕੇ ਸਿਆਸੀ ਹਾਲਾਤ ਵਿਚ ਬਹੁਗਿਣਤੀ ਦੇ ਦਾਬੇ ਦੇ ਕਿਸੇ ਵੱਡੇ ਤੇ ਪ੍ਰਭਾਵਸ਼ਾਲੀ ਵਿਰੋਧ ਹੋਣ ਦੀ ਫਿਲਹਾਲ ਕੋਈ ਸੰਭਾਵਨਾ ਨਹੀਂ ਹੈ। ਵਿਰੋਧੀ ਪਾਰਟੀਆਂ ਨਾ ਸਿਰਫ ਭੰਬਲਭੂਸੇ ਦੀ ਹਾਲਤ ਵਿਚ ਹਨ ਸਗੋਂ ਉਹ ਬੀਤੇ ਤੋਂ ਕੋਈ ਸਬਕ ਵੀ ਨਹੀਂ ਸਿੱਖ ਰਹੀਆਂ। ਹਾਲਾਤ ਦੀ ਤ੍ਰਾਸਦੀ ਇਹ ਹੈ ਕਿ ਦੂਜੀ ਵਾਰੀ ਲਗਾਤਾਰ ਸ਼ਰਮਨਾਕ ਹਾਰ ਖਾਣ ਤੋਂ ਬਾਅਦ ਵੀ ਇਹ ਸਮਝਿਆ ਜਾਂਦਾ ਹੈ ਕਿ ਕਾਂਗਰਸ ਪਾਰਟੀ ਹੀ ਅਜਿਹੀ ਪਾਰਟੀ ਹੈ ਜਿਹੜੀ ਹਿੰਦੂਤਵ ਦੇ ਹਮਲੇ ਨੂੰ ਟੱਕਰ ਦੇ ਸਕਦੀ ਹੈ; ਭਾਵੇਂ ਦਹਾਕਿਆਂ ਤੋਂ ਕਾਂਗਰਸ ਨੂੰ ਖਾਸ ਕਰ ਕੇ ਪੱਛਮੀ ਮੀਡੀਆ ਵਿਚ, ਹਿੰਦੂ ਕਾਂਗਰਸ ਹੀ ਸਮਝਿਆ ਜਾਂਦਾ ਹੈ। ਐਤਕੀਂ ਲੋਕ ਸਭਾ ਚੋਣ ਵਿਚ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਨੇ ਆਪਣੇ ਆਪ ਨੂੰ ਜਨੇਊਧਾਰੀ ਹਿੰਦੂ ਵਜੋਂ ਪੇਸ਼ ਕੀਤਾ ਹੈ। ਉਸ ਨੂੰ ਇਹ ਸਲਾਹ ਦੇਣ ਵਾਲਿਆਂ ਨੂੰ ਹਿੰਦੋਸਤਾਨ ਦੀ ਮਾਨਸਿਕਤਾ ਦੀ ਸਮਝ ਹੀ ਨਹੀਂ ਹੈ। ਹਿੰਦੂਤਵ ਨੂੰ ਨਰਮ ਹਿੰਦੂਤਵ ਨਾਲ ਨਹੀਂ ਹਰਾਇਆ ਜਾ ਸਕਦਾ।

ਕਾਂਗਰਸ ਆਪਣੀ ਹਉਮੈ ਤੇ ਜ਼ਿੱਦ ਛੱਡਣ ਨੂੰ ਤਿਆਰ ਨਹੀਂ ਜਦਕਿ ਰਾਹੁਲ ਗਾਂਧੀ ਨੇ ਗੁੱਸੇ ਨਹੀਂ ਸਗੋਂ ਨਮੋਸ਼ੀ ਕਾਰਨ ਦਿੱਤੇ ਅਸਤੀਫੇ ਬਾਰੇ ਕੋਈ ਦੋ-ਟੁੱਕ ਫੈਸਲਾ ਨਾ ਕਰਕੇ ਪਾਰਟੀ ਸੰਕਟ ਹੋਰ ਡੂੰਘਾ ਕਰ ਦਿੱਤਾ ਹੈ। ਦਰਅਸਲ, ਰਾਹੁਲ ਗਾਂਧੀ ਅਤੇ ਉਸ ਦੀ ਪਾਰਟੀ ਲੋਕਾਂ ਨਾਲ ਧੁਰ ਹੇਠਾਂ ਤੱਕ ਨਾ ਜੁੜੀ ਹੋਈ ਹੋਣ ਕਾਰਨ ਸਮਾਜਿਕ-ਰਾਜਸੀ ਹਾਲਾਤ ਨਹੀਂ ਸਮਝ ਸਕੀ।

ਕੀ ਕਾਂਗਰਸ ਪਾਰਟੀ ਆਪਣੀਆਂ ਸਰਕਾਰਾਂ ਵਾਲੇ ਸੂਬਿਆਂ ਵਿਚ ਬਹੁਗਿਣਤੀ ਦੇ ਰੱਥ ਨੂੰ ਠੱਲ੍ਹ ਪਾ ਸਕੇਗੀ? ਕਾਂਗਰਸ ਦੀ ਸਮੱਸਿਆ ਇਹ ਹੈ ਕਿ ਇਸ ਦੇ ਆਗੂਆਂ ਬਾਰੇ ਲੋਕਾਂ ਦੀ ਇਹ ਧਾਰਨਾ ਬਣੀ ਹੋਈ ਹੈ ਕਿ ਇਹ ਭ੍ਰਿਸ਼ਟਾਚਾਰ ਵਿਚ ਫਸੇ ਅਤੇ ਹਉਮੈ ਵਿਚ ਗ੍ਰਸੇ ਹੋਏ ਹਨ। ਪਾਰਟੀ ਇਨ੍ਹਾਂ ਹਾਲਾਤ ਵਿਚੋਂ ਨਿਕਲ ਸਕਦੀ ਹੈ ਪਰ ਇਸ ਨੂੰ ਆਪਣੀਆਂ ਸਰਕਾਰਾਂ ਵਾਲੇ ਸੂਬਿਆਂ ਨੂੰ ਪਾਰਦਰਸ਼ੀ ਰਾਜ ਪ੍ਰਬੰਧ ਤੇ ਬਿਹਤਰੀਨ ਕਾਰਗੁਜ਼ਾਰੀ ਵਾਲੇ ਨਮੂਨੇ ਦੇ ਸੂਬਿਆਂ ਵਜੋਂ ਉਭਾਰਨਾ ਪਵੇਗਾ। ਇਸ ਲਈ ਕੰਮ ਦੇ ਤੌਰ ਤਰੀਕਿਆਂ ਤੇ ਸਭਿਆਚਾਰ ਨੂੰ ਬਦਲਣਾ ਪਵੇਗਾ।

ਸਾਰੇ ਮੁਲਕ ਤੋਂ ਉਲਟ ਦਫਤਰਾਂ ਦੀ ਥਾਂ ਘਰਾਂ ਵਿਚ ਬਹਿ ਕੇ ਸਰਕਾਰੀ ਕੰਮ ਕਾਜ ਚਲਾਉਣ ਦਾ ਰੁਝਾਨ ਪੰਜਾਬ ਵਿਚ ਪਿਛਲੀ ਅਕਾਲੀ ਸਰਕਾਰ ਦੇ ਸਮੇਂ ਤੋਂ ਸਾਹਮਣੇ ਆਇਆ ਹੈ। ਸੂਬੇ ਦਾ ਮੁੱਖ ਮੰਤਰੀ ਸਰਕਾਰ ਦੇ ਮੁੱਖ ਦਫਤਰ ਪੰਜਾਬ ਸਿਵਲ ਸਕੱਤਰੇਤ ਤੋਂ ਆਪਣਾ ਕੰਮ ਕਾਜ ਨਹੀਂ ਕਰਦਾ। ਬਿਨਾ ਸ਼ੱਕ, ਕੁਝ ਕਾਰਨਾਂ ਕਰਕੇ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਕਾਰਗੁਜ਼ਾਰੀ ਚੰਗੀ ਰਹੀ ਹੈ ਪਰ ਭਾਰਤੀ ਜਨਤਾ ਪਾਰਟੀ ਦੇ ਸੂਬੇ ਵਿਚ ਪੈਰ ਪਸਾਰਨ ਨੂੰ ਠੱਲ੍ਹਣ ਲਈ ਇਸ ਨੂੰ ਹਮਲਾਵਰ ਰੁਖ ਅਖਤਿਆਰ ਕਰਨਾ ਪਵੇਗਾ। ਕਾਂਗਰਸੀ ਆਗੂਆਂ ਨੂੰ ਹੁਣ 'ਸਭ ਚੱਲਦਾ ਹੈ' ਵਾਲੀ ਪਹੁੰਚ ਛੱਡ ਕੇ ਹਕੀਕਤ ਨੂੰ ਸਮਝਣਾ ਪਵੇਗਾ ਅਤੇ ਧੁਰ ਹੇਠਾਂ ਤੱਕ ਲੋਕਾਂ ਨਾਲ ਜੁੜਨਾ ਪਵੇਗਾ, ਜਿਹੜੇ ਰਲ ਕੇ ਹਿੰਦੋਸਤਾਨ ਦੀ ਵਿਚਾਰਧਾਰਾ ਬਣਦੇ ਹਨ।

ਮੁਲਕ ਦੀਆਂ ਘੱਟਗਿਣਤੀਆਂ ਪਹਿਲਾਂ ਹੀ ਡਰੀਆਂ ਹੋਈਆਂ ਹਨ। ਕੁਝ ਦਿਨ ਪਹਿਲਾਂ ਦਿੱਲੀ ਵਿਚ ਇਕ ਸਿੱਖ ਡਰਾਈਵਰ ਅਤੇ ਉਸ ਦੇ ਨਾਬਾਲਗ ਪੁੱਤਰ ਦੀ ਪੁਲਿਸ ਵਲੋਂ ਕੀਤੀ ਕੁੱਟਮਾਰ ਦੀ ਘਟਨਾ ਸਾਹਮਣੇ ਆਈ ਹੈ। ਇਹ ਭਾਵੇਂ ਅਮਨ ਕਾਨੂੰਨ ਦੀ ਸਮੱਸਿਆ ਹੀ ਕਿਉਂ ਨਾ ਹੋਵੇ ਪਰ ਜਿਸ ਤਰ੍ਹਾਂ ਇਸ ਘਟਨਾ ਦੁਆਲੇ ਦੰਦ ਕਥਾ ਉਸਰ ਗਈ ਹੈ, ਉਹ ਦਿਲ ਕੰਬਾਊ ਹੈ। ਮੁਲਕ ਵਿਚ ਕਈ ਥਾਵਾਂ ਉਤੇ ਸਿੱਖ ਮੁਜ਼ਾਹਰਾਕਾਰੀਆਂ ਨੇ ਇਸ ਘਟਨਾ ਖਿਲਾਫ ਤਿੱਖਾ ਰੋਸ ਪ੍ਰਗਟ ਕੀਤਾ ਹੈ। ਤਕਰੀਬਨ ਹਰ ਗੈਰ ਭਾਜਪਾ ਸਿਆਸੀ ਪਾਰਟੀ ਇਨ੍ਹਾਂ ਰੋਸ ਮੁਜ਼ਾਹਰਿਆਂ ਵਿਚ ਸ਼ਾਮਲ ਹੋਈ ਹੈ।

ਇਸ ਬਾਬਤ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੇ ਸਿਆਸੀ ਗਠਜੋੜ ਵਿਚ ਸ਼ਾਮਲ ਸ਼੍ਰੋਮਣੀ ਅਕਾਲੀ ਦਲ ਦੇ ਰੋਲ ਉਤੇ ਵੀ ਕਿੰਤੂ-ਪ੍ਰੰਤੂ ਹੋਇਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਜੋ ਭਾਜਪਾ ਦੀ ਟਿਕਟ 'ਤੇ ਵਿਧਾਇਕ ਬਣੇ ਸਨ, ਨੂੰ ਸਿੱਖਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਹੈ।

ਸ਼੍ਰੋਮਣੀ ਅਕਾਲੀ ਦਲ ਕਿਸੇ ਘੱਟਗਿਣਤੀ ਦੀ ਨੁਮਾਇੰਦਗੀ ਕਰਨ ਵਾਲੀ ਮੁਲਕ ਦੀ ਸਭ ਤੋਂ ਪੁਰਾਣੀ ਪਾਰਟੀ ਹੈ। ਇਹ ਕਾਂਗਰਸ ਨੂੰ ਛੱਡ ਕੇ ਮੁਲਕ ਦੀ ਸਭ ਤੋਂ ਪੁਰਾਣੀ ਰਾਜਸੀ ਪਾਰਟੀ ਵੀ ਹੈ। ਅਕਾਲੀ ਦਲ ਲੰਮਾ ਸਮਾਂ ਘੱਟਗਿਣਤੀਆਂ ਦੇ ਹੱਕਾਂ ਅਤੇ ਮਸਲਿਆਂ ਲਈ ਲੜਦਾ ਰਿਹਾ ਹੈ ਪਰ 1997 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਕਰਨ ਪਿਛੋਂ ਅਕਾਲੀ ਦਲ ਨੇ ਆਪਣੇ ਇਸ ਏਜੰਡੇ ਤੋਂ ਕਿਨਾਰਾ ਕਰ ਲਿਆ ਹੈ। ਇਹ ਗਠਜੋੜ ਪ੍ਰਕਾਸ਼ ਸਿੰਘ ਬਾਦਲ ਵਲੋਂ ਸੂਬੇ ਦੇ ਧਾਰਮਿਕ-ਰਾਜਸੀ ਖੇਤਰ ਵਿਚ ਆਪਣੀ ਤਾਕਤ ਮਜ਼ਬੂਤ ਕਰਨ ਲਈ ਕੀਤਾ ਸੀ, ਭਾਵੇਂ ਇਸ ਨੂੰ ਸੂਬੇ ਵਿਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਜੋਂ ਪ੍ਰਚਾਰਿਆ ਗਿਆ ਸੀ।

ਮੁਲਕ ਵਿਚ ਇਕ ਰੰਗ ਵਿਚ ਰੰਗਣ ਵਾਲੀ ਚੱਲ ਰਹੀ ਸਿਆਸੀ ਮੁਹਿੰਮ ਵਿਚ ਅਕਾਲੀ ਦਲ ਦਾ ਕੀ ਰੋਲ ਹੋਣਾ ਚਾਹੀਦਾ ਹੈ? ਇਹ ਜਾਣਨ ਅਤੇ ਸਮਝਣ ਲਈ ਪਾਰਟੀ ਨੂੰ ਆਪਣੇ ਪੁਰਾਣੇ ਦਸਤਾਵੇਜ਼ ਪੜ੍ਹਨੇ ਚਾਹੀਦੇ ਹਨ ਪਰ ਸਮੱਸਿਆ ਇਹ ਹੈ ਕਿ ਅਕਾਲੀ ਦਲ ਦਾ ਸਿਆਸੀ ਰਾਹ ਹੁਣ ਇਸ ਦੇ ਮੁੱਢਲੇ ਸੰਵਿਧਾਨ, ਮਾਨਤਾਵਾਂ ਅਤੇ ਨਿਸ਼ਾਨਿਆਂ ਦੀ ਥਾਂ ਕਈ ਹੋਰ ਵਿਚਾਰ ਤੈਅ ਕਰਦੇ ਹਨ। ਹਿੰਦੋਸਤਾਨ ਵਰਗੇ ਬਹੁਭਾਂਤੀ ਮੁਲਕ ਵਿਚ ਇਕਰੂਪਤਾ ਭਾਵੇਂ ਅਸੰਭਵ ਹੈ, ਫਿਰ ਵੀ ਇਹ ਹੁਣ ਬਹੁਗਿਣਤੀ ਦੀ ਮੁੱਖ ਦੰਦ ਕਥਾ ਹੈ ਜਿਸ ਦਾ ਪ੍ਰਗਟਾਵਾ ਹੁਕਮਰਾਨ ਭਾਜਪਾ ਨੇ ਲੋਕ ਸਭਾ ਵਿਚ ਸ਼ਰੇਆਮ ਕੀਤਾ ਹੈ। ਅਕਾਲੀ ਦਲ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਇਸ ਮਾਹੌਲ ਵਿਚ ਸਿੱਖ ਵਿਚਾਰਧਾਰਾ ਦੇ 'ਸਭੇ ਸਾਂਝੀਵਾਲ ਸਦਾਇਨ' ਦੇ ਸੰਕਲਪ ਅਨੁਸਾਰ ਆਪਣਾ ਵਿਚਾਰਧਾਰਕ ਪੈਂਤੜਾ ਲਵੇ।

ਇਸ ਲੰਮੇ ਲੜੇ ਜਾਣ ਵਾਲੇ ਸੰਘਰਸ਼ ਵਿਚ ਕਾਂਗਰਸ ਦੀਆਂ ਸਰਕਾਰਾਂ ਵਾਲੇ ਸੂਬਿਆਂ ਦਾ ਰੋਲ ਹੋਰ ਵੀ ਮਹੱਤਵਪੂਰਨ ਹੈ। ਤ੍ਰਿਣਮੂਲ ਕਾਂਗਰਸ, ਡੀ.ਐਮ.ਕੇ., ਐਸ.ਪੀ., ਬੀ.ਐਸ.ਪੀ. ਵਰਗੀਆਂ ਵਿਰੋਧੀ ਪਾਰਟੀਆਂ ਖੇਤਰੀ ਪਾਰਟੀਆਂ ਹਨ ਅਤੇ ਇਨ੍ਹਾਂ ਦੀ ਹਾਲਤ ਕਾਂਗਰਸ ਨਾਲੋਂ ਵੀ ਮਾੜੀ ਹੈ। ਇਨ੍ਹਾਂ ਦੇ ਆਗੂਆਂ ਨੇ ਵੀ ਅਸਲ ਹਾਲਾਤ ਨੂੰ ਸਮਝਣ ਦੀ ਥਾਂ ਆਪਣੀ ਹਉਮੈ ਨੂੰ ਹੀ ਅੱਗੇ ਰੱਖਿਆ ਹੈ। ਭਾਜਪਾ ਨੇ ਆਪਣਾ ਏਜੰਡਾ ਪਹਿਲਾਂ ਹੀ ਸਪਸ਼ਟ ਕਰ ਦਿੱਤਾ ਹੈ। ਇਸ ਏਜੰਡੇ ਉਤੇ ਹੁਣ ਪਿੰਡਾਂ, ਸ਼ਹਿਰਾਂ, ਖੇਤਾਂ ਅਤੇ ਗਲੀਆਂ ਵਿਚ ਲੜਿਆ ਜਾਵੇਗਾ ਅਤੇ ਇਹ ਲੜਾਈ ਭਾਜਪਾ ਤੇ ਕਾਂਗਰਸ ਵਿਚਾਲੇ ਹੀ ਹੋਵੇਗੀ।

# ਹਜੂਮੀ ਹਿੰਸਾ ਤੋਂ ਘੱਟਗਿਣਤੀਆਂ ਦੀ ਰਾਖੀ ਦਾ ਸਵਾਲ

ਮੋਦੀ ਸਰਕਾਰ ਦੇ ਦੁਬਾਰਾ ਸੱਤਾਧਾਰੀ ਹੁੰਦਿਆਂ ਹੀ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਹਿੰਦੂਤਵ ਬ੍ਰਿਗੇਡ ਨੇ ਧਾਰਮਿਕ ਘੱਟਗਿਣਤੀਆਂ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ ਹੈ। ਭਗਵੇਂ ਹਜੂਮਾਂ ਵੱਲੋਂ ਮੁਸਲਮਾਨਾਂ ਨੂੰ ਘੇਰ ਕੇ ਕੁੱਟਮਾਰ ਕਰਨ ਅਤੇ ਉਨ੍ਹਾਂ ਨੂੰ ਦਹਿਸ਼ਤਜ਼ਦਾ ਕਰਕੇ 'ਜੈ ਸ੍ਰੀਰਾਮ' ਕਹਿਣ ਲਈ ਮਜਬੂਰ ਕਰਨ ਦੀਆਂ ਖਬਰਾਂ ਆਮ ਗੱਲ ਹੋ ਚੁੱਕੀ ਹੈ। ਗੱਲ ਮਹਿਜ਼ ਕੁੱਟਮਾਰ ਤਕ ਹੀ ਸੀਮਤ ਨਹੀਂ, ਪਹਿਲਾਂ ਵਾਂਗ ਹਜੂਮੀ ਕਤਲਾਂ ਦਾ ਸਿਲਸਿਲਾ ਮੁੜ ਸ਼ੁਰੂ ਹੋ ਗਿਆ ਹੈ। ਜਾਪਦਾ ਹੈ ਇਹ ਤਾਕਤਾਂ ਚੋਣਾਂ ਖਤਮ ਹੋਣ ਦੀ ਉਡੀਕ ਹੀ ਕਰ ਰਹੀਆਂ ਸਨ।

ਕੇਂਦਰ ਤੇ ਸੂਬਾ ਸਰਕਾਰਾਂ ਨੂੰ ਉਨ੍ਹਾਂ ਦਿਸ਼ਾ-ਨਿਰਦੇਸ਼ਾਂ ਦੀ ਕੋਈ ਪ੍ਰਵਾਹ ਨਹੀਂ ਹੈ ਜੋ ਮੁਲਕ ਦੀ ਸੁਪਰੀਮ ਕੋਰਟ ਵਲੋਂ ਪਿਛਲੇ ਸਾਲ ਹਜੂਮੀ ਹਿੰਸਾ ਨੂੰ ਰੋਕਣ ਲਈ ਦਿੱਤੇ ਗਏ ਸਨ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਦਾ ਮੂੰਹ ਚਿੜਾਉਂਦੇ ਹੋਏ 18 ਜੂਨ ਨੂੰ ਝਾਰਖੰਡ ਵਿਚ ਹਜੂਮ ਵੱਲੋਂ 22 ਕੁ ਸਾਲ

**ਬੂਟਾ ਸਿੰਘ**
ਫੋਨ: +91-94634-74342

ਦੇ ਮੁਸਲਿਮ ਨੌਜਵਾਨ ਤਬਰੇਜ਼ ਅੰਸਾਰੀ ਦੀ 12 ਘੰਟੇ ਖੰਭੇ ਨਾਲ ਬੰਨ੍ਹ ਕੇ ਕੁੱਟਮਾਰ ਕੀਤੀ ਗਈ ਕਿ ਬਾਅਦ ਵਿਚ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਉਹ ਦਮ ਤੋੜ ਗਿਆ। ਇਸ ਹਜੂਮੀ ਹਮਲੇ ਦਾ ਦਸ ਮਿੰਟ ਦਾ ਵੀਡੀਓ ਕਲਿਪ ਵਾਇਰਲ ਹੋਇਆ ਹੈ। ਮਨੁੱਖੀ ਹੱਕਾਂ ਦੀ ਇਕ ਜਥੇਬੰਦੀ ਨੇ ਵੀ ਤੱਥਾਂ ਦੀ ਛਾਣਬੀਣ ਕਰਕੇ ਰਿਪੋਰਟ ਜਾਰੀ ਕੀਤੀ ਹੈ ਜੋ ਹਜੂਮੀ ਕਤਲਾਂ ਅਤੇ ਸੱਤਾਧਾਰੀ ਹਿੰਦੂਤਵ ਦੇ ਗੂੜ੍ਹੇ ਰਿਸ਼ਤੇ ਨੂੰ ਸਾਹਮਣੇ ਲਿਆਉਂਦੀ ਹੈ। ਬੁਰੀ ਤਰ੍ਹਾਂ ਜ਼ਖਮੀ ਅੰਸਾਰੀ ਚਾਰ ਦਿਨ ਹਵਾਲਾਤੀ ਵਜੋਂ ਜੇਲ੍ਹ ਵਿਚ ਤੜਪਦਾ ਰਿਹਾ ਲੇਕਿਨ ਪੁਲਿਸ ਨੇ ਉਸ ਨੂੰ ਇਲਾਜ ਲਈ ਹਸਪਤਾਲ ਦਾਖਲ ਨਹੀਂ ਕਰਵਾਇਆ। ਉਲਟਾ ਇਲਾਜ ਦੀ ਮੰਗ ਕਰਨ ਵਾਲੇ ਉਸ ਦੇ ਪਰਿਵਾਰ ਮੈਂਬਰਾਂ ਨੂੰ ਹੀ ਧਮਕੀਆਂ ਦਿੱਤੀਆਂ ਗਈਆਂ। ਇਸ ਸਮੁੱਚੇ ਮਾਮਲੇ ਨੂੰ ਦਬਾਉਣ ਲਈ ਹਰ ਹਰਬਾ ਵਰਤਿਆ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਸਦ ਵਿਚ ਇਤਰਾਜ਼ ਕੀਤਾ ਕਿ ਝਾਰਖੰਡ ਨੂੰ ਹਜੂਮੀ ਕਤਲਾਂ ਦਾ 'ਅੱਡਾ' ਕਿਉਂ ਕਿਹਾ ਜਾ ਰਿਹਾ ਹੈ। ਸੱਤਾ ਦੇ ਨਸ਼ੇ ਵਿਚ ਮਗਰੂਰ ਹੁਕਮਰਾਨਾਂ ਨੂੰ ਜੋ ਆਪਣੀਆਂ ਮਨਪਸੰਦ ਗੱਲਾਂ ਤੋਂ ਇਲਾਵਾ ਹੋਰ ਸਭ ਕਾਸੇ ਨੂੰ ਭੁੱਲ ਜਾਣ ਦੀ ਬਿਮਾਰੀ ਹੈ, ਨਰਿੰਦਰ ਮੋਦੀ ਨੂੰ ਉਹ ਰੋਗ ਸ਼ਾਇਦ ਕੁਝ ਜ਼ਿਆਦਾ ਹੀ ਹੈ। ਝਾਰਖੰਡ ਵਿਚ ਸੰਘ ਦੀ ਸਰਕਾਰ ਹੈ ਅਤੇ 'ਪ੍ਰਧਾਨ ਸੇਵਕ' ਭੁੱਲ ਜਾਣਾ ਚਾਹੁੰਦਾ ਹੈ ਕਿ ਹਜੂਮੀ ਕਤਲਾਂ ਦੇ ਮਾਮਲੇ ਵਿਚ ਝਾਰਖੰਡ ਪਹਿਲੇ ਨੰਬਰ 'ਤੇ ਹੈ ਜਿਥੇ ਮਈ 2015 ਤੋਂ ਲੈ ਕੇ ਦਸੰਬਰ 2018 ਦੇ ਅਰਸੇ ਦੌਰਾਨ 17 ਕਤਲ ਇਥੇ ਹੀ ਹੋਏ ਜਦਕਿ ਪੂਰੇ ਮੁਲਕ ਵਿਚ ਇਹ ਗਿਣਤੀ 44 ਸੀ। ਤਬਰੇਜ਼ ਕਾਂਡ 2019 ਦੀ ਪਹਿਲੀ ਛਿਮਾਹੀ ਵਿਚ ਇਥੇ ਹਜੂਮੀ ਕਤਲ ਦੀ ਤੀਜੀ ਵਾਰਦਾਤ ਹੈ।

ਇਸੇ ਸਾਲ 10 ਅਪਰੈਲ ਨੂੰ ਇਥੇ ਇਕ ਇਸਾਈ ਕਬਾਇਲੀ ਨੂੰ ਗਊ ਮਾਸ ਦੇ ਬਹਾਨੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ। ਤਬਰੇਜ਼ ਕਾਂਡ ਤੋਂ ਥੋੜ੍ਹੇ ਦਿਨ ਬਾਅਦ ਹੀ ਇਕ ਮੁਸਲਿਮ ਮਦਰੱਸੇ ਦੇ ਅਧਿਆਪਕ ਨੂੰ ਕੋਲਕਾਤਾ ਵਿਚ ਚਲਦੀ ਟਰੇਨ ਵਿਚੋਂ ਬਾਹਰ ਸੁੱਟ ਦਿੱਤਾ ਗਿਆ। ਇਹ ਤਾਂ ਮੋਦੀ ਅਤੇ ਉਸ ਦਾ ਸੰਘ ਬ੍ਰਿਗੇਡ ਹੀ ਦੱਸ ਸਕਦਾ ਹੈ ਕਿ ਇਸ ਨੂੰ ਹਜੂਮੀ ਕਤਲਾਂ ਦੇ ਅੱਡੇ ਦੀ ਬਜਾਏ ਹੋਰ ਕੀ ਕਿਹਾ ਜਾਵੇ?

ਇਸ ਤਰ੍ਹਾਂ ਦੇ ਹਮਲੇ ਅਤੇ ਬਾਅਦ ਵਿਚ ਰਾਜਸੀ ਦਬਾਓ ਹੇਠ ਤੈਅਸ਼ੁਦਾ ਪੈਟਰਨ ਅਨੁਸਾਰ ਪੁਲਿਸ ਦੀ ਕਾਰਵਾਈ ਮੋਦੀ ਰਾਜ ਦਾ ਦਸਤੂਰ ਹੈ। ਇਹ ਤਮਾਮ ਹਮਲੇ ਹਿੰਦੂਤਵ ਸਰਕਾਰ ਦੀ ਸ਼ਹਿ 'ਤੇ ਅਤੇ ਬਹੁਤੇ ਪੁਲਿਸ ਦੀ ਮਿਲੀਭੁਗਤ ਨਾਲ ਕੀਤੇ ਜਾਂਦੇ ਹਨ। ਪੁਲਿਸ ਐਸੀਆਂ ਘਟਨਾਵਾਂ ਮੌਕੇ ਸਭ ਕੁਝ ਜਾਣਦੀ ਹੋਈ ਮੂੰਹ ਫੇਰ ਲੈਂਦੀ ਹੈ; ਜਾਂ ਫਿਰ ਹਮਲਾਵਰ ਭਗਵੇਂ ਅਨਸਰਾਂ ਵਲੋਂ ਇਨ੍ਹਾਂ ਵਾਰਦਾਤਾਂ ਨੂੰ ਅੰਜਾਮ ਦਿੱਤੇ ਜਾਣ ਵਕਤ ਤਾਂ ਪੁਲਿਸ ਤਮਾਸ਼ਬੀਨ ਬਣੀ ਰਹਿੰਦੀ ਹੈ ਲੇਕਿਨ ਬਾਅਦ ਵਿਚ ਇਸ ਸਿਲਸਿਲੇ ਪਿੱਛੇ ਕੰਮ ਕਰ ਰਹੀ ਹਿੰਦੂਤਵ ਦੀ ਸਾਜ਼ਿਸ਼ 'ਤੇ ਪਰਦਾ ਪਾਉਣ ਲਈ ਪੁਲਿਸ ਫੁਰਤੀ ਨਾਲ ਹਜੂਮੀ ਕਾਤਲਾਂ ਵੱਲੋਂ ਬਣਾਈਆਂ ਝੂਠੀਆਂ ਕਹਾਣੀਆਂ ਨੂੰ ਪ੍ਰਚਾਰਨ ਵਿਚ ਜੁੱਟ ਜਾਂਦੀ ਹੈ। ਤਬਰੇਜ਼ ਦੇ ਕਤਲ ਤੋਂ ਬਾਅਦ ਪੁਲਿਸ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਉਹ ਮੋਟਰਸਾਈਕਲ ਚੋਰੀ ਕਰਦਾ ਮੌਕੇ 'ਤੇ ਫੜਿਆ ਗਿਆ ਸੀ; ਕਿ ਅਦਾਲਤੀ ਹਿਰਾਸਤ ਵਿਚ ਹੋਣ ਸਮੇਂ ਉਸ ਦਾ ਦਿਲ ਫੇਲ੍ਹ ਹੋ ਗਿਆ ਤੇ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ ਜਦਕਿ ਐਫ. ਆਈ.ਆਰ. ਕਹਿੰਦੀ ਹੈ ਕਿ ਹਜੂਮ ਨੇ ਬੇਤਹਾਸ਼ਾ ਕੁੱਟਮਾਰ ਕਰਦੇ ਹੋਏ ਉਸ ਤੋਂ 'ਜੈ ਸ੍ਰੀਰਾਮ' ਤੇ 'ਜੈ ਹਨੂਮਾਨ' ਦੇ ਨਾਅਰੇ ਲਵਾਏ ਜਿਸ ਦੀ ਤਸਦੀਕ ਵੀਡੀਓ ਕਲਿਪ ਵੀ ਕਰਦਾ ਹੈ।

ਇਸ ਹਜੂਮੀ ਕਤਲ ਦਾ ਵਿਆਪਕ ਵਿਰੋਧ ਹੋਣ 'ਤੇ ਝਾਰਖੰਡ ਸਰਕਾਰ ਨੇ ਅਖਬਾਰਾਂ ਵਿਚ ਸਰਕੂਲਰ ਜਾਰੀ ਕੀਤਾ ਹੈ। ਇਸ ਵਿਚ ਹਜੂਮੀ ਵਾਰਦਾਤਾਂ ਵਿਚ ਸ਼ਾਮਲ ਅਨਸਰਾਂ ਦੀਆਂ ਜਾਇਦਾਦਾਂ ਕੁਰਕ ਕਰਨ ਅਤੇ ਉਨ੍ਹਾਂ ਨੂੰ ਫਾਸਟ-ਟਰੈਕ ਅਦਾਲਤਾਂ ਰਾਹੀਂ ਸਜ਼ਾਵਾਂ ਦੇਣ ਦੀ ਗੱਲ ਕਹੀ ਗਈ ਹੈ। ਐਸੇ ਮਾਮਲਿਆਂ ਨੂੰ ਆਮ ਤੌਰ 'ਤੇ ਨਜ਼ਰਅੰਦਾਜ਼ ਕਰਨ ਵਾਲੇ ਪ੍ਰਧਾਨ ਮੰਤਰੀ ਮੋਦੀ ਨੂੰ ਵੀ ਪਾਰਲੀਮੈਂਟ ਵਿਚ ਮੂੰਹ ਖੋਲ੍ਹ ਕੇ ਇਸ ਕਤਲ ਉਪਰ 'ਦੁੱਖ' ਜ਼ਾਹਰ ਕਰਨਾ ਪੈ ਗਿਆ; ਲੇਕਿਨ ਸਵਾਲ ਇਹ ਹੈ ਕਿ ਕੀ ਸੱਤਾਧਾਰੀ ਧਿਰ ਐਸੇ ਦਰਦਨਾਕ ਕਤਲ ਦਾ ਸੱਚਮੁੱਚ ਦਰਦ ਮਹਿਸੂਸ ਕਰਦੀ ਹੈ ਜਾਂ ਇਹ ਫਾਸ਼ੀਵਾਦ ਦਾ ਦੋ-ਮੂੰਹਾਂ ਚਿਹਰਾ ਹੈ?

ਇਤਫਾਕ ਨਾਲ ਤਬਰੇਜ਼ ਦੇ ਹਜੂਮੀ ਕਤਲ ਦੇ ਦਿਨ ਹੀ ਯੂ.ਐਸ.ਏ. ਨੇ ਇਕ ਰਿਪੋਰਟ ਜਾਰੀ ਕੀਤੀ ਹੈ। ਮੋਦੀ ਸਰਕਾਰ ਦੇ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ 6 ਫਰਵਰੀ ਨੂੰ ਲੋਕ ਸਭਾ ਵਿਚ ਪੇਸ਼ ਕੀਤੇ ਅੰਕੜਿਆਂ ਦੇ ਹਵਾਲੇ ਨਾਲ ਰਿਪੋਰਟ ਕਹਿੰਦੀ ਹੈ ਕਿ 2015-2017 ਦਰਮਿਆਨ ਫਿਰਕੂ ਘਟਨਾਵਾਂ ਵਿਚ 9% ਦਾ ਵਾਧਾ ਹੋਇਆ।




ਨਤੀਜੇ ਵਜੋਂ 2017 ਵਿਚ ਜੋ 822 ਘਟਨਾਵਾਂ ਵਾਪਰੀਆਂ ਉਨ੍ਹਾਂ ਵਿਚ 111 ਲੋਕ ਮਾਰੇ ਗਏ ਅਤੇ 2384 ਫੱਟੜ ਹੋਏ। ਰਿਪੋਰਟ ਜ਼ੋਰ ਦਿੰਦੀ ਹੈ ਕਿ ਭਾਰਤ 'ਚ 2018 ਵਿਚ ਘੱਟਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਉਪਰ ਗਊਆਂ ਦੀ ਤਸਕਰੀ ਜਾਂ ਗਊ ਮਾਸ ਦੀਆਂ ਅਫਵਾਹਾਂ ਦੇ ਮਾਹੌਲ ਵਿਚ 'ਹਿੰਸਕ ਅਤਿਵਾਦੀ ਹਿੰਦੂ ਗਰੁੱਪਾਂ' ਦੇ ਹਜੂਮੀ ਹਮਲੇ ਜਾਰੀ ਰਹੇ। ਇਸ ਸਾਲ ਅੱਠ ਲੋਕ ਇਸ ਹਿੰਸਾ ਵਿਚ ਮਾਰ ਦਿੱਤੇ ਗਏ।

ਇਹ 'ਕੌਮਾਂਤਰੀ ਧਾਰਮਿਕ ਆਜ਼ਾਦੀ ਰਿਪੋਰਟ' ਸਾਫ ਤੌਰ 'ਤੇ ਕਹਿੰਦੀ ਹੈ ਕਿ ਸੱਤਾਧਾਰੀ ਭਾਜਪਾ ਦੇ ਕਈ ਸੀਨੀਅਰ ਅਹੁਦੇਦਾਰ ਘੱਟਗਿਣਤੀ ਭਾਈਚਾਰਿਆਂ ਵਿਰੁੱਧ ਭੜਕਾਊ ਬਿਆਨਬਾਜ਼ੀ ਕਰਦੇ ਰਹੇ। ਰਿਪੋਰਟ ਹਿੰਦੂਤਵ ਧੌਂਸ ਦੇ ਹੋਰ ਬਹੁਤ ਸਾਰੇ ਪਹਿਲੂਆਂ ਦਾ ਵੀ ਜ਼ਿਕਰ ਕਰਦੀ ਹੈ। ਭਗਵੇਂ ਨਿਜ਼ਾਮ ਨੂੰ ਕਟਹਿਰੇ ਵਿਚ ਖੜ੍ਹਾ ਕਰ ਦੇਣ ਵਾਲੀ ਇਸ ਰਿਪੋਰਟ ਨਾਲ ਮੋਦੀ ਸਰਕਾਰ ਕਸੂਤੀ ਹਾਲਤ ਵਿਚ ਘਿਰ ਗਈ ਜੋ ਸੰਘ ਬ੍ਰਿਗੇਡ ਦੇ ਸਭ ਤੋਂ ਕਰੀਬੀ 'ਮਿੱਤਰ' ਰਾਜਾਂ ਵਿਚੋਂ ਇਕ ਹੈ। ਸੰਘੀਆਂ ਨੇ ਉਹੀ ਪੁਰਾਣਾ ਰਾਗ ਛੋਹ ਲਿਆ ਕਿ ਇਕ ਵਿਦੇਸ਼ੀ ਸਰਕਾਰ ਨੂੰ ਸਾਡੇ ਮੁਲਕ ਦੇ ਨਾਗਰਿਕਾਂ ਦੇ ਸੰਵਿਧਾਨਕ ਤੌਰ 'ਤੇ ਸੁਰੱਖਿਅਤ ਹੱਕਾਂ ਉਪਰ ਫਤਵੇ ਦੇਣ ਅਤੇ ਮੋਦੀ ਸਰਕਾਰ ਵਿਰੋਧੀ ਪੱਖਪਾਤੀ ਰਿਪੋਰਟਾਂ ਜਾਰੀ ਕਰਨ ਦਾ ਕੋਈ ਹੱਕ ਨਹੀਂ; ਕਿ ਸਾਡਾ ਮੁਲਕ ਤਾਂ ਵੰਨ-ਸਵੰਨੀ ਸੰਸਕ੍ਰਿਤੀ ਵਾਲੇ ਜਮਹੂਰੀ ਮੁੱਲਾਂ ਨੂੰ ਪ੍ਰਣਾਈ 'ਸਭ ਤੋਂ ਵੱਡੀ ਜਮਹੂਰੀਅਤ' ਹੈ। ਦਰਅਸਲ, ਇਹੀ ਬਚਾਓ ਦੀ ਹਾਲਤ ਸੀ ਜਿਸ ਵਿਚ ਮੋਦੀ ਨੂੰ ਇਸ ਹਜੂਮੀ ਕਤਲ ਉਪਰ ਦੁੱਖ ਜ਼ਾਹਰ ਕਰਨਾ ਪਿਆ।

ਸਵਾਲ ਮਹਿਜ਼ ਦੁੱਖ ਜ਼ਾਹਿਰ ਕਰਨ ਦਾ ਨਹੀਂ ਸਗੋਂ ਇਸ ਵਹਿਸ਼ੀ ਵਰਤਾਰੇ ਨੂੰ ਰੋਕਣ ਲਈ ਸਖਤ ਵਿਹਾਰਕ ਕਦਮ ਚੁੱਕੇ ਜਾਣ ਦਾ ਹੈ। ਭਗਵੇਂ ਹੁਕਮਰਾਨਾਂ ਤੋਂ ਇਹ ਉਮੀਦ ਕੀਤੀ ਹੀ ਨਹੀਂ ਜਾ ਸਕਦੀ, ਕਿਉਂਕਿ ਉਨ੍ਹਾਂ ਦਾ ਰਾਜਸੀ ਏਜੰਡਾ ਹੀ ਹਜੂਮੀ ਕਤਲਾਂ ਅਤੇ ਹੋਰ ਰੂਪਾਂ ਵਿਚ ਰਾਜਸੀ ਅਤੇ ਰਾਜਕੀ ਦਹਿਸ਼ਤ ਫੈਲਾ ਕੇ ਘੱਟਗਿਣਤੀਆਂ ਨੂੰ ਤੁੰਨ ਕੇ ਰੱਖਣ ਦਾ ਹੈ। ਅਖਲਾਕ, ਪਹਿਲੂ, ਅਫਰਾਜ਼ੁਲ, ਜੁਨੈਦ, ਅਲੀਮੂਦੀਨ, ਤਬਰੇਜ਼ ਇਹ ਸਾਰੇ ਮੁਸਲਿਮ ਘੱਟਗਿਣਤੀ ਨਾਲ ਸਬੰਧਤ ਸਾਧਾਰਨ ਲੋਕ ਸਨ ਜੋ ਹਿੰਦੂਤਵ ਦੇ ਸ਼ਿਸ਼ਕੇਰੇ ਹਜੂਮੀ ਗਰੋਹਾਂ ਦਾ ਨਿਸ਼ਾਨਾ ਬਣੇ। ਇਨ੍ਹਾਂ ਹਜੂਮੀ ਕਤਲਾਂ ਲਈ ਜ਼ਿੰਮੇਵਾਰ ਮੁਜਰਿਮਾਂ ਨੂੰ ਸਜ਼ਾਵਾਂ ਤੋਂ ਬਚਾਉਣ ਲਈ ਜਿਵੇਂ ਪੂਰਾ ਸੱਤਾ ਤੰਤਰ ਜ਼ੋਰ-ਸ਼ੋਰ ਨਾਲ ਜੁੱਟ ਜਾਂਦਾ ਹੈ, ਇਸ ਹਾਲਤ ਵਿਚ ਅਦਾਲਤੀ ਇਨਸਾਫ ਦੀ ਗੁੰਜਾਇਸ਼ ਹੀ ਕਿਥੇ ਹੈ।

ਪਿਛਲੇ ਸਾਲ ਝਾਰਖੰਡ ਹਾਈ ਕੋਰਟ ਨੇ ਰਾਮਗੜ੍ਹ ਹਜੂਮੀ ਕਤਲ ਦੇ 11 ਵਿਚੋਂ ਅੱਠ ਦੋਸ਼ੀਆਂ ਦੀ ਸਜ਼ਾ ਉਪਰ ਰੋਕ ਲਾ ਕੇ ਉਨ੍ਹਾਂ ਨੂੰ ਜ਼ਮਾਨਤ ਉਪਰ ਰਿਹਾਅ ਕਰ ਦਿੱਤਾ ਗਿਆ ਜਿਨ੍ਹਾਂ ਨੇ ਜੂਨ 2017 ਵਿਚ ਅਲੀਮੂਦੀਨ ਅੰਸਾਰੀ ਨੂੰ ਗਊ ਮਾਸ ਦੇ ਬਹਾਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਮੁਜਰਿਮਾਂ ਵਿਚ ਭਾਜਪਾ ਦਾ ਜ਼ਿਲ੍ਹਾ ਮੀਡੀਆ ਸੈਲ ਮੁਖੀ ਨਿਤਿਆਨੰਦ ਮਹਤੋ ਵੀ ਸੀ, ਉਨ੍ਹਾਂ ਨੂੰ ਫਾਸਟ ਟਰੈਕ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ। ਸੱਤਾਧਾਰੀ ਭਾਜਪਾ ਨਾਲ ਸਬੰਧਤ ਹੋਣ ਕਾਰਨ ਉਹ ਮੌਜ ਨਾਲ ਹੀ ਰਿਹਾਅ ਹੋ ਗਏ।

ਇਸ ਮਾਮਲੇ ਵਿਚ ਕਾਂਗਰਸ ਦੀ ਕਾਰਗੁਜ਼ਾਰੀ ਕੋਈ ਵੱਖਰੀ ਨਹੀਂ ਜੋ ਦਰਅਸਲ ਖੁਦ ਹੀ 1984 ਵਿਚ ਹਜ਼ਾਰਾਂ ਬੇਕਸੂਰ ਸਿੱਖਾਂ ਦਾ ਗਿਣ-ਮਿਥ ਕੇ ਕਤਲੇਆਮ ਕਰਵਾਉਣ ਵਿਚ ਸ਼ਾਮਲ ਰਹੀ ਹੈ ਅਤੇ ਜੋ ਆਪਣੇ ਹਤਿਆਰੇ ਗਰੋਹਾਂ ਨੂੰ ਰਾਜ ਸੱਤਾ ਦੇ ਜ਼ੋਰ ਬਚਾਉਣ ਲਈ ਬਚਾਉਣ ਲਈ ਭਾਜਪਾ ਵਾਂਗ ਹੀ ਬਦਨਾਮ ਹੈ। ਹਜੂਮੀ ਹਿੰਸਾ ਅਤੇ ਫਿਰਕੂ ਪਾਲਾਬੰਦੀ ਦੇ ਮੁੱਦਿਆਂ ਦਾ ਇਸਤੇਮਾਲ ਕਾਂਗਰਸੀ ਆਗੂ ਸਿਰਫ ਸੱਤਾ ਉਪਰ ਕਾਬਜ਼ ਹੋਣ ਲਈ ਕਰਦੇ ਹਨ। ਜਿਥੇ ਅਤੇ ਜਦੋਂ ਉਹ ਸੱਤਾਧਾਰੀ ਹੁੰਦੇ ਹਨ ਉਦੋਂ ਮਜ਼ਲੂਮਾਂ ਨੂੰ ਹੀ ਮੁਲਜ਼ਮ ਮੰਨਿਆ ਜਾਂਦਾ ਹੈ। ਰਾਜਸਥਾਨ ਵਿਚ ਇਸ ਵਕਤ ਕਾਂਗਰਸ ਸੱਤਾਧਾਰੀ ਹੈ ਅਤੇ ਹਾਲ ਹੀ ਵਿਚ ਅਸ਼ੋਕ ਗਹਿਲੋਤ ਸਰਕਾਰ ਦੀ ਪੁਲਿਸ ਵੱਲੋਂ ਪਹਿਲੂ ਖਾਨ ਹਜੂਮੀ ਕਤਲ ਕਾਂਡ ਮਾਮਲੇ ਵਿਚ ਅਦਾਲਤ ਵਿਚ ਜੋ ਚਾਰਜਸ਼ੀਟ ਪੇਸ਼ ਕੀਤੀ ਗਈ ਹੈ, ਉਸ ਵਿਚ ਮਕਤੂਲ ਪਹਿਲੂ ਖਾਨ ਅਤੇ ਉਸ ਦੇ ਦੋ ਪੁੱਤਰਾਂ ਨੂੰ ਜਰਾਇਮਪੇਸ਼ਾ ਗਊ ਤਸਕਰਾਂ ਦੇ ਤੌਰ 'ਤੇ ਮੁਲਜ਼ਮ ਰੱਖਿਆ ਗਿਆ ਹੈ।

ਪਹਿਲੂ ਖਾਨ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਆਪ ਬਣੇ 'ਗਊ ਰੱਖਿਅਕਾਂ' ਨੇ ਭਾਜਪਾ ਦੀ ਵਸੁੰਧਰਾ ਰਾਜੇ ਸਰਕਾਰ ਦੇ ਸਮੇਂ ਕਤਲ ਕਰ ਦਿੱਤਾ ਸੀ। ਆਖਰੀ ਸਵਾਸ ਲੈਣ ਤੋਂ ਪਹਿਲਾਂ ਪਹਿਲੂ ਖਾਨ ਨੇ ਬਾਕਾਇਦਾ ਬਿਆਨ ਦੇ ਕੇ ਛੇ ਦੋਸ਼ੀਆਂ ਦੀ ਸਪਸ਼ਟ ਸ਼ਨਾਖਤ ਕੀਤੀ ਸੀ ਲੇਕਿਨ ਪੁਲਿਸ ਵੱਲੋਂ ਗਊਸ਼ਾਲਾ ਦੇ ਮੁਲਾਜ਼ਮਾਂ ਦੀ ਗਵਾਹੀ, ਜੋ ਬਜਰੰਗ ਦਲ ਦੇ ਆਪਣੇ ਬੰਦੇ ਸਨ, ਅਤੇ ਕਥਿਤ ਫੋਨ ਡੇਟਾ ਦੇ ਬਹਾਨੇ ਕਾਤਲਾਂ ਨੂੰ ਕਲੀਨ ਚਿਟ ਦੇ ਦਿੱਤੀ ਗਈ। ਉਲਟਾ ਪਹਿਲੂ ਖਾਨ ਨੂੰ ਹੀ ਗਊ ਤਸਕਰ ਬਣਾ ਕੇ ਮੁਜਰਿਮ ਬਣਾ ਦਿੱਤਾ ਗਿਆ। ਹੁਣ ਜਦੋਂ ਪੁਲਿਸ ਨੇ ਕਥਿਤ ਜਾਂਚ ਤੋਂ ਬਾਅਦ ਹਜੂਮੀ ਕਾਤਲਾਂ ਨੂੰ ਬਚਾਉਣ ਲਈ ਮਕਤੂਲ ਪਹਿਲੂ ਖਾਨ ਅਤੇ ਉਸ ਦੇ ਦੋ ਪੁੱਤਰਾਂ ਦੇ ਖਿਲਾਫ ਚਾਰਜਸ਼ੀਟ ਪੇਸ਼ ਕਰ ਦਿੱਤੀ ਹੈ ਤਾਂ ਇਸ ਦੀ ਸਫਾਈ ਵਿਚ ਮੁੱਖ ਮੰਤਰੀ ਗਹਿਲੋਤ ਕਹਿ ਰਿਹਾ ਹੈ ਕਿ ਇਹ ਤਾਂ ਭਾਜਪਾ ਦੇ ਰਾਜ ਵਿਚ ਕੀਤੀ ਗਈ ਜਾਂਚ ਸੀ ਜਿਸ ਦੇ ਅਧਾਰ 'ਤੇ ਚਲਾਨ ਪੇਸ਼ ਕੀਤਾ ਗਿਆ ਹੈ। ਫਿਰ ਸਵਾਲ ਇਹ ਹੈ ਕਿ ਉਸ ਦੀ ਸਰਕਾਰ ਨੇ ਭਾਜਪਾ ਦੇ ਰਾਜ ਵਿਚ ਹੋਏ ਇਨ੍ਹਾਂ ਸਭ ਤੋਂ ਸੰਵੇਦਨਸ਼ੀਲ ਜੁਰਮਾਂ ਦੇ ਮਾਮਲਿਆਂ ਵਿਚ ਇਨਸਾਫ ਦਿਵਾਉਣ ਲਈ ਕੀ ਕੀਤਾ ਜਿਸ ਦੇ ਵਾਅਦੇ ਉਨ੍ਹਾਂ ਵਲੋਂ ਚੋਣ ਰੈਲੀਆਂ ਵਿਚ ਕੀਤੇ ਜਾਂਦੇ ਰਹੇ?

ਦਰਅਸਲ ਜਿਵੇਂ ਕਹਾਵਤ ਹੈ- 'ਹਾਥੀ ਦੇ ਦੰਦ ਖਾਣ ਲਈ ਹੋਰ ਤੇ ਦਿਖਾਉਣ ਲਈ ਹੋਰ' ਹਨ। ਹਿੰਦੁਸਤਾਨ ਦੀਆਂ ਹਾਕਮ ਜਮਾਤੀ ਪਾਰਟੀਆਂ ਬਾਰੇ ਇਹ ਖਾਸ ਤੌਰ 'ਤੇ ਸੱਚ ਹੈ। ਇਨ੍ਹਾਂ ਹਾਲਾਤ ਵਿਚ ਇਹ ਜ਼ਰੂਰੀ ਹੈ ਕਿ 'ਮੁੱਖਧਾਰਾ' ਸਿਆਸਤ ਤੋਂ ਝਾਕ ਛੱਡ ਕੇ ਹਿੰਦੂਤਵ ਫਾਸ਼ੀਵਾਦ ਦਾ ਨਿਸ਼ਾਨਾ ਬਣ ਰਹੇ ਸਾਰੇ ਦੱਬੇਕੁਚਲੇ ਹਿੱਸੇ ਇਕਜੁੱਟ ਹੋਣ ਅਤੇ ਇਨ੍ਹਾਂ ਹਮਲਿਆਂ ਦਾ ਟਾਕਰਾ ਕਰਨ।

---

# ਭਾਜਪਾ ਦੀ ਜਿੱਤ ਦਾ ਰਾਜ਼

ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਵਿਆਖਿਆ ਕਰਨ ਵਾਲੇ ਕਈ ਤਰ੍ਹਾਂ ਦੇ ਸਿਆਸੀ ਅਤੇ ਸਮਾਜਿਕ ਤਰਕ ਇਸ ਸਮੇਂ ਬੌਧਿਕ ਹਵਾਵਾਂ ਵਿਚ ਤੈਰ ਰਹੇ ਹਨ ਪਰ ਹਾਲ ਹੀ ਵਿਚ ਇਕ ਸਭਿਆਚਾਰਕ ਤਰਕ ਸਾਹਮਣੇ ਆਇਆ ਹੈ। ਇਸ ਤਹਿਤ ਦਾਅਵਾ ਕੀਤਾ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਵੋਟਰਾਂ ਨੂੰ ਜੋ ਕਹਾਣੀ ਸੁਣਾਈ, ਉਸ ਦੀ ਡੂੰਘਾਈ ਵਿਚ ਸਭਿਆਚਾਰ ਸੀ, ਸਿਆਸਤ ਨਹੀਂ; ਭਾਵ ਉਸ ਨੇ ਸੱਤਾ ਹਾਸਲ ਕਰਨ ਲਈ ਸਭਿਆਚਾਰਕ ਦਾਅਵਾ ਕੀਤਾ ਅਤੇ

**ਅਭੈ ਕੁਮਾਰ ਦੂਬੇ**

ਇਕ ਤਰ੍ਹਾਂ ਨਾਲ ਲੋਕਤੰਤਰੀ ਸਿਆਸਤ ਦੇ ਦਾਇਰੇ ਵਿਚ ਸਭਿਆਚਾਰਕ ਪਹਿਲੂਆਂ ਨੂੰ ਥਾਂ ਦਿੱਤੀ।

ਇਹ ਤਰਕ ਸੁਣਨ 'ਚ ਵਧੀਆ ਲਗਦਾ ਹੈ ਪਰ ਜਦੋਂ ਪੁੱਛਿਆ ਗਿਆ ਕਿ ਆਖਰ ਉਹ ਕਿਹੜੀਆਂ ਗੱਲਾਂ ਹਨ ਜੋ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਨੂੰ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਜ਼ਿਆਦਾ ਸਪਸ਼ਟ ਰੂਪ ਨਾਲ ਸਭਿਆਚਾਰਕ ਬਣਾ ਦਿੰਦੀਆਂ ਹਨ ਤਾਂ ਜਾਣਕਾਰੀ ਮਿਲੀ ਕਿ ਰਾਮ ਮੰਦਰ ਬਣਵਾਉਣਾ, ਕਸ਼ਮੀਰ ਤੋਂ ਧਾਰਾ 370 ਹਟਵਾਉਣਾ, ਬਰਾਬਰ ਨਾਗਰਿਕ ਕਾਨੂੰਨ ਬਣਾਉਣਾ ਆਦਿ ਗੱਲਾਂ ਉਸ ਸਭਿਆਚਾਰਕ ਨਕਸ਼ੇ ਦੀ ਨੁਮਾਇੰਦਗੀ ਕਰਦੀਆਂ ਹਨ। ਇਹ ਤਾਂ 'ਪੁੱਟਿਆ ਪਹਾੜ, ਨਿਕਲਿਆ ਚੂਹਾ' ਵਾਲੀ ਗੱਲ ਹੋ ਗਈ। ਇਸ ਤਰ੍ਹਾਂ ਦੀਆਂ ਅਖੌਤੀ ਸਭਿਆਚਾਰਕ ਗੱਲਾਂ ਤਾਂ ਭਾਜਪਾ 80 ਦੇ ਦਹਾਕੇ ਵਿਚ ਆਪਣੇ ਜਨਮ ਤੋਂ ਹੀ ਕਰ ਰਹੀ ਹੈ।

ਦਰਅਸਲ, ਭਾਜਪਾ ਦਾ ਇਤਿਹਾਸ ਇਨ੍ਹਾਂ ਪ੍ਰਸ਼ਨਾਂ ਦੇ ਆਲੇ-ਦੁਆਲੇ ਸਿਆਸਤ ਕਰਨ ਦਾ ਨਾ ਹੋ ਕੇ ਇਨ੍ਹਾਂ ਅਖੌਤੀ ਸਭਿਆਚਾਰਕ ਮੰਗਾਂ ਨੂੰ ਤਰ੍ਹਾਂ-ਤਰ੍ਹਾਂ ਦੇ ਤਰਕ ਦੇ ਕੇ ਠੰਢੇ ਬਸਤੇ ਵਿਚ ਪਾਉਣ ਵਾਲਾ ਰਿਹਾ ਹੈ। ਭਾਜਪਾ ਆਪਣੀ ਅਗਵਾਈ 'ਚ ਦੇਸ਼ ਪੱਧਰ 'ਤੇ ਗੱਠਜੋੜ ਬਣਾ ਹੀ ਨਹੀਂ ਸਕਦੀ ਸੀ, ਜੇ ਉਹ ਆਪਣੀ ਅਖੌਤੀ ਸਭਿਆਚਾਰਕ ਸਿਆਸਤ 'ਤੇ ਜ਼ੋਰ ਦੇ ਕੇ ਤੁਰੀ ਰਹਿੰਦੀ।

ਹੁਣ ਹਾਲਤ ਇਹ ਹੈ ਕਿ ਲਗਾਤਾਰ ਦੋ ਵਾਰ ਬਹੁਮਤ ਪ੍ਰਾਪਤ ਕਰਨ ਕਾਰਨ ਪਾਰਟੀ ਵਿਚ ਇਸ ਗੱਲ ਦੀ ਹਿਮਾਕਤ ਆ ਗਈ ਹੈ ਕਿ ਉਹ ਆਪਣੀ ਵਿਚਾਰਧਾਰਕ ਪਹੁੰਚ ਨੂੰ ਲੈ ਕੇ ਪਹਿਲਾਂ ਵਾਂਗ ਬਚਾਅ ਵਾਲੀ ਪੁਜ਼ੀਸ਼ਨ ਵਿਚ ਨਹੀਂ ਹੈ। ਇਸ ਦਾ ਸਬੂਤ ਕਸ਼ਮੀਰ ਦੇ ਮੁੱਦੇ 'ਤੇ ਸੰਸਦ ਵਿਚ ਦਿੱਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਭਾਸ਼ਨ ਤੋਂ ਮਿਲਦਾ ਹੈ। ਧਿਆਨ ਰਹੇ ਕਿ ਪਿਛਲੇ ਸ਼ਾਸਨ ਕਾਲ ਵਿਚ ਭਾਜਪਾ ਨੇ ਮਹਿਬੂਬਾ ਮੁਫਤੀ ਦੀ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਦੇ ਨਾਲ ਸਮਝੌਤਾ ਕਰਕੇ ਜੰਮੂ ਕਸ਼ਮੀਰ ਵਿਚ ਸਰਕਾਰ ਬਣਾਈ ਸੀ। ਇਸ ਲਈ ਇਨ੍ਹਾਂ ਦੋਵਾਂ ਨੇ ਸਾਂਝਾ ਪ੍ਰੋਗਰਾਮ ਤਿਆਰ ਕੀਤਾ ਸੀ ਜਿਸ ਵਿਚ ਭਾਜਪਾ ਦਾ ਸਪਸ਼ਟ ਵਾਅਦਾ ਸੀ ਕਿ ਉਹ ਧਾਰਾ 370 ਨਾਲ ਛੇੜਖਾਨੀ ਨਹੀਂ ਕਰੇਗੀ। ਅੱਜ ਉਹੀ ਭਾਜਪਾ ਸੰਸਦ ਦੇ ਮੰਚ ਤੋਂ ਦੇਸ਼ ਨੂੰ ਸੰਦੇਸ਼ ਦੇ ਰਹੀ ਹੈ ਕਿ ਧਾਰਾ 370 ਅਸਥਾਈ ਹੈ ਜਿਸ ਨੂੰ ਖਤਮ ਕੀਤਾ ਜਾ ਸਕਦਾ ਹੈ, ਭਾਵ ਮਾਹੌਲ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਜੇ ਸਿਆਸੀ ਗਤੀਸ਼ੀਲਤਾ ਅਤੇ ਦਿਸ਼ਾ ਵਿਚ ਕੋਈ ਬਦਲਾਓ ਨਾ ਹੋਇਆ ਤਾਂ ਹੋ ਸਕਦਾ ਹੈ ਕਿ ਅਗਲੇ ਇਕ-ਦੋ ਸਾਲ ਵਿਚ ਸੰਸਦ ਵਿਚ ਇਸ ਸਬੰਧੀ ਮਤਾ ਪੇਸ਼ ਕਰ ਦਿੱਤਾ ਜਾਵੇ।

ਅੱਜ ਦੀ ਤਰੀਕ ਵਿਚ ਇਹ ਸਮਝਣਾ ਸੌਖਾ ਹੈ ਕਿ ਭਾਜਪਾ ਕਿਸ ਤਰ੍ਹਾਂ ਦੋਵਾਂ ਸਦਨਾਂ ਵਿਚ ਦੋ-ਤਿਹਾਈ ਬਹੁਮਤ ਦਾ ਪ੍ਰਬੰਧ ਕਰਕੇ ਇਸ ਨੂੰ ਪਾਸ ਕਰਵਾ ਲਵੇਗੀ ਅਤੇ ਜੇ ਭਾਜਪਾ ਨੇ ਅਜਿਹਾ ਕਰ ਲਿਆ ਤਾਂ ਕਸ਼ਮੀਰ ਘਾਟੀ ਤੋਂ ਬਾਹਰ ਉਸ ਦੀ ਟੋਪੀ ਵਿਚ ਵੱਡੀ ਕਲਗੀ ਲੱਗ ਜਾਵੇਗੀ। ਹੋ ਸਕਦਾ ਹੈ, ਅਗਲੀਆਂ ਲੋਕ ਸਭਾ ਚੋਣਾਂ ਜਿੱਤਣ 'ਚ ਉਸ ਦਾ ਇਹ ਕਦਮ ਕਾਰਗਰ ਸਾਬਤ ਹੋਵੇ; ਜਿਵੇਂ ਇਨ੍ਹਾਂ ਚੋਣਾਂ 'ਚ ਪੁਲਵਾਮਾ ਅਤੇ ਬਾਲਾਕੋਟ ਦੋ ਘਟਨਾਵਾਂ ਨੇ ਅਸਰ ਕੀਤਾ ਸੀ। ਧਿਆਨ ਰਹੇ ਕਿ ਮੋਦੀ ਅਤੇ ਸ਼ਾਹ ਜਾਣਦੇ ਹਨ ਕਿ ਕਸ਼ਮੀਰ ਵਿਚ ਅਤਿਵਾਦ ਧਾਰਾ 370 ਦੀ ਦੇਣ ਨਹੀਂ ਹੈ। 80 ਦੇ ਦਹਾਕੇ ਦੇ ਆਖਰੀ ਦੌਰ ਦੌਰਾਨ ਅਤਿਵਾਦ ਸ਼ੁਰੂ ਹੋਇਆ ਸੀ ਜਦਕਿ ਇਹ ਧਾਰਾ ਤਾਂ ਸ਼ੇਖ ਅਬਦੁੱਲਾ ਦੇ ਸਮੇਂ ਤੋਂ ਹੈ। ਇਸ ਲਈ ਧਾਰਾ 370 ਖਤਮ ਕਰਨ ਤੋਂ ਪਹਿਲਾਂ ਅਤਿਵਾਦ ਨੂੰ ਖਤਮ ਕਰਨ 'ਤੇ ਭਾਜਪਾ ਦਾ ਧਿਆਨ ਕੇਂਦਰਿਤ ਰਹੇਗਾ।

ਇਸੇ ਤਰ੍ਹਾਂ ਰਾਮ ਜਨਮ ਭੂਮੀ ਮੰਦਰ ਦਾ ਸਵਾਲ ਹੈ। ਇਸ ਨੂੰ ਬਣਾਉਣਾ ਤਾਂ ਮੋਦੀ ਸਰਕਾਰ ਲਈ ਧਾਰਾ 370 ਹਟਾਉਣ ਤੋਂ ਵੀ ਜ਼ਿਆਦਾ ਸੌਖਾ ਹੈ। ਹੌਲੀ-ਹੌਲੀ ਕਰਕੇ ਬਹੁਗਿਣਤੀਵਾਦ ਸਾਡੇ ਲੋਕਤੰਤਰ ਦੀ ਚਾਲਕ ਸ਼ਕਤੀ ਬਣ ਗਿਆ ਹੈ ਅਤੇ ਉਸ ਦੇ ਰੁਤਬੇ ਦੇ ਤਹਿਤ ਮਾਹੌਲ ਕੁਝ ਅਜਿਹਾ ਬਣ ਗਿਆ ਹੈ ਕਿ ਕੋਈ ਵੀ ਸਿਆਸੀ ਸ਼ਕਤੀ ਰਾਮ ਮੰਦਰ ਬਣਾਉਣ ਦਾ ਵਿਰੋਧ ਨਹੀਂ ਕਰ ਸਕਦੀ। ਅੱਜ ਲੋਕਤੰਤਰ ਦਾ ਮਤਲਬ 'ਬਹੁਗਿਣਤੀ' ਦੀ ਇੱਛਾ ਹੋ ਗਈ ਹੈ। ਇਸ ਲਈ ਕਾਨੂੰਨ ਅਤੇ ਅਦਾਲਤ ਦਾ ਬਹਾਨਾ ਲੈ ਕੇ ਕੁਝ ਹੀਲਾ-ਵਸੀਲਾ ਜ਼ਰੂਰ ਕੀਤਾ ਜਾ ਸਕਦਾ ਹੈ ਪਰ ਬਹੁਗਿਣਤੀ ਦੀ ਨੁਮਾਇੰਦਾ ਮੰਨੀ ਜਾਣ ਵਾਲੀ ਇਹ ਸਰਕਾਰ ਇੰਨੀ ਤਾਕਤਵਰ ਹੈ ਕਿ ਉਹ ਇਸ ਤਰ੍ਹਾਂ ਦੀ ਦੇਰੀ ਨੂੰ ਬੇਅਸਰ ਕਰ ਸਕੇਗੀ। ਹੁਣ ਦੇਖਣਾ ਇਹ ਹੈ ਕਿ ਮੋਦੀ ਸਰਕਾਰ ਇਹ ਕੰਮ ਕਦੋਂ ਅਤੇ ਕਿਵੇਂ ਕਰਦੀ ਹੈ?

ਜੇ ਧਾਰਾ 370 ਹਟਾ ਦਿੱਤੀ ਗਈ ਤੇ ਰਾਮ ਮੰਦਰ ਬਣਾਉਣ ਦੀ ਸ਼ੁਰੂਆਤ ਕਰ ਦਿੱਤੀ ਗਈ ਤਾਂ ਫਿਰ ਨੋਟਬੰਦੀ ਜਿਹੀਆਂ ਦਰਜਨਾਂ ਗਲਤੀਆਂ ਕਰਨ ਦੇ ਬਾਵਜੂਦ ਲੋਕ ਮੋਦੀ ਨੂੰ ਤੀਜਾ ਕਾਰਜਕਾਲ ਦੇਣ ਲਈ ਤਿਆਰ ਹੋ ਜਾਣਗੇ। ਜੇ ਮੋਦੀ ਚਾਹੁੰਦੇ ਤਾਂ 2019 ਦੀਆਂ ਚੋਣਾਂ ਵੀ ਰਾਮ ਮੰਦਰ ਦੇ ਮੁੱਦੇ 'ਤੇ ਲੜ ਸਕਦੇ ਸਨ। ਸੰਘ ਪਰਿਵਾਰ ਉਨ੍ਹਾਂ ਨੂੰ ਇਹ ਮੁੱਦਾ ਬਣਾ ਕੇ ਦੇਣ ਲਈ ਤਿਆਰ ਸੀ ਪਰ ਮੋਦੀ ਨੇ ਸੰਘ ਦੀ ਗੱਲ ਨਹੀਂ ਮੰਨੀ ਅਤੇ ਇਸ ਮੁੱਦੇ 'ਤੇ ਜੋ ਕੰਮ ਲੈਣਾ ਚਾਹੀਦਾ ਸੀ, ਉਹ ਉਨ੍ਹਾਂ ਨੇ ਬਾਲਾਕੋਟ ਏਅਰ ਸਟ੍ਰਾਈਕ ਤੋਂ ਲੈਣਾ ਪਸੰਦ ਕੀਤਾ।

ਇਸ ਲਈ ਅਜਿਹਾ ਵੀ ਲਗਦਾ ਹੈ ਕਿ ਮੋਦੀ ਹਿੰਦੂਤਵ ਦੀ ਸਿਆਸਤ ਕਰ ਰਹੇ ਹਨ ਪਰ ਉਨ੍ਹਾਂ ਦੀ ਸ਼ੈਲੀ ਅਤੇ ਉਨ੍ਹਾਂ ਦੀਆਂ ਤਰਜੀਹਾਂ ਉਹ ਨਹੀਂ ਹਨ ਜੋ ਸੰਘ ਪਰਿਵਾਰ ਚਾਹੁੰਦਾ ਹੈ। ਮੋਦੀ ਦੇ ਉਭਾਰ ਤੋਂ ਪਹਿਲਾਂ ਅਯੁੱਧਿਆ ਹਿੰਦੂਤਵ ਦੀ ਰਾਜਨੀਤੀ ਦੇ ਕੇਂਦਰ 'ਚ ਰਹਿੰਦਾ ਸੀ ਪਰ ਮੋਦੀ ਪੰਜ ਸਾਲ ਵਿਚ ਇਕ ਵਾਰ ਵੀ ਅਯੁੱਧਿਆ ਨਹੀਂ ਗਏ, ਚੋਣਾਂ ਦੇ ਦਿਨਾਂ ਵਿਚ ਵੀ ਨਹੀਂ ਜਦਕਿ ਅਯੁੱਧਿਆ ਤੋਂ ਪਰ੍ਹੇ ਜਾ ਕੇ ਉਨ੍ਹਾਂ ਨੇ ਸਿਆਸੀ, ਧਾਰਮਿਕ ਲੋਕਾਂ 'ਤੇ ਬਨਾਰਸ ਜਾਂ ਵਾਰਾਨਸੀ ਜਾਂ ਕਾਸ਼ੀ ਦੇ ਅਕਸ ਦੀ ਛਾਪ ਛੱਡਣ ਦੀ ਭਰਪੂਰ ਕੋਸ਼ਿਸ਼ ਕੀਤੀ। ਕਾਸ਼ੀ ਉਹ ਕਈ ਵਾਰ ਗਏ। ਕੀ ਸਿਰਫ ਇਸ ਲਈ ਕਿ ਉਹ ਉਥੋਂ ਚੋਣਾਂ ਲੜਦੇ ਹਨ? ਜੇ ਅਯੁੱਧਿਆ ਦੀ ਥਾਂ ਕਾਸ਼ੀ ਦੇ ਵਧਦੇ ਹੋਏ ਮਹੱਤਵ ਨੂੰ ਅਸੀਂ ਸਿਰਫ ਇਸ ਨਜ਼ਰ ਨਾਲ ਦੇਖਾਂਗੇ ਤਾਂ ਸ਼ਾਇਦ ਅਸੀਂ ਮੋਦੀ ਦੀਆਂ ਸੰਘ ਪਰਿਵਾਰ ਤੋਂ ਵੱਖਰੀਆਂ ਤਰਜੀਹਾਂ ਨੂੰ ਸਮਝਣ ਵਿਚ ਅਸਫਲ ਰਹਾਂਗੇ।

ਭਾਜਪਾ ਦੀ ਸਭਿਆਚਾਰਕ ਰਾਜਨੀਤੀ ਬਾਰੇ ਸੋਚਦਿਆਂ ਸਾਨੂੰ ਕੁਝ ਗੱਲਾਂ 'ਤੇ ਨਜ਼ਰ ਮਾਰਨੀ ਚਾਹੀਦੀ ਹੈ। ਪਹਿਲੀ, ਸਭਿਆਚਾਰਕ ਸਿਆਸਤ ਤਾਂ ਭਾਜਪਾ ਅਤੇ ਸੰਘ ਪਰਿਵਾਰ ਮੋਦੀ ਤੋਂ ਪਹਿਲਾਂ ਵੀ ਕਰਦੇ ਰਹੇ ਹਨ ਪਰ ਉਨ੍ਹਾਂ ਨੂੰ ਸਫਲਤਾ ਇਸ ਦੌਰਾਨ ਹੀ ਕਿਉਂ ਮਿਲ ਰਹੀ ਹੈ? ਦੂਜੀ, ਮੋਦੀ ਅਤੇ ਸੰਘ ਪਰਿਵਾਰ ਦੇ ਮਿੱਤਰਤਾਪੂਰਨ ਅੰਤਰ-ਵਿਰੋਧ ਕਿਹੜੇ-ਕਿਹੜੇ ਹਨ?

# ਬੇਏਰੀਆ ਸਪੋਰਟਸ ਕਲੱਬ ਨੇ ਮਨਾਇਆ ਰਾਜਾ ਸਵੀਟਸ ਦੇ ਮੱਖਣ ਬੈਂਸ ਦਾ ਜਨਮ ਦਿਨ

**ਯੂਨੀਅਨ ਸਿਟੀ (ਬਿਊਰੋ):** ਉਤਰੀ ਅਮਰੀਕਾ ਵਿਚ ਆਪਣੀ ਨਿਵੇਕਲੀ ਸ਼ਖਸੀਅਤ, ਮਿੱਠੇ ਅਤੇ ਮਿਲਾਪੜੇ ਸੁਭਾਅ ਕਰਕੇ ਜਾਣੇ ਜਾਂਦੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਦਾ ਜਨਮ



ਦਿਨ ਬੇਏਰੀਆ ਸਪੋਰਟਸ ਕਲੱਬ ਵਲੋਂ ਬੜੇ ਚਾਵਾਂ ਨਾਲ ਮਨਾਇਆ। ਇਸ ਪ੍ਰਭਾਵਸ਼ਾਲੀ ਤੇ ਯਾਦਗਾਰੀ ਸਮਾਗਮ ਦੇ ਮੁੱਖ ਮਹਿਮਾਨ ਹਲਕਾ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਸੁੱਖੀ ਸਨ।

ਇਸ ਮੌਕੇ ਬੋਲਦਿਆਂ ਵੱਖ ਵੱਖ ਸ਼ਖਸੀਅਤਾਂ ਨੇ ਕਿਹਾ ਕਿ ਮੱਖਣ ਬੈਂਸ ਨਾ ਸਿਰਫ ਇਕ ਸਫਲ ਕਾਰੋਬਾਰੀ ਹਨ, ਸਗੋਂ ਬੇਏਰੀਆ ਦੇ ਪੰਜਾਬੀਆਂ ਦੀ ਇਕ ਤਰ੍ਹਾਂ ਨਾਲ ਰੂਹ ਮੰਨੇ ਜਾਂਦੇ ਹਨ। ਹੱਸ ਕੇ ਬੋਲਣਾ, ਹਰ ਕਿਸੇ ਦੇ ਕੰਮ ਆਉਣਾ ਤੇ ਪੰਜਾਬੀ ਭਾਈਚਾਰੇ ਦੀ ਹਰ ਸਰਗਰਮੀ ਵਿਚ ਯੋਗਦਾਨ ਪਾਉਣਾ, ਸ਼ਾਮਿਲ ਹੋਣਾ ਉਨ੍ਹਾਂ ਦਾ ਮੁਢਲਾ ਸੁਭਾਅ ਰਿਹਾ ਹੈ। ਯੂਨਾਈਟਡ ਸਪੋਰਟਸ ਕਲੱਬ ਦੇ ਮੁੱਖ ਸੰਚਾਲਕ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਮੱਖਣ ਸਿੰਘ ਬੈਂਸ ਉਨ੍ਹਾਂ ਦੇ ਛੋਟੇ ਭਰਾ ਹਨ, ਜਿਨ੍ਹਾਂ ਨੂੰ ਮਿਲਣ ਦਾ ਹਰ ਵੇਲੇ ਚਾਅ ਚੜ੍ਹਿਆ ਰਹਿੰਦਾ ਹੈ।

ਬੇਏਰੀਆ ਸਪੋਰਟਸ ਕਲੱਬ ਦੇ ਬਲਜੀਤ ਸੰਧੂ, ਚਰਨਜੀਤ ਸੰਧੂ ਅਤੇ ਸੁਰਜੀਤ ਸੰਧੂ ਨੇ ਕਿਹਾ ਕਿ ਮੱਖਣ ਬੈਂਸ ਸਪੋਰਟਸ ਕਲੱਬ ਲਈ ਅਹਿਮ ਭੂਮਿਕਾ ਹੀ ਨਹੀਂ ਨਿਭਾਉਂਦੇ ਸਗੋਂ ਉਹ ਕਲੱਬ ਦੀ ਇਕ ਸ਼ਾਨ ਹਨ ਅਤੇ ਉਨ੍ਹਾਂ ਨੂੰ ਮਾਣ ਹੈ ਕਿ ਮੱਖਣ ਬੈਂਸ ਉਨ੍ਹਾਂ ਦੇ ਨਾਲ ਹਨ।

ਵਿਧਾਇਕ ਡਾ. ਸੁਖਵਿੰਦਰ ਸੁੱਖੀ ਨੇ ਕਿਹਾ ਕਿ ਕੁਝ ਲੋਕ ਐਸੀ ਸ਼ਖਸੀਅਤ ਦੇ ਮਾਲਕ ਹੁੰਦੇ ਹਨ, ਜਿਨ੍ਹਾਂ ਨੂੰ ਵਲ ਪਾ ਕੇ ਮਿਲਣ ਨੂੰ ਵੀ ਜੀ ਕਰਦਾ ਰਹਿੰਦਾ ਹੈ। ਉਹ ਜਦੋਂ ਵੀ ਅਮਰੀਕਾ ਆਉਂਦੇ ਹਨ, ਕੁਝ ਸਮਾਂ ਸ. ਬੈਂਸ ਨਾਲ ਗੁਜ਼ਾਰ ਕੇ ਜਾਂਦੇ ਹਨ। ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਮੱਖਣ ਬੈਂਸ ਸਾਹਿਤਕ ਅਤੇ ਖੇਡ ਰੁਚੀਆਂ ਦੇ ਮਾਲਕ ਹਨ ਅਤੇ ਉਨ੍ਹਾਂ ਨਾਲ ਸਾਂਝ ਰੱਖਣ ਤੇ ਹਰ ਪੰਜਾਬੀ ਨੂੰ ਫਖਰ ਹੈ। ਇੱਕੀ ਇੰਟਰਨੈਸ਼ਨਲ ਦਾ 'ਛਣਕਾਟਾ ਵੰਗਾਂ ਦਾ' ਸਫਲ ਤੇ ਚਰਚਿਤ ਪ੍ਰੋਗਰਾਮ ਵੀ ਮੱਖਣ ਬੈਂਸ ਦੀ ਬਦੌਲਤ ਆਪਣੀ ਵਿਸ਼ੇਸ਼ ਥਾਂ ਬਣਾ ਸਕਿਆ ਹੈ।

ਧੰਨਵਾਦੀ ਸ਼ਬਦ ਬੋਲਦਿਆਂ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਅਮਰੀਕਾ 'ਚ ਹਰ ਬੰਦਾ ਕੁਝ ਕਰਕੇ ਰੋਟੀ ਖਾਂਦਾ ਹੈ ਤੇ ਉਨ੍ਹਾਂ ਨੂੰ ਬਹੁਤ ਕੁਝ ਮਿਲਿਆ ਹੈ ਤਾਂ ਉਹ ਇਸ ਕਰਕੇ ਕਿ ਉਨ੍ਹਾਂ ਨੇ ਕਦੇ ਵੀ ਕਿਸੇ ਨੂੰ ਮੱਥੇ ਵੱਟ ਨਹੀਂ ਪਾਇਆ ਅਤੇ ਆਪਣੀ ਸਮਰੱਥਾ ਤੋਂ ਬਾਹਰ ਜਾ ਕੇ ਵੀ ਹਰ ਕਿਸੇ ਦੇ ਕੰਮ ਆਉਣ ਦਾ ਯਤਨ ਕੀਤਾ ਹੈ। ਯੂਨਾਈਟਡ ਸਪੋਰਟਸ ਕਲੱਬ ਦਾ ਚੇਅਰਮੈਨ ਹੋਣਾ ਵੀ ਉਨ੍ਹਾਂ ਦੀ ਇਕ ਪ੍ਰਾਪਤੀ ਹੈ।

ਬੇਏਰੀਆ ਸਪੋਰਟਸ ਕਲੱਬ ਵਲੋਂ ਕੇਕ ਕੱਟ ਕੇ ਮੱਖਣ ਬੈਂਸ ਦੇ ਜਨਮ ਦਿਨ ਦੀ ਖੁਸ਼ੀ ਨੂੰ ਸਾਰਿਆਂ ਨਾਲ ਸਾਂਝਾ ਕੀਤਾ ਗਿਆ। ਇਸ ਮੌਕੇ ਰਾਜਾ ਸਵੀਟਸ ਦੇ ਹੀ ਗਿਆਨੀ ਰਵਿੰਦਰ ਸਿੰਘ, ਸੁੱਚਾ ਰਾਮ ਭਾਰਟਾ, ਰਾਜ ਭਨੋਟ, ਜੱਸੀ ਢੰਡਵਾੜ, ਕੁਲਦੀਪ ਢੰਡਵਾੜ, ਨਾਮੀ ਕਬੱਡੀ ਖਿਡਾਰੀ ਤੀਰਥ ਗਾਖਲ, ਸੁਖਜੀਤ ਸਿੰਘ ਸੰਧੂ, ਡਾ. ਭਾਰਟਾ, ਪਿਆਰਾ ਸਿੰਘ ਢੰਡਵਾੜ ਤੇ ਹੋਰ ਅਨੇਕਾਂ ਸ਼ਖਸੀਅਤਾਂ ਹਾਜ਼ਰ ਸਨ।

# ਸੱਤੀ ਪਾਬਲਾ ਦਾ 'ਗੱਭਰੂ ਦੇਸ਼ ਪੰਜਾਬ ਦੇ' ਸਿੰਗਲ ਟਰੈਕ ਰਿਲੀਜ਼

**ਫਰੀਮਾਂਟ (ਬਿਊਰੋ):** ਇੱਥੇ ਰਾਜਾ ਸਵੀਟਸ ਵਿਖੇ ਕਰਵਾਏ ਗਏ 'ਫਾਦਰ ਡੇਅ' ਸਮਾਗਮ ਦੌਰਾਨ, ਬੁਲੰਦ ਆਵਾਜ਼ ਦੇ ਮਾਲਕ ਅਤੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਪੈੜ 'ਚ ਪੈਰ ਰੱਖਣ ਵਾਲੇ ਗਾਇਕ ਸੱਤੀ ਪਾਬਲਾ ਦੇ ਗਾਏ ਗੀਤ 'ਗੱਭਰੂ ਦੇਸ਼ ਪੰਜਾਬ ਦੇ' ਦਾ ਸਿੰਗਲ ਟਰੈਕ ਇੱਥੇ ਸ. ਮੱਖਣ ਸਿੰਘ ਬੈਂਸ, ਐਸ. ਅਸ਼ੋਕ ਭੌਰਾ, ਸੁੱਚਾ ਰਾਮ ਭਾਰਟਾ, ਝਿੱਕਾ ਆਰਟ ਪ੍ਰਮੋਸ਼ਨ ਦੇ ਮਨਜੀਤ ਝਿੱਕਾ ਤੇ ਪਰਮਿੰਦਰ ਸਿੰਘ ਝਿੱਕਾ, ਸ਼ਕਤੀ ਮਾਣਕ ਅਤੇ ਗੁਰਬਖਸ਼ ਸਿੰਘ ਵਲੋਂ ਰਿਲੀਜ਼ ਕੀਤਾ ਗਿਆ।

ਐਲੀਵੇਟ ਮਿਊਜ਼ਿਕ ਕੰਪਨੀ ਵਲੋਂ ਜਾਰੀ ਇਸ ਸਿੰਗਲ ਟਰੈਕ ਦਾ ਸੰਗੀਤ ਰਾਵ-ਈ ਸੰਧੂ ਨੇ ਤਿਆਰ ਕੀਤਾ ਹੈ। ਅੱਜ ਕੱਲ ਇਹ ਗੀਤ ਯੂਟਿਊਬ ਅਤੇ ਵੱਖ ਵੱਖ ਚੈਨਲਾਂ 'ਤੇ ਚੰਗੀ ਵਾਹ-ਵਾਹ ਖੱਟ ਰਿਹਾ ਹੈ।



*ਸੱਤੀ ਪਾਬਲਾ ਦਾ ਸਿੰਗਲ ਟਰੈਕ ਰਿਲੀਜ਼ ਕਰਦੇ ਹੋਏ ਮੋਹਤਬਰ*

## ਨੀਰਵ ਮੋਦੀ ਨੂੰ ਨਿਆਇਕ ਹਿਰਾਸਤ 'ਚ ਭੇਜਿਆ

**ਲੰਡਨ:** ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਨੂੰ 25 ਜੁਲਾਈ ਤੱਕ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਮਾਰਚ ਤੋਂ ਲੰਡਨ ਦੀ ਵੈਂਡਸਵਰਥ ਜੇਲ੍ਹ ਵਿਚ ਬੰਦ ਨੀਰਵ ਭਾਰਤ ਵਿਚ ਪੰਜਾਬ ਨੈਸ਼ਨਲ ਬੈਂਕ ਨਾਲ 2 ਅਰਬ ਅਮਰੀਕੀ ਡਾਲਰ ਦੀ ਧੋਖਾਧੜੀ ਤੇ ਕਾਲੇ ਧਨ ਨੂੰ ਸਫੈਦ ਕਰਨ ਦੇ ਕੇਸ 'ਚ ਲੋੜੀਂਦਾ ਹੈ। ਵੈਸਟਮਿਨਸਟਰ ਦੀ ਕਰਾਊਨ ਕੋਰਟ ਹੁਣ ਤੱਕ ਚਾਰ ਵਾਰ ਉਹਦੀ ਜ਼ਮਾਨਤ ਅਰਜ਼ੀ ਰੱਦ ਕਰ ਚੁਕੀ ਹੈ। ਉਹ ਵੀਡੀਓ ਲਿੰਕ ਜ਼ਰੀਏ ਜੇਲ੍ਹ ਤੋਂ ਸੁਣਵਾਈ 'ਚ ਸ਼ਾਮਲ ਹੋਇਆ। ਅਗਲੀ ਤਰੀਕ 29 ਜੁਲਾਈ ਹੈ।

# ਨਿੰਜਾ, ਗਗਨ ਕੋਕਰੀ, ਜੌਰਡਨ ਸੰਧੂ ਅਤੇ ਮੰਨਤ ਨੂਰ ਦੋ ਮਹੀਨੇ ਲਾਉਣਗੇ ਅਮਰੀਕਾ 'ਚ ਰੌਣਕਾਂ

**ਯੂਨੀਅਨ ਸਿਟੀ (ਬਿਊਰੋ):** ਪੰਜਾਬ ਕਲਚਰਲ ਐਸੋਸੀਏਸ਼ਨ (ਪੀ.ਸੀ.ਏ) ਵਲੋਂ 'ਪੰਜਾਬੀ ਮੇਲਾ 2019' ਦੇ ਬੈਨਰ ਹੇਠ ਕਰਵਾਏ ਜਾ ਰਹੇ ਮੇਲੇ ਵਿਚ ਪੰਜਾਬੀ ਦੇ ਨੌਜਵਾਨ ਗਾਇਕ ਨਿੰਜਾ, ਗਗਨ ਕੋਕਰੀ, ਮੰਨਤ ਨੂਰ ਅਤੇ ਜੌਰਡਨ ਸੰਧੂ ਆਪਣੀ ਗਾਇਕੀ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੇ।




*ਪ੍ਰਬੰਧਕਾਂ ਨਾਲ ਪ੍ਰੈਸ ਮਿਲਣੀ ਦੌਰਾਨ 'ਪੰਜਾਬੀ ਮੇਲਾ 2019' ਦੇ ਗਾਇਕ ਤੇ ਪ੍ਰੋਮੋਟਰ*

ਇੱਥੇ ਰਾਜਾ ਸਵੀਟਸ ਵਿਖੇ ਪੀ.ਸੀ.ਏ ਵਲੋਂ ਕਰਵਾਈ ਇਕ ਪ੍ਰੈਸ ਮਿਲਣੀ ਦੌਰਾਨ ਅਗਲੇ ਦੋ ਮਹੀਨਿਆਂ 'ਚ ਅਮਰੀਕਾ 'ਚ ਹੋਣ ਵਾਲੇ ਸੰਗੀਤਕ ਪ੍ਰੋਗਰਾਮਾਂ ਦੀ ਰੂਪਰੇਖਾ ਦਾ ਐਲਾਨ ਕਰਦਿਆਂ ਪੀ.ਸੀ.ਏ. ਦੀ ਰੂਹੇ ਰਵਾਂ ਮਿੱਕੀ ਸਰਾਂ ਅਤੇ ਜਸ ਔਲਖ ਨੇ ਦੱਸਿਆ ਕਿ ਇਹ ਮੇਲਾ ਬੇਏਰੀਆ 'ਚ ਪਿਛਲੇ ਸਾਲਾਂ ਦੀ ਤਰ੍ਹਾਂ ਬੜੀ ਸ਼ਾਨੋ ਸ਼ੌਕਤ ਅਤੇ ਰਵਾਇਤੀ ਪੰਜਾਬੀ ਸੱਭਿਆਚਾਰ ਦੀ ਪ੍ਰਤੀਨਿਧਤਾ ਕਰੇਗਾ। ਜ਼ਿਕਰਯੋਗ ਹੈ ਕਿ ਬਾਲੀਵੁੱਡ ਤੱਕ ਆਪਣੇ ਗੀਤ 'ਵੇ ਤੂੰ ਲੌਂਗ ਤੇ ਮੈਂ ਲਾਚੀ, ਤੇਰੇ ਪਿੱਛੇ ਹਾਂ ਗਵਾਚੀ' ਨਾਲ ਚਰਚਿਤ ਹੋਈ ਗਾਇਕਾ ਮੰਨਤ ਨੂਰ ਨੂੰ ਸੁਣਨ ਦੀ ਕਾਫੀ ਉਤਸੁਕਤਾ ਹੈ। ਗਾਇਕ ਨਿੰਜਾ, ਗਗਨ ਕੋਕਰੀ ਅਤੇ ਜੌਰਡਨ ਸੰਧੂ ਯੁਵਾ ਵਰਗ ਦੇ ਚੋਟੀ ਦੇ ਗਾਇਕਾਂ 'ਚ ਗਿਣੇ ਜਾ ਸਕਦੇ ਹਨ।

ਮਿੱਕੀ ਸਰਾਂ ਨੇ ਦੱਸਿਆ ਕਿ ਜਲਦੀ ਹੀ ਪੂਰੇ ਅਮਰੀਕਾ 'ਚ ਹੋਣ ਵਾਲੇ ਸ਼ੋਆਂ ਦੀ ਰੂਪ ਰੇਖਾ ਅਤੇ ਤਾਰੀਖਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਇਸ ਮੌਕੇ ਹਾਜ਼ਰ ਇਨ੍ਹਾਂ ਚਾਰਾਂ ਹੀ ਗਾਇਕਾਂ ਨੇ ਕਿਹਾ ਕਿ ਪਹਿਲੀ ਵਾਰ ਉਨ੍ਹਾਂ ਨੂੰ ਅਮਰੀਕਾ ਦੀ ਧਰਤੀ 'ਤੇ ਆਪਣੀ ਕਲਾ ਦਾ ਰੰਗ ਬਿਖੇਰਨ ਦਾ ਮੌਕਾ ਮਿਲ ਰਿਹਾ ਹੈ ਤੇ ਉਹ ਪੰਜਾਬੀਆਂ ਦੀ ਕਸੌਟੀ 'ਤੇ ਖਰਾ ਉਤਰਨ ਦੀ ਹਰ ਸੰਭਵ ਕੋਸ਼ਿਸ਼ ਕਰਨਗੇ। ਆਸ਼ਾ ਸ਼ਰਮਾ ਨੇ ਮੰਚ ਸੰਚਾਲਨ ਕਰਦਿਆਂ ਇਨ੍ਹਾਂ ਗਾਇਕ ਕਲਾਕਾਰਾਂ ਦੀ ਹੁਣ ਤੱਕ ਦੀ ਹਰਮਨ ਪਿਆਰਤਾ ਦਾ ਵਿਸਥਾਰ ਵੀ ਸਾਂਝਾ ਕੀਤਾ।

ਇਸ ਮੌਕੇ ਬੇਏਰੀਆ ਦੀਆਂ ਉਘੀਆਂ ਸ਼ਖਸੀਅਤਾਂ ਸੰਗੀਤ ਜਗਤ ਨੂੰ ਪ੍ਰੋਮੋਟ ਕਰਨ ਵਾਲੇ ਪ੍ਰੋਮੋਟਰ ਜੱਸੀ ਬੰਗਾ ਵੀ ਉਚੇਚੇ ਤੌਰ 'ਤੇ ਹਾਜ਼ਰ ਸਨ। 'ਪੰਜਾਬੀ ਮੇਲਾ 2019' ਦੇ ਮੁੱਖ ਅਯੋਜਕ ਤੇ ਪ੍ਰੋਮੋਟਰ ਬਿੱਟੂ ਭੁੱਲਰ ਅਤੇ ਲਾਡੀ ਬਾਜਵਾ ਵੀ ਹਾਜ਼ਰ ਸਨ ਤੇ ਉਨ੍ਹਾਂ ਕਿਹਾ ਕਿ ਇਨ੍ਹਾਂ ਗਾਇਕਾਂ ਦੀ ਲੋਕਪ੍ਰਿਅਤਾ ਨੂੰ ਵੇਖਦਿਆਂ ਹੀ ਇਸ ਯੂ. ਐਸ. ਏ. ਟੂਰ ਦਾ ਨਾਂ 'ਪੰਜਾਬੀ ਮੇਲਾ 2019' ਰੱਖਿਆ ਗਿਆ ਹੈ। ਪ੍ਰੋਗਰਾਮਾਂ ਸਬੰਧੀ ਹੋਰ ਜਾਣਕਾਰੀ ਲਈ ਮਿੱਕੀ ਸਰਾਂ ਨਾਲ ਫੋਨ: 408-966-7019 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਰਾਬ ਦੀਆਂ ਬੋਤਲਾਂ 'ਤੇ ਗਾਂਧੀ ਦੀ ਤਸਵੀਰ ਉਤੇ ਵਿਵਾਦ

**ਤਿਰੂਵਨੰਤਪੁਰਮ:** ਇਜ਼ਰਾਇਲ ਦੀ ਸ਼ਰਾਬ ਬਣਾਉਣ ਵਾਲੀ ਕੰਪਨੀ ਮਾਕਾ ਬ੍ਰੇਵਰੀ ਵੱਲੋਂ ਸ਼ਰਾਬ ਦੀਆਂ ਬੋਤਲਾਂ 'ਤੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਤਸਵੀਰ ਲਗਾਉਣ ਨਾਲ ਵਿਵਾਦ ਹੋ ਗਿਆ ਹੈ। ਇਸ ਖਿਲਾਫ ਕੇਰਲ ਦੀ ਮਹਾਤਮਾ ਗਾਂਧੀ ਫਾਊਂਡੇਸ਼ਨ ਦੇ ਚੇਅਰਮੈਨ ਏਬੀ ਜੇ. ਜੋਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਨੂੰ ਪੱਤਰ ਲਿਖ ਕੇ ਉਕਤ ਕੰਪਨੀ ਤੇ ਉਸ ਦੇ ਮਾਲਕ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਚੇਅਰਮੈਨ ਅਬੀ ਨੇ ਕਿਹਾ ਕਿ ਮਹਾਤਮਾ ਗਾਂਧੀ ਰਾਸ਼ਟਰ ਪਿਤਾ ਹੋਣ ਦੇ ਨਾਲ-ਨਾਲ ਅਹਿੰਸਾ ਲਈ ਪਾਏ ਯੋਗਦਾਨ ਲਈ ਵਿਸ਼ਵ ਭਰ 'ਚ ਉਨ੍ਹਾਂ ਦਾ ਨਾਂ ਸਤਿਕਾਰ ਵਜੋਂ ਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗਾਂਧੀ ਸ਼ਰਾਬ ਦੀ ਖਪਤ ਤੇ ਇਸ ਪ੍ਰਤੀ ਉਤਸ਼ਾਹਿਤ ਕਰਨ ਦੇ ਸਖਤ ਖਿਲਾਫ ਸਨ, ਤੇ ਗਾਂਧੀ ਨੇ ਇਕ ਸਮੇਂ ਕਿਹਾ ਸੀ ਕਿ ਸੱਤਾ 'ਚ ਆਉਣ ਉਤੇ ਉਹ ਸ਼ਰਾਬ ਦੀ ਵਿਕਰੀ ਤੇ ਨਿਰਮਾਣ ਬੰਦ ਕਰਵਾ ਦੇਣਗੇ।

# ਜੇ. ਬੀ. ਸਿੰਘ ਬਣੇ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰਧਾਨ

**ਸਿਆਟਲ (ਬਿਊਰੋ):** ਪੰਜਾਬੀ ਲਿਖਾਰੀ ਸਭਾ, ਸਿਆਟਲ ਦੀ ਨਵੀਂ ਚੋਣ ਅਨੁਸਾਰ ਜੇ. ਬੀ. ਸਿੰਘ ਪ੍ਰਧਾਨ, ਹਰਪਾਲ ਸਿੰਘ ਸਿੱਧੂ ਮੀਤ ਪ੍ਰਧਾਨ, ਬਲਿਹਾਰ ਸਿੰਘ ਲੇਲ ਸਕੱਤਰ, ਸਾਧੂ ਸਿੰਘ ਝੱਜ ਸਹਾਇਕ ਸਕੱਤਰ ਅਤੇ ਪ੍ਰਿਤਪਾਲ ਸਿੰਘ ਟਿਵਾਣਾ ਖਜਾਨਚੀ ਚੁਣੇ ਗਏ। ਇਸ ਸਬੰਧੀ ਫੈਸਲਾ ਲੰਘੇ ਐਤਵਾਰ ਸਭਾ ਦੀ ਇਥੇ ਕੈਂਟ ਲਾਇਬਰੇਰੀ ਵਿਚ ਹੋਈ ਮੀਟਿੰਗ ਵਿਚ ਲਿਆ ਗਿਆ। ਇਸ ਮੌਕੇ 30 ਤੋਂ 35 ਲੇਖਕ, ਬੁਧੀਜੀਵੀ ਤੇ ਸਾਹਿਤਕਾਰ ਮੌਜੂਦ ਸਨ।

ਇਸ ਤੋਂ ਇਲਾਵਾ ਹਰਭਜਨ ਸਿੰਘ ਬੈਂਸ, ਬੀਬੀ ਸਵਰਾਜ ਕੌਰ ਅਤੇ ਸਿੰਗਾਰ ਸਿੰਘ ਸਿੱਧੂ ਸਰਪ੍ਰਸਤ, ਹਰਦਿਆਲ ਸਿੰਘ ਚੀਮਾ, ਅਵਤਾਰ ਸਿੰਘ ਆਦਮਪੁਰੀ, ਜਗੀਰ ਸਿੰਘ, ਰੂਪ ਕੌਰ ਸੰਧੂ ਅਤੇ ਮਨਜੀਤ ਕੌਰ ਗਿੱਲ ਸਲਾਹਕਾਰ ਚੁਣੇ ਗਏ।



ਬਾਅਦ 'ਚ ਅਵਤਾਰ ਬਿੱਲਾ ਨੇ ਆਪਣੇ ਗੀਤਾਂ ਨਾਲ ਸਭ ਨੂੰ ਨਿਹਾਲ ਕੀਤਾ। ਫੋਟੋ ਖਿਚਣ ਦੀ ਜ਼ਿੰਮੇਵਾਰੀ ਜਸਵਿੰਦਰ ਕੌਰ ਲੇਲ ਨੇ ਨਿਭਾਈ। ਦਲਜੀਤ ਕੌਰ ਚੀਮਾ, ਹਰਪ੍ਰੀਤ ਸਿੰਘ ਪ੍ਰਿੰਸ, ਓਮ ਪ੍ਰਕਾਸ਼ ਤੇ ਲਾਲੀ ਸੰਧੂ ਵੀ ਹਾਜ਼ਰ ਸਨ।

# ਖਾੜੀ ਮੁਲਕਾਂ 'ਚ ਪੰਜਾਬੀ ਮੁਟਿਆਰਾਂ ਦੀ ਲੂ ਕੰਡੇ ਖੜ੍ਹੇ ਕਰਨ ਵਾਲੀ ਦਾਸਤਾਨ

**ਚੰਡੀਗੜ੍ਹ:** ਰੁਜ਼ਗਾਰ ਦੀ ਭਾਲ 'ਚ ਖਾੜੀ ਮੁਲਕਾਂ 'ਚ ਗਈਆਂ ਪੰਜਾਬੀ ਲੜਕੀਆਂ ਦੀ ਦਾਸਤਾਨ ਲੂ ਕੰਡੇ ਖੜ੍ਹੇ ਕਰ ਦੇਣ ਵਾਲੀ ਹੈ। ਕਈ-ਕਈ ਦਿਨ ਭੁੱਖੇ-ਪਿਆਸੇ ਰੱਖ ਕੇ ਉਨ੍ਹਾਂ ਨਾਲ ਮਾਰਕੁੱਟ ਹੀ ਨਹੀਂ ਕੀਤੀ ਜਾਂਦੀ ਬਲਕਿ ਇਨ੍ਹਾਂ ਲੜਕੀਆਂ ਦਾ ਸਰੀਰਕ ਸ਼ੋਸ਼ਣ ਤੱਕ ਵੀ ਕੀਤਾ ਜਾਂਦਾ ਹੈ। ਅਜਿਹੀਆਂ ਇਕ-ਦੋ ਨਹੀਂ ਸਗੋਂ ਅਨੇਕਾਂ ਲੜਕੀਆਂ ਹਨ, ਜੋ ਏਜੰਟਾਂ ਦੇ ਧੱਕੇ ਚੜ੍ਹ ਕੇ ਖਾੜੀ ਮੁਲਕਾਂ 'ਚ ਨਰਕ ਵਾਲਾ ਜੀਵਨ ਜਿਊਣ ਲਈ ਮਜਬੂਰ ਹੋ ਰਹੀਆਂ ਹਨ।

ਦੱਸਿਆ ਜਾ ਰਿਹਾ ਹੈ ਕਿ ਏਜੰਟਾਂ ਵੱਲੋਂ ਪਿੰਡਾਂ ਦੀਆਂ ਭੋਲੀਆਂ-ਭਾਲੀਆਂ ਲੜਕੀਆਂ ਨੂੰ ਆਪਣੇ ਜਾਲ 'ਚ ਫਸਾ ਕੇ ਖਾੜੀ ਦੇਸ਼ਾਂ 'ਚ ਭੇਜ ਦਿੱਤਾ ਜਾਂਦਾ ਹੈ ਤੇ ਫਿਰ ਸ਼ੁਰੂ ਹੁੰਦੀ ਹੈ ਉਨ੍ਹਾਂ ਦੇ ਦੁੱਖ-ਦਰਦ ਦੀ ਕਦੇ ਨਾ ਮੁੱਕਣ ਵਾਲੀ ਦਾਸਤਾਨ। ਖਾੜੀ ਮੁਲਕਾਂ 'ਚ ਖੁਸ਼ਹਾਲ ਜ਼ਿੰਦਗੀ ਦੇ ਸੁਫਨੇ ਸਜਾ ਕੇ ਪੁੱਜੀਆਂ ਲੜਕੀਆਂ ਦੇ ਪੈਰਾਂ ਹੇਠੋਂ ਉਸ ਸਮੇਂ ਜ਼ਮੀਨ ਨਿਕਲ ਜਾਂਦੀ ਹੈ ਜਦੋਂ ਏਜੰਟਾਂ ਵੱਲੋਂ ਲੜਕੀਆਂ ਦਾ ਸੌਦਾ ਉਥੋਂ ਦੇ ਬਾਸ਼ਿੰਦਿਆਂ ਨਾਲ ਕਰ ਲਿਆ ਜਾਂਦਾ ਹੈ ਤੇ ਨਾਂਹ ਨੁੱਕਰ ਕਰਨ ਵਾਲੀ ਲੜਕੀ ਨੂੰ ਤਸੀਹੇ ਦਿੱਤੇ ਜਾਂਦੇ ਹਨ। ਤਸੀਹੇ ਸਹਿ ਕੇ ਥੱਕ-ਹਾਰ ਚੁੱਕੀ ਲੜਕੀ ਕੋਲ ਏਜੰਟਾਂ ਅੱਗੇ ਆਤਮ ਸਮਰਪਣ ਕਰਨ ਤੋਂ ਸਿਵਾਏ ਕੋਈ ਹੱਲ ਨਹੀਂ ਬਚਦਾ, ਹਾਲਾਂਕਿ ਕਈ ਲੜਕੀਆਂ ਦੀ ਕਿਸਮਤ ਚੰਗੀ ਹੁੰਦੀ ਹੈ ਤੇ ਉਹ ਕਿਸੇ ਤਰ੍ਹਾਂ ਇਨ੍ਹਾਂ ਏਜੰਟਾਂ ਦੇ ਚੁੰਗਲ 'ਚੋਂ ਬਚ ਨਿਕਲਣ ਵਿਚ ਕਾਮਯਾਬ ਹੋ ਜਾਂਦੀਆਂ ਹਨ। ਪਿਛਲੇ ਦਿਨੀਂ ਮਸਕਟ ਤੋਂ ਕਿਸੇ ਤਰ੍ਹਾਂ ਏਜੰਟਾਂ ਦੇ ਕਬਜ਼ੇ 'ਚੋਂ ਬਚ ਕੇ ਨਿਕਲੀਆਂ ਦੋ ਲੜਕੀਆਂ ਨੇ ਵੀ ਅਜਿਹੇ ਖੁਲਾਸੇ ਕਰਦੇ ਹੋਏ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਲੜਕੀਆਂ ਨੂੰ ਖਾੜੀ ਮੁਲਕਾਂ 'ਚ ਬਿਨਾਂ ਕਿਸੇ ਭਰੋਸੇਮੰਦ ਏਜੰਟ ਤੇ ਸਹੀ ਦਸਤਾਵੇਜ਼ਾਂ ਤੋਂ ਕਦੇ ਨਾ ਭੇਜਣ। ਜ਼ਿਲ੍ਹਾ ਹੁਸ਼ਿਆਰਪੁਰ ਦੀ ਰਹਿਣ ਵਾਲੀ ਇਕ ਲੜਕੀ ਨੇ ਦੱਸਿਆ ਕਿ ਉਹ ਆਪਣੇ ਕਿਸੇ ਜਾਣਕਾਰ ਰਾਹੀਂ ਮਸਕਟ 'ਚ ਰਹਿੰਦੀ ਇਕ ਔਰਤ ਏਜੰਟ ਦੇ ਸੰਪਰਕ 'ਚ ਆਈ, ਜਿਸ ਨੇ ਉਸ ਨੂੰ ਮਸਕਟ 'ਚ ਕਿਸੇ ਦਫਤਰ 'ਚ ਕੰਮ ਦਿਵਾਉਣ ਦਾ ਭਰੋਸਾ ਦਿੱਤਾ ਤੇ ਉਸ ਨੂੰ

ਟੂਰਿਸਟ ਵੀਜ਼ੇ 'ਤੇ ਮਸਕਟ ਬੁਲਾ ਲਿਆ। ਉਸ ਨੇ ਮਸਕਟ ਜਾਣ ਲਈ ਉਕਤ ਏਜੰਟ ਨੂੰ ਇਕ ਲੱਖ ਰੁਪਏ ਵੀ ਦਿੱਤੇ ਪਰ ਜਦੋਂ ਉਹ ਮਸਕਟ ਪੁੱਜੀ ਤਾਂ ਉਥੇ ਪਹਿਲਾਂ ਉਸ ਨੂੰ 3-4 ਦਿਨ ਦਫਤਰ 'ਚ ਭੁੱਖੇ ਪਿਆਸੇ ਰੱਖਿਆ ਗਿਆ ਤੇ ਬਾਅਦ 'ਚ ਇਕ ਸ਼ੇਖ ਦੇ ਘਰ 'ਚ ਕੰਮ ਕਰਨ ਲਈ ਮਜਬੂਰ ਕੀਤਾ ਜਾਣ ਲੱਗਾ, ਜਦੋਂ ਉਹ ਉਥੇ ਕੰਮ ਕਰਨ ਲਈ ਗਈ ਤਾਂ ਉਥੇ ਵੀ ਉਸ ਨਾਲ ਬਹੁਤ ਹੀ ਭੈੜਾ ਸਲੂਕ ਕੀਤਾ ਜਾਂਦਾ ਰਿਹਾ। ਉਸ ਕੋਲੋਂ ਰਾਤ-ਦਿਨ ਕੰਮ ਲਿਆ ਜਾਂਦਾ ਸੀ ਤੇ ਉਸ ਨੂੰ ਕਈ-ਕਈ ਦਿਨ ਦੇ ਬੇਹੇ ਚੌਲ ਹੀ ਖਾਣ ਨੂੰ ਮਿਲਦੇ ਸਨ ਤੇ ਉਹ ਵੀ ਕਦੇ-ਕਦਾਈਂ। ਜਦੋਂ ਉਸ ਨੇ ਵਾਪਸ ਭੇਜੇ ਜਾਣ ਦੀ ਗੱਲ ਕੀਤੀ ਤਾਂ ਉਸ ਨੂੰ ਡਰਾਇਆ-ਧਮਕਾਇਆ ਗਿਆ ਤੇ ਹੋਰ ਪੈਸਿਆਂ ਦੀ ਮੰਗ ਕੀਤੀ ਜਾਣ ਲੱਗੀ। ਇਸ ਬਾਰੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਦੱਸਿਆ ਤਾਂ ਉਨ੍ਹਾਂ ਨੇ ਉਸ ਨੂੰ ਭਾਰਤੀ ਦੂਤਘਰ ਨਾਲ ਸੰਪਰਕ ਕਰਨ ਲਈ ਕਿਹਾ ਤੇ ਕਿਸੇ ਤਰ੍ਹਾਂ ਉਹ ਦੂਤਘਰ ਪੁੱਜੀ, ਜਿਥੇ ਉਹ ਕਰੀਬ ਦੋ ਮਹੀਨੇ ਰਹੀ ਪਰ ਇਸ ਦੌਰਾਨ ਏਜੰਟ ਤੇ ਉਸ ਦੇ ਸਾਥੀ ਉਸ ਨੂੰ ਧਮਕੀਆਂ ਦਿੰਦੇ ਰਹੇ।

ਇਸੇ ਤਰ੍ਹਾਂ ਫਰੀਦਕੋਟ ਜ਼ਿਲ੍ਹੇ ਨਾਲ ਇਕ ਹੋਰ ਲੜਕੀ ਨੇ ਵੀ ਦੱਸਿਆ ਕਿ ਉਹ ਵੀ ਅਪਰੈਲ ਮਹੀਨੇ 'ਚ ਹੀ ਕਿਸੇ ਏਜੰਟ ਰਾਹੀਂ ਮਸਕਟ ਪੁੱਜੀ, ਜਿਥੇ ਉਸ ਨੂੰ ਇਕ ਸ਼ੇਖ ਦੇ ਘਰ 'ਚ ਕੰਮ ਉਤੇ ਲਗਾ ਦਿੱਤਾ ਗਿਆ। ਸ਼ੇਖ ਦੇ ਪਰਿਵਾਰਕ ਮੈਂਬਰਾਂ ਵੱਲੋਂ ਉਸ ਨਾਲ ਬਹੁਤ ਹੀ ਮਾੜਾ ਸਲੂਕ ਕੀਤਾ ਜਾਂਦਾ ਸੀ ਤੇ ਉਸ ਨੂੰ ਖਾਣ-ਪੀਣ ਲਈ ਵੀ ਕੁਝ ਨਹੀਂ ਸੀ ਦਿੱਤਾ ਜਾਂਦਾ।

# ਬੇਏਰੀਆ ਸਪੋਰਟਸ ਕਲੱਬ, ਕੈਲੀਫੋਰਨੀਆ ਨੇ ਮਨਾਇਆ

# ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਦਾ ਜਨਮ ਦਿਨ

## ਸਮਾਗਮ ਦੀਆਂ ਕੁਝ ਯਾਦਗਾਰੀ ਤਸਵੀਰਾਂ















*Sponsored Page*

# ‘ਗੁਰੂ ਨਾਨਕ ਚਿੰਤਨ ਅਤੇ ਫਲਸਫੇ ਦੀ ਸਮਕਾਲੀ ਪ੍ਰਸੰਗਿਕਤਾ’ ਵਿਸ਼ੇ ‘ਤੇ ਕੈਨੇਡਾ ’ਚ ਵਿਸ਼ਵ ਪੰਜਾਬੀ ਕਾਨਫਰੰਸ

**ਬਰੈਂਪਟਨ, ਕੈਨੇਡਾ (ਡਾ. ਝੰਡ):** ‘ਗੁਰੂ ਨਾਨਕ ਚਿੰਤਨ ਅਤੇ ਫਲਸਫੇ ਦੀ ਸਮਕਾਲੀ ਪ੍ਰਸੰਗਿਕਤਾ’ ਵਿਸ਼ੇ ’ਤੇ ਇਥੇ ਸਪਰੈਂਜ਼ਾ ਬੈਂਕੁਇਟ ਹਾਲ ਵਿਚ ਕੀਤੀ ਗਈ ਦੋ ਰੋਜ਼ਾ (22 ਤੇ 23 ਜੂਨ) ਵਿਸ਼ਵ ਪੰਜਾਬੀ ਕਾਨਫਰੰਸ ਕੈਨੇਡਾ ਤੋਂ ਇਲਾਵਾ ਭਾਰਤ, ਅਮਰੀਕਾ ਅਤੇ ਆਸਟ੍ਰੇਲੀਆਂ ਤੋਂ ਆਏ ਵਿਦਵਾਨਾਂ ਅਤੇ ਸਰੋਤਿਆਂ ਦੀ ਭਰਵੀਂ ਹਾਜ਼ਰੀ ਸਦਕਾ ਬੇਹੱਦ ਸਫਲ ਹੋ ਨਿਬੜੀ।



ਡਾ. ਸੁੱਚਾ ਸਿੰਘ

ਕਾਨਫਰੰਸ ਦਾ ਅਰੰਭ ਐਫ. ਬੀ. ਆਈ. ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਬਦ ‘ਦੇਹਿ ਸ਼ਿਵਾ ਬਰ ਮੋਹਿ ਇਹੈ...‘ ਦੇ ਮਧੁਰ ਗਾਇਨ ਅਤੇ ‘ਓ ਕੈਨੇਡਾ’ ਦੇ ਉਚਾਰਨ ਨਾਲ ਹੋਇਆ। ਪ੍ਰੋਗਰਾਮ ਦੇ ਅਰੰਭ ਵਿਚ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਆਪਣੇ ਸੰਦੇਸ਼ ਵਿਚ ਕਾਨਫਰੰਸ ਦੇ ਆਯੋਜਕਾਂ ਨੂੰ ਇਸ ਦੀ ਸਫਲਤਾ ਲਈ ਸ਼ੁਭ-ਕਾਮਨਾਵਾਂ ਦਿੱਤੀਆਂ।

ਪੰਜਾਬੀ ਯੁਨੀਵਰਸਿਟੀ, ਪਟਿਆਲਾ ਦੀ ਕਰਤਾਰ ਸਿੰਘ ਸਰਾਭਾ ਚੇਅਰ ਦੇ ਇੰਚਾਰਜ ਪ੍ਰੋਫੈਸਰ ਤੇ ਮੁਖੀ ਡਾ. ਭੀਮ ਇੰਦਰ ਸਿੰਘ ਨੇ ਆਪਣੇ ਕੁੰਜੀਵਤ ਭਾਸ਼ਣ ਵਿਚ ਅਧਿਆਤਮਵਾਦੀ, ਮਨੁੱਖਵਾਦੀ ਤੇ ਤਰਕਸ਼ੀਲ ਆਗੂ ਗੁਰੂ ਨਾਨਕ ਦੇਵ ਵਲੋਂ ਚਾਰ ਉਦਾਸੀਆਂ ਦੌਰਾਨ ਵੱਖ-ਵੱਖ ਵਿਅਕਤੀਆਂ ਤੇ ਧਾਰਮਿਕ ਆਗੂਆਂ ਨਾਲ ਰਚਾਏ ਗਏ ਸੰਵਾਦ ਅਤੇ ਸਿੱਖਿਆਵਾਂ ਨੂੰ ਆਪਣੇ ਸੰਬੋਧਨ ਦਾ ਵਿਸ਼ਾ ਬਣਾਇਆ। ਉਨ੍ਹਾਂ ਕਿਹਾ ਕਿ ਗੁਰੂ ਜੀ ਦੇ ਫਲਸਫੇ ਦੀ ਪ੍ਰਸੰਗਿਕਤਾ ਉਨ੍ਹਾਂ ਵੱਲੋਂ ਦਿੱਤੇ ਗਏ ਸਿੱਖੀ ਦੇ ਤਿੰਨ ਮਹਾਨ ਅਸੂਲਾਂ-ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦੀ ਅਜੋਕੇ ਕਾਲ ਵਿਚ ਨਿਰੰਤਰ ਚੱਲਦੇ ਰਹਿਣ ਵਿਚ ਭਲੀ-ਭਾਂਤ ਮਹਿਸੂਸ ਕੀਤੀ ਜਾ ਸਕਦੀ ਹੈ।

ਇਸ ਮੌਕੇ ਫਿਲਾਸਫਰ ਤੇ ਕਵੀ ਜਸਵੰਤ ਜ਼ਫਰ ਨੇ ਕਿਹਾ ਕਿ ਗੁਰੂ ਸਾਹਿਬ ਨੇ ਲੋਕਾਂ ਨੂੰ ਆਪਣੀ ਗੱਲ ਸਮਝਾਉਣ ਲਈ ਉਨ੍ਹਾਂ ਨਾਲ ਮੁਹੱਬਤੀ ਸਬੰਧ ਕਾਇਮ ਕੀਤੇ ਅਤੇ ਕਿਸੇ ਨਾਲ ਵੀ ਤਕਰਾਰ ਨਹੀਂ ਕੀਤਾ। ਉਨ੍ਹਾਂ ਨੇ ਆਪਣੀ ਵਿਚਾਰਧਾਰਾ ‘ਨਾ ਕੋ ਵੈਰੀ ਨਾਹਿ ਬੇਗਾਨਾ ਸਗਲ ਸੰਗ ਹਮ ਕੋ ਬਨ ਆਈ’ ਦਾ ਬੜੇ ਸੁਚੱਜੇ ਢੰਗ ਨਾਲ ਪ੍ਰਚਾਰ ਕੀਤਾ।

ਉਘੇ ਅਰਥ ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਗੁਰੂ ਨਾਨਕ ਨੇ ਗੋਸ਼ਟਿ ਦੀ ਪ੍ਰਥਾ ਨੂੰ ਅਹਿਮੀਅਤ ਦਿੰਦਿਆਂ ਮਨੁੱਖਤਾ ਨੂੰ ਆਰਥਕ ਤੇ ਸਮਾਜਕ ਬਰਾਬਰੀ ਦਾ ਸੰਦੇਸ਼ ਦਿੱਤਾ ਅਤੇ ਉਦਾਸੀਆਂ ਪਿਛੋਂ ਕਰਤਾਰਪੁਰ ਵਿਚ ਹੱਥੀਂ ਖੇਤੀ ਕਰਕੇ ਕਿਰਤ ਦੇ ਆਪਣੇ ਸੰਦੇਸ਼ ਨੂੰ ਅਮਲੀ ਤੌਰ ‘ਤੇ ਲੋਕਾਈ ਦੇ ਸਾਹਮਣੇ ਪੇਸ਼ ਕੀਤਾ।

ਪੰਜਾਬੀ ਯੁਨੀਵਰਸਿਟੀ ਪਟਿਆਲਾ ਦੇ ਰਜਿਸਟਰਾਰ ਡਾ. ਮਨਜੀਤ ਸਿੰਘ ਨਿੱਜਰ ਨੇ ਗੁਰੂ ਜੀ ਦੇ ਸੰਗਤ, ਪੰਗਤ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ਾਂ ਦੀ ਸੰਖੇਪ ਚਰਚਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਜੀਵਨ ਵਿਚ ਸੱਚ ਜੀਵਿਆ ਤੇ ਸੱਚ ਫੈਲਾਇਆ।

ਉਘੇ ਵਾਤਾਵਰਣ ਪ੍ਰੇਮੀ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਗੁਰੂ ਨਾਨਕ ਸਾਰੀ ਲੋਕਾਈ ਦੇ ਰਾਹ ਦਸੇਰੇ ਹਨ ਅਤੇ ਮਨੁੱਖਤਾ ਉਨ੍ਹਾਂ ਦੀਆਂ ਸਿੱਖਿਆਵਾਂ ‘ਤੇ ਚੱਲਦਿਆਂ ਸੱਚਾ ਤੇ ਸੁੱਚਾ ਜੀਵਨ ਬਤੀਤ ਕਰ ਸਕਦੀ ਹੈ।

ਨਾਮਧਾਰੀ ਸੰਪਰਦਾਇ ਦੇ ਮੁਖੀ ਠਾਕਰ ਦਲੀਪ ਸਿੰਘ ਨੇ ਕਿਹਾ ਕਿ ਗੁਰੂ ਜੀ ਦਾ ਪਹਿਲਾ ਸਿੱਖ ਰਾਏ ਬੁਲਾਰ ਸੀ। ਉਨ੍ਹਾਂ ਕਿਹਾ ਕਿ ਅੱਜ ਅਸੀਂ ਕਈ ਧਰਮਾਂ ਤੇ ਫਿਰਕਿਆਂ ਵਿਚ ਵੰਡੇ ਹੋਏ ਹਾਂ ਜੋ ਗੁਰੂ ਆਸ਼ੇ ਦੇ ਅਨੁਕੂਲ ਨਹੀਂ ਹੈ।

ਪ੍ਰਧਾਨਗੀ ਭਾਸ਼ਣ ਦੌਰਾਨ ਡਾ. ਵਰਿਆਮ ਸਿੰਘ ਨੇ ਕਿਹਾ ਕਿ ਕਾਲੀ-ਵੇਈਂ ਵਿਚ ਲਾਈ ਗਈ ਆਤਮ-ਗਿਆਨ ਦੀ ‘ਚੁੱਭੀ’ ਪਿਛੋਂ ਗੁਰੂ ਨਾਨਕ ਨੇ ‘ਨਾ ਹਿੰਦੂ ਨਾ ਮੁਸਲਮਾਨ’ ਉਚਾਰ ਕੇ ਦੱਸਿਆ ਕਿ ਉਹ ਇਨਸਾਨ ਹਨ ਅਤੇ ਸਾਨੂੰ ਸਭ ਨੂੰ ਵੀ ਚੰਗੇ ਇਨਸਾਨ ਬਣਨ ਦੀ ਲੋੜ ਹੈ। ਡਾ. ਸੰਧੂ ਨੇ ਕਿਹਾ ਕਿ ਅੱਜ ਅਸੀਂ ਸੰਵਾਦ ਤੋਂ ਬਹੁਤ ਦੂਰ ਚਲੇ ਗਏ ਹਾਂ ਅਤੇ ਛੋਟੀਆਂ-ਛੋਟੀਆਂ ਗੱਲਾਂ



ਗੁਰਬਖਸ਼ ਸਿੰਘ ਭੰਡਾਲ

‘ਤੇ ਕਿਰਪਾਨਾਂ ਕੱਢ ਲੈਂਦੇ ਹਾਂ।

ਇਸ ਤੋਂ ਪਹਿਲਾਂ ਚੇਅਰਮੈਨ ਗਿਆਨ ਸਿੰਘ ਕੰਗ ਅਤੇ ਪ੍ਰਧਾਨ ਕੰਵਲਜੀਤ ਸਿੰਘ (ਲਾਲੀ) ਕੰਗ ਨੇ ਆਏ ਮਹਿਮਾਨਾਂ ਨੂੰ ‘ਜੀ ਆਇਆਂ’ ਕਿਹਾ। ਉਦਘਾਟਨੀ ਸੈਸ਼ਨ ਦਾ ਸੰਚਾਲਨ ਕਾਨਫਰੰਸ ਦੇ ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ



ਕਾਹਲੋਂ ਨੇ ਕੀਤਾ।

ਕਾਨਫਰੰਸ ਦੇ ਪਹਿਲੇ ਵਿੱਦਿਅਕ ਸੈਸ਼ਨ ਵਿਚ ਉਘੇ ਵਿਦਵਾਨ ਤੇ ਗੁਰਬਾਣੀ ਸੰਗੀਤ ਦੇ ਮਾਹਿਰ ਪੂਰਨ ਸਿੰਘ ਪਾਂਧੀ ਨੇ ਆਪਣੇ ਪੇਪਰ ‘ਗੁਰੂ ਨਾਨਕ ਬਾਣੀ ਦੀ ਕਾਵਿਕ, ਸੰਗੀਤਕ ਅਤੇ ਭਾਸ਼ਾਈ ਮਹਾਨਤਾ’ ਵਿਚ ਗੁਰੂ ਜੀ ਦੀ ਬਾਣੀ ਦੇ ਰਾਗ ਪ੍ਰਬੰਧ ਬਾਰੇ ਗੱਲ ਕਰਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਤੇ 35 ਭਗਤਾਂ ਦੀ 31 ਰਾਗਾਂ ਵਿਚ ਰਚੀ ਬਾਣੀ ਵਿਚ ਗੁਰੂ ਨਾਨਕ ਦੀ ਬਾਣੀ 19 ਰਾਗਾਂ ਵਿਚ ਹੈ। ਸ. ਪਾਂਧੀ ਨੇ ਗੁਰਬਾਣੀ-ਸੰਗੀਤ ਵਿਚਲੀਆਂ ਸੰਗੀਤਕ ਬਾਰੀਕੀਆਂ ਪੜਤਾਲ, ਤਰਾਨਾ ਆਦਿ ਦੀ ਚਰਚਾ ਕਰਦਿਆਂ ਕਿਹਾ ਕਿ ਅੱਜ ਕੱਲ੍ਹ ਬਹੁਤ ਸਾਰੇ ਗੁਰਦੁਆਰਿਆਂ ਵਿਚ ‘ਆਸਾ ਦੀ ਵਾਰ’ ਦਾ ਕੀਰਤਨ ਬੰਦ ਕਰ ਦਿੱਤਾ ਗਿਆ ਹੈ ਅਤੇ ਗ੍ਰੰਥੀ ਸਾਹਿਬਾਨ ਸਵੇਰ ਸਮੇਂ ਸੁਖਮਨੀ ਸਾਹਿਬ ਦਾ ਹੀ ਪਾਠ ਕਰਦੇ ਹਨ।

ਲਾਇਲਪੁਰ ਖਾਲਸਾ ਕਾਲਜ, ਜਲੰਧਰ ਤੋਂ ਆਏ ਡਾ. ਗੋਪਾਲ ਸਿੰਘ ਬੁੱਟਰ ਨੇ ਆਪਣੇ ਪਰਚੇ ‘ਗੁਰੂ ਨਾਨਕ ਦਾ ਜੀਵਨ ਤੇ ਬਾਣੀ ਦਾ ਪ੍ਰਭਾਵ’ ਵਿਚ ਗੁਰੂ ਜੀ ਵੱਲੋਂ ਰਚੀ ਗਈ ਬਾਣੀ ਦੇ ਸੱਚ ਦੀ ਗੱਲ ਕੀਤੀ। ਪਟਿਆਲਾ ਤੋਂ ਆਏ ਡਾ. ਕਮਲ ਜਸਮਿੰਦਰਪਾਲ ਸਿੰਘ ਨੇ ਗੁਰੂ ਜੀ ਦੀ ਬਾਣੀ ਵਿਚ ਅਧਿਆਤਮਵਾਦ ਦੀ ਮਹਾਨਤਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਵੱਲੋਂ ਇਸ ਨੂੰ ਬਹੁਤ ਉਚਾ ਦਰਜਾ ਦੇਣ ਦੀ ਗੱਲ ਕੀਤੀ।

ਡਾ. ਭੀਮ ਇੰਦਰ ਸਿੰਘ ਨੇ ਆਪਣੇ ਪਰਚੇ ‘ਗੁਰੂ ਨਾਨਕ ਬਾਣੀ ਤੇ ਪ੍ਰਸੰਗਿਕ ਸਥਿਤੀਆਂ’ ਵਿਚ ਕਿਹਾ ਕਿ ਗੁਰੂ ਸਾਹਿਬ ਦੀ ਬਾਣੀ ਜਗੀਰਦਾਰੀ ਨਿਜ਼ਾਮ ਦੇ ਉਲਟ ਹੈ ਅਤੇ ਇਹ ਮਨੁੱਖਵਾਦ ਦੀ ਗੱਲ ਕਰਦੀ ਹੈ। ਉਨ੍ਹਾਂ ਅਜੋਕੇ ਪਦਾਰਥਵਾਦ ਵਿਚ ਅਮੀਰ ਮੁਲਕਾਂ ਵੱਲੋਂ ਤੀਸਰੀ ਦੁਨੀਆਂ ਦੇ ਗਰੀਬ ਦੇਸ਼ਾਂ ਦੀ ਕੀਤੀ ਜਾ ਰਹੀ ਲੁੱਟ-ਖਸੁੱਟ ਬਾਰੇ ਵੀ ਚਰਚਾ ਕੀਤੀ।

ਇਸ ਸੈਸ਼ਨ ਵਿਚ ਪਾਰਲੀਮੈਂਟ ਮੈਂਬਰ ਰਮੇਸ਼ ਸੰਘਾ, ਸਿਟੀ ਕੌਂਸਲਰ ਹਰਕੀਰਤ ਸਿੰਘ ਅਤੇ ਸਾਬਕਾ ਸਕੂਲ ਟਰਸਟੀ ਅਵਤਾਰ ਸਿੰਘ ਮਿਨਹਾਸ ਨੇ ਵੀ ਆਪਣੇ ਵਿਚਾਰ ਪ੍ਰਗਟਾਏ। ਇਸ ਸੈਸ਼ਨ ਦੀ ਕਾਰਵਾਈ ਪ੍ਰਿੰ. ਸਰਵਣ ਸਿੰਘ ਨੇ ਬਾਖੂਬੀ ਸੰਭਾਲੀ, ਜਦੋਂ ਕਿ ਸੰਚਾਲਨ ਹਰਵਿੰਦਰ ਸਿਰਸਾ ਨੇ ਕੀਤਾ।

ਵਿਦਿਅਕ ਸੈਸ਼ਨ ਦੇ ਦੂਜੇ ਹਿੱਸੇ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫੈਸਰ ਡਾ. ਦਲਜੀਤ ਸਿੰਘ ਵਾਲੀਆ ਨੇ ਆਪਣੇ ਪਰਚੇ ‘ਗੁਰੂ ਨਾਨਕ ਬਾਣੀ ਵਿਚ ਔਰਤ ਦਾ ਸਥਾਨ’ ਵਿਚ ਗੁਰੂ ਜੀ ਵੱਲੋਂ ਔਰਤ ਨੂੰ ਸਮਾਜ ਵਿਚ ਉੱਚਾ ਸਥਾਨ ਦੇਣ ਦੀ ਗੱਲ ਕੀਤੀ।

ਡਾ. ਸੁਖਦੇਵ ਸਿੰਘ ਝੰਡ ਨੇ ਆਪਣੇ ਪੇਪਰ ‘ਗੁਰੂ ਨਾਨਕ ਦੀਆਂ ਸਿੱਖਿਆਵਾਂ ਦੀ ਅਜੋਕੇ ਯੁੱਗ ਵਿਚ ਸਾਰਥਕਤਾ’ ਵਿਚ ਦੱਸਿਆ ਕਿ ਗੁਰੂ ਜੀ ਦੀਆਂ ਸਿੱਖਿਆਵਾਂ-ਪਰਮਾਤਮਾ ਇਕ ਹੈ, ਸਮਾਜਿਕ ਬਰਾਬਰੀ, ਸਾਂਝੀਵਾਲਤਾ, ਸੰਗਤ-ਪੰਗਤ, ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ ਆਦਿ ਅੱਜ ਵੀ ਓਨੀਆਂ ਹੀ ਪ੍ਰਸੰਗਿਕ ਹਨ, ਜਿੰਨੀਆਂ 550 ਸਾਲ ਪਹਿਲਾਂ ਸਨ। ਸੰਗਤ-ਪੰਗਤ ਦੇ ਪ੍ਰਸੰਗ ਵਿਚ ਉਨ੍ਹਾਂ ਅੱਜ ਕੱਲ੍ਹ ਰਾਵੀ ਸਿੰਘ ਦੀ ਅਗਵਾਈ ਵਿਚ ਚੱਲ ਰਹੀ ਕੌਮਾਂਤਰੀ ਸੰਸਥਾ ‘ਖਾਲਸਾ ਏਡ’, ‘ਅਮੈਰੀਕਨ ਸਿੱਖਸ ਸੁਸਾਇਟੀ’, ‘ਮਲੇਸ਼ੀਆ ਸਿੱਖ ਸਰਵਿਸ ਆਰਗੇਨਾਈਜੇਸ਼ਨ’, ‘ਸ਼ਬਦ ਲੰਗਰ’ ਅਤੇ ‘ਸੇਵਾ-ਫੂਡ’ ਦੀ ਸ਼ਲਾਘਾ ਕੀਤੀ।

ਅਮਰੀਕਾ ਤੋਂ ਆਏ ਦਲਵੀਰ ਸਿੰਘ ਨਿੱਜਰ ਨੇ ਆਪਣੇ ਪਰਚੇ ‘ਗੁਰੂ ਨਾਨਕ ਬਾਣੀ ਦਾ ਇਨਕਲਾਬੀ ਸੰਕਲਪ’ ਵਿਚ ਬਾਬਰ ਦੇ ਹਮਲੇ ਦੌਰਾਨ ਗੁਰੂ ਜੀ ਵੱਲੋਂ ਉਚਾਰੇ ਗਏ ਸ਼ਬਦਾਂ ‘ਜੈਸੀ ਮਹਿ ਆਵੈ ਖਸਮੁ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ’ ਅਤੇ ‘ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨ ਡਰਾਇਆ’ ਬਾਰੇ ਚਰਚਾ ਕੀਤੀ। ਗੁਰਮੀਤ ਕੜਿਆਲਵੀ ਨੇ ਆਪਣੇ ਪਰਚੇ ਵਿਚ ਗੁਰੂ ਨਾਨਕ ਦੇ ਸਮੇਂ ਦੀ ਰਾਜਸੀ ਅਵਸਥਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਅੱਜ ਵੀ ਹਾਲਾਤ ਲਗਭਗ ਓਹੀ ਹਨ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਨਾਮ ਕੌਰ ਨੇ ਗੁਰੂ ਨਾਨਕ ਦੀ ਫਿਲਾਸਫੀ ਦੀ ਪ੍ਰਸੰਗਿਕਤਾ ਬਾਰੇ ਗੱਲ ਕਰਦਿਆਂ ਨਿਆਂ, ਬਰਾਬਰੀ ਅਤੇ ਮਨੁੱਖੀ ਹੱਕਾਂ ਬਾਰੇ ਅੱਜ ਦੇ ਪ੍ਰਸੰਗ ਵਿਚ ਚਰਚਾ ਕੀਤੀ। ਡਾ. ਕੁਲਵਿੰਦਰ ਕੌਰ ਕੰਵਲ ਨੇ ਸੁਲਤਾਨਪੁਰ ਲੋਧੀ ਦੇ ਇਤਿਹਾਸ ਨੂੰ ਸੰਬੋਧਨ ਦਾ ਵਿਸ਼ਾ ਬਣਾਉਂਦਿਆਂ ਇਸ ਸ਼ਹਿਰ ਦੇ ਗੌਰਵਮਈ ਪਿਛੋਕੜ ਦੀ ਗੱਲ ਕਰਦਿਆਂ ਦੱਸਿਆ ਕਿ ਇਸ ਸ਼ਹਿਰ ਦਾ ਪੁਰਾਤਨ ਨਾਂ ‘ਸਰਵਮਾਨਪੁਰ’ ਸੀ। ਸੁਲਤਾਨ ਖਾਨ ਲੋਧੀ ਦੇ ਨਾਂ ‘ਤੇ ਇਸ ਦਾ ਵਰਤਮਾਨ ਨਾਂ ਸੁਲਤਾਨਪੁਰ ਲੋਧੀ ਪਿਆ ਅਤੇ ਇਹ ਅਹਿਮਦ ਸ਼ਾਹ ਅਬਦਾਲੀ ਅਤੇ ਨਾਦਰ ਸ਼ਾਹ ਦੇ ਕਈ ਹਮਲਿਆਂ ਦਾ ਸ਼ਿਕਾਰ ਹੋਇਆ। ਇਸ ਸੈਸ਼ਨ ਦੇ ਸੰਚਾਲਕ ਅਮਰਜੀਤ ਸਿੰਘ ਬਿੰਦਰਾ ਸਨ ਅਤੇ ਇਸ ਦੀ ਸਮੁੱਚੀ ਕਾਰਵਾਈ ਨੂੰ ਕੰਪਿਊਟਰ ਮਾਹਿਰ ਕ੍ਰਿਪਾਲ ਸਿੰਘ ਪੰਨੂੰ ਨੇ ਬੜੇ ਭਾਵਪੂਰਤ ਸ਼ਬਦਾਂ ਨਾਲ ਸਮੇਟਿਆ।

ਕਾਨਫਰੰਸ ਦੇ ਦੂਸਰੇ ਦਿਨ ਦੇ ਵਿੱਦਿਅਕ ਸੈਸ਼ਨ ਵਿਚ ਪੇਪਰ ਪੰਜਾਬ ਅਤੇ ਕੈਨੇਡਾ ਵਿਚ ਦਰਪੇਸ਼ ਮਸਲਿਆਂ ਬਾਰੇ ਸਨ। ਉਘੇ ਅਰਥ ਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਨੇ ਜਿੱਥੇ ਪੰਜਾਬ ਤੋਂ ਪੰਜਾਬੀਆਂ ਦੀ ਬਾਹਰਲੇ ਦੇਸ਼ਾਂ ਵੱਲ ਅਤੇ ਭਾਰਤ ਦੇ ਹੋਰ ਸੂਬਿਆਂ ਵੱਲੋਂ ਪੰਜਾਬ ਵੱਲ ਹੋ ਰਹੇ ਪਰਵਾਸ ਬਾਰੇ ਵਿਸਤ੍ਰਿਤ ਚਰਚਾ ਕੀਤੀ, ਉਥੇ ਬਲਦੇਵ ਦੂਹੜੇ ਨੇ ਪੰਜਾਬ ਵਿਚ ਸਾਂਝੀ ਖੇਤੀ ਦੇ ਸੰਕਲਪ ਅਤੇ ਪਰਮਜੀਤ ਸਰਾਂ ਨੇ ਮੈਂਟਲ ਹੈਲਥ ਵਰਗੇ ਗੰਭੀਰ ਵਿਸ਼ੇ ‘ਤੇ ਵਿਚਾਰ ਪ੍ਰਗਟਾਏ।

ਕਹਾਣੀਕਾਰ ਗੁਰਮੀਤ ਪਨਾਗ ਨੇ ਪੱਤਰਕਾਰ ਦਵੀ ਦਵਿੰਦਰ ਕੌਰ ਦੇ ‘ਮੀਡੀਆ ਅਤੇ ਅਮਨ’ ਪਰਚੇ ਵਿਚ ਮੀਡੀਆ ਦੇ ਆਮ ਕਰਕੇ ਅਤੇ ਭਾਰਤੀ ਮੀਡੀਆ ਦੇ ਖਾਸ ਕਰਕੇ ਪੱਖਪਾਤੀ ਹੋਣ ਬਾਰੇ ਵਿਚਾਰ ਪ੍ਰਗਟਾਏ। ਰਾਇਰਸਨ



ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਡਾ. ਵਰਿਆਮ ਸਿੰਘ ਸੰਧੂ

ਯੂਨੀਵਰਸਿਟੀ, ਟੋਰਾਂਟੋ ਦੀ ਰਿਸਰਚ ਸਕਾਲਰ ਸਤਾਮਾ ਘੋਸ਼ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ ਚਰਚਾ ਕੀਤੀ। ਇਸ ਸੈਸ਼ਨ ਵਿਚ ਰੀਜਨਲ ਕੌਂਸਲਰ ਗੁਰਪ੍ਰੀਤ ਸਿੰਘ ਢਿੱਲੋਂ ਅਤੇ ਐਫ. ਬੀ. ਆਈ. ਸਕੂਲ ਦੇ ਪ੍ਰਿੰਸੀਪਲ ਸੰਜੀਵ ਧਵਨ ਨੇ ਵੀ ਵਿਚਾਰ ਪੇਸ਼ ਕੀਤੇ। ਸੈਸ਼ਨ ਦਾ ਸੰਚਾਲਨ ਪ੍ਰੋ. ਜਗੀਰ ਸਿੰਘ ਨੇ ਕੀਤਾ।

ਵਿੱਦਿਅਕ ਸੈਸ਼ਨ ਦੇ ਦੂਜੇ ਹਿੱਸੇ ਵਿਚ ਸਭ ਤੋਂ ਪਹਿਲਾਂ ਬਰੈਂਪਟਨ ਦੇ ਪਾਰਲੀਮੈਂਟ ਮੈਂਬਰਾਂ-ਰੂਬੀ ਸਹੋਤਾ ਤੇ ਅਮਰਜੋਤ ਸੰਧੂ ਅਤੇ ਮਿਸੀਸਾਗਾ ਦੇ ਐਮ. ਪੀ. ਨੀਨਾ ਤਾਂਗੜੀ ਤੇ ਦੀਪਕ ਅਨੰਦ ਨੇ ਸ਼ੁਭ-ਇੱਛਾਵਾਂ ਦਿੱਤੀਆਂ। ਉਪਰੰਤ ਡਾ. ਡੀ. ਪੀ. ਸਿੰਘ ਅਤੇ ਪੰਜਾਬ ਤੋਂ ਆਏ ਪ੍ਰੋ. ਕੰਵਲਜੀਤ ਸਿੰਘ ਸੈਣੀ ਨੇ ਪਾਵਰ-ਪੁਆਇੰਟ ਰਾਹੀਂ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਦੀ ਅਜੋਕੇ ਸੰਦਰਭ ਵਿਚ ਲਿੰਗਕ ਤੇ ਸਮਾਜਕ ਬਰਾਬਰੀ, ਸਾਂਝੀਵਾਲਤਾ, ਸਿਹਤਮੰਦ ਸਮਾਜਕ ਸਬੰਧਾਂ, ਮਨੁੱਖੀ, ਵਿੱਤੀ ਤੇ ਭੌਤਿਕ ਸਾਧਨਾਂ ਦੀ ਵਧੇਰੇ ਉਪਯੋਗਤਾ ਅਤੇ ਸਿੱਖੀ ਵਿਚ ਦਸਵੰਧ ਤੇ ਲੰਗਰ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਗੁਰਚਰਨ ਸਿੰਘ ਨੇ ਕ੍ਰਾਂਤੀਕਾਰੀ ਗੁਰੂ ਨਾਨਕ ਦੀ ਗੱਲ ਕਰਦਿਆਂ ਰਾਜ-ਸੱਤਾ ਵਿਚ ਆਈ ਗਿਰਾਵਟ ਦੀ ਗੱਲ ਕੀਤੀ।

ਕਲੀਵਲੈਂਡ ਯੂਨੀਵਰਸਿਟੀ, ਓਹਾਇਓ (ਅਮਰੀਕਾ) ਵਿਚ ਫਿਜ਼ਿਕਸ ਪੜ੍ਹਾਉਂਦੇ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਆਪਣੇ ਪੇਪਰ ‘ਅਸੀਂ 550 ਸਾਲ ਬਾਅਦ ਕਿੱਥੇ ਖੜ੍ਹੇ ਹਾਂ’ ਵਿਚ ਕਈ ਅਹਿਮ ਨੁਕਤੇ ਉਠਾਏ। ਨਗਰ ਕੀਰਤਨਾਂ ਅਤੇ ਹੋਰ ਅਜਿਹੇ ਮੌਕਿਆਂ ‘ਤੇ ਗੁਰੂ ਕੇ ਲੰਗਰਾਂ ਵਿਚ ਖਾਧ-ਪਦਾਰਥਾਂ ਦੀ ਹੋ ਰਹੀ ਦੁਰਗਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਅਸੀਂ ਭੁੱਖਿਆਂ ਨੂੰ ਨਹੀਂ, ਸਗੋਂ ਰੱਜਿਆਂ ਨੂੰ ਰਜਾ ਰਹੇ ਹਾਂ। ਗੁਰੂ ਜੀ ਨੇ ਜਿਸ ਭਾਈ ਮਰਦਾਨੇ ਨੂੰ ਆਪਣਾ ਸਾਥੀ ਬਣਾ ਕੇ ਉਸ ਸਮੇਂ ਦੇ ਸਮਾਜ ਨੂੰ ਚੁਣੌਤੀ ਦਿੱਤੀ ਸੀ, ਹੁਣ ਓਸੇ ਭਾਈ ਮਰਦਾਨੇ ਦੀ ਵੰਸ਼ ਨੂੰ ਹਰਿਮੰਦਰ ਸਾਹਿਬ ਵਿਚ ਕੀਰਤਨ ਕਰਨ ਦੀ ਆਗਿਆ ਨਹੀਂ ਹੈ।

ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਦਿੱਲੀ ਦੀ ਪ੍ਰਿੰਸੀਪਲ ਕੁਲਦੀਪ ਕੌਰ ਪਾਹਵਾ, ਡਾ. ਰੁਪਿੰਦਰ ਕੌਰ ਗਿੱਲ, ਡਾ. ਮਿਨਾਕਸ਼ੀ ਸ਼ਰਮਾ, ਪ੍ਰੋ. ਲਖਵਿੰਦਰ ਕੌਰ ਤੋਂ ਇਲਾਵਾ ਜੰਮੂ ਤੋਂ ਸੁਰਿੰਦਰ ਨੀਰ, ਪਰਮਜੀਤ ਸਿੰਘ ਬਿਰਦੀ, ਜੋਗਿੰਦਰ ਸਿੰਘ ਢਿੱਲੋਂ, ਡਾ. ਕੁਲਜੀਤ ਸਿੰਘ ਜੰਜੂਆ ਅਤੇ ਪਿਆਰਾ ਸਿੰਘ ਕੁੱਦੋਵਾਲ ਨੇ ਵੀ ਸੰਬੋਧਨ ਕੀਤਾ।

ਸਿਆਟਲ (ਅਮਰੀਕਾ) ਤੋਂ ਆਈ ਮਨਜੀਤ ਕੌਰ ਨੇ ਔਰਤਾਂ ਵੱਲੋਂ ਸਿਆਟਲ ਵਿਚ ਸਫਲਤਾ ਨਾਲ ਚਲਾਈ ਜਾ ਰਹੀ ਸੰਸਥਾ ਬਾਰੇ ਜਾਣਕਾਰੀ ਸਾਂਝੀ ਕੀਤੀ। ਮੰਚ ਸੰਚਾਲਨ ਸੁਰਜੀਤ ਕੌਰ ਨੇ ਕੀਤਾ। ਅਖੀਰ ਵਿਚ ਜੀ. ਟੀ. ਏ. ਦੇ ਮੀਡੀਆ ਮੈਂਬਰਾਂ, ਸਮਾਜ ਦੇ ਹੋਰ ਖੇਤਰਾਂ ਵਿਚ ਆਪਣਾ ਭਰਪੂਰ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਅਤੇ ਸਪਾਂਸਰਾਂ ਦਾ ਕਾਨਫਰੰਸ ਦੇ ਪ੍ਰਬੰਧਕਾਂ ਨੇ ਪਲੇਕਾਂ ਤੇ ਲੋਈਆਂ ਦੇ ਕੇ ਸਨਮਾਨ ਕੀਤਾ।

ਕਾਨਫਰੰਸ ਦੇ ਆਖਰੀ ਸੈਸ਼ਨ ਕਵੀ-ਦਰਬਾਰ ਵਿਚ ਬਹੁਤ ਸਾਰੇ ਕਵੀਆਂ ਨੇ ਆਪਣੀਆਂ ਨਜ਼ਮਾਂ ਪੜ੍ਹੀਆਂ। ਕਵੀ ਦਰਬਾਰ ਦੀ ਅਗਵਾਈ ਪਿਆਰਾ ਸਿੰਘ ਕੁੱਦੋਵਾਲ ਨੇ ਕੀਤੀ।

# ਡਾ. ਨੇਕੀ ਇਕ ਹੋਰ ਮੈਡੀਕਲ ਰਸਾਲੇ ਦੇ ਸੰਪਾਦਕ ਬਣੇ

**ਬਰੈਂਪਟਨ, ਕੈਨੇਡਾ (ਡਾ. ਝੰਡ):** ‘ਲਿਮਕਾ ਬੁੱਕ ਆਫ ਵਰਲਡ ਰਿਕਾਰਡਜ਼’ ਵਿਚ ਆਪਣਾ ਨਾਂ ਦਰਜ ਕਰਵਾ ਚੁਕੀ ਮੈਡੀਕਲ ਖੇਤਰ ਦੀ ਨਾਮਵਰ ਸ਼ਖਸੀਅਤ ਡਾ. ਨਿਰੰਕਾਰ ਸਿੰਘ ਨੇਕੀ (ਪ੍ਰੋਫੈਸਰ ਆਫ ਮੈਡੀਸਿਨ ਸਰਕਾਰੀ ਮੈਡੀਕਲ ਕਾਲਜ ਅਤੇ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ) ਜੋ ਪਹਿਲਾਂ ਵੀ ਕਈ ਮੈਡੀਕਲ ਖੋਜ ਰਸਾਲਿਆਂ ਦੇ ਸੰਪਾਦਕੀ ਮੰਡਲਾਂ ਵਿਚ ਸ਼ਾਮਲ ਹਨ, ਨੂੰ ‘ਅਫਰੀਕਨ ਜਰਨਲ ਆਫ ਹੈਲਥ ਸੇਫਟੀ ਐਂਡ ਐਨਵਾਇਰਨਮੈਂਟ’ ਦਾ ਐਡੀਟਰ ਨਿਯੁਕਤ ਕੀਤਾ ਗਿਆ ਹੈ।

ਇਹ ਖੋਜ ਰਸਾਲਾ ਕਿਵੋਸ ਰਿਸਰਚ ਗਰੁੱਪ ਵੱਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਡਾ. ਨੇਕੀ ਦੀ ਇਸ ਪ੍ਰਾਪਤੀ ਨਾਲ ਅੰਮ੍ਰਿਤਸਰ ਦਾ ਨਾਂ ਮੈਡੀਕਲ ਦੀ ਦੁਨੀਆਂ ਵਿਚ ਹੋਰ ਵੀ ਉਚਾ ਹੋਇਆ ਹੈ। ਜ਼ਿਕਰਯੋਗ ਹੈ ਕਿ ਡਾ. ਨੇਕੀ ਇਸ ਤੋਂ ਪਹਿਲਾਂ ਵੀ ਇਕ ਦਰਜਨ ਤੋਂ ਵੱਧ ਮੈਡੀਕਲ ਖੋਜ ਰਸਾਲਿਆਂ ਦੇ ਸੰਪਾਦਕ ਹਨ ਅਤੇ ਉਨ੍ਹਾਂ ਦੇ 500



ਡਾ. ਨਿਰੰਕਾਰ ਸਿੰਘ ਨੇਕੀ

ਤੋਂ ਵੱਧ ਡਾਕਟਰੀ ਖੋਜ ਨਾਲ ਸਬੰਧਤ ਪੇਪਰ ਛਪ ਚੁਕੇ ਹਨ।

# ਸਿੱਖ ਸਪੋਰਟਸ ਐਸੋਸੀਏਸ਼ਨ ਦੀਆਂ ਖੇਡਾਂ ਲਈ ਡੋਪ ਟੈਸਟ ਜ਼ਰੂਰੀ

**ਫਰੀਮਾਂਟ (ਬਿਊਰੋ):** ਖੇਡ ਸੰਸਥਾ ਸਿੱਖ ਸਪੋਰਟਸ ਐਸੋਸੀਏਸ਼ਨ, ਕੈਲੀਫੋਰਨੀਆ ਆਪਣੇ ਆਪ ਨੂੰ ਬਹੁਤ ਵੱਡੇ ਭਾਗਾਂ ਵਾਲੀ ਸੰਸਥਾ ਮਹਿਸੂਸ ਕਰ ਰਹੀ ਹੈ। ਇਸ ਸਾਲ ਗੁਰੂ ਨਾਨਕ ਦੇਵ ਜੀ ਦੀ 550ਵੀਂ ਜਨਮ ਸ਼ਤਾਬਦੀ ਤੇ ਬਾਬੇ ਨਾਨਕ ਦਾ ਤੇਰਾਂ ਤੇਰਾਂ ਵਾਲਾ ਨੰਬਰ ਦੋਵੇਂ ਇਕੋ ਸਮੇਂ 'ਤੇ ਆ ਰਹੇ ਹਨ। ਸੰਸਥਾ ਨੇ ਇਸ ਖੁਸ਼ੀ ਨੂੰ ਸਾਂਝੀ ਕਰਨ ਲਈ ਕਬੱਡੀ ਦੇ ਸਾਰੇ ਖਿਡਾਰੀਆਂ ਅਤੇ ਕਬੱਡੀ ਕਲੱਬਾਂ ਨੂੰ ਬੇਨਤੀ ਕੀਤੀ ਹੈ ਕਿ ਸਿੱਖ ਸਪੋਰਟਸ ਦੀ ਤਕਨੀਕੀ ਕਮੇਟੀ ਕਿਸੇ ਵੀ ਖਿਡਾਰੀ ਨੂੰ ਡੋਪ ਟੈਸਟ ਕਰਨ ਲਈ ਆਖ ਸਕਦੀ ਹੈ। ਜਿਹੜੇ ਵੀ ਖਿਡਾਰੀ ਜਾਂ ਕਲੱਬ ਨੇ ਡੋਪ ਟੈਸਟ ਕਰਨ ਤੋਂ ਇਨਕਾਰ ਕੀਤਾ, ਉਸ ਖਿਡਾਰੀ ਨੂੰ ਆਪਣੇ ਆਪ ਖੇਡ ਮੈਦਾਨ ਤੋਂ ਬਾਹਰ ਜਾਣਾ ਪਵੇਗਾ।

ਸਿੱਖ ਸਪੋਰਟਸ ਐਸੋਸੀਏਸ਼ਨ ਨੇ ਸਾਰੇ ਖੇਡ ਕਲੱਬਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਖਿਡਾਰੀਆਂ ਦਾ ਡਰੱਗ ਫਰੀ ਸਰਟੀਫਿਕੇਟ ਲੈ ਕੇ ਆਉਣ। ਜਿਸ ਵੀ ਖਿਡਾਰੀ ਨੂੰ ਸਿੱਖ ਸਪੋਰਟਸ ਦੀ ਤਕਨੀਕੀ ਕਮੇਟੀ ਨੇ ਟੈਸਟ ਲਈ ਕਿਹਾ, ਉਸ ਕਲੱਬ ਨੂੰ ਡੋਪ ਟੈਸਟ ਦਾ ਖਰਚਾ ਚੁੱਕਣਾ ਪਵੇਗਾ। ਹੋਰ ਜਾਣਕਾਰੀ ਤੇ ਡਿਸਕਲੋਜ਼ਰ ਜਲਦੀ ਦਿੱਤੇ ਜਾਣਗੇ। ਸਿੱਖ ਸਪੋਰਟਸ ਐਸੋਸੀਏਸ਼ਨ ਨੇ ਆਸ ਪ੍ਰਗਟਾਈ ਹੈ ਕਿ ਸਾਰੇ ਕਲੱਬ, ਖਿਡਾਰੀ ਅਤੇ ਖੇਡ ਪ੍ਰੇਮੀ ਇਸ ਸਬੰਧੀ ਸਹਿਯੋਗ ਦੇਣਗੇ।




ਸੰਸਥਾ ਨੇ ਬਿਆਨ ਵਿਚ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ 550ਵੀਂ ਜਨਮ ਸ਼ਤਾਬਦੀ ਸਾਰੇ ਸਿੱਖ ਜਗਤ ਲਈ ਇਤਿਹਾਸਕ ਸਮਾਂ ਹੈ, ਸਾਨੂੰ ਮਨੁਖਤਾ ਦੀ ਭਲਾਈ ਲਈ ਚੰਗੇ ਕਦਮ ਚੁੱਕਣੇ ਚਾਹੀਦੇ ਹਨ।

ਸਿੱਖ ਸਪੋਰਟਸ ਵਲੋਂ ਕਰਵਾਈਆਂ ਜਾ ਰਹੀਆਂ ਖੇਡਾਂ 20 ਅਤੇ 21 ਜੁਲਾਈ 2019 ਨੂੰ ਜੇਮਜ਼ ਲੋਗਨ ਹਾਈ ਸਕੂਲ (1800 ਐਚ ਸਟਰੀਟ), ਯੂਨੀਅਨ ਸਿਟੀ ਵਿਖੇ ਹੋਣਗੀਆਂ। ਹੋਰ ਜਾਣਕਾਰੀ ਲਈ ਚੇਅਰਮੈਨ ਹਰਵਿੰਦਰ ਸਿੰਘ ਧਾਲੀਵਾਲ ਨਾਲ ਫੋਨ: 510-501-2263 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਸੰਸਥਾ ਦੀ ਵੈਬਸਾਈਟ www.sikhsports.com ਦੇਖੀ ਜਾ ਸਕਦੀ ਹੈ।

# ਜੀ. ਐਚ. ਜੀ. ਡਾਂਸ ਅਤੇ ਸੰਗੀਤ ਅਕੈਡਮੀ ਦਾ ਸਾਲਾਨਾ ਕੈਂਪ 5 ਜੁਲਾਈ ਤੋਂ

**ਫਰਿਜ਼ਨੋ (ਬਿਊਰੋ):** ਸਥਾਨਕ ਸੰਸਥਾ ਜੀ. ਐਚ. ਜੀ. ਡਾਂਸ ਅਤੇ ਸੰਗੀਤ ਅਕੈਡਮੀ ਵਲੋਂ ਸਾਲਾਨਾ ਗਿੱਧਾ, ਭੰਗੜਾ ਤੇ ਸੰਗੀਤ ਆਦਿ



ਪੰਜਾਬੀ ਸੱਭਿਆਚਾਰਕ ਸਿਖਲਾਈ ਕੈਂਪ 5 ਜੁਲਾਈ ਤੋਂ 19 ਜੁਲਾਈ 2019 ਤੱਕ ਪੰਜਾਬੀ ਸਕੂਲ ਫਰਿਜ਼ਨੋ (ਗੁਰਦੁਆਰਾ ਸਿੰਘ ਸਭਾ, ਫਰਿਜ਼ਨੋ) ਵਿਖੇ ਲਾਇਆ ਜਾਵੇਗਾ।

ਇਸ ਸਬੰਧੀ ਹੋਈ ਸੰਸਥਾ ਦੇ ਮੈਂਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਵਿਚ ਵਿਦੇਸ਼ਾਂ ਵਿਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਅਤੇ ਬੱਚਿਆਂ ਨੂੰ ਉਸ ਨਾਲ ਜੋੜਨ ਲਈ ਵਿਚਾਰਾਂ ਹੋਈਆਂ। ਕੈਂਪ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਕੈਂਪ ਵਿਚ ਗਿੱਧਾ-ਭੰਗੜਾ ਤੇ ਹੋਰ ਗੀਤ-ਸੰਗੀਤ ਦੀਆਂ ਸਰਗਰਮੀਆਂ ਹੋਣਗੀਆਂ, ਜਿਨ੍ਹਾਂ ਲਈ ਸਿੱਖਿਆ ਮਾਹਰ ਕੋਚਾਂ ਵਲੋਂ ਦਿੱਤੀ ਜਾਵੇਗੀ। ਸੰਸਥਾ ਦੇ ਬੁਲਾਰੇ ਨੇ ਦੱਸਿਆ ਕਿ ਬੱਚਿਆਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਭਾਈਚਾਰਕ ਸਾਂਝ ਤੇ ਸਮਾਨਤਾ ਨਾਲ ਰਹਿਣ ਦੇ ਗੁਣ ਵੀ ਭਰੇ ਜਾਣਗੇ।

ਕੈਂਪ ਦੀ ਸਮਾਪਤੀ 'ਤੇ 20 ਜੁਲਾਈ ਨੂੰ ਕੌਮਾਂਤਰੀ ਪੱਧਰ 'ਤੇ ਇਥੇ ਸੈਂਟਰਲ ਹਾਈ ਸਕੂਲ (3535 N. Cornelia Ave.) ਵਿਖੇ ਯੁਵਕ ਮੇਲਾ ਹੋਵੇਗਾ। ਸਥਾਨਕ ਬੱਚਿਆਂ ਦੀਆਂ ਵੱਖ ਉਮਰ ਦੀਆਂ ਟੀਮਾਂ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਕੈਨੇਡਾ ਤੋਂ ਵੀ ਸ਼ਿਰਕਤ ਕਰਨਗੀਆਂ। ਕੈਂਪ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਲਈ ਉਦੈਦੀਪ ਸਿੰਘ ਸਿੱਧੂ ਨਾਲ ਫੋਨ: 559-355-4065 ਜਾਂ ਪਰਮਜੀਤ ਸਿੰਘ ਧਾਲੀਵਾਲ ਫੋਨ: 559-351-9465 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤ 'ਚ 70 ਲੱਖ ਲੋਕਾਂ ਦੀ ਪ੍ਰਦੂਸ਼ਣ ਕਾਰਨ ਮੌਤ

**ਲੁਧਿਆਣਾ:** ਵਿਸ਼ਵ ਸਿਹਤ ਸੰਸਥਾ ਦੀ ਰਿਪੋਰਟ ਅਨੁਸਾਰ ਪਿਛਲੇ ਇਕ ਸਾਲ 'ਚ ਭਾਰਤ 'ਚ 70 ਲੱਖ ਲੋਕਾਂ ਦੀ 19.5 ਫੀਸਦੀ ਗੁਣਵੱਤਾ ਵਾਲੀ ਆਕਸੀਜਨ ਨਾ ਮਿਲਣ 'ਤੇ ਪ੍ਰਦੂਸ਼ਣ ਕਰਕੇ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਇਕ ਵਿਅਕਤੀ ਬਿਨਾਂ ਕੁਝ ਖਾਧੇ ਤਿੰਨ ਹਫਤਿਆਂ ਤੱਕ ਤੇ ਬਿਨਾਂ ਪਾਣੀ ਪੀਤੇ 3 ਦਿਨ ਤੱਕ ਜਿਊਂਦਾ ਰਹਿ ਸਕਦਾ ਹੈ ਪਰ ਜੇਕਰ ਉਸ ਨੂੰ ਸ਼ੁੱਧ ਹਵਾ ਤੇ ਆਕਸੀਜਨ ਨਾ ਮਿਲੇ ਤਾਂ ਉਹ 3 ਮਿੰਟ ਵੀ ਜਿਊਂਦਾ ਨਹੀਂ ਰਹਿ ਸਕਦਾ।

ਪਿੰਡਾਂ ਦੇ ਮੁਕਾਬਲੇ ਸ਼ਹਿਰਾਂ 'ਚ ਆਕਸੀਜਨ ਦੀ ਕਮੀ ਜ਼ਿਆਦਾ ਹੈ। ਇਕ ਵਿਅਕਤੀ ਨੂੰ ਪ੍ਰਤੀ ਦਿਨ 550 ਲੀਟਰ 19.5 ਫੀਸਦੀ ਗੁਣਵੱਤਾ ਵਾਲੀ ਆਕਸੀਜਨ ਤੇ 11 ਹਜ਼ਾਰ ਲੀਟਰ ਤਾਜ਼ੀ ਤੇ ਸ਼ੁੱਧ ਹਵਾ ਦੀ ਲੋੜ ਹੁੰਦੀ ਹੈ। ਜੇਕਰ ਆਕਸੀਜਨ ਦੀ ਗੁਣਵੱਤਾ 19.5 ਤੋਂ ਘੱਟ ਹੋਵੇ, ਤਾਂ ਵਿਅਕਤੀ ਦੇ ਸਰੀਰ ਦੇ ਕਈ ਅੰਗ ਕੰਮ ਕਰਨਾ ਬੰਦ ਕਰ ਦਿੰਦੇ ਹਨ ਅਤੇ ਜੇਕਰ ਆਕਸੀਜਨ ਦੀ ਗੁਣਵੱਤਾ 10 ਫੀਸਦੀ ਹੋ ਜਾਵੇ, ਤਾਂ ਵਿਅਕਤੀ ਦਾ ਦਿਮਾਗ ਕੰਮ ਕਰਨਾ ਬੰਦ ਕਰ ਦਿੰਦਾ ਹੈ। ਹੋਰ ਤਾਂ ਹੋਰ ਆਕਸੀਜਨ ਦੀ ਗੁਣਵੱਤਾ 6 ਫੀਸਦੀ ਹੋਣ 'ਤੇ ਤਾਂ ਮਨੁੱਖ ਦੀ ਮੌਤ ਹੋ ਜਾਂਦੀ ਹੈ।


ਮਾਹਿਰਾਂ ਅਨੁਸਾਰ ਘਰਾਂ 'ਚੋਂ ਏ.ਸੀ. ਦੀ ਵਰਤੋਂ ਨੂੰ ਨਾਮਾਤਰ ਹੀ ਕਰਨਾ ਚਾਹੀਦਾ ਹੈ, ਪੌਦਿਆਂ ਨੂੰ ਕੀੜੇਮਾਰ ਜਾਂ ਜ਼ਹਿਰੀਲੀਆਂ ਦਵਾਈਆਂ ਦਾ ਛਿੜਕਾਅ ਕਰਨ ਦੀ ਬਜਾਏ ਰੂੜੀ ਵਾਲੀ ਖਾਦ ਵਰਤਣੀ ਚਾਹੀਦੀ ਹੈ। ਹਰ ਵਿਅਕਤੀ ਨੂੰ ਜੰਗਲਾ ਹੇਠਲਾ ਰਕਬਾ ਵਧਾਉਣ 'ਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਪੰਜਾਬ ਅੰਦਰ 1 ਕਰੋੜ ਦੇ ਲਗਭਗ 2 ਤੇ 4 ਪਹੀਆ ਵਾਹਨ ਹਨ, ਹਰੇਕ ਵਾਹਨ ਰੋਜ਼ਾਨਾ 1 ਲੀਟਰ ਡੀਜਲ ਜਾਂ ਪੈਟਰੋਲ ਫੂਕ ਕੇ 10 ਹਜ਼ਾਰ ਲੀਟਰ ਹਵਾ ਖਾ ਜਾਂਦਾ ਹੈ, ਜਦਕਿ ਮਨੁੱਖ ਹਵਾ ਖਾਣ ਦੀ ਬਜਾਏ 4 ਪਹੀਆ ਵਾਹਨਾਂ 'ਚ ਲੱਗੇ ਏ. ਸੀਆਂ 'ਚ ਬੈਠ ਕੇ ਹਵਾ ਲੈਣ ਤੋਂ ਵਾਂਝਾ ਰਹਿ ਰਿਹਾ ਹੈ।

US Business Brokers Inc.
American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ




Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

Contact us for any Financing Need Nationwide.

• FAST APPROVAL • QUICK CLOSINGS • SBA 504 & 7A
• CONVENTIONAL LOANS • HOTELS, MOTELS
• GAS STATIONS, TRUCK STOPS • INDUSTRIAL CLIENT
• SUBWAY, DUNKIN DONUTS
• LIQUOR STORES, C-STORES, CAR WASH

*Contact us Buy or Sell business*

AJ Sandhu (MBA)
*Managing Broker/Realtor/Consultant*
*Licensed in IL, IN, WA*
916-995-0783 (Cell)
425-529-6283 (Cell)
*630-206-2467 (Fax)*
www.ubbchicago.com aj@ubbchicago.com

# ਕਾਗਜ਼ 'ਤੇ ਲਿਖਿਆ ਯਹੂਦੀ ਘੱਲੂਘਾਰਾ

ਦੂਜਾ ਸੰਸਾਰ ਯੁੱਧ ਅਤੇ ਯਹੂਦੀ ਘੱਲੂਘਾਰਾ ਮੇਰੇ ਮਨਭਾਉਂਦੇ ਵਿਸ਼ੇ ਰਹੇ ਹਨ। ਵਿਦਿਆਰਥੀ ਜੀਵਨ ਵਿਚ ਜਦੋਂ ਐਨ ਫਰੈਂਕ ਦੀ ਡਾਇਰੀ, ਮਾਈਕਲ ਐਲਕਿਨਸ ਦੀ ਕਿਤਾਬ 'ਫਰੋਜ਼ਡ ਇਨ ਫਿਊਰੀ' ਅਤੇ ਲਿਊਨ ਯੂਰਿਸ ਦਾ ਨਾਵਲ 'ਐਕਸੋਡਸ' ਪੜ੍ਹੇ ਤਾਂ ਇਸ ਵਿਚ ਮੇਰੀ ਦਿਲਸਚਪੀ ਹੋਰ ਵਧੀ। ਇਸ ਵਿਸ਼ੇ ਦੀ ਵਿਕਰਾਲਤਾ ਨੂੰ ਪੇਸ਼ ਕਰਦੀਆਂ ਕੁਝ ਫਿਲਮਾਂ ਨੇ ਵੀ ਮੈਨੂੰ ਬਹੁਤ ਪ੍ਰਭਾਵਿਤ ਕੀਤਾ।



ਪੰਜਾਬੀ ਲੇਖਕ ਅਤੇ ਅਨੁਵਾਦਕ ਕੇ.ਐਲ. ਗਰਗ ਨੇ ਆਪਣੀ ਅਨੁਵਾਦ ਕਿਤਾਬ 'ਐਲੀ ਵੀਜ਼ਲ ਦੇ ਤਿੰਨ ਨਾਵਲ' ਦਿੱਤੀ ਜਿਸ ਵਿਚ 'ਰਾਤ', 'ਪਹੁ ਫੁਟਾਲਾ' ਅਤੇ 'ਦੁਰਘਟਨਾ' ਨਾਮੀ ਨਾਵਲ ਸ਼ਾਮਿਲ ਹਨ। ਇਉਂ ਮੇਰਾ ਪਸੰਦੀਦਾ ਵਿਸ਼ਾ ਇਕ ਵਾਰ ਮੇਰੇ ਫਿਰ ਸਾਹਮਣੇ ਸੀ।


**ਮਨਮੋਹਨ**

ਗਰਗ ਦਾ ਐਲੀ ਵੀਜ਼ਲ ਬਾਰੇ ਕਹਿਣਾ ਹੈ ਕਿ ਉਹ ਹੱਸਾਸਪਸੰਦ ਤੇ ਡੂੰਘੀ ਸੋਚ ਤੇ ਨੀਝ ਵਾਲਾ ਲੇਖਕ ਹੈ ਜਿਸ ਨੇ ਹਿਟਲਰ ਦੀਆਂ ਜੇਲ੍ਹਾਂ ਅਤੇ ਤਸੀਹਾ ਕੇਂਦਰਾਂ ਵਿਚ ਮਨੁੱਖਤਾ ਤੋਂ ਡਿੱਗੀਆਂ ਹੋਈਆਂ ਕੋਝੀਆਂ ਹਰਕਤਾਂ, ਪਾਗਲਪਣ, ਵਹਿਸ਼ੀਪੁਣਾ, ਕਰੂਰਤਾ ਅਤੇ ਜ਼ੁਲਮ ਦਾ ਨੰਗਾ ਨਾਚ ਆਪਣੀ ਅੱਲ੍ਹੜ ਉਮਰ ਵਿਚ ਆਪਣੀਆਂ ਅੱਖਾਂ ਨਾਲ ਦੇਖਿਆ ਅਤੇ ਤਨ ਮਨ 'ਤੇ ਹੰਢਾਇਆ। ਉਸ ਦੇ ਬਿਆਨ ਵਿਚ ਤਰਕ ਅਤੇ ਸਾਦਗੀ ਹੈ। ਮਾਨਵੀ ਦੁੱਖ ਬਾਬਤ ਸੱਚੀ ਸੁੱਚੀ ਸੰਵੇਦਨਾ ਹੈ। ਸੰਸਾਰ ਯੁੱਧ ਤੋਂ ਪੈਦਾ ਹੋਏ ਦੁੱਖ, ਭੁੱਖ, ਜ਼ਲਾਲਤ, ਬੇਵੱਸੀ, ਲਾਚਾਰੀ ਦਾ ਉਹ ਚਸ਼ਮਦੀਦ ਗਵਾਹ ਹੈ।

ਐਲੀ ਵੀਜ਼ਲ ਦੀ ਲਿਖਤ ਦਾ ਕਮਾਲ ਹੈ ਕਿ ਉਹ ਜਰਵਾਣਿਆਂ ਖਿਲਾਫ ਨਫਰਤ ਅਤੇ ਗੁੱਸਾ ਪੈਦਾ ਕਰਦਾ ਹੈ ਤੇ ਮਜ਼ਲੂਮਾਂ ਦੇ ਹੱਕ ਵਿਚ ਆਵਾਜ਼ ਚੁੱਕਦਾ ਹੋਇਆ ਉਨ੍ਹਾਂ ਪ੍ਰਤੀ ਤਰਸ ਦੀ ਭਾਵਨਾ ਪੈਦਾ ਕਰਦਾ ਹੈ। ਉਹ ਸਾਨੂੰ ਹਕੀਕਤ ਦੇ ਅਜਿਹੇ ਕੌੜੇ ਅਹਿਸਾਸ ਦੇ ਰੂ-ਬ-ਰੂ ਕਰਦਾ ਜਿਨ੍ਹਾਂ ਨੇ ਹਮੇਸ਼ਾ ਮਨੁੱਖ ਦੀ ਸਮੱਰਥਾ ਦਾ ਇਮਤਿਹਾਨ ਲਿਆ ਹੈ। ਹੱਕ ਸੱਚ ਦੀ ਇਸ ਲੰਮੀ ਜੱਦੋਜਹਿਦ ਵਿਚ ਜ਼ਾਲਮ ਹਮੇਸ਼ਾ ਹਾਰਿਆ ਹੈ ਤੇ ਮਨੁੱਖਤਾ ਦੀ ਕਦਰ-ਸ਼ਨਾਸੀ ਹਮੇਸ਼ਾ ਜਿੱਤ ਦੀਆਂ ਬਰੂਹਾਂ 'ਤੇ ਖਲੋਤੀ ਉਗਮ ਰਹੇ ਸੂਰਜ ਦੇ ਚਾਨਣ ਦੀ ਉਡੀਕ ਕਰਦੀ ਹੈ। ਐਲੀ ਵੀਜ਼ਲ ਦੀਆਂ ਲਿਖਤਾਂ ਮਾਨਵਵਾਦੀ ਸੋਚ ਦੇ ਹੱਕ ਵਿਚ ਆਵਾਜ਼ ਬੁਲੰਦ ਤਾਂ ਕਰਦੀਆਂ ਹੀ ਹਨ, ਉਸ ਸੋਚ 'ਤੇ ਪਹਿਰਾ ਵੀ ਦਿੰਦੀਆਂ ਹਨ। ਸੰਘਰਸ਼ਸ਼ੀਲ ਮਨੁੱਖ ਦਾ ਸਰੂਪ ਐਲੀ ਵੀਜ਼ਲ ਦੀਆਂ ਲਿਖਤਾਂ ਰਾਹੀਂ ਸਹਿਜੇ ਹੀ ਚਿਤਵਿਆ ਜਾ ਸਕਦਾ ਹੈ।

ਐਲੀ ਵੀਜ਼ਲ ਸਿਗੇਤ (ਰੋਮਾਨੀਆ) ਵਿਚ 30 ਸਤੰਬਰ 1928 ਨੂੰ ਜਨਮਿਆ। ਉਸ ਦੇ ਪਿਤਾ ਸ਼ਲੋਮੋ ਨੇ ਆਪਣੇ ਸਿੱਖਿਆ, ਹਿਬਰੂ ਭਾਸ਼ਾ ਤੇ ਸਾਹਿਤ ਪ੍ਰਤੀ ਮੋਹ ਅਤੇ ਤੋਰਾਹ ਦੇ ਅਧਿਐਨ ਰਾਹੀਂ ਐਲੀ ਵਿਚ ਮਾਨਵਵਾਦੀ ਸੰਵੇਦਨਾਵਾਂ ਪ੍ਰਪੱਕਤਾ ਨਾਲ ਭਰੀਆਂ। ਮਾਰਚ 1944 ਵਿਚ ਜਰਮਨੀ ਨੇ ਹੰਗਰੀ 'ਤੇ ਕਬਜ਼ਾ ਕਰ ਲਿਆ। ਸਿਗੇਤ ਦੀ ਨੱਬੇ ਫੀਸਦੀ ਯਹੂਦੀ ਜਨਤਾ ਨੂੰ ਗੈਟੋਜ਼ ਵਿਚ ਤਾੜ ਦਿੱਤਾ ਗਿਆ। ਬਾਅਦ ਵਿਚ ਪੰਦਰਾਂ ਸਾਲ ਦੀ ਉਮਰ ਦਾ ਐਲੀ ਵੀਜ਼ਲ ਆਪਣੇ ਪਿਤਾ ਨਾਲ ਯਹੂਦੀ ਕੈਦੀ ਵਜੋਂ ਔਸ਼ਵਿਚਜ਼ ਤੇ ਬੁਖਨਵਾਲਡ ਦੇ ਤਸੀਹਾ ਕੇਂਦਰਾਂ ਵਿਚ ਰਿਹਾ ਜੋ ਅਣਮਨੁੱਖੀ ਜ਼ੁਲਮਾਂ ਲਈ ਬਦਨਾਮ ਹਨ। ਨਾਜ਼ੀਆਂ ਨੇ ਉਸ ਦੀ ਬਾਂਹ 'ਤੇ ਉਸ ਦਾ ਕੈਦੀ ਨੰਬਰ 'ਅ-7713' ਖੁਣਿਆ ਜੋ ਉਸ ਨੂੰ ਸਾਰੀ ਉਮਰ ਇਕ ਦੁਖਦੀ ਰਗ ਵਾਂਗ ਦੁਖ ਦਿੰਦਾ ਰਿਹਾ। 11 ਅਪਰੈਲ 1945 ਨੂੰ ਅਮਰੀਕੀ ਫੌਜ ਨੇ ਯਹੂਦੀ ਕੈਦੀਆਂ ਨੂੰ ਮੁਕਤ ਕਰਾਇਆ ਪਰ ਮਹਿਜ਼ ਪੰਜ ਫੀਸਦੀ ਕੈਦੀ ਹੀ ਬਚ ਸਕੇ ਤੇ ਬਾਕੀ ਦੇ ਨਾਜ਼ੀ ਜ਼ੁਲਮਾਂ ਦੀ ਭੇਟ ਚੜ੍ਹ ਗਏ। ਇਨ੍ਹਾਂ ਵਿਚ ਐਲੀ ਦੀ ਮਾਂ, ਪਿਤਾ ਤੇ ਇਕ ਭੈਣ ਵੀ ਸ਼ਾਮਿਲ ਸਨ। ਬਚ ਨਿਕਲਣ ਬਾਅਦ ਐਲੀ ਦਾ ਮਰਨੋਂ ਬਚ ਗਈਆਂ ਆਪਣੀਆਂ ਦੂਜੀਆਂ ਦੋ ਭੈਣਾਂ ਨਾਲ ਪੈਰਿਸ ਦੇ ਇਕ ਯਤੀਮਖਾਨੇ ਵਿਚ ਮੁੜ ਮੇਲ ਹੋਇਆ। ਇਥੇ ਹੀ ਉਸ ਨੇ ਫਰਾਂਸਿਸੀ ਸਿੱਖੀ ਅਤੇ ਸੌਰਬੇਨੇ ਵਿਖੇ ਸਾਹਿਤ, ਦਰਸ਼ਨ ਤੇ ਮਨੋਵਿਗਿਆਨ ਦੀ ਪੜ੍ਹਾਈ ਕੀਤੀ। ਕੁਝ ਦੇਰ ਉਸ ਨੇ ਪੱਤਰਕਾਰੀ ਵੀ ਕੀਤੀ। ਉਸ ਨੇ ਯਹੂਦੀ ਚਿੰਤਕ ਤੇ 'ਆਈ ਐਂਡ ਦਾਓ' ਕਿਤਾਬ ਦੇ ਲੇਖਕ ਮਾਰਤਿਨ ਬੂਬਰ ਅਤੇ ਅਸਤਿਤਵਵਾਦੀ ਚਿੰਤਕ ਜਾਂ ਪਾਲ ਸਾਰਤਰ ਦੇ ਵਿਚਾਰ ਸੁਣੇ। ਉਸ ਦੀਆਂ ਸ਼ਾਮਾਂ ਅਕਸਰ ਫਿਓਦਰ ਦੋਸਤੋਵਸਕੀ, ਫਰਾਂਜ਼ ਕਾਫਕਾ ਅਤੇ ਥਾਮਸ ਮਾਨ ਦੀਆਂ ਲਿਖਤਾਂ ਪੜ੍ਹਦਿਆਂ ਬੀਤਦੀਆਂ।

ਪਹਿਲੇ ਦਸ ਸਾਲਾਂ ਤਕ ਐਲੀ ਦਾ ਰਤਾ ਮਨ ਨਹੀਂ ਸੀ ਕਿ ਉਹ ਆਪਣੇ ਔਸ਼ਵਿਚਜ਼ ਤੇ ਬੂਖਨਵਾਲਡ ਕੈਂਪਾਂ ਵਿਚ ਬਿਤਾਏ ਭਿਆਨਕ ਦਿਨਾਂ ਦੇ ਅਨੁਭਵ ਲਿਖੇ। ਇਸ ਦੌਰਾਨ 1952 ਦੇ ਸਾਹਿਤ ਦੇ ਨੋਬੇਲ ਪੁਰਸਕਾਰ ਜੇਤੂ ਫਰਾਂਕੋਇਸ ਮੌਰਿਸ ਨਾਲ ਉਸ ਦੀ ਨੇੜਤਾ ਹੋ ਗਈ। ਮੌਰਿਸ ਨੇ ਐਲੀ ਨੂੰ ਪ੍ਰੇਰਿਤ ਕੀਤਾ ਕਿ ਉਹ ਇਹ ਅਨੁਭਵ ਜ਼ਰੂਰ ਲਿਖੇ। ਐਲੀ ਨੇ ਪਹਿਲਾਂ ਯੀਦਿਸ਼ ਭਾਸ਼ਾ ਵਿਚ ਨੌਂ ਸੌ ਪੰਨਿਆਂ ਦਾ ਖਰੜਾ ਤਿਆਰ ਕੀਤਾ। 1955 ਵਿਚ ਇਸ ਦਾ ਲਘੂ ਰੂਪ ਫਰਾਂਸਿਸੀ ਵਿਚ 'ਲਾ ਨੂਇਟ' ਨਾਮ ਹੇਠ ਛਪਿਆ। 1960 ਵਿਚ ਇਸ ਦਾ ਅੰਗਰੇਜ਼ੀ ਅਨੁਵਾਦ 'ਨਾਈਟ' ਨਾਮ ਹੇਠ ਛਪਿਆ। ਪਹਿਲਾਂ ਪਹਿਲ ਇਹ ਘੱਟ ਪੜ੍ਹਿਆ ਗਿਆ ਪਰ ਪ੍ਰਸਿਧ ਲੇਖਕ ਸੌਲ ਬੈਲੋ ਨਾਲ ਟੀਵੀ ਵਾਰਤਾ ਤੋਂ ਬਾਅਦ ਇਸ ਦੀ ਪ੍ਰਸਿੱਧੀ ਵਧੀ ਅਤੇ ਅੱਜ ਤੀਹ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਇਸ ਦੀਆਂ ਲੱਖਾਂ ਹੀ ਪ੍ਰਤੀਆਂ ਵਿਕ ਚੁੱਕੀਆਂ ਹਨ। 'ਦਿ ਨਿਊ ਯਾਰਕ ਟਾਈਮਜ਼' ਨੇ 'ਰਾਤ' ਬਾਰੇ ਲਿਖਿਆ ਕਿ ਇਸ ਕਿਤਾਬ ਵਿਚ ਅਤਿ ਡਰਾਉਣੀ ਊਰਜਾ ਹੈ। ਨਾਵਲ ਵਿਚ ਕਈ ਦ੍ਰਿਸ਼ ਤੇ ਹਾਲਾਤ ਦਾ ਬਿਰਤਾਂਤ ਇੰਨਾ ਹਕੀਕੀ ਹੈ ਕਿ ਪੜ੍ਹਦਿਆਂ ਪਾਠਕ ਸੁੰਨ ਹੋ ਜਾਂਦਾ ਹੈ।






'ਪਹੁ ਫੁਟਾਲਾ' ਨਾਵਲ ਦਾ ਬਿਰਤਾਂਤ ਯਹੂਦੀ ਘੱਲੂਘਾਰੇ ਤੋਂ ਬਾਅਦ ਫਲਸਤੀਨ ਵਿਚ ਵਾਪਰੀਆਂ ਘਟਨਾਵਾਂ ਨੂੰ ਆਪਣਾ ਕੇਂਦਰ ਬਣਾਉਂਦਾ ਹੈ। ਇਹ ਇਲੀਸ਼ਾ ਨਾਮੀ ਉਸ ਯਹੂਦੀ ਦੀ ਵਿਥਿਆ ਹੈ ਜੋ ਆਪਣੇ ਨਾਲ ਵਾਪਰੇ ਦੁਖਾਂਤ ਕਾਰਨ ਹੋਏ ਨੁਕਸਾਨ ਲਈ ਗੁੱਸੇ ਵਿਚ ਹੈ ਪਰ ਆਪਣੀਆਂ ਨੈਤਿਕ ਕਦਰਾਂ-ਕੀਮਤਾਂ ਕਾਰਨ ਆਪਣੇ ਆਪ ਨੂੰ ਬੰਦੂਕ ਦੀ ਨਾਲੀ ਦੇ ਦੂਜੇ ਪਾਸੇ ਖੜ੍ਹਾ ਪਾਉਂਦਾ ਹੈ। ਇਲੀਸ਼ਾ ਵਿਚ ਮੂਲ ਰੂਪ ਵਿਚ ਐਲੀ ਦੇ ਹੀ ਜੀਵਨ ਬਿਰਤਾਂਤ ਦੀ ਝਲਕ ਦਿਖਾਈ ਦਿੰਦੀ ਹੈ। ਉਹ ਬੁਖਨਵਾਲਡ ਕੈਂਪ ਤੋਂ ਆਜ਼ਾਦ ਹੋ ਕੇ ਫਰਾਂਸ ਵਿਚ ਸੌਰਬੇਨੇ ਵਿਚ ਫਲਸਫੇ ਦੀ ਪੜ੍ਹਾਈ ਕਰਦਾ ਹੈ। 1946 ਵਿਚ ਇਰਗੁਨ ਵਿਚ ਕਿੰਗ ਡੇਵਿਡ ਹੋਟਲ ਵਿਚ ਹੋਏ ਬੰਬ ਧਮਾਕੇ ਤੋਂ ਪ੍ਰਭਾਵਿਤ ਹੋ ਕੇ ਕੁਝ ਦੇਰ ਲਈ ਜਿਊਨਵਾਦੀ ਲਹਿਰ ਨਾਲ ਜੁੜਦਾ ਹੈ ਪਰ ਉਸ ਦੀਆਂ ਨੈਤਿਕ ਕਦਰਾਂ ਉਸ ਨੂੰ ਰੋਕ ਲੈਂਦੀਆਂ ਹਨ। ਜੌਹਨ ਡਾਅਸਨ ਨਾਮ ਦੇ ਅੰਗਰੇਜ਼ ਦੇ ਕਤਲ ਬਾਰੇ ਇਲੀਸ਼ਾ ਤੇ ਗੈਡ ਨਾਮੀ ਬੁੱਢੇ ਦਰਮਿਆਨ ਹੀ ਇਹ ਸਾਰਾ ਬਿਰਤਾਂਤ ਉਸਰਦਾ ਹੈ ਜੋ ਕਈ ਦਾਰਸ਼ਨਿਕ ਵਿਸ਼ਿਆਂ ਜਿਵੇਂ ਮੌਤ, ਈਸ਼ਵਰ, ਚੁੱਪ, ਜੀਵਨ ਤੇ ਮੌਤ ਤੋਂ ਬਾਅਦ ਦੇ ਰਹੱਸ ਬਾਰੇ ਬੜਾ ਮੁੱਲਵਾਨ ਚਰਚਾ ਹੈ।

'ਦੁਰਘਟਨਾ' ਨਾਵਲ ਦਾ ਬਿਰਤਾਂਤ ਵੀ ਐਲੀ ਵੀਜ਼ਲ ਦੇ ਜੀਵਨ ਅਨੁਭਵ 'ਤੇ ਹੀ ਆਧਾਰਤ ਹੈ। ਨਾਵਲ ਦੇ ਬਿਰਤਾਂਤ ਵਿਚ ਗਲਪੀ ਵਰਤਮਾਨ ਸੰਸਾਰ ਯੁੱਧ ਤੋਂ ਬਾਅਦ ਮੈਂ ਪਾਤਰ ਦੇ ਅਮਰੀਕਾ ਵਿਚ ਵਸ ਜਾਣ ਦਾ ਹੈ। ਮੈਂ ਪਾਤਰ ਆਪਣੀ ਸਹੇਲੀ ਕੈਥਲੀਨ ਨਾਲ ਫਿਓਦਰ ਦੋਸਤੋਵਸਕੀ ਦੇ ਨਾਵਲ 'ਬਰਦਰਜ਼ ਕ੍ਰਾਮਾਜ਼ੋਵ' 'ਤੇ ਆਧਾਰਿਤ ਫਿਲਮ ਦੇਖਣ ਜਾਣ ਨਾਲ ਆਰੰਭ ਹੁੰਦਾ ਹੈ ਪਰ ਮੈਂ ਪਾਤਰ ਸੜਕ ਦੁਰਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ। ਬਾਕੀ ਸਾਰਾ ਬਿਰਤਾਂਤ ਪਿਛਲਝਾਤ ਹੈ ਜਿਸ ਵਿਚ ਉਹ ਆਪਣੇ ਨਾਜ਼ੀ ਜ਼ੁਲਮਾਂ ਅਤੇ ਦੂਜੀ ਆਲਮੀ ਜੰਗ ਦੀ ਤਬਾਹੀ ਨਾਲ ਜੁੜੇ ਅਨੁਭਵਾਂ ਨੂੰ ਆਪਸ ਵਿਚ ਸਾਂਝੇ ਕਰਦੇ ਹਨ। ਇਸ ਬਿਰਤਾਂਤ ਵਿਚ ਇਕ ਦ੍ਰਿਸ਼ ਹੈ ਜਿਸ ਤੋਂ ਮੈਨੂੰ 'ਐਨ ਫਰੈਂਕ ਦੀ ਡਾਇਰੀ' ਦਾ ਦ੍ਰਿਸ਼ ਯਾਦ ਆ ਗਿਆ। ਬੰਕਰ ਵਿਚ ਦਸ ਯਹੂਦੀ ਨਾਜ਼ੀ ਗੈਸਟੈਪੋ ਦੇ ਸਿਪਾਹੀਆਂ ਤੋਂ ਬਚਣ ਹਿੱਤ ਲੁਕੇ ਹੋਏ ਹਨ ਕਿ ਛੋਟਾ ਬੱਚਾ ਗੋਲਡਾ ਰੋਣ ਲੱਗ ਜਾਂਦਾ; "ਇਸ ਨੂੰ ਚੁੱਪ ਕਰਾ। ਇਸ ਦਾ ਧਿਆਨ ਕਰ... ਸਾਰਿਆਂ ਦੀ ਜ਼ਿੰਦਗੀ ਬਚਾਉਣ ਲਈ ਇਸ ਬਾਲ ਦੀ ਬਲੀ ਦੇਣੀ ਪਵੇਗੀ। ਬਾਲ ਨੂੰ ਉਸ ਗੋਲਡਾ ਹੱਥੋਂ ਲੈ ਲਿਆ। ਹਨੇਰੇ ਵਿਚ ਉਸ ਦੀਆਂ ਉਂਗਲਾਂ ਬੱਚੇ ਦੀ ਗਰਦਨ ਲੱਭ ਰਹੀਆਂ ਸਨ। ਤਦ, ਧਰਤੀ ਆਕਾਸ਼ 'ਤੇ ਇਕਦਮ ਸੰਨਾਟਾ ਛਾ ਗਿਆ ਸੀ। ਬਸ ਦੂਰ ਕਿਤੇ ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਹੀ ਸੁਣਾਈ ਦੇ ਰਹੀ ਸੀ।"

ਐਲੀ ਵੀਜ਼ਲ 1955 ਵਿਚ ਇਜ਼ਰਾਈਲੀ ਰਸਾਲੇ 'ਯੀਦਿਓਤ ਆਹਰੋਨੋਤ' ਦਾ ਵਿਦੇਸ਼ੀ ਪੱਤਰ ਪ੍ਰੇਰਕ ਬਣ ਕੇ ਨਿਊ ਯਾਰਕ ਪੁੱਜ ਗਿਆ। ਦੋ ਜੁਲਾਈ 2016 ਨੂੰ ਆਪਣੇ ਦੇਹਾਂਤ ਤਕ ਉਸ ਨੇ ਯਹੂਦੀ ਘੱਲੂਘਾਰੇ, ਯਹੂਦੀ ਧਰਮ ਤੇ ਦਰਸ਼ਨ ਦੇ ਵਿਸ਼ਿਆਂ ਉਪਰ ਲਗਾਤਾਰ 57 ਕਿਤਾਬਾਂ ਲਿਖੀਆਂ। ਐਲੀ ਨੇ ਦੋ ਭਾਗਾਂ ਵਿਚ ਆਪਣੀਆਂ ਯਾਦਾਂ ਵੀ ਲਿਖੀਆਂ। ਪਹਿਲਾ 'ਆਲ ਰਿਵਰਜ਼ ਰਨ ਟੂ ਦਿ ਸੀਅ' 1994 ਵਿਚ ਪ੍ਰਕਾਸ਼ਿਤ ਹੋਇਆ ਜਿਸ ਵਿਚ ਉਸ ਨੇ 1969 ਤਕ ਦੀਆਂ ਆਪਣੀਆਂ ਜੀਵਨ ਯਾਦਾਂ ਦਰਜ ਕੀਤੀਆਂ ਹਨ। ਦੂਜਾ ਭਾਗ 'ਐਂਡ ਦਿ ਸੀਅ ਇਜ਼ ਨੈਵਰ ਫੁਲ' 1999 ਵਿਚ ਪ੍ਰਕਾਸ਼ਿਤ ਹੋਇਆ।

ਐਲੀ ਨੇ ਦੋ ਨਾਟਕ ਵੀ ਲਿਖੇ। 'ਦਿ ਮੈਡਨੈੱਸ ਆਫ ਗੌਡ' ਅਤੇ 'ਦਿ ਟਰਾਇਲ ਆਫ ਗੌਡ' ਜੋ ਸੰਸਾਰ ਪ੍ਰਸਿੱਧ ਹੋਏ ਤੇ ਕਈ ਥਾਂ ਇਨ੍ਹਾਂ ਦਾ ਮੰਚਨ ਹੋਇਆ। 'ਦਿ ਟਰਾਇਲ ਆਫ ਗੌਡ' ਉਸ ਦੇ ਔਸ਼ਵਿਚਜ਼ ਦੇ ਅਸਲ ਅਨੁਭਵਾਂ 'ਤੇ ਆਧਾਰਿਤ ਹੈ ਜਿਸ ਵਿਚ ਤਿੰਨ ਯਹੂਦੀ ਕੈਦੀਆਂ ਦਾ ਬਿਰਤਾਂਤ ਹੈ ਜੋ ਜ਼ੁਲਮਾਂ ਦੀ ਮਾਰ ਕਾਰਨ ਮਰਨ ਕਿਨਾਰੇ ਹਨ। ਉਹ ਰੱਬ 'ਤੇ ਮੁਕੱਦਮਾ ਚਲਾਉਂਦੇ ਹਨ ਕਿ ਰੱਬ ਨੇ ਸਦਾ ਯਹੂਦੀਆਂ 'ਤੇ ਅਕਹਿ ਜ਼ੁਲਮ ਕੀਤੇ।


ਐਲੀ ਵੀਜ਼ਲ ਬੋਸਟਨ ਯੂਨੀਵਰਸਿਟੀ (ਅਮਰੀਕਾ) ਵਿਚ ਮਾਨਵਿਕੀ ਦਾ ਪ੍ਰੋਫੈਸਰ ਰਿਹਾ ਤੇ ਉਸ ਦੇ ਨਾਮ 'ਤੇ ਇਥੇ 'ਐਲੀ ਵੀਜ਼ਲ ਸੈਂਟਰ ਆਫ ਜਿਊਸ਼ ਸਟੱਡੀਜ਼' ਵੀ ਬਣਿਆ ਹੋਇਆ ਹੈ। ਉਹ ਅੰਤ ਤਕ ਯਹੂਦੀ ਸਰੋਕਾਰਾਂ ਨੂੰ ਸਮਰਪਿਤ ਰਿਹਾ ਅਤੇ ਵਾਸ਼ਿੰਗਟਨ ਡੀ.ਸੀ. ਵਿਚ ਉਸ ਨੇ 'ਹੋਲੋਕਾਸਟ ਮੈਮੋਰੀਅਲ ਮਿਊਜ਼ੀਅਮ' ਕਾਇਮ ਕਰਨ ਵਿਚ ਵੱਡੀ ਭੂਮਿਕਾ ਨਿਭਾਈ। ਉਸ ਨੇ ਆਪਣੀਆਂ ਰਾਜਨੀਤਕ ਸਰਗਰਮੀਆਂ ਰਾਹੀਂ ਦੱਖਣੀ ਅਫਰੀਕਾ, ਨਿਕਾਰਾਗੂਆ, ਕੋਸੋਵੋ ਅਤੇ ਸੁਡਾਨ ਵਿਚ ਜ਼ੁਲਮ ਦੇ ਸ਼ਿਕਾਰ ਲੋਕਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ। ਉਹ ਸਦਾ ਮਨੁੱਖੀ ਅਧਿਕਾਰਾਂ ਦਾ ਅਲੰਬਰਦਾਰ ਰਿਹਾ ਅਤੇ ਉਸ ਨੇ ਪਹਿਲੀ ਸੰਸਾਰ ਜੰਗ ਦੌਰਾਨ ਵਾਪਰੇ 1915 ਦੇ ਆਰਮੀਨੀਆਈ ਘੱਲੂਘਾਰੇ ਦੀ ਪੁਰਜ਼ੋਰ ਨਿਖੇਧੀ ਕੀਤੀ। 'ਲਾਸ ਏਂਜਲਸ ਟਾਈਮਜ਼' ਰਸਾਲੇ ਨੇ ਐਲੀ ਵੀਜ਼ਲ ਨੂੰ ਅਮਰੀਕਾ ਦੇ ਸਭ ਤੋਂ ਅਹਿਮ ਯਹੂਦੀ ਦਾ ਲਕਬ ਦਿੱਤਾ।

ਐਲੀ ਵੀਜ਼ਲ ਨੂੰ ਉਸ ਦੀਆਂ ਯਹੂਦੀ ਘੱਲੂਘਾਰੇ ਨੂੰ ਸਮਰਪਿਤ ਲਿਖਤਾਂ, ਉਸ ਦੀਆਂ ਰਾਜਨੀਤਕ ਸਰਗਰਮੀਆਂ, ਮਨੁੱਖੀ ਅਧਿਕਾਰਾਂ ਦੀ ਪੈਰਵੀ, ਤਾਲਮੁਦਿਕ ਤੇ ਹਿਸਦਿਕ ਫਲਸਫੇ ਅਤੇ ਯਹੂਦੀ ਧਰਮ ਬਾਰੇ ਗਿਆਨ ਕਾਰਨ 1986 ਵਿਚ ਸ਼ਾਂਤੀ ਨੋਬੇਲ ਪੁਰਸਕਾਰ ਦਿੱਤਾ ਗਿਆ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਜੁਲਾਈ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-385



**ਬੱਚਿਆਂ ਨੂੰ ਕੋਈ ਚੀਜ਼ ਨੁਕੀਲੀ ਦੇਣ ਨਾ ਸ਼ਹਿਰੀ ਮਾਪੇ**
**ਨਾਲ ਦਾਤੀਆਂ ਖੇਲਣ ਪੇਂਡੂ ਬੱਚੇ, ਗੱਡੇ ਚੜ੍ਹ ਕੇ ਆਪੇ!**

## ਕੈਪਸ਼ਨ ਮੁਕਾਬਲਾ-383



ਸਮਾਂ ਹੋ ਗਿਆ ਸਕੂਲ ਦਾ
ਪਈ ਘਰ ਵਿਚ ਕਾਹਲੀ।
ਅੱਗੜ ਪਿੱਛੜ ਭਤੀਜੀਆਂ,
ਭਤੀਜਾ, ਭਾਬੀ ਬਿਠਾ'ਲੀ।
ਆਪ ਚਲਾਉਣ ਲੱਗ ਪਈ
ਗੱਡੀ ਬੰਬੂਕਾਟ ਬਣਾਈ।
ਐਕਟਿਵਾ ਹਾੜ੍ਹੇ ਕੱਢਦੀ
ਆਖੇ ਜਰਾ ਤਰਸ ਕਰੋ ਭਾਈ।

***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਲਾਪ੍ਰਵਾਹੀ ਦੀ ਹੱਦ ਟੱਪ ਗਈ
ਸਕੂਟਰੀ ਤਾਈਂ ਕਾਰ ਬਣਾਇਆ।
ਕੁੱਲ ਨਿਯਮਾਂ ਨੂੰ ਟੰਗ ਕੇ ਛਿੱਕੇ
ਸਾਰਾ ਟੱਬਰ ਉਪਰ ਬਹਾਇਆ।
ਮਾਰ ਦਿੱਤੇ ਨੇ ਅਕਲ ਨੂੰ ਜਿੰਦਰੇ
ਬੱਚਿਆਂ 'ਤੇ ਵੀ ਤਰਸ ਨਾ ਖਾਇਆ।

***-ਜਗਮੀਤ ਸਿੰਘ ਪੰਧੇਰ (ਕੈਨੇਡਾ)***

---

ਨਵੀਂ ਐਕਟਿਵਾ ਹੈ ਕੀ ਲੈ ਲਈ
ਲੱਗੇ ਕਰਨ ਵਿਖਾਵਾ।
ਮਾਸੂਮਾਂ ਨੂੰ ਕੀ ਸਿਖਿਆ ਦੇਣਗੇ?
ਜੋ ਆਪ ਹੀ ਅਕਲੋਂ ਥੋਥੇ।
ਦੋਸ਼ ਪਿਛੋਂ ਸਰਕਾਰ ਨੂੰ ਦੇਣਾ
ਕਿਸੇ ਕੰਮ ਨ੍ਹੀਂ ਕੀਤੇ ਰੋਸੇ।
ਟੋਏ-ਟਿਬੇ ਵਿਚ ਸੜਕਾਂ ਦੇ
ਟ੍ਰੈਫਿਕ ਨਿਯਮ ਭੰਗ ਹੈ ਕੀਤੇ।
ਸਮੇਂ ਤੋਂ ਪਹਿਲਾਂ ਜੇ ਸੋਚ ਨਾ ਬਦਲੀ
ਤਾਂ ਖਾਲੀ ਰਹਿਣੇ ਖੀਸੇ।

***-ਮਾਸਟਰ ਪ੍ਰੀਤਮ ਸਿੰਘ ਲੰਮੇ***

---

ਨੌਸਰਬਾਜ਼ੀ ਚੱਲਦੀ ਜਿਥੇ
ਕੌਣ ਸੁਣੇ ਚੌਕ 'ਚ ਖੜ੍ਹੇ ਸਿਪਾਹੀ ਨੂੰ।
ਤਿੰਨ ਬਾਲ, ਦੋ ਮਾਂਵਾਂ ਬੈਠੀਆਂ ਸਕੂਟਰ 'ਤੇ
ਕਿੰਨੇ ਬੈਠਣੇ, ਕੌਣ ਸੁਣਦਾ ਅਸੂਲਾਂ ਨੂੰ।
ਸੜਕਾਂ ਟੁੱਟ ਟੁੱਟ ਖੱਡੇ ਪੈ ਗਏ
ਸਫਰ ਨਹੀਂ ਥੰਮਦਾ ਫਿਰ ਵੀ।
ਪਤਾ ਨਹੀਂ ਕਿੰਨੇ ਫਤਿਹਵੀਰ
ਰੋਜ਼ ਡਿੱਗਦੇ ਡੂੰਘੇ ਸੀਵਰੇਜ 'ਚ।
ਲੋਕਤੰਤਰ ਨਹੀਂ, ਭੀੜਤੰਤਰ ਹੈ।

***-ਦਰਸ਼ਨਪਾਲ ਦੋਸਾਂਝ***

---

ਹਰ ਘਟਨਾ ਕਿਸੇ ਕਾਰਨ ਹੁੰਦੀ
ਇਹ ਗੱਲ ਲੋਕ ਭੁੱਲੇ ਰਹਿੰਦੇ ਨੇ।
ਦੁਰਘਟਨਾ ਨੂੰ ਹੋਣੀ ਦੱਸ ਕੇ
ਮਨ ਨੂੰ ਧਰਵਾਸਾ ਦੇ ਲੈਂਦੇ ਨੇ।
ਕਾਇਦੇ ਕਾਨੂੰਨ ਸਭ ਛਿੱਕੇ ਟੰਗ ਕੇ
ਦੋ ਦੀ ਥਾਂ 'ਤੇ ਪੰਜ ਬਹਿੰਦੇ ਨੇ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ***

---

ਪੜ੍ਹੀਆਂ-ਲਿਖੀਆਂ ਬੀਬੀਆਂ ਨਾ ਘੱਟ
ਕਾਨੂੰਨ ਦੇ ਕੱਢਦੀਆਂ ਨੇ ਵੱਟ।
ਲੱਦਿਆ ਸਕੂਟਰੀ 'ਤੇ ਕਾਰ ਜਿੰਨਾ ਲੱਦਾ
ਦੁਰਘਟਨਾਵਾਂ ਨੂੰ ਦੇਵਣ ਸੱਦਾ।
ਰਹਿਣਾ ਨਹੀਂ ਜੇ ਵਿਚ ਅਨੁਸ਼ਾਸਨ
ਪਊ ਪਛਤਾਉਣਾ, ਕੀ ਕਰੂ ਪ੍ਰਸ਼ਾਸਨ।

***-ਦਵਿੰਦਰ ਕੌਰ***

---

ਟਰੈਫਿਕ ਨਿਯਮਾਂ ਨੂੰ
ਇਥੇ ਕੌਣ ਹੈ ਪੁੱਛਦਾ?
ਸਾਡਾ ਨਿੱਤ ਦਾ ਇਹੋ ਕਾਰ ਵਿਹਾਰ।
ਹਾਈ ਵੇਅ ਦੇ ਸਾਇਨ ਬੋਰਡ ਦੀ
ਉਦੋਂ ਨ੍ਹੀਂ ਵਾਹ ਚਲਦੀ,
ਜਦੋਂ ਕਰ ਜਾਂਦੇ ਹਾਂ ਬੱਤੀ ਲਾਲ ਪਾਰ।
ਸੰਭਲੋ! ਸਮਝੀਏ ਟਰੈਫਿਕ ਦੇ
ਨਿਯਮਾਂ ਦੀ ਗੁਣਵੱਤਾ ਨੂੰ,
ਫਿਰ ਪਛਤਾਇਆਂ ਬਣਨੀ ਨ੍ਹੀਂ ਬਾਤ।

***-ਸੁਕੰਨਿਆ ਭਾਰਦਵਾਜ, ਨਾਭਾ***

PUNJAB SPORTS & CULTURAL ASSOCIATION
PSCA
Punjabi Khed Mela
MICHIGAN

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

# 12ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

## 3 ਅਗਸਤ 2019

*(ਸਨਿਚਰਵਾਰ, ਸਵੇਰੇ 9 ਤੋਂ ਸ਼ਾਮ 8 ਵਜੇ ਤੱਕ)*

**Heritage Park**
46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

**ਕਬੱਡੀ ਓਪਨ**
ਪਹਿਲਾ ਇਨਾਮ $15,000
ਦੂਜਾ ਇਨਾਮ $12,000
ਤੀਜਾ ਇਨਾਮ $9,000
ਚੌਥਾ ਇਨਾਮ $7,000

**ਕਬੱਡੀ ਅੰਡਰ-21**
ਪਹਿਲਾ ਇਨਾਮ $3500
ਦੂਜਾ ਇਨਾਮ $2500
ਤੀਜਾ ਇਨਾਮ $1,000

**ਸੌਕਰ**
ਪਹਿਲਾ ਇਨਾਮ $3500
ਦੂਜਾ ਇਨਾਮ $2500

**ਵਾਲੀਬਾਲ (ਓਪਨ)**
ਪਹਿਲਾ ਇਨਾਮ $3100
ਦੂਜਾ ਇਨਾਮ $2100



## ਸਭਨਾਂ ਨੂੰ ਖੁੱਲ੍ਹਾ ਸੱਦਾ

ਲੰਗਰ ਦਾ ਖਰਚਾ ਤੇ ਸੇਵਾ ਆਰਗੇਨਾਈਜ਼ਿੰਗ ਕਮੇਟੀ ਦੇ ਮੈਂਬਰਾਂ ਵਲੋਂ

## ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ


AUTOBAHN FREIGHT LINES LTD.
ਸਾਰੇ ਟਰੱਕ
Under Warranty
800,000
kilometers



WORLD WIDE CARRIERS US INC.
Marysville, MI
Sukhi Dhaliwal
Ph: 416-213-1334

Charger logistics inc
Goldy Grewal
586-610-3021

Radio Chann Pardesi
ਰੇਡੀਓ ਚੰਨ ਪ੍ਰਦੇਸੀ





**Free Entry**
**Free Food**
**& Free Entertainment**

## PSCA Committee Members and Gold Sponsors


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਬਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ


ਰਾਜ ਜਾਮਾਰਾਏ


ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

## ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*


LIVE ON
Chaze tv CHANNEL 422
Real CHANNEL 136
f LIVE /LIVEKABADDI
LIVE KABADDI
jadoo tv
YouTube LIVE KABADDI
IPTV
jus punjabi

# ਕਰਤਾਰਪੁਰ ਲਾਂਘੇ ਦੇ ਨਿਰਮਾਣ ਵਿਚ ਪੱਛੜਿਆ ਭਾਰਤ

**ਬਟਾਲਾ:** ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਲਈ ਲਾਂਘਾ ਬਣਾਉਣ ਸਬੰਧੀ ਭਾਰਤ ਦੀਆਂ ਉਸਾਰੀ ਏਜੰਸੀਆਂ ਇਸ ਕਾਰਜ ਵਿਚ ਸ਼ੁਰੂਆਤੀ ਦੌਰ 'ਚ ਪੱਛੜ ਗਈਆਂ ਸਨ। ਲਾਂਘੇ ਦਾ ਕੰਮ ਬੀਤੇ ਸੱਤ ਮਹੀਨਿਆਂ 'ਚ 45 ਫੀਸਦੀ ਹੀ ਮੁਕੰਮਲ ਹੋਇਆ ਹੈ। ਦੂਜੇ ਪਾਸੇ, ਪਾਕਿਸਤਾਨ ਵੱਲੋਂ ਆਪਣੇ ਹਿੱਸੇ ਦੇ ਕੰਮ ਵਿਚ ਸ਼ੁਰੂਆਤੀ ਦੌਰ 'ਚ ਤੇਜ਼ੀ ਲਿਆਉਣ ਉਤੇ ਹੁਣ ਤੱਕ 85 ਫੀਸਦੀ ਕੰਮ ਮੁਕੰਮਲ ਕਰ ਲਿਆ ਗਿਆ ਹੈ। ਹੁਣ ਭਾਰਤ ਵੱਲੋਂ ਕੰਮ 'ਚ ਤੇਜ਼ੀ ਲਿਆਂਦੀ ਗਈ ਹੈ।

ਨੈਸ਼ਨਲ ਹਾਈਵੇਅ ਅਥਾਰਿਟੀ (ਐਨ.ਐਚ.ਏ.) ਸਣੇ ਪ੍ਰਾਈਵੇਟ ਉਸਾਰੀ ਕੰਪਨੀਆਂ ਨੂੰ ਪਹਿਲੇ ਤਿੰਨ ਮਹੀਨੇ ਤੱਕ ਕਈ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ। ਚਾਰ ਪਿੰਡਾਂ ਦੇ ਕਿਸਾਨਾਂ ਦੀ ਯੋਗ ਮੁਆਵਜ਼ੇ ਦੀ ਮੰਗ ਨੇ ਉਸਾਰੀ ਕਾਰਜਾਂ ਨੂੰ ਪ੍ਰਭਾਵਿਤ ਕੀਤਾ। ਇਸੇ ਤਰ੍ਹਾਂ ਹੁਣ ਲਾਂਘੇ ਲਈ ਜ਼ਮੀਨ ਤਿਆਰ ਕਰਦੇ ਮੌਕੇ ਅੱਧੀ ਦਰਜਨ ਤੋਂ ਵੱਧ ਮੁਸਲਮਾਨ ਮਜ਼ਾਰਾਂ ਤੇ ਇਕ ਮੰਦਿਰ ਦਾ ਰਸਤੇ 'ਚ ਆਉਣਾ ਵੀ ਕੰਮ ਦੀ ਰਫਤਾਰ ਨੂੰ ਮੱਠਾ ਪਾ ਰਿਹਾ ਹੈ।

ਉਧਰ, ਕਰਤਾਰਪੁਰ ਦਰਸ਼ਨ ਅਭਿਲਾਸ਼ੀ ਸੰਸਥਾ ਦੇ ਆਗੂ ਗੁਰਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਪਾਕਿਸਤਾਨ ਵਾਲੇ ਪਾਸੇ ਰਾਵੀ 'ਤੇ ਪੁਲ ਬਣਾਉਣ ਤੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦੁਆਲੇ ਇਮਾਰਤਾਂ ਦਾ ਨਿਰਮਾਣ ਕਰਨ ਸਣੇ ਹੋਰ ਸੜਕਾਂ ਨੂੰ ਤੇਜ਼ੀ ਨਾਲ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਨੇ 85 ਫੀਸਦੀ ਕੰਮ ਮੁਕੰਮਲ ਕਰ ਲਿਆ ਹੈ। ਉਧਰ, ਐਨ.ਐਚ.ਏ. ਦੇ ਅਧਿਕਾਰੀ ਜਤਿੰਦਰ ਸਿੰਘ ਨੇ ਦੱਸਿਆ ਕਿ ਲਾਂਘੇ ਦਾ ਕੰਮ 45 ਫੀਸਦੀ ਮੁਕੰਮਲ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਕੰਮ ਜਲਦੀ ਨੇਪਰੇ ਚਾੜ੍ਹਨ ਲਈ ਆਧੁਨਿਕ ਮਸ਼ੀਨਾਂ ਵਰਤੀਆਂ ਜਾ ਰਹੀਆਂ ਹਨ।

### ਲਾਂਘੇ ਬਾਰੇ ਗੱਲਬਾਤ ਲਈ ਭਾਰਤ ਨੇ ਤਰੀਕਾਂ ਸੁਝਾਈਆਂ

**ਨਵੀਂ ਦਿੱਲੀ:** ਭਾਰਤ ਨੇ ਕਰਤਾਰਪੁਰ ਲਾਂਘੇ ਬਾਰੇ ਗੱਲਬਾਤ ਦੇ ਨਵੇਂ ਦੌਰ ਲਈ ਪਾਕਿਸਤਾਨ ਨੂੰ 11 ਤੋਂ 14 ਜੁਲਾਈ ਤੱਕ ਤਰੀਕਾਂ ਦਾ ਸੁਝਾਅ ਪੇਸ਼ ਕੀਤਾ ਹੈ। ਇਸ ਤੋਂ ਪਹਿਲਾਂ ਭਾਰਤ ਨੇ ਇਸਲਾਮਾਬਾਦ ਵੱਲੋਂ ਕਰਤਾਰਪੁਰ ਪ੍ਰਾਜੈਕਟ ਲਈ ਬਣਾਈ ਗਈ ਕਮੇਟੀ 'ਚ ਖਾਲਿਸਤਾਨੀ ਆਗੂ ਦੀ ਹਾਜ਼ਰੀ ਦੇ ਮੁੱਦੇ 'ਤੇ ਪਾਕਿਸਤਾਨ ਕੋਲ ਤਿੱਖਾ ਰੋਸ ਜ਼ਾਹਰ ਕੀਤਾ ਸੀ। ਭਾਰਤ ਨੇ ਪ੍ਰਾਜੈਕਟ ਨਾਲ ਸਬੰਧਤ ਕੁਝ ਮੁੱਦਿਆਂ 'ਤੇ ਇਸਲਾਮਾਬਾਦ ਤੋਂ ਸਪੱਸ਼ਟੀਕਰਨ ਵੀ ਮੰਗੇ ਹਨ।

ਸੂਤਰਾਂ ਨੇ ਕਿਹਾ ਕਿ ਕਰਤਾਰਪੁਰ ਲਾਂਘੇ ਸਬੰਧੀ ਗੱਲਬਾਤ ਲਈ ਭਾਰਤ ਵਚਨਬੱਧ ਹੈ ਜਿਸ ਕਾਰਨ ਪਾਕਿਸਤਾਨ ਨਾਲ ਗੱਲਬਾਤ ਲਈ ਨਵੀਆਂ ਤਰੀਕਾਂ ਦੀ ਪੇਸ਼ਕਸ਼ ਕੀਤੀ ਗਈ ਹੈ।

# ਲਾਹੌਰ ਵਿਚ ਲੱਗਾ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ

**ਇਸਲਾਮਾਬਾਦ:** 19ਵੀਂ ਸਦੀ ਵਿਚ ਪੰਜਾਬ ਉਤੇ ਤਕਰੀਬਨ 40 ਸਾਲ ਰਾਜ ਕਰਨ ਵਾਲੇ ਅਤੇ ਸਿੱਖ ਰਾਜ ਨੂੰ ਅਫਗਾਨਿਸਤਾਨ ਤੱਕ ਫੈਲਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦਾ ਉਨ੍ਹਾਂ ਦੀ ਬਰਸੀ ਮੌਕੇ ਲਾਹੌਰ ਦੇ ਇਤਿਹਾਸਕ ਕਿਲੇ ਵਿਚ ਉਦਘਾਟਨ ਕੀਤਾ ਗਿਆ। ਇਸ ਬੁੱਤ ਵਿਚ ਮਹਾਰਾਜੇ ਨੂੰ ਘੋੜੇ ਉਤੇ ਬੈਠਿਆਂ ਦਿਖਾਇਆ ਗਿਆ ਹੈ। ਇਸ ਬੁੱਤ ਨੂੰ ਲਾਹੌਰ ਦੇ ਕਿਲੇ ਵਿਚ ਮਾਈ ਜਿੰਦਾ ਹਵੇਲੀ ਦੀ ਸਿੱਖ ਗੈਲਰੀ ਵਿਚ ਸਥਾਪਤ ਕੀਤਾ ਗਿਆ ਹੈ।

ਇਸ ਸਮਾਰੋਹ ਵਿਚ ਪਾਕਿਸਤਾਨ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਪੰਜਾਬੀ ਸਿੱਖ ਮਹਾਰਾਜੇ ਦਾ ਇਹ ਬੁੱਤ ਭਾਰਤ ਤੇ ਪਾਕਿਸਤਾਨ ਵਿਚ ਆਪਣੇ ਆਪ ਵਿਚ ਪਹਿਲਾ ਅਤੇ ਵਿਲੱਖਣ ਬੁੱਤ ਹੈ। ਇਸ ਪਹਿਲਕਦਮੀ ਨੂੰ ਲੈ ਕੇ ਦੋਵਾਂ ਦੇਸ਼ਾਂ ਦੇ ਕਲਾ ਪ੍ਰੇਮੀਆਂ ਵਿਚ ਉਤਸ਼ਾਹ ਦਾ ਮਾਹੌਲ ਹੈ। ਇਸ ਬੁੱਤ ਨੂੰ ਤਿਆਰ ਕਰਨ ਵਾਲੇ ਕਲਾਕਾਰ ਨੇ ਦੱਸਿਆ ਕਿ ਬੁੱਤ ਵਿਚ ਮਹਾਰਾਜੇ ਦੀਆਂ ਸਾਰੀਆਂ ਖੂਬੀਆਂ ਨੂੰ ਦਰਸਾਇਆ ਗਿਆ ਹੈ। ਇਸ ਬੁੱਤ ਵਿਚ ਮਹਾਰਾਜਾ ਰਣਜੀਤ ਸਿੰਘ ਆਪਣੇ ਮਨਪਸੰਦ ਅਰਬੀ ਘੋੜੇ ਕਹਾਰ ਬਹਾਰ ਉਤੇ ਬੈਠਾ ਹੈ। ਇਹ ਅਫਗਾਨਿਸਤਾਨ ਦੇ ਬਾਦਸ਼ਾਹ ਦੋਸਤ ਮੁਹੰਮਦ ਨੇ ਤੋਹਫੇ ਵਿਚ ਦਿੱਤਾ ਸੀ। ਬੁੱਤ ਫਕੀਰਖਾਨਾ ਮਿਊਜ਼ੀਅਮ ਦੇ ਡਾਇਰੈਕਟਰ ਫਕੀਰ ਸੈਫੁਦੀਨ ਸੋਜ਼ ਦੀ ਨਿਗਰਾਨੀ ਹੇਠ ਤਿਆਰ ਕੀਤਾ



ਗਿਆ ਹੈ।

ਫਕੀਰ ਸੈਫੁਦੀਨ ਨੇ ਦੱਸਿਆ ਕਿ ਇਹ ਬੁੱਤ ਇਸ ਖਿੱਤੇ ਵਿਚ ਬਣੇ ਹੋਰਨਾਂ ਬੁੱਤਾਂ ਤੋਂ ਇਸ ਕਰਕੇ ਵਿਲੱਖਣ ਹੈ, ਕਿਉਂਕਿ ਇਸ ਨੂੰ ਤਿਆਰ ਕਰਨ ਲਈ ਫਾਈਬਰ ਕੋਲਡ ਬਰੌਂਜ਼ ਮਟੀਰੀਅਲ ਵਰਤਿਆ ਗਿਆ ਹੈ, ਜਿਸ ਦਾ ਕੋਈ ਮੁਕਾਬਲਾ ਹੀ ਨਹੀਂ ਹੈ। ਇਹ ਬੁੱਤ ਅੱਠ ਮਹੀਨਿਆਂ ਵਿਚ ਤਿਆਰ ਕੀਤਾ ਗਿਆ ਹੈ। ਸਿੱਖ ਹੈਰੀਟੇਜ ਫਾਊਂਡੇਸ਼ਨ ਯੂ.ਕੇ. ਦੇ ਡਾਇਰੈਕਟਰ ਬੌਬੀ ਸਿੰਘ ਬਾਂਸਲ ਜਿਨ੍ਹਾਂ ਨੇ ਇਹ ਬੁੱਤ ਤਿਆਰ ਕਰਵਾਇਆ ਹੈ, ਨੇ ਕਿਹਾ ਕਿ ਉਹ ਇਨ੍ਹਾਂ ਯਾਦਗਾਰੀ ਪਲਾਂ ਦਾ ਹਿੱਸਾ ਬਣਨ ਉਤੇ ਬੇਹੱਦ ਖੁਸ਼ ਹਨ।

### ਪੰਜਾਬ ਵਿਚ 22 ਵਰ੍ਹਿਆਂ ਤੋਂ ਸ਼ੇਰ-ਏ-ਪੰਜਾਬ ਦੇ ਬੁੱਤ ਦੀ ਉਡੀਕ

**ਸੰਗਰੂਰ:** ਗੁਆਂਢੀ ਮੁਲਕ ਪਾਕਿਸਤਾਨ ਵਿਚ ਲਾਹੌਰ ਦੇ ਕਿਲੇ 'ਚ ਸਿੱਖ ਕੌਮ ਦੇ ਮਹਾਨ ਜਰਨੈਲ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਘੋੜੇ 'ਤੇ ਸਵਾਰ ਆਦਮ ਕੱਦ ਬੁੱਤ ਸਥਾਪਤ ਕਰ ਦਿੱਤਾ ਗਿਆ ਹੈ ਪਰ ਸ਼ੇਰ-ਏ-ਪੰਜਾਬ ਦੇ ਜਨਮ ਸਥਾਨ ਤੇ ਨਾਨਕੇ ਪਿੰਡ ਬਡਰੁੱਖਾਂ 'ਚ ਬੁੱਤ ਸਥਾਪਤ ਕਰਨ ਦੇ ਸਰਕਾਰੀ ਵਾਅਦੇ ਲਗਭਗ ਦੋ ਦਹਾਕੇ ਬੀਤਣ ਦੇ ਬਾਵਜੂਦ ਵਫਾ ਨਹੀਂ ਹੋਏ। ਬਡਰੁੱਖਾਂ 'ਚ ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਪਾਰਕ 'ਚ ਸ਼ੇਰ-ਏ-ਪੰਜਾਬ ਦਾ ਬੁੱਤ ਸਥਾਪਤ ਕਰਨ ਲਈ ਬਣਾਇਆ ਸੀਮਿੰਟ ਦਾ ਥੜ੍ਹਾ ਕਈ ਸਾਲਾਂ ਤੋਂ ਲੱਗਣ ਵਾਲੇ ਬੁੱਤ ਨੂੰ ਉਡੀਕ ਰਿਹਾ ਹੈ। ਪਿੰਡ ਬਡਰੁੱਖਾਂ 'ਚ ਕਰੀਬ 22 ਵਰ੍ਹੇ ਪਹਿਲਾਂ ਸ਼ੇਰ-ਏ-ਪੰਜਾਬ ਦੇ ਜਨਮ ਦਿਹਾੜੇ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਹ ਐਲਾਨ ਕੀਤਾ ਗਿਆ ਸੀ , ਪਰ ਇਹ ਵਾਅਦਾ ਅੱਜ ਤੱਕ ਵਫਾ ਨਹੀਂ ਹੋਇਆ।

# ਅਕਾਲ ਤਖਤ ਦੀ ਸਰਪ੍ਰਸਤੀ ਹੇਠ ਮਨਾਇਆ ਜਾਵੇਗਾ 550 ਸਾਲਾ ਪ੍ਰਕਾਸ਼ ਪੁਰਬ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਮਨਾਇਆ ਜਾਵੇਗਾ। ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਇਕ ਮੰਚ ਤੋਂ ਮਨਾਉਣ ਲਈ ਅਕਾਲ ਤਖਤ ਦੇ ਸਕੱਤਰੇਤ ਵਿਚ ਸਾਂਝੀ ਮੀਟਿੰਗ ਵਿਚ ਇਹ ਫੈਸਲਾ ਲਿਆ ਹੈ।

ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਇਕ ਮੰਚ ਤੋਂ ਸਾਂਝੇ ਤੌਰ 'ਤੇ ਮਨਾਉਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੋਵਾਂ ਨੂੰ ਹੀ ਪੱਤਰ ਭੇਜੇ ਗਏ ਸਨ। ਇਸ ਸਬੰਧੀ ਦੋਵਾਂ ਧਿਰਾਂ ਵੱਲੋਂ ਹੀ ਹਾਂ-ਪੱਖੀ ਹੁੰਗਾਰਾ ਮਿਲਿਆ ਹੈ। ਇਹ ਸਮੁੱਚਾ ਸਮਾਗਮ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਸਾਂਝੇ ਤੌਰ 'ਤੇ ਮਨਾਇਆ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਦੇ ਪ੍ਰਬੰਧ ਤੋਂ ਇਲਾਵਾ ਧਾਰਮਿਕ ਸਮਾਗਮਾਂ ਦਾ ਪ੍ਰਬੰਧ ਕੀਤਾ ਜਾਵੇਗਾ। ਮੁੱਖ ਸਮਾਗਮ ਮੌਕੇ ਸਟੇਜ 'ਤੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਲੈ ਕੇ ਕੜਾਹ ਪ੍ਰਸਾਦਿ ਵਰਤਾਉਣ ਤਕ ਸਾਰਾ ਪ੍ਰਬੰਧ ਸ਼੍ਰੋਮਣੀ ਕਮੇਟੀ ਵੱਲੋਂ ਕੀਤਾ ਜਾਵੇਗਾ। ਸਰਕਾਰ ਵਲੋਂ ਸੰਗਤ ਦੀ ਰਿਹਾਇਸ਼, ਪਾਰਕਿੰਗ, ਟਰੈਫਿਕ ਤੇ ਹੋਰ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਮੁੱਖ ਮੰਤਰੀ ਦੇ ਇਸ ਸਬੰਧੀ ਹਾਂ-ਪੱਖੀ ਹੁੰਗਾਰੇ ਦੀ ਸ਼ਲਾਘਾ ਕੀਤੀ।

ਮੀਟਿੰਗ ਵਿਚ ਸਰਕਾਰ ਵਲੋਂ ਸ਼ਾਮਲ ਸੈਰ ਸਪਾਟਾ ਤੇ ਸੱਭਿਆਚਾਰ ਮਾਮਲਿਆਂ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਵੱਲੋਂ ਦਿੱਤੇ ਆਦੇਸ਼ ਮੁਤਾਬਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਇਹ ਸਮਾਗਮ ਸਾਂਝੇ ਤੌਰ 'ਤੇ ਮਨਾਉਣ ਲਈ ਮੰਤਰੀਆਂ ਦਾ ਵਫਦ ਮੀਟਿੰਗ ਲਈ ਭੇਜਿਆ ਗਿਆ ਹੈ। ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਗੁਰਦੁਆਰਾ ਕਰਤਾਰਪੁਰ ਲਾਂਘੇ ਦੇ ਚੱਲ ਰਹੇ ਕੰਮ ਬਾਰੇ ਵੀ ਮੁੱਖ ਮੰਤਰੀ ਵੱਲੋਂ ਕੇਂਦਰ ਸਰਕਾਰ ਨਾਲ ਗੱਲਬਾਤ ਕੀਤੀ ਗਈ ਹੈ। ਇਸ ਦੌਰਾਨ ਲਾਂਘੇ ਨੂੰ ਖੋਲ੍ਹਣ ਅਤੇ 550 ਸਾਲਾ ਸਮਾਗਮਾਂ ਦੀਆਂ ਤਰੀਕਾਂ ਵੱਖ ਵੱਖ ਰੱਖਣ ਬਾਰੇ ਵੀ ਆਖਿਆ ਗਿਆ।

### ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਕਮੇਟੀ ਨੂੰ ਸਾਂਝੇ ਸਮਾਗਮ ਲਈ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਕੁਝ ਸਮਾਗਮ ਪਾਕਿਸਤਾਨ ਵਿਚ ਪੀ.ਜੀ.ਪੀ.ਸੀ. ਤੇ ਔਕਾਫ ਬੋਰਡ ਦੇ ਸਹਿਯੋਗ ਨਾਲ ਮਨਾਏ ਜਾਣਗੇ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਜੀ.ਪੀ.ਸੀ.) ਨੂੰ ਪੱਤਰ ਵੀ ਭੇਜਿਆ ਗਿਆ ਹੈ। ਇਹ ਪੱਤਰ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਪੀ.ਜੀ.ਪੀ.ਸੀ. ਦੇ ਪ੍ਰਧਾਨ ਡਾ. ਤਾਰਾ ਸਿੰਘ ਨੂੰ ਦਿੱਤਾ। ਇਸ ਮੌਕੇ ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਵੀ ਮੌਜੂਦ ਸਨ। ਪੱਤਰ ਰਾਹੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪੀ.ਜੀ.ਪੀ.ਸੀ. ਨੂੰ 550 ਸਾਲਾ ਸਮਾਗਮ ਆਪਸੀ ਸਹਿਯੋਗ ਨਾਲ ਮਨਾਉਣ ਬਾਰੇ ਆਖਿਆ ਹੈ। ਇਸ ਦਾ ਪੀ.ਜੀ.ਪੀ.ਸੀ. ਦੇ ਪ੍ਰਧਾਨ ਤਾਰਾ ਸਿੰਘ ਨੇ ਸਵਾਗਤ ਕੀਤਾ।

# ਲਾਹੌਰ ਤੇ ਅੰਮ੍ਰਿਤਸਰ 'ਚ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਈ

**ਅੰਮ੍ਰਿਤਸਰ:** ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਪਾਕਿਸਤਾਨ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਅਤੇ ਅੰਮ੍ਰਿਤਸਰ ਵਿਚ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਦੋਵਾਂ ਥਾਵਾਂ 'ਤੇ ਮਨਾਈ ਗਈ ਹੈ। ਦੋਵਾਂ ਥਾਵਾਂ 'ਤੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਗੁਰਬਾਣੀ ਦੇ ਕੀਰਤਨ ਮਗਰੋਂ ਅਰਦਾਸ ਕੀਤੀ ਗਈ। ਲਾਹੌਰ ਦੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਬਰਸੀ ਸਮਾਗਮ ਦੌਰਾਨ ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਮੁੱਖ ਤੌਰ 'ਤੇ ਸ਼ਮੂਲੀਅਤ ਕੀਤੀ। ਅੰਮ੍ਰਿਤਸਰ ਤੋਂ ਗਏ ਸਿੱਖ ਸ਼ਰਧਾਲੂਆਂ ਦੇ ਜਥੇ ਸਮੇਤ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਪੀ.ਜੀ.ਪੀ.ਸੀ. ਤੇ ਔਕਾਫ ਬੋਰਡ ਦੇ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ।

ਸਮਾਗਮ ਦੌਰਾਨ ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਧਰਮ ਨਿਰਪੱਖ ਰਾਜ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਹਰੇਕ ਵਿਅਕਤੀ ਦਾ ਹੱਕ ਅਤੇ ਹਿੱਤ ਸੁਰੱਖਿਅਤ ਸੀ। ਉਨ੍ਹਾਂ ਸਿੱਖ ਕੌਮ ਦੀ ਬਹਾਦਰੀ ਦੀ ਸ਼ਲਾਘਾ ਕੀਤੀ। ਪੀ.ਜੀ.ਪੀ.ਸੀ. ਦੇ ਪ੍ਰਧਾਨ ਤਾਰਾ ਸਿੰਘ ਨੇ ਭਾਰਤ ਅਤੇ ਹੋਰ ਥਾਵਾਂ ਤੋਂ ਆਈ ਸੰਗਤ ਨੂੰ ਜੀ ਆਇਆਂ ਆਖਿਆ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਸ਼ਵ ਵਿਚ ਵਸਦੇ ਹਰ ਸਿੱਖ ਲਈ ਅਹਿਮ ਸਥਾਨ ਰੱਖਦਾ ਹੈ ਅਤੇ ਹਰ ਸਿੱਖ ਇਸ ਪ੍ਰਤੀ ਹਿਰਦੇ ਵਿਚ ਸਤਿਕਾਰ ਰੱਖਦਾ ਹੈ। ਇਸੇ ਥਾਂ 'ਤੇ ਸਿੱਖੀ ਦਾ ਬੂਟਾ ਲੱਗਾ ਸੀ, ਜਿਥੋਂ ਸਿੱਖੀ ਦਾ ਵਿਕਾਸ ਹੋਇਆ ਅਤੇ ਅੱਜ ਇਹ ਸਮੁੱਚੇ ਵਿਸ਼ਵ ਵਿਚ ਫੈਲ ਗਿਆ ਹੈ। ਇਸ ਮੌਕੇ ਲਹਿੰਦੇ ਪੰਜਾਬ ਦੇ ਗਵਰਨਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਡਾ. ਰੂਪ ਸਿੰਘ ਅਤੇ ਗੁਰਮੀਤ ਸਿੰਘ ਨੇ ਸਨਮਾਨਿਤ ਕੀਤਾ। ਪੀ.ਜੀ.ਪੀ.ਸੀ. ਵੱਲੋਂ ਸ਼੍ਰੋਮਣੀ ਕਮੇਟੀ ਨੁਮਾਇੰਦਿਆਂ ਦਾ ਸਨਮਾਨ ਕੀਤਾ ਗਿਆ। ਡਾ. ਰੂਪ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਸਬੰਧੀ ਇਕ ਪੁਸਤਕ ਵੀ ਗਵਰਨਰ ਨੂੰ ਭੇਟ ਕੀਤੀ।

# 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਯਾਦਗਾਰੀ ਸਿੱਕਾ ਜਾਰੀ

**ਨਵੀਂ ਦਿੱਲੀ:** ਭਾਰਤ ਦੇ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਨੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਯਾਦਗਾਰੀ ਸਿੱਕਾ ਜਾਰੀ ਕੀਤਾ। ਇਹ ਸਿੱਕਾ ਸੋਨੇ ਅਤੇ ਚਾਂਦੀ ਦੋਵਾਂ ਰੂਪਾਂ ਵਿਚ ਤਿਆਰ ਕੀਤਾ ਗਿਆ ਹੈ।

ਸ੍ਰੀ ਨਾਇਡੂ ਨੇ ਕਿਹਾ ਕਿ ਗੁਰੂ ਨਾਨਕ ਦੇਵ ਭਗਤੀ ਲਹਿਰ ਦੇ ਪਹਿਲੇ ਪ੍ਰਚਾਰਕ ਸਨ ਜਿਨ੍ਹਾਂ ਨੇ ਸਾਰਿਆਂ ਦੀ ਬਰਾਬਰੀ ਦਾ ਸੰਦੇਸ਼ ਦਿੱਤਾ ਤੇ ਦੁਨੀਆਂ ਨੂੰ ਦੱਸਿਆ ਕਿ ਪਰਮਾਤਮਾ ਇਕ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਵਿਸ਼ਵ ਦਾ ਮਾਰਗ ਦਰਸ਼ਨ ਕਰ ਰਹੀਆਂ ਹਨ। ਪਹਿਲੇ ਸਿੱਖ ਗੁਰੂ ਨੇ 550 ਸਾਲ ਪਹਿਲਾਂ ਜੋ ਦੁਨੀਆਂ ਨੂੰ ਸਿਖਾਇਆ, ਉਹ ਅੱਜ ਵੀ ਵਿਸ਼ਵ ਖਾਸ ਤੌਰ 'ਤੇ ਭਾਰਤ ਲਈ ਰਾਹ ਦਸੇਰਾ ਹੈ ਕਿਉਂਕਿ ਭਾਰਤ ਸਾਰਿਆਂ ਦੀ ਬਰਾਬਰੀ ਦੇ ਸਿਧਾਂਤ 'ਤੇ ਚੱਲਦਾ ਹੈ।

ਉਨ੍ਹਾਂ ਕਿਹਾ ਕਿ ਸਿੱਖ ਇਕ ਮਹਾਨ ਧਰਮ ਹੈ ਅਤੇ ਇਸ ਦੇ ਮੈਂਬਰਾਂ ਨੇ ਜਦੋਂ ਵੀ ਕੋਈ ਕੁਦਰਤੀ ਆਫਤ ਆਈ ਜਾਂ ਕਿਸੇ ਕਾਰਨ ਕੋਈ ਤਰਾਸਦੀ ਆਈ ਤਾਂ ਹਮੇਸ਼ਾ ਕੈਂਪ ਲਗਾ ਕੇ ਅਤੇ ਲੰਗਰ ਲਗਾ ਕੇ ਮਨੁੱਖਤਾ ਦੀ ਸੇਵਾ ਕੀਤੀ ਹੈ। ਉਨ੍ਹਾਂ ਕਿਹਾ ਕਿ ਤਿੰਨ 'ਸ' ਹਮੇਸ਼ਾ ਸਿੱਖੀ ਦੀ ਮਹਾਨਤਾ ਨੂੰ ਦਰਸਾਉਂਦੇ ਹਨ। ਪਹਿਲਾ 'ਸ' ਸਿਰਮੌਰ ਦਲੇਰੀ ਦਾ ਸੂਚਕ ਹੈ, ਦੂਜਾ 'ਸ' ਸੇਵਾ ਭਾਵਨਾ ਅਤੇ ਤੀਜਾ 'ਸ' ਸਿੱਖ ਗੁਰੂ ਸਾਹਿਬਾਨ ਤੇ ਭਾਈਚਾਰੇ ਦੇ ਮੈਂਬਰਾਂ ਵੱਲੋਂ ਦਿੱਤੀਆਂ ਸ਼ਹਾਦਤਾਂ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਨੇ ਸਮਾਜ ਵਿਚ ਔਰਤ ਨੂੰ ਮਾਣ ਸਤਿਕਾਰ ਦੇਣ ਦੀ ਗੱਲ ਉਦੋਂ ਕਹੀ ਜਦੋਂ ਸਮਾਜ ਵਿਚ ਕਈ ਤਰ੍ਹਾਂ ਦੇ ਅੰਧ ਵਿਸ਼ਵਾਸ ਫੈਲੇ ਸਨ ਤੇ ਔਰਤ ਦਾ ਸਭ ਤੋਂ ਵੱਧ ਨਿਰਾਦਰ ਹੁੰਦਾ ਸੀ।

### ਸ਼੍ਰੋਮਣੀ ਕਮੇਟੀ ਨੇ ਤਿਆਰ ਕਰਵਾਏ ਢਾਈ ਗ੍ਰਾਮ ਸੋਨੇ ਦੇ ਯਾਦਗਾਰੀ ਸਿੱਕੇ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਇਤਿਹਾਸਕ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਤਿਆਰ ਕਰਵਾਏ 24 ਕੈਰਟ ਸ਼ੁੱਧ ਸੋਨੇ ਤੇ ਚਾਂਦੀ ਦੇ ਯਾਦਗਾਰੀ ਸਿੱਕਿਆਂ ਨੂੰ ਸੰਗਤ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਤੇ ਸੋਨੇ ਦੇ 5 ਅਤੇ 10 ਗ੍ਰਾਮ ਦੇ ਸਿੱਕਿਆਂ ਦੇ ਨਾਲ-ਨਾਲ ਆਮ ਸ਼ਰਧਾਲੂਆਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਢਾਈ ਗ੍ਰਾਮ ਸੋਨੇ ਦੇ ਸਿੱਕੇ ਵੀ ਤਿਆਰ ਕਰਵਾਏ ਗਏ ਹਨ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਜੌੜਾਸਿੰਘਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਸਾਲ ਨਵੰਬਰ ਮਹੀਨੇ ਸ਼ੁੱਧ ਸੋਨੇ ਦੇ 5 ਤੇ 10 ਗ੍ਰਾਮ ਦੇ 100-100 ਤੇ ਚਾਂਦੀ ਦੇ 25 ਦੇ 50 ਗ੍ਰਾਮ ਦੇ 250-250 ਯਾਦਗਾਰੀ ਸਿੱਕੇ ਤਿਆਰ ਕਰਵਾਏ ਗਏ ਸਨ।

# ਪੁਲਿਸ ਵਧੀਕੀਆਂ ਨੂੰ ਨੱਥ ਪਾਉਣ ਲਈ ਹਾਈ ਕੋਰਟ 'ਚ ਅਰਜ਼ੀ

**ਨਵੀਂ ਦਿੱਲੀ:** ਕੌਮੀ ਰਾਜਧਾਨੀ ਦੇ ਮੁਖਰਜੀ ਨਗਰ ਇਲਾਕੇ 'ਚ ਸਿੱਖ ਡਰਾਈਵਰ ਸਰਬਜੀਤ ਸਿੰਘ ਅਤੇ ਉਸ ਦੇ ਪੁੱਤਰ ਉਪਰ ਪੁਲਿਸ ਵੱਲੋਂ ਢਾਹੇ ਗਏ ਤਸ਼ੱਦਦ ਦੇ ਮੱਦੇਨਜ਼ਰ ਦਿੱਲੀ ਹਾਈ ਕੋਰਟ 'ਚ ਪਟੀਸ਼ਨ ਦਾਖਲ ਕਰਕੇ ਨਿਰਦੇਸ਼ ਦੇਣ ਲਈ ਕਿਹਾ ਗਿਆ ਹੈ ਕਿ ਉਹ ਤਾਕਤ ਦੀ ਘੱਟ ਵਰਤੋਂ ਕਰਨ ਅਤੇ ਲੋਕਾਂ ਨਾਲ ਸਬੰਧ ਸੁਖਾਵੇਂ ਬਣਾ ਕੇ ਰੱਖਣ।

ਜਨਹਿੱਤ ਪਟੀਸ਼ਨ ਸੋਮਵਾਰ ਲਈ ਚੀਫ ਜਸਟਿਸ ਡੀ.ਐਨ. ਪਟੇਲ ਅਤੇ ਜਸਟਿਸ ਹਰੀ ਸ਼ੰਕਰ ਦੀ ਬੈਂਚ ਮੂਹਰੇ ਸੂਚੀਬੱਧ ਹੈ। ਪਟੀਸ਼ਨਰ ਨੇ ਮੰਗ ਕੀਤੀ ਹੈ ਕਿ ਉਸ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਲਾਗੂ ਕੀਤਾ ਜਾਵੇ ਅਤੇ ਪੁਲਿਸ ਦੀ ਵਧੀਕੀ ਅਤੇ ਉਸ ਦੇ ਕੰਮਕਾਜ ਦੀ ਨਿਗਰਾਨੀ ਹੋਵੇ। ਇਹ ਪਟੀਸ਼ਨ ਵਕੀਲ ਅਤੇ ਸਮਾਜਿਕ ਕਾਰਕੁਨ ਅਮਿਤ ਸਾਹਨੀ ਵੱਲੋਂ ਦਾਖਲ ਕੀਤੀ ਗਈ ਹੈ ਜਿਸ 'ਚ ਉਨ੍ਹਾਂ ਪੁਲਿਸ ਅਧਿਕਾਰੀਆਂ ਦੇ ਸਰੀਰ 'ਤੇ ਕੈਮਰੇ ਲਾਉਣ ਦਾ ਸੁਝਾਅ ਦਿੱਤਾ ਹੈ ਤਾਂ ਜੋ ਕਿਸੇ ਕੇਸ 'ਚ ਉਲੰਘਣਾ ਹੋਣ ਉਤੇ ਅਧਿਕਾਰੀਆਂ ਦੇ ਵਤੀਰੇ ਦੀ ਚੈਕਿੰਗ ਹੋ ਸਕੇ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਅਦਾਲਤਾਂ ਨੇ ਵੱਖ-ਵੱਖ ਫੈਸਲਿਆਂ 'ਚ ਪੁਲਿਸ ਤਸ਼ੱਦਦ ਨਾਲ ਨਜਿੱਠਦਿਆਂ ਕਿਹਾ ਹੈ ਕਿ ਪੁਲਿਸ ਦਾ ਕੰਮ ਹਾਲਾਤ ਨੂੰ ਕਾਬੂ ਹੇਠ ਕਰਨਾ ਹੁੰਦਾ ਹੈ ਨਾ ਕਿ ਮੌਕੇ 'ਤੇ ਹੀ ਕਿਸੇ ਵਿਅਕਤੀ ਨੂੰ ਸਜ਼ਾ ਦਿੱਤੀ ਜਾਵੇ।

# ਗੁਰੂ ਗ੍ਰੰਥ ਸਾਹਿਬ ਦੇ ਗਿਆਨ ਨੂੰ ਸਮਝਣ ਦਾ ਸੁਝਾਅ

ਪੰਜਾਬ ਟਾਈਮਜ਼ ਦੇ 15 ਜੂਨ ਦੇ ਅੰਕ ਵਿਚ ਸ. ਗੁਰਬਚਨ ਸਿੰਘ ਨੇ ਆਪਣੇ ਲੇਖ 'ਗੁਰੂ ਗ੍ਰੰਥ ਸਾਹਿਬ ਵਿਚ ਪ੍ਰਗਟ ਹੋਏ ਫਿਲਾਸਫੀ ਦੇ ਨਵੇਂ ਗਿਆਨ ਨੂੰ ਕਿਵੇਂ ਸਮਝੀਏ?' ਵਿਚ ਗੁਰਬਾਣੀ ਵਿਚਾਰਧਾਰਾ ਨੂੰ ਸਮਝਣ ਦੀ ਵਿਧੀ ਬਿਆਨ ਕਰਦਿਆਂ ਲਿਖਿਆ ਹੈ, "ਗੁਰਮਤਿ ਅਨੁਸਾਰ ਜਦੋਂ ਤਕ ਬੰਦੇ ਦੇ ਮਨ ਵਿਚ ਕਿਸੇ ਸਵਰਗ ਦੀ ਆਸ ਬਣੀ ਰਹਿੰਦੀ ਹੈ, ਉਦੋਂ ਤਕ ਉਸ ਦਾ ਖੁਦਾ ਦੇ ਚਰਨਾਂ ਵਿਚ ਨਿਵਾਸ ਨਹੀਂ ਹੋ ਸਕਦਾ, ਕਿਉਂਕਿ ਉਦੋਂ ਤਕ ਉਸ ਨੂੰ ਆਪਣੀ ਕੁਦਰਤੀ ਹੋਂਦ ਦਾ ਅਹਿਸਾਸ ਨਹੀਂ ਹੁੰਦਾ ਅਤੇ ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਰੱਬ ਉਸ ਦੇ ਆਪਣੇ ਹੀ ਮਨ ਵਿਚ ਬਣੇ ਸੰਕਲਪ ਦੀ ਉਪਜ ਹੈ।"

ਰੱਬ ਦਾ ਮਨੁੱਖ ਦੇ ਮਨ ਵਿਚ ਬਣੇ ਸੰਕਲਪ ਦੀ ਉਪਜ ਹੋਣ ਦਾ ਅਰਥ ਹੋਇਆ ਕਿ ਰੱਬ ਦੀ

## ਵਿਚਾਰ ਚਰਚਾ

ਹਾਕਮ ਸਿੰਘ
E-mail: hak1270@yahoo.com

ਹਸਤੀ ਮਨੁੱਖ ਦੇ ਮਨ 'ਤੇ ਨਿਰਭਰ ਕਰਦੀ ਹੈ। ਗੁਰਬਾਣੀ ਇਸ ਵਿਚਾਰ ਦਾ ਸਮਰਥਨ ਨਹੀਂ ਕਰਦੀ।

ਲੇਖਕ ਦਾ ਵਿਚਾਰ ਹੈ ਕਿ ਗੁਰਬਾਣੀ ਵਿਚ "ਇਸ ਅੰਤਹੀਣ ਬ੍ਰਹਿਮੰਡੀ ਪਸਾਰੇ ਨੂੰ ਇੱਕ ਦਾ ਵਿਸਥਾਰ ਦੱਸ ਕੇ ਇਸ ਦੀ ਵਰਤੋਂ ਬ੍ਰਹਮ ਦੇ ਅੰਤਹੀਣ ਆਕਾਰ (ਵਜੂਦ) ਨੂੰ ਪ੍ਰਗਟ ਕਰਨ ਵਾਲੇ ਇੱਕ ਚਿੰਨ੍ਹ ਵਜੋਂ ਕੀਤੀ ਗਈ ਹੈ।" ਪਰ ਗੁਰਬਾਣੀ ਅੰਤਹੀਣ ਬ੍ਰਹਿਮੰਡੀ ਪਸਾਰੇ ਨੂੰ ਇੱਕ ਦਾ ਵਿਸਥਾਰ ਨਹੀਂ, ਉਸ ਦੀ ਕਿਰਤ ਅਤੇ ਦੂਜਾ ਦੱਸਦੀ ਹੈ। ਗੁਰਬਾਣੀ ਦੇ ਕਥਨ ਹਨ:

ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥ (ਪੰਨਾ 463)
ਨਾਨਕ ਸਾਚਾ ਏਕੁ ਹੈ
ਦੁਹੁ ਵਿਚਿ ਹੈ ਸੰਸਾਰੁ॥ (ਪੰਨਾ 950)
ਸਦਾ ਸਦਾ ਤੂੰ ਏਕੁ ਹੈਂ
ਤੁਧੁ ਦੂਜਾ ਖੇਲੁ ਰਚਾਇਆ॥ (ਪੰਨਾ 139)
ਇਹੁ ਜਗੁ ਜਨਮਿਆ ਦੂਜੈ ਭਾਇ॥
(ਪੰਨਾ 161)
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥
(ਪੰਨਾ 1036)
ਆਦਿ ਜੁਗਾਦੀ ਹੈ ਭੀ ਹੋਸੀ
ਅਵਰੁ ਝੂਠਾ ਸਭੁ ਮਾਣੋ॥ (ਪੰਨਾ 437)

ਗੁਰਬਾਣੀ ਸ੍ਰਿਸ਼ਟੀ ਨੂੰ ਪ੍ਰਭੂ ਦਾ ਵਿਸਥਾਰ ਨਹੀਂ, ਉਸ ਦੀ ਕਿਰਤ, ਦੂਜੀ, ਝੂਠ ਅਤੇ ਖੇਡ "ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ॥" (ਪੰਨਾ 946) ਦੱਸਦੀ ਹੈ, ਕਿਉਂਕਿ ਉਸ ਵਿਚ ਪ੍ਰਭੂ ਵਾਲੇ ਗੁਣਾਂ ਦੀ ਅਣਹੋਂਦ ਹੈ।

ਇਹ ਵਿਚਾਰ ਵੀ ਕਿ "ਇਸ ਦ੍ਰਿਸ਼ਟੀਗੋਚਰ ਹੁੰਦੇ ਸੰਸਾਰ ਵਿਚ ਵਸਦੀ ਸਮੂਹ ਜੀਵਾਂ ਦੀ ਜ਼ਿੰਦਗੀ ਇਸ ਸੱਚ ਦਾ ਪ੍ਰਗਟ ਰੂਪ ਹੈ" ਗੁਰਮਤਿ ਅਨੁਸਾਰੀ ਨਹੀਂ ਹੈ। ਮਾਨਵਤਾ ਪ੍ਰਭੂ ਦੇ ਹੁਕਮ ਨਾਲ ਹੋਂਦ ਵਿਚ ਆਇਆ ਅਸਤਿਤਵ ਹੈ,

ਹੁਕਮੀ ਹੋਵਨਿ ਆਕਾਰ
ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ
ਹੁਕਮਿ ਮਿਲੈ ਵਡਿਆਈ॥ (ਪੰਨਾ 2)

ਉਸ ਨੂੰ ਪ੍ਰਭੂ ਦਾ ਪ੍ਰਗਟ ਸਰੂਪ ਆਖਣਾ ਸਹੀ ਨਹੀਂ ਜਾਪਦਾ।

ਲੇਖਕ ਅਨੁਸਾਰ "ਧਰਮ ਦੇ ਤਿੰਨ ਪੱਖ ਹਨ: ਮਨੁੱਖ ਦਾ ਕੁਦਰਤ ਨਾਲ ਰਿਸ਼ਤਾ ਭਾਵ ਫਿਲਾਸਫੀ, ਮਨੁੱਖੀ ਸਦਾਚਾਰ ਅਤੇ ਕਰਮਕਾਂਡ।" ਧਰਮ ਦੇ ਇਨ੍ਹਾਂ ਤਿੰਨਾਂ ਪੱਖਾਂ ਦੀ ਗੁਰਬਾਣੀ ਵਿਚ ਦਿੱਤੀ ਧਰਮ ਦੀ ਪਰਿਭਾਸ਼ਾ ਨਾਲ ਕੋਈ ਸਾਂਝ ਨਹੀਂ ਹੈ। ਗੁਰਬਾਣੀ ਧਾਰਮਿਕ ਕਰਮ ਕਾਂਡਾਂ ਦਾ ਖੰਡਨ ਕਰਦੀ ਹੈ ਅਤੇ ਸਦਾਚਾਰ ਨੂੰ ਤ੍ਰੈਗੁਣੀ ਸੰਸਾਰਕ ਜੀਵਨ ਦਾ ਵਿਹਾਰ ਹੋਣ ਕਾਰਨ ਇਸ ਨੂੰ ਅਧਿਆਤਮਕ ਗਿਆਨ ਦੀ ਪ੍ਰਾਪਤੀ ਦੇ ਮਾਰਗ ਵਿਚ ਰੁਕਾਵਟ ਦੱਸਦੀ ਹੈ। ਫਿਲਾਸਫੀ ਦਾ ਸਰੋਕਾਰ ਮਨੁੱਖ ਅਤੇ ਕੁਦਰਤ ਦੇ ਰਿਸ਼ਤੇ ਨਾਲ ਹੈ, ਪਰ ਗੁਰਬਾਣੀ ਮਨੁੱਖ ਦੇ ਕੁਦਰਤ ਨਾਲ ਰਿਸ਼ਤੇ ਨੂੰ ਨਹੀਂ, ਪ੍ਰਭੂ ਨਾਲ ਮਿਲਾਪ ਨੂੰ ਮਨੁੱਖੀ ਜੀਵਨ ਦਾ ਮਨੋਰਥ ਦੱਸਦੀ ਹੈ,

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
(ਪੰਨਾ 12)
ਮਿਲੁ ਜਗਦੀਸ ਮਿਲਨ ਕੀ ਬਰੀਆ॥
ਚਿਰੰਕਾਲ ਇਹ ਦੇਹ ਸੰਜਰੀਆ॥
(ਪੰਨਾ 176)

ਗੁਰਬਾਣੀ ਧਰਮ ਨੂੰ ਅਧਿਆਤਮਕ ਜੀਵਨ ਦੇ ਮਾਰਗ ਦਾ ਪਹਿਲਾ ਪੜਾਅ ਦੱਸਦੀ ਹੈ, ਜਿਸ 'ਤੇ ਚਲਣ ਵਾਲਾ ਵਿਅਕਤੀ "ਸਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ॥" (ਪੰਨਾ 351) ਵਿਚ ਦੱਸੇ ਧਾਰਮਿਕ ਗੁਣ ਧਾਰਨ ਕਰਕੇ ਪ੍ਰਭੂ ਦਾ ਗਿਆਨ ਪ੍ਰਾਪਤ ਕਰਨਯੋਗ ਹੋ ਜਾਂਦਾ ਹੈ। ਗੁਰਬਾਣੀ ਧਰਮ ਨੂੰ "ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥" (ਪੰਨਾ 1168) ਅਤੇ "ਨਾਨਕ ਸੰਤੋਖ ਰੁਖੁ ਧਰਮੁ ਫੁਲੁ ਫਲ ਗਿਆਨੁ॥" (ਪੰਨਾ 147) ਆਖਦੀ ਹੈ। ਧਾਰਮਿਕ ਜੀਵਨ ਨੂੰ "ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥" (ਪੰਨਾ 918) ਵੀ ਦੱਸਿਆ ਗਿਆ ਹੈ।

ਗੁਰਮਤਿ ਸੰਪ੍ਰਦਾਇਕ ਜਾਂ ਸੰਗਠਤ ਧਰਮ ਨਹੀਂ ਹੈ, ਪਰ ਗੁਰਬਾਣੀ ਸੰਪ੍ਰਦਾਇਕ ਅਤੇ ਸੰਗਠਤ ਧਰਮਾਂ ਦਾ ਵਿਰੋਧ ਵੀ ਨਹੀਂ ਕਰਦੀ ਤੇ ਨਾ ਹੀ ਕਿਸੇ ਧਰਮ ਨੂੰ ਬੁਰਾ ਆਖਦੀ ਹੈ। ਕੇਵਲ ਉਨ੍ਹਾਂ ਵਿਚ ਬੇਅਰਥ ਕਰਮ ਕਾਂਡਾਂ ਦਾ ਖੰਡਨ ਅਤੇ ਕਥਨੀ ਤੇ ਕਰਨੀ ਦੇ ਭੇਦ ਅਤੇ ਭਰਮਾਂ ਦੀ ਆਲੋਚਨਾ ਕਰਦੀ ਹੈ। ਉਹ ਹਿੰਦੂ ਨੂੰ ਅੱਛਾ ਹਿੰਦੂ ਅਤੇ ਮੁਸਲਮਾਨ ਨੂੰ ਅੱਛਾ ਮੁਸਲਮਾਨ ਬਣਨ ਲਈ ਪ੍ਰੇਰਦੀ ਹੈ। ਉਹ ਧਰਮ ਦੇ ਸੰਗਠਨ ਸਥਾਪਤ ਕਰਨ ਦਾ ਉਪਦੇਸ਼ ਨਹੀਂ ਕਰਦੀ, ਸਗੋਂ ਪੁੱਛਦੀ ਹੈ,

ਹਿੰਦੂ ਤੁਰਕ ਕਹਾ ਤੇ ਆਏ
ਕਿਨਿ ਇਹ ਰਾਹ ਚਲਾਈ॥ (ਪੰਨਾ 477)

ਗੁਰਬਾਣੀ ਦੇ ਬੁਨਿਆਦੀ ਸੱਚ ਬਾਰੇ ਲੇਖਕ ਦਾ ਵਿਚਾਰ ਹੈ, "ਗੁਰਮਤਿ ਸਿਰਫ ਵਿਅਕਤੀ ਦੇ ਨਿੱਜੀ ਚਰਿਤਰ ਨੂੰ ਬਦਲਣ ਦੀ ਗੱਲ ਨਹੀਂ ਕਰਦੀ, ਸਗੋਂ ਮਨੁੱਖ ਦੇ ਸਮਾਜੀ, ਰਾਜਸੀ ਚੌਗਿਰਦੇ ਨੂੰ ਬਦਲਣ ਲਈ ਯਤਨਸ਼ੀਲ ਹੋਣ ਲਈ ਵੀ ਪ੍ਰੇਰਦੀ ਹੈ।...ਮਨੁੱਖੀ ਤੇ ਸਮਾਜੀ ਚੌਗਿਰਦੇ ਨੂੰ ਬਦਲ ਕੇ ਹੀ ਮਨੁੱਖ ਅਤੇ ਸਮਾਜ ਦੀ ਪੂਰਨ ਕਾਇਆ ਕਲਪ ਕੀਤੀ ਜਾ ਸਕਦੀ ਹੈ।"

ਇਨ੍ਹਾਂ ਵਿਚਾਰਾਂ ਦੇ ਸਮਰਥਨ ਵਿਚ ਉਨ੍ਹਾਂ ਗੁਰਬਾਣੀ ਵਿਚੋਂ ਕੋਈ ਮਿਸਾਲ ਨਹੀਂ ਦਿੱਤੀ। ਗੁਰਬਾਣੀ ਵਿਚ ਐਸੀ ਕੋਈ ਪ੍ਰੇਰਨਾ ਨਹੀਂ ਹੈ। ਉਹ ਤੇ ਮਨੁੱਖ ਨੂੰ ਪ੍ਰਭੂ ਦੀ ਰਜ਼ਾ ਵਿਚ ਰਹਿਣ, ਉਸ ਦਾ ਭਾਣਾ ਮੰਨਣ, ਜੋ ਹੋ ਰਿਹਾ ਹੈ ਉਸ ਨੂੰ ਪ੍ਰਵਾਨ ਕਰਨ ਲਈ ਆਖਦੀ ਹੈ, ਨਾ ਕਿ ਸਮਾਜ ਨੂੰ ਸੁਧਾਰਨ ਜਾਂ ਬਦਲਣ ਲਈ। ਗੁਰੂ ਸਾਹਿਬ ਫੁਰਮਾਉਂਦੇ ਹਨ,

ਹੁਕਮ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥ (ਪੰਨਾ 1)
ਸੋ ਕਰੇ ਜਿ ਤਿਸੈ ਰਜਾਇ॥ (ਪੰਨਾ 475)
ਜੋ ਕਿਛੁ ਕਰੈ ਭਲਾ ਕਰਿ ਮਾਨਉ
ਸਹਜ ਜੋਗ ਨਿਧਿ ਪਾਵਉ॥ (ਪੰਨਾ 359)
ਜੋ ਤਿਸ ਭਾਵੈ ਸੋ ਥੀਐ
ਨਾਨਕ ਕਿਆ ਮਨੁਖ॥ (ਪੰਨਾ 417)

ਗੁਰਬਾਣੀ ਸਮਾਜਕ ਜਾਂ ਸੰਪ੍ਰਦਾਇਕ ਧਾਰਮਿਕ ਵਿਚਾਰਧਾਰਾ ਨਹੀਂ ਹੈ, ਅਧਿਆਤਮਕ ਗਿਆਨ ਹੈ। ਇਹ ਪ੍ਰਭੂ, ਸ੍ਰਿਸ਼ਟੀ, ਸੰਸਾਰ, ਮਨੁੱਖਤਾ ਅਤੇ ਮਨੁੱਖ ਬਾਰੇ ਪ੍ਰਚਲਿਤ ਫਿਲਾਸਫੀਕਲ, ਵਿਗਿਆਨਕ ਤੇ ਲੋਕ ਰਾਏ ਤੋਂ ਵਖਰੇ ਵਿਚਾਰ ਪੇਸ਼ ਕਰਦੀ ਹੈ। ਇਹ ਮਨੁੱਖਾ ਜੀਵਨ ਦੀ ਇੱਕ ਵਖਰੀ ਅਤੇ ਅਕਲਪਿਤ ਸੱਚਾਈ ਬਿਆਨ ਕਰਦੀ ਹੈ ਤੇ ਮਨੁੱਖ ਨੂੰ ਪ੍ਰਭੂ ਮਿਲਾਪ ਲਈ ਉਦਮ ਕਰਨ ਲਈ ਪ੍ਰੇਰਦੀ ਹੈ। ਇਸ ਪੱਖੋਂ ਗੁਰਮਤਿ ਅਤੇ ਫਿਲਾਸਫੀਕਲ ਧਰਮ ਦੋ ਅਸੰਗਤ ਸੰਕਲਪ ਹਨ।

ਗੁਰਬਾਣੀ ਦਾ ਮੂਲ ਉਪਦੇਸ਼ ਤਿੰਨ ਮੁੱਖ ਵਿਸ਼ਿਆਂ-ਪ੍ਰਭੂ, ਸੰਸਾਰਕ ਮਾਇਆ ਅਤੇ ਮਨੁੱਖੀ ਮਨ ਨਾਲ ਸਬੰਧਤ ਹੈ। ਪ੍ਰਭੂ ਇੱਕ ਹੈ। ਉਸ ਦੀ ਸਦੀਵੀ ਹੋਂਦ ਹੈ,

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥
(ਪੰਨਾ 1)

ਹੋਂਦ ਕੇਵਲ ਉਸੇ ਦੀ ਹੈ, ਹੋਰ ਕਿਸੇ ਦੀ ਹੋਂਦ ਨਹੀਂ ਹੈ,

ਜੇਤਾ ਸਬਦੁ ਸੁਰਤਿ ਧੁਨਿ ਤੇਤੀ
ਜੇਤਾ ਰੂਪੁ ਕਾਇਆ ਤੇਰੀ॥
ਤੂੰ ਆਪੇ ਰਸਨਾ ਆਪੇ ਬਸਨਾ
ਅਵਰੁ ਨ ਦੂਜਾ ਕਹਉ ਮਾਈ॥1॥
ਸਾਹਿਬ ਮੇਰਾ ਏਕੋ ਹੈ॥
ਏਕੋ ਹੈ ਭਾਈ ਏਕੋ ਹੈ॥ (ਪੰਨਾ 350)

ਉਹ ਸਾਰੀ ਕਾਇਨਾਤ ਦਾ ਕਰਤਾ ਹੈ ਅਤੇ ਆਪ ਉਸ ਵਿਚ ਵਿਦਮਾਨ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਮੰਗਲਾਚਰਨ ਵਿਚ ਮਨੁੱਖ ਨੂੰ ਸਮਝ ਆਉਣ ਵਾਲੇ ਪ੍ਰਭੂ ਦੇ ਕੁਝ ਗੁਣਾਂ ਦਾ ਵਰਣਨ ਹੈ, ਜੋ ਉਸ ਦੀ ਅਸਲੀਅਤ ਦੀ ਭੂਮਿਕਾ ਹਨ, ਪਰ ਉਹ ਤੇ ਅਨੰਤ ਹੈ ਅਤੇ ਉਸ ਨੂੰ ਬਿਆਨ ਕਰਨਾ ਸੰਭਵ ਨਹੀਂ ਹੈ,

ਅਗਮ ਅਗੋਚਰ
ਤੇਰਾ ਅੰਤੁ ਕਿਨੇ ਨ ਪਾਇਆ॥ (ਪੰਨਾ 918)
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥
(ਪੰਨਾ 5)
ਰੂਪੁ ਨ ਰੇਖ ਨ ਰੰਗੁ ਕਿਛੁ
ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ (ਪੰਨਾ 283)

ਸਾਧਾਰਨ ਮਨੁੱਖ ਲਈ ਉਸ ਨੂੰ ਜਾਣਨਾ ਅਤੇ ਉਸ ਦੀ ਕਲਪਨਾ ਕਰਨੀ ਸੰਭਵ ਨਹੀਂ, ਕਿਉਂਕਿ ਉਹ ਤ੍ਰੈਗੁਣੀ ਸੰਸਾਰ ਵਿਚ ਸਮਾਇਆ ਹੋਇਆ ਤਾਂ ਹੈ, ਪਰ ਵਸਦਾ ਚੌਥੇ ਪਦ ਵਿਚ ਹੈ,

ਤੀਨਿ ਸਮਾਵੈ ਚਉਥੈ ਵਾਸਾ॥ (ਪੰਨਾ 839)
ਤ੍ਰੈ ਵਰਤਾਇ ਚਉਥੈ ਘਰਿ ਵਾਸਾ॥
(ਪੰਨਾ 1038)

ਤ੍ਰੈਗੁਣੀ ਸੰਸਾਰ ਵਿਚ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੋ ਚੌਥੇ ਪਦ ਵਿਚ ਪ੍ਰਵੇਸ਼ ਕਰਕੇ ਹੀ ਉਸ ਨੂੰ ਜਾਣਿਆ, ਸਮਝਿਆ ਅਤੇ ਅਨੁਭਵ ਕੀਤਾ ਜਾ ਸਕਦਾ ਹੈ,

ਚਉਥੇ ਪਦ ਕਉ ਜੋ ਨਰੁ ਚੀਨੈ
ਤਿਨ ਹੀ ਪਰਮ ਪਦੁ ਪਾਇਆ॥
(ਪੰਨਾ 1123)

ਪ੍ਰਭੂ ਨੇ ਸ੍ਰਿਸ਼ਟੀ ਦੀ ਸਿਰਜਣਾ ਆਪਣੇ ਤੋਂ ਵਖਰੀ ਇੱਕ ਖੇਡ ਵਜੋਂ ਕੀਤੀ ਹੈ, ਜਿਸ ਨੂੰ ਗੁਰਬਾਣੀ ਦੂਜਾ ਅਤੇ ਭਰਮ ਆਖਦੀ ਹੈ,

ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥ (ਪੰਨਾ 657)
ਛਛੈ ਛਾਇਆ ਵਰਤੀ ਸਭ ਅੰਤਰਿ
ਤੇਰਾ ਕੀਆ ਭਰਮੁ ਹੋਆ॥ (ਪੰਨਾ 433)

ਪ੍ਰਭੂ ਅਦ੍ਰਿਸ਼ਟ ਅਤੇ ਨਿਹਚਲ ਹੈ, ਪਰ ਸੰਸਾਰ ਦਿਖਾਈ ਦੇਣ ਵਾਲਾ ਨਿਰੰਤਰ ਬਦਲ ਰਿਹਾ ਪਦਾਰਥ ਹੈ। ਨਿਰੰਤਰ ਬਦਲਣ ਕਾਰਨ ਸੰਸਾਰ ਦੀ ਅਸਲੀਅਤ ਨੂੰ ਦੇਖ ਸਕਣਾ ਅਤੇ ਜਾਣਨਾ ਸੰਭਵ ਨਹੀਂ ਹੈ, ਕਿਉਂਕਿ ਜੋ ਦਿਸਦਾ ਹੈ, ਉਹ ਬੀਤਿਆ, ਬਦਲਿਆ ਜਾਂ ਖਤਮ ਹੋਇਆ ਹੋਣ ਕਾਰਨ ਹੁੰਦਾ ਨਹੀਂ, ਅਤੇ ਜੋ ਹੁੰਦਾ ਹੈ, ਉਸ ਦਾ ਅਸਲਾ ਨਿਰੰਤਰ ਬਦਲਣ ਕਰਕੇ ਦਿਸਦਾ ਨਹੀਂ। ਇਸ ਲਈ ਦਿਖਾਈ ਦੇ ਰਹੇ ਅਤੇ ਚਾਲੇ ਪਏ ਸੰਸਾਰ ਨੂੰ ਗੁਰਬਾਣੀ ਭਰਮ ਆਖਦੀ ਹੈ,

ਜਿਉ ਜਲ ਊਪਰਿ ਫੇਨ ਬੁਦਬੁਦਾ॥
ਤੈਸਾ ਇਹੁ ਸੰਸਾਰਾ॥ (ਪੰਨਾ 1257)
ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥
(ਪੰਨਾ 808)
ਇਹੁ ਜਗੁ ਧੂਏ ਕਾ ਪਹਾਰ॥ (ਪੰਨਾ 1186)

ਪਰ ਸਮਾਜ ਅਜਿਹੇ ਵਿਚਾਰਾਂ ਨੂੰ ਬਹੁਤ ਖਤਰਨਾਕ ਸਮਝਦਾ ਹੈ, ਕਿਉਂਕਿ ਇਸ ਨਾਲ ਸਮਾਜ ਵਲੋਂ ਸੰਸਾਰ ਨੂੰ ਸੱਚ ਜਾਣ ਕੇ ਰਚੇ ਅਡੰਬਰ ਨੂੰ ਭਾਰੀ ਜ਼ਰਬ ਪਹੁੰਚਦੀ ਹੈ। ਸਮਾਜਕ ਸ਼ਕਤੀਆਂ ਇਨ੍ਹਾਂ ਵਿਚਾਰਾਂ ਨੂੰ ਬਰਦਾਸ਼ਤ ਨਹੀਂ ਕਰਦੀਆਂ ਅਤੇ ਉਨ੍ਹਾਂ ਨੂੰ ਦਬਾਉਣ ਦਾ ਹਰ ਸੰਭਵ ਯਤਨ ਕਰਦੀਆਂ ਹਨ। ਉਹ ਯਸੂ ਮਸੀਹ ਨੂੰ ਸੂਲੀ ਚਾੜ੍ਹ ਦਿੰਦੀਆਂ ਹਨ ਅਤੇ ਗੁਰੂ ਨਾਨਕ ਸਾਹਿਬ ਨੂੰ ਭੂਤਨਾ ਆਖਦੀਆਂ ਹਨ,

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥1॥
ਭਇਆ ਦੀਵਾਨਾ ਸਾਹ ਕਾ
ਨਾਨਕੁ ਬਉਰਾਨਾ॥
ਹਉ ਹਰਿ ਬਿਨੁ ਅਵਰੁ ਨ ਜਾਨਾ॥
(ਪੰਨਾ 991)

ਅਤੇ ਭਗਤ ਕਬੀਰ, ਭਗਤ ਨਾਮਦੇਵ ਤੇ ਹੋਰ ਭਗਤਾਂ ਨੂੰ ਡਰਾਉਣ ਲਈ ਸਜ਼ਾਵਾਂ ਦਿੰਦੀਆਂ ਹਨ।

ਸੰਸਾਰ ਵਿਚ ਸਮਾਜ, ਕੌਮ ਅਤੇ ਧਰਮ ਦੀਆਂ ਵੰਡੀਆਂ ਮਨੁੱਖ ਨੇ ਆਪ ਪਾਈਆਂ ਹੋਈਆਂ ਹਨ, ਜਿਨ੍ਹਾਂ ਨੂੰ ਸਫਲ ਅਤੇ ਬਿਹਤਰ ਬਣਾਉਣ ਦੇ ਭਰਮ ਨਾਲ ਸੁਧਾਰਵਾਦੀ ਵਿਅਕਤੀ ਅਮੁੱਕ ਜੰਗਾਂ ਛੇੜੀ ਰਖਦੇ ਹਨ। ਮਨੁੱਖ ਸਮਾਜਕ ਜੀਵਨ ਦਾ ਉਪਾਸ਼ਕ ਅਤੇ ਸਮਰਥਕ ਹੈ ਤੇ ਉਸ ਦਾ ਸੁਖ ਮਾਨਣ ਦੀ ਇੱਛਾ ਨਾਲ ਉਸ ਵਿਚ ਸੁਧਾਰ ਕਰਨ ਲਈ ਯਤਨਸ਼ੀਲ ਹੈ, ਜਦੋਂ ਕਿ ਗੁਰਬਾਣੀ ਸੰਸਾਰ ਦੀ ਅਸਲੀਅਤ ਬਿਆਨ ਕਰਦੀ ਹੋਈ ਉਸ ਨੂੰ ਭਉਜਲ ਆਖਦੀ ਹੈ,

ਇਹੁ ਸੰਸਾਰ ਬਿਖੁ ਵਤ ਅਤਿ ਭਉਜਲ
ਗੁਰ ਸਬਦੀ ਹਰਿ ਪਾਰਿ ਲੰਘਾਈ॥ (ਪੰਨਾ 353)

ਸੰਸਾਰ ਵਿਚ ਤ੍ਰੈਗੁਣੀ ਮਾਇਆ ਦਾ ਵਿਆਪਕ ਪ੍ਰਭਾਵ ਹੈ,

ਰਜ ਗੁਣ ਤਮ ਗੁਣ ਸਤ ਗੁਣ ਕਹੀਐ
ਇਹ ਤੇਰੀ ਸਭ ਮਾਇਆ॥ (ਪੰਨਾ 1123)
ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ॥
(ਪੰਨਾ 251)
ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ॥
(ਪੰਨਾ 848)
ਮਾਇਆ ਮੋਹੁ ਜਗਤੁ ਸਬਾਇਆ॥
ਤ੍ਰੈਗੁਣ ਦੀਸਹਿ ਮੋਹੇ ਮਾਇਆ॥
(ਪੰਨਾ 129)

ਮਾਇਆ ਸੰਸਾਰ ਵਿਚ ਪ੍ਰਭੂ ਨੇ ਪਾਈ ਹੋਈ ਹੈ,

ਮਾਇਆ ਮਮਤਾ ਕਰਤੇ ਲਾਈ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥
(ਪੰਨਾ 1261)

ਮਨੁੱਖ ਵਿਚ ਮਾਇਆ ਨੂੰ ਸੰਸਾਰ ਵਿਚੋਂ ਕਢਣ ਅਤੇ ਸਮਾਜ ਵਿਚ ਮੂਲ ਸੁਧਾਰ ਲਿਆਉਣ ਦੀ ਯੋਗਤਾ ਨਹੀਂ ਹੈ। ਇਸ ਲਈ ਉਸ ਨੂੰ ਸਮਾਜ ਤੋਂ ਸੁਖ ਦੀ ਕਾਮਨਾ ਕਰਨ ਦੀ ਥਾਂ ਸਮਾਜ ਵਿਚ ਵਿਆਪਕ ਮਾਇਆ ਦੇ ਪ੍ਰਭਾਵ ਤੋਂ ਛੁਟਕਾਰਾ ਪਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ,

ਇਹੁ ਸੰਸਾਰੁ ਤੇ ਤਬ ਹੀ ਛੂਟਉ
ਜਉ ਮਾਇਆ ਨਹ ਲਪਟਾਵਉ॥
(ਪੰਨਾ 693)

ਮਨੁੱਖੀ ਮਨ ਦੀ ਵੀ ਗੁਰਬਾਣੀ ਵਿਚ ਵਿਸਤ੍ਰਿਤ ਵਿਆਖਿਆ ਕੀਤੀ ਗਈ ਹੈ। ਗੁਰ ਫੁਰਮਾਨ ਹੈ,

ਏ ਸਰੀਰਾ ਮੇਰਿਆ
ਹਰਿ ਤੁਮ ਮਹਿ ਜੋਤਿ ਰਖੀ
ਤਾ ਤੂੰ ਜਗ ਮਹਿ ਆਇਆ॥
ਹਰਿ ਜੋਤਿ ਰਖੀ ਤੁਧੁ ਵਿਚਿ
ਤਾ ਤੂ ਜਗ ਮਹਿ ਆਇਆ॥ (ਪੰਨਾ 921)

ਗੁਰਬਾਣੀ ਵਿਚ ਮਨ ਨੂੰ ਪ੍ਰਭੂ ਦੀ ਜੋਤ ਆਖਿਆ ਗਿਆ ਹੈ,

ਮਨ ਤੂੰ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ॥ (ਪੰਨਾ 441)

ਮਨ ਬਾਰੇ ਗੁਰਬਾਣੀ ਦੇ ਹੋਰ ਕਥਨ ਹਨ,

ਇਹ ਮਨੁ ਸਕਤੀ ਇਹੁ ਮਨੁ ਸੀਉ॥
ਇਹੁ ਮਨੁ ਪੰਚ ਤਤ ਕੋ ਜੀਉ॥
(ਪੰਨਾ 342)
ਇਹੁ ਮਨੁ ਕਰਮਾ ਇਹੁ ਮਨੁ ਧਰਮਾ॥
ਇਹੁ ਮਨੁ ਪੰਚ ਤਤੁ ਤੇ ਜਨਮਾ॥
(ਪੰਨਾ 415)
ਤਨ ਮਹਿ ਮਨੂਆ ਮਨ ਮਹਿ ਸਾਚਾ॥
ਸੋ ਸਾਚਾ ਮਿਲ ਸਾਚੇ ਰਾਚਾ॥ (ਪੰਨਾ 686)

ਮਨੁੱਖੀ ਸਰੀਰ ਵਿਚ ਮਨ ਦੇ ਨਾਲ ਹਉਮੈ ਦਾ ਵੀ ਜਨਮ ਹੁੰਦਾ ਹੈ,

ਹਉ ਵਿਚ ਮਾਇਆ ਹਉ ਵਿਚਿ ਛਾਇਆ॥
ਹਉਮੈ ਕਰਿ ਕਰਿ ਜੰਤ ਉਪਾਇਆ॥
(ਪੰਨਾ 466)
ਜਿਨਿ ਰਚਿ ਰਚਿਆ ਪੁਰਖਿ ਬਿਧਾਤੈ
ਨਾਲੇ ਹਉਮੈ ਪਾਈ॥ (ਪੰਨਾ 999)

ਹਉਮੈ ਮਨੁੱਖ ਵਿਚ ਵਖਰੀ ਸੁਤੰਤਰ ਹੋਂਦ ਦਾ ਵਿਸ਼ਵਾਸ ਹੈ, ਜੋ ਮਨੁੱਖ ਨੂੰ ਪ੍ਰਭੂ ਤੋਂ ਦੂਰ ਕਰਦਾ ਚਲਾ ਜਾਂਦਾ ਹੈ। ਉਹ ਮਨ ਨੂੰ ਮੈਲਾ ਕਰ ਦਿੰਦੀ ਹੈ ਤੇ ਮਨੁੱਖ ਪ੍ਰਭੂ ਨਾਲ ਮਿਲਾਪ ਕਰਨਯੋਗ ਨਹੀਂ ਰਹਿੰਦਾ। ਗੁਰਬਾਣੀ ਦਾ ਸੁਝਾਅ ਹੈ,

ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ॥
ਹਰਿ ਜੀਉ ਤੇਰੈ ਮਨਿ ਵਸੈ ਭਾਈ
ਸਦਾ ਹਰਿ ਕੇ ਗੁਣ ਗਾਇ॥ (ਪੰਨਾ 603)

ਮਨ ਦੀ ਮੌਤ ਨਹੀਂ ਹੁੰਦੀ,

ਇਸੁ ਮਨ ਕਉ ਨਹੀ ਆਵਨ ਜਾਨਾ॥
ਜਿਸ ਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ॥

ਮਨ ਹੀ ਪ੍ਰਭੂ ਨਾਲ ਮਿਲਾਪ ਕਰਨ ਦੇ ਯੋਗ ਹੈ। ਸਰੀਰ ਦੀ ਮੌਤ ਹੋਣ ਤੇ ਉਹ ਪ੍ਰਭੂ ਵਿਚ ਅਭੇਦ ਹੋ ਸਕਦਾ ਹੈ, ਜੇ ਉਹ ਹਉਮੈ ਦੀ ਮੈਲ ਨਾਲ ਕਾਲਾ ਨਾ ਹੋਇਆ ਹੋਵੇ। ਜੇ ਉਹ ਮੈਲਾ ਹੋਣ ਕਾਰਨ ਪ੍ਰਭੂ ਵਿਚ ਅਭੇਦ ਹੋਣ ਦੇ ਯੋਗ ਨਾ ਹੋਵੇ ਤਾਂ ਗੁਰਬਾਣੀ ਸਵਾਲ ਕਰਦੀ ਹੈ,

ਇਸੁ ਮਨ ਕਉ ਕੋਈ ਖੋਜਹੁ ਭਾਈ॥
ਤਨ ਛੂਟੇ ਮਨੁ ਕਹਾ ਸਮਾਈ॥ (ਪੰਨਾ 330)

ਸਭਿਅਤਾ ਦੇ ਅਰੰਭ ਤੋਂ ਹੀ ਮਨੁਖਤਾ ਵਿਚ ਧਾਰਮਿਕ ਵਿਸ਼ਵਾਸ ਦੀ ਅਭਿਲਾਸ਼ਾ ਰਹੀ ਹੈ, ਪਰ ਸਾਧਾਰਨ ਮਨੁੱਖ ਧਰਮ ਦੇ ਆਧਾਰ, ਅਧਿਆਤਮਕ ਗਿਆਨ ਨੂੰ ਔਖਾ ਅਤੇ ਅਵਿਹਾਰਕ (Impractical) ਸਮਝਦਾ ਹੈ ਤੇ ਉਸ ਨੂੰ ਜਾਣਨ ਵਿਚ ਕੋਈ ਦਿਲਚਸਪੀ ਨਹੀਂ ਦਿਖਾਉਂਦਾ। ਅਜਿਹੇ ਵਿਅਕਤੀਆਂ ਦੀ ਧਾਰਮਿਕ ਅਭਿਲਾਸ਼ਾ ਦੀ ਤ੍ਰਿਪਤੀ ਲਈ ਹੀ ਧਰਮ ਸ਼ਾਸਤਰੀਆਂ ਅਤੇ ਪੁਜਾਰੀਆਂ ਦੇ ਕਿੱਤੇ ਹੋਂਦ ਵਿਚ ਆਏ ਹਨ, ਜੋ ਅਧਿਆਤਮਕ ਵਿਚਾਰਾਂ ਨਾਲ ਮੂਰਤੀਆਂ, ਕਰਮ ਕਾਂਡਾਂ, ਸਦਾਚਾਰਕ ਰਹਿਤਾਂ ਅਤੇ ਭਰਮਾਊ ਮਿਥਿਹਾਸ ਜੋੜ ਕੇ ਸਮਾਜਕ ਜਾਂ ਸੰਪ੍ਰਦਾਇਕ ਧਾਰਮਿਕ ਵਿਚਾਰਧਾਰਾ ਨੂੰ ਇੱਕ ਪ੍ਰਭਾਵਸ਼ਾਲੀ ਅਤੇ ਮਨ ਲੁਭਾਊ ਵਪਾਰਕ ਵਸਤੂ ਦਾ ਰੂਪ ਦੇ ਦਿੰਦੇ ਹਨ। ਬਾਣੀਕਾਰਾਂ ਨੂੰ ਇਸ ਹੋਣੀ ਦਾ ਗਿਆਨ ਸੀ, ਇਸੇ ਲਈ ਗੁਰਬਾਣੀ ਵਿਚ ਉਨ੍ਹਾਂ ਬਚਨ ਕਰ ਦਿੱਤਾ ਸੀ,

ਐਸੇ ਜਨ ਵਿਰਲੇ ਸੰਸਾਰੇ॥
ਗੁਰ ਸਬਦੁ ਵਿਚਾਰਹਿ ਰਹਹਿ ਨਿਰਾਰੇ॥
(ਪੰਨਾ 1039)
ਨਾਨਕ ਵਿਰਲੇ ਜਾਣੀਅਹਿ
ਜਿਨ ਸਚੁ ਪਲੈ ਹੋਇ॥ (ਪੰਨਾ 1100)
ਤੇਰਾ ਜਨੁ ਏਕੁ ਆਧੁ ਕੋਈ॥ (ਪੰਨਾ 1123)
ਹੈਨਿ ਵਿਰਲੇ ਨਾਹੀ ਘਣੇ
ਫੈਲ ਫਕੜੁ ਸੰਸਾਰੁ॥ (ਪੰਨਾ 1411)
ਤੇ ਨਰ ਵਿਰਲੇ ਜਾਣੀਅਹਿ
ਜਿਨ ਅੰਤਰਿ ਗਿਆਨੁ ਮੁਰਾਰਿ॥
(ਪੰਨਾ 1331)
ਕੋਟਿ ਮਧੇ ਕੋ ਵਿਰਲਾ ਸੇਵਕੁ
ਹੋਰਿ ਸਗਲੇ ਬਿਉਹਾਰੀ॥ (ਪੰਨਾ 495)

ਅਜੋਕਾ ਮਨੁੱਖ ਗੁਰਬਾਣੀ ਦੇ ਅਧਿਆਤਮਕ ਗਿਆਨ ਨੂੰ ਜਾਨਣ ਜਾਂ ਸਮਝਣ ਦਾ ਚਾਹਵਾਨ ਨਹੀਂ ਹੈ, ਪਰ ਵਪਾਰਕ ਧਰਮ ਦੇ ਕਾਰੋਬਾਰ ਨੂੰ ਪ੍ਰਫੁਲਿਤ ਕਰ ਰਿਹਾ ਹੈ।

## ਦਸਤਾਰ ਅਸਾਡੀ

ਤਾਂ ਹੀ ਦੁਨੀਆਂ ਵਿਚ ਜਿਤ ਹੋਂਵਦੀ ਹਰ ਵਾਰ ਅਸਾਡੀ।
ਸਾਡੇ ਸਿਰਾਂ 'ਤੇ ਸੋਹਣੀ ਸਜਦੀ, ਦਸਤਾਰ ਅਸਾਡੀ।

ਸਾਨੂੰ ਦਸਮ ਪਿਤਾ ਨੇ ਕੇਸਗੜ੍ਹ 'ਚ ਬਖਸ਼ੀ ਸਿੱਖੀ
ਸਿੱਖੀ ਬਾਰੀਕ ਹੈ ਵਾਲ ਤੋਂ, ਖੰਡੇ ਤੋਂ ਤਿੱਖੀ।
ਕਰੇ ਰੱਖਿਆ ਗਊ ਗਰੀਬ ਦੀ, ਤਲਵਾਰ ਅਸਾਡੀ।

ਅਸੀਂ ਪਾਹੁਲ ਖੰਡੇ ਦੀ ਪੀਂਵਦੇ, ਤੇ ਮੌਤ ਨੂੰ ਵਰਦੇ
ਨਾ ਕਿਸੇ ਨੂੰ ਅਸੀਂ ਡਰਾਂਵਦੇ, ਨਾ ਕਿਸੇ ਤੋਂ ਡਰਦੇ।
ਨਾ ਅੱਜ ਤਕ ਕਿਸੇ ਮੁਹਾਜ 'ਤੇ ਹੋਈ ਹਾਰ ਅਸਾਡੀ।

ਅਸੀਂ ਰਾਖੇ ਆਪਣੇ ਵਤਨ ਦੇ, ਅਮਨਾਂ ਦੇ ਪਿਆਰੇ
ਸ਼ੇਰ ਹੈ ਦੁਨੀਆਂ ਆਖਦੀ, ਅਸੀਂ ਜੱਗ ਤੋਂ ਨਿਆਰੇ।
ਧਰਤੀ ਅਸਮਾਨ ਹਿਲਾਂਵਦੀ ਭਬਕਾਰ ਅਸਾਡੀ।

ਲੱਖਾਂ ਵਿਚ ਖੜ੍ਹਾ ਦਿੱਸਦਾ ਸਰਦਾਰ ਅਸਾਡਾ
ਸਿਰ ਦੇ ਕੇ ਅਸੀਂ ਖਰੀਦਿਆ ਸਤਿਕਾਰ ਅਸਾਡਾ।
ਨਹੀਂ ਦੁਸ਼ਮਣ ਕਦੀ ਵੀ ਭੁਲਦੇ, ਪਈ ਮਾਰ ਅਸਾਡੀ।

ਅਸੀਂ ਸ਼ਬਦ ਗੁਰੂ ਨੂੰ ਮੰਨਦੇ ਹਾਂ ਸ਼ਬਦ ਪਿਆਸੇ
ਅਸੀਂ ਦਿਨ ਦੀ ਕਰੀਏ ਸ਼ੁਰੂਆਤ, ਕਰਕੇ ਅਰਦਾਸੇ।
'ਸੁਰਜੀਤ' ਖਿੜੀ ਸਦ ਰਹੇਗੀ ਗੁਲਜ਼ਾਰ ਅਸਾਡੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਗੁਰੂ ਨਾਨਕ ਦੇਵ ਦਾ ਫਲਸਫਾ ਅਤੇ ਇਸ ਦੀ ਆਧੁਨਿਕ ਪ੍ਰਸੰਗਿਕਤਾ

ਗੁਰੂ ਨਾਨਕ ਦੇਵ ਦਾ ਆਪਣੀ ਬਾਣੀ ਵਿਚ ਪ੍ਰਗਟ ਕੀਤਾ ਜੀਵਨ ਫਲਸਫਾ ਬੜਾ ਵਿਸ਼ਾਲ ਤੇ ਗਹਿਰ ਗੰਭੀਰ ਹੈ। ਉਨ੍ਹਾਂ ਦਾ ਸਥਾਪਤ ਕੀਤਾ ਧਰਮ ਜੀਵਨ ਨੂੰ ਸਮੁੱਚ ਵਿਚ ਲੈਂਦਾ ਹੈ ਤੇ ਸਮਾਜਕ ਧਰਮ ਹੈ, ਕਿਉਂਕਿ ਜੋ ਧਰਮ-ਦਰਸ਼ਨ ਗੁਰੂ ਨਾਨਕ ਨੇ ਦਿੱਤਾ, ਉਹ ਮਨੁੱਖ ਦੇ ਸਮੁੱਚੇ ਜੀਵਨ ਨੂੰ ਸੰਬੋਧਿਤ ਹੈ ਅਤੇ ਉਸ ਨੂੰ ਸਮਾਜ ਨਾਲ ਜੋੜਦਾ ਹੈ। ਇੱਥੇ ਉਸ ਦਰਸ਼ਨ ਦੇ ਕੁਝ ਪੱਖ ਜਿਵੇਂ ਸਮਾਜਕ ਨਿਆਂ, ਬਰਾਬਰੀ ਅਤੇ ਮਨੁੱਖੀ ਹੱਕ ਆਦਿ ਹੀ ਵਿਚਾਰੇ ਜਾਣਗੇ ਤੇ ਉਨ੍ਹਾਂ ਦੀ ਅਜੋਕੇ ਸਮੇਂ ਵਿਚ ਪ੍ਰਸੰਗਿਕਤਾ ਜਾਣਨ ਦੀ ਕੋਸ਼ਿਸ਼ ਕਰਾਂਗੇ।

ਜਦੋਂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਹੋਇਆ, ਉਸ ਵੇਲੇ ਹਿੰਦੁਸਤਾਨ ਵਿਚ ਦੋ ਮੁੱਖ ਧਰਮ-ਹਿੰਦੂ ਅਤੇ ਇਸਲਾਮ ਸਨ। ਇਸਲਾਮ ਬਾਹਰੋਂ ਆਏ ਹਮਲਾਵਰਾਂ, ਜਿਨ੍ਹਾਂ ਨੇ ਆਪਣਾ ਰਾਜ ਸਥਾਪਤ ਕਰ ਲਿਆ ਸੀ, ਦਾ ਧਰਮ ਸੀ, ਇਸ ਲਈ ਉਹ ਧਰਮ ਦੇ ਨਾਂ ਹੇਠ ਪਰਜਾ 'ਤੇ ਕਈ ਕਿਸਮ ਦੇ ਜ਼ੁਲਮ ਕਰ ਰਹੇ ਸਨ। ਆਪਸੀ ਨਫਰਤ ਦਾ ਬੋਲਬਾਲਾ ਸੀ, ਜਿਸ ਕਰਕੇ ਇੱਕ ਪਾਸੇ ਉਹ ਗੈਰ-ਮੁਸਲਿਮ ਪਰਜਾ ਨੂੰ 'ਕਾਫਿਰ' ਕਹਿੰਦੇ ਸਨ ਅਤੇ ਦੂਜੇ ਪਾਸੇ ਹਿੰਦੂ ਨਫਰਤ ਨਾਲ



**ਡਾ. ਗੁਰਨਾਮ ਕੌਰ, ਕੈਨੇਡਾ**

ਇਸਲਾਮ ਨੂੰ ਮੰਨਣ ਵਾਲੇ ਹਾਕਮਾਂ ਨੂੰ 'ਮਲੇਛ' (ਗੰਦੇ) ਕਹਿੰਦੇ ਸਨ। ਇਸ ਦੇ ਨਾਲ ਹੀ ਵਰਣ-ਆਸ਼ਰਮ ਦੀ ਮੁੱਖ ਵਿਚਾਰਧਾਰਾ 'ਤੇ ਆਧਾਰਤ ਹਿੰਦੂ ਸਮਾਜ ਬਹੁਤ ਸਾਰੀਆਂ ਜਾਤਾਂ, ਉਪਜਾਤਾਂ ਵਿਚ ਵੰਡਿਆ ਹੋਇਆ ਸੀ, ਜਿਨ੍ਹਾਂ ਦਾ ਸਮਾਜ ਵਿਚ ਵੱਖੋ ਵੱਖ ਦਰਜਾ ਸੀ ਅਤੇ ਵੱਖੋ ਵੱਖ ਕਿੱਤੇ ਤੇ ਫਰਜ਼ ਸਨ। ਇਹ ਜਾਤੀ ਤੇ ਜਮਾਤੀ ਪ੍ਰਬੰਧ ਏਨਾ ਰੂੜ੍ਹੀਵਾਦੀ ਅਤੇ ਗੁੰਝਲਦਾਰ ਸੀ ਕਿ ਸਮਾਜਕ ਤੇ ਧਾਰਮਿਕ ਨਾਬਰਾਬਰੀ, ਮਨੁੱਖ ਰਾਹੀਂ ਮਨੁੱਖ ਦੀ, ਰਾਜੇ ਰਾਹੀਂ ਪਰਜਾ ਦੀ, ਉਚੀਆਂ ਜਾਤਾਂ ਰਾਹੀਂ ਨੀਵੀਆਂ ਕਹੀਆਂ ਜਾਂਦੀਆਂ ਜਾਤਾਂ ਅਤੇ ਪੁਰਸ਼ ਰਾਹੀਂ ਔਰਤ ਦੀ ਲੁੱਟ-ਖਸੁੱਟ ਦਾ ਆਧਾਰ ਬਣ ਗਿਆ ਸੀ। ਸਾਰੀ ਤਾਣੀ ਹੀ ਉਲਝੀ ਪਈ ਸੀ।

ਅਜਿਹੇ ਨਫਰਤ ਭਰੇ ਮਾਹੌਲ ਵਿਚ ਗੁਰੂ ਨਾਨਕ ਨੇ ਬਾਣੀ ਰਾਹੀਂ ਧਰਮ, ਜਾਤ, ਰੰਗ, ਨਸਲ, ਸੰਪਰਦਾ ਅਤੇ ਇਸਤਰੀ-ਪੁਰਸ਼ ਦੇ ਭੇਦ ਤੋਂ ਉਤੇ ਉਠ ਕੇ ਸਾਰੀ ਲੋਕਾਈ ਨੂੰ ਪ੍ਰੇਮ ਤੇ ਅਮਨ, ਸਰਬੱਤ ਦਾ ਭਲਾ, ਸਵੈ ਅਨੁਭਵ ਅਤੇ ਗਿਆਨ ਨੂੰ ਹੋਰਨਾਂ ਨਾਲ ਸਾਂਝਾ ਕਰਨ, ਮਨੁੱਖੀ ਸਮਾਜ ਦੇ ਕਲਿਆਣ ਅਤੇ ਮੁਕਤੀ ਦਾ ਸੁਨੇਹਾ ਦਿੱਤਾ। ਇੰਜ ਗੁਰੂ ਨਾਨਕ ਨੇ ਅਜਿਹਾ ਜੀਵਨ-ਦਰਸ਼ਨ ਲੋਕਾਂ ਨੂੰ ਦਿੱਤਾ, ਜੋ ਸਰਵ-ਅਲਿੰਗਨਕਾਰੀ ਸੀ।

ਗੁਰੂ ਨਾਨਕ ਬਾਣੀ ਅਨੁਸਾਰ ਰਾਜ-ਕਰਤਾ ਜਾਂ ਰਾਜੇ ਦਾ ਜੋ ਸਭ ਤੋਂ ਪਹਿਲਾ ਅਤੇ ਅਸਲੀ ਗੁਣ ਹੋਣਾ ਚਾਹੀਦਾ ਹੈ, ਉਹ ਹੈ ਨਿਆਂ ਕਰਨਾ। ਹਿੰਦੂ ਪਰੰਪਰਾ ਵਿਚ ਸੁੱਚਮ ਅਤੇ ਆਪਣੇ ਆਪ ਨਾਲ ਕੋਈ ਅਹਿਦ ਕਰਨ ਲਈ ਪਾਣੀ ਦੀ ਚੁਲੀ ਲਈ ਜਾਂਦੀ ਹੈ। ਬਾਣੀ ਅਨੁਸਾਰ ਵਿਦਵਾਨ ਦੀ ਸਹੀ ਜਾਂ ਚੂਲੀ ਗਿਆਨ ਪ੍ਰਾਪਤ ਕਰਨਾ ਅਤੇ ਵਿਚਾਰਵਾਨ ਹੋਣਾ ਹੈ, ਜੋਗੀ ਦੀ ਚੁਲੀ ਆਪਣਾ ਜਤ ਕਾਇਮ ਰੱਖਣਾ, ਬ੍ਰਾਹਮਣ ਦੀ ਸੰਤੋਖ ਦਾ ਧਾਰਨੀ ਹੋਣਾ ਭਾਵ ਲਾਲਚੀ ਨਾ ਹੋਣਾ ਅਤੇ ਗ੍ਰਿਹਸਥੀ ਦੀ ਚੂਲੀ ਆਪਣੀ ਕਿਰਤ ਕਮਾਈ ਵਿਚੋਂ ਹੋਰਨਾਂ ਨਾਲ ਵੰਡ ਕੇ ਖਾਣਾ ਹੋਣੀ ਚਾਹੀਦੀ ਹੈ। ਰਾਜੇ ਵਾਸਤੇ ਚੂਲੀ ਇਨਸਾਫ ਦੀ ਹੈ। ਪਾਣੀ ਪੀਤਿਆਂ ਮਨੁੱਖ ਦੀ ਪਿਆਸ ਤਾਂ ਬੁੱਝ ਜਾਂਦੀ ਹੈ, ਪਰ ਉਸ ਦਾ ਅੰਤਰਮਨ ਸਾਫ ਨਹੀਂ ਹੁੰਦਾ, ਕਿਉਂਕਿ ਇਹ ਤਾਂ ਕੀਤੇ ਕੰਮਾਂ ਨਾਲ ਹੀ ਸਾਫ ਅਤੇ ਪਵਿੱਤਰ ਹੋਣਾ ਹੈ। ਪਾਣੀ ਸਭ ਦਾ ਪਿਤਾ ਹੈ, ਜਿਸ ਤੋਂ ਸੰਸਾਰ ਪੈਦਾ ਹੁੰਦਾ ਹੈ ਅਤੇ ਅੰਤ ਨੂੰ ਪਰਲੋ ਸਮੇਂ ਪਾਣੀ ਵਿਚ ਹੀ ਤਬਾਹ ਹੋ ਜਾਣਾ ਹੈ, "ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨ...॥ (ਪੰਨਾ 1240)

ਗੁਰੂ ਨੇ ਤਾਕਤਵਰ ਲੋਕਾਂ ਦੇ ਪਖੰਡ ਦਾ ਖੰਡਨ ਕੀਤਾ ਹੈ, ਜੋ ਧਾਰਮਿਕ ਹੋਣ ਦਾ ਦਿਖਾਵਾ ਕਰਦੇ ਹਨ, ਪਰ ਅਸਲ ਵਿਚ ਅਨੈਤਿਕ ਹਨ। ਮਿਸਾਲ ਦਿੱਤੀ ਹੈ ਕਿ ਅਜਿਹੇ ਲੋਕਾਂ ਦਾ ਕਲਿਆਣ ਨਹੀਂ ਹੋ ਸਕਦਾ ਜੋ ਇੱਕ ਪਾਸੇ ਬ੍ਰਾਹਮਣਾਂ 'ਤੇ ਕਰ ਲਾਉਂਦੇ ਹਨ ਪਰ ਦੂਜੇ ਪਾਸੇ ਸੁੱਚਮ ਲਈ ਰਸੋਈ ਨੂੰ ਗਊ ਦੇ ਗੋਬਰ ਨਾਲ ਲਿੰਪਦੇ ਹਨ; ਜੋ ਰੋਜ਼ੀ-ਰੋਟੀ ਉਨ੍ਹਾਂ ਤੋਂ ਲੈਂਦੇ ਹਨ, ਜਿਨ੍ਹਾਂ ਨੂੰ 'ਮਲੇਛ' ਕਹਿੰਦੇ ਹਨ, ਘਰਾਂ ਅੰਦਰ ਹਿੰਦੂ ਰਸਮਾਂ ਕਰਦੇ ਹਨ, ਪਰ ਬਾਹਰ ਲੋਕਾਂ ਵਿਚ ਹਾਕਮਾਂ ਨੂੰ ਦਿਖਾਉਣ ਤੇ ਖੁਸ਼ ਕਰਨ ਲਈ ਮੁਸਲਿਮ ਕਿਤਾਬਾਂ ਪੜ੍ਹਦੇ ਅਤੇ ਉਨ੍ਹਾਂ ਦਾ ਸਲੀਕਾ ਅਪਨਾਉਂਦੇ ਹਨ,

ਗਊ ਬਿਰਾਹਮਣ ਕਉ ਕਰੁ ਲਾਵਹੁ  
ਗੋਬਰਿ ਤਰਣੁ ਨ ਜਾਈ॥  
ਧੋਤੀ ਟਿਕਾ ਤੈ ਜਪਮਾਲੀ  
ਧਾਨੁ ਮਲੇਛਾਂ ਖਾਈ॥ (ਪੰਨਾ 471)

ਗੁਰੂ ਨਾਨਕ ਦਾ ਜੀਵਨ ਦਰਸ਼ਨ ਅਤੇ ਨੈਤਿਕ ਕੀਮਤ-ਵਿਧਾਨ ਕਿਸੇ ਵੀ ਸਮੇਂ, ਸਥਾਨ ਅਤੇ ਅਵਸਥਾ ਵਿਚ ਅਮਲ ਵਿਚ ਆਉਣ ਵਾਲਾ ਹੈ। ਇਹ ਸਰਬਵਿਆਪਕ ਦਰਸ਼ਨ ਅਤੇ ਕੀਮਤ ਵਿਧਾਨ ਹੈ, ਜਿਸ ਨੂੰ ਅਮਲ ਵਿਚ ਲਿਆਉਣ ਲਈ ਧਰਮ, ਖਿੱਤੇ, ਬੋਲੀ ਜਾਂ ਕਿਸੇ ਵੀ ਕਿਸਮ ਦੀ ਹੱਦਬੰਦੀ ਲਾਗੂ ਨਹੀਂ ਹੁੰਦੀ।

ਯੂਨਾਨੀ ਫਿਲਾਸਫਰ ਅਰਸਤੂ ਅਨੁਸਾਰ "ਮਨੁੱਖ ਲਈ ਸਭ ਤੋਂ ਉਤਮ ਅਛਾਈ ਸਵੈ-ਅਨੁਭਵ ਸੀ।" ਇਹ ਕੋਈ ਸਵਾਰਥੀ ਨਿਜਵਾਦ ਨਹੀਂ ਹੈ। ਇਸ ਦਾ ਅਰਥ ਹੈ, "ਮਨੁੱਖ ਆਪਣੇ ਅਸਲੀ ਸਵੈ ਦਾ ਅਨੁਭਵ ਕਰਦਾ ਹੈ, ਜਦੋਂ ਉਹ ਆਪਣੀ ਹੋਂਦ ਦੇ ਸਰਵਉਚ ਭਾਗ ਨੂੰ ਪ੍ਰੇਮ ਕਰਦਾ ਅਤੇ ਪ੍ਰਸ਼ੰਸ ਕਰਦਾ ਹੈ, ਇਹ ਉਸ ਦਾ ਤਰਕਸੰਗਤ ਹਿੱਸਾ ਹੈ, ਜਦੋਂ ਉਹ ਸੱਜਣਤਾ ਦੇ ਉਦੇਸ਼ ਰਾਹੀਂ ਚਲਦਾ ਹੈ, ਜਦੋਂ ਉਹ ਦੂਜਿਆਂ ਦੇ ਹਿਤਾਂ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਆਪਣੇ ਮੁਲਕ ਦੀ ਸੇਵਾ ਕਰਦਾ ਹੈ।"

ਇਸ ਦੇ ਨਾਲ ਹੀ ਅਰਸਤੂ ਲਈ "ਨਿਆਉਂ, ਹੋਰਨਾਂ ਨਾਲ ਰਿਸ਼ਤੇ 'ਤੇ ਲਾਗੂ ਕਰਦਿਆਂ ਇੱਕ ਗੁਣ ਹੈ, ਕਿਉਂਕਿ ਇਹ ਹੋਰਨਾਂ ਦੇ ਹਿਤਾਂ ਨੂੰ ਪ੍ਰਵਾਨ ਕਰਦਾ ਹੈ, ਭਾਵੇਂ ਕੋਈ ਰਾਜਾ ਹੋਵੇ ਜਾਂ ਆਮ ਸ਼ਹਿਰੀ। ਨਿਆਂ ਦੇ ਦੋ ਅਰਥ ਹਨ-ਵਿਧੀਪੂਰਨ ਅਤੇ ਨਿਰਪੱਖ। ਕਾਨੂੰਨ ਸਮੁੱਚੇ ਭਾਈਚਾਰੇ ਦੇ ਹਿਤਾਂ ਨੂੰ ਧਿਆਨ ਵਿਚ ਰੱਖਦਿਆਂ ਸਭ 'ਤੇ ਲਾਗੂ ਹੁੰਦੇ ਹਨ। ਇਸ ਤਰ੍ਹਾਂ ਨਿਆਂ ਦੇ ਸੰਕਲਪ ਵਿਚ ਹੋਰ ਸਾਰੇ ਗੁਣ ਸ਼ਾਮਲ ਕਰ ਲਏ ਜਾਂਦੇ ਹਨ ਅਤੇ ਇਹੋ ਇੱਕ ਫਰਕ ਹੈ ਕਿ ਉਨ੍ਹਾਂ ਨੂੰ ਕਿਸ ਸੰਦਰਭ ਵਿਚ ਲਿਆ ਜਾ ਰਿਹਾ ਹੈ। ਆਪਣੇ ਗੁਆਂਢੀ ਨਾਲ ਰਿਸ਼ਤੇ ਦੇ ਸੰਦਰਭ ਵਿਚ ਇਹ ਨਿਆਂ ਹੈ, ਚਰਿਤਰ ਦੀ ਅਵਸਥਾ ਵਜੋਂ ਇੱਕ ਗੁਣ ਹੈ। ਆਪਣੇ ਸੀਮਤ ਅਰਥਾਂ ਵਿਚ ਲਿਆਂ ਨਿਆਂ ਦਾ ਅਰਥ ਹੈ, ਕਿਸੇ ਦਾ ਬਣਦਾ ਹੱਕ ਦੇਣਾ।"

ਪਲੈਟੋ ਅਨੁਸਾਰ "ਸਹੀ ਅਤੇ ਸਨਮਾਨਯੋਗ ਢੰਗ ਉਹ ਹੈ, ਜੋ ਮਨੁੱਖ ਆਪਣੇ ਮਨ ਦੇ ਚੌਖਟੇ ਵਿਚ ਖੋਜਦਾ ਹੈ, ਉਸ ਨੇ ਨੈਤਿਕ ਨਜ਼ਰੀਆ ਅਪਨਾ ਲਿਆ ਹੈ, ਜਦੋਂ ਉਹ ਸਿਆਣਾ ਅਤੇ ਬਹਾਦਰ ਤੇ ਸੰਜਮੀ ਹੈ, ਜਦੋਂ ਉਸ ਨੇ ਆਪਣੀ ਆਤਮਾ ਵਿਚ ਸਮਸਰਤਾ ਲੈ ਆਂਦੀ ਹੈ...ਨਿਆਂ ਸਰਵਉਚ ਗੁਣ ਹੈ ਅਤੇ ਕੋਈ ਵੀ ਆਤਮਾ ਜਿਸ ਵਿਚ ਇਸ ਦਾ ਨਿਵਾਸ ਹੈ, ਕੋਈ ਵੀ ਗਲਤ ਨਹੀਂ ਕਰਨ ਦਿੰਦੀ।"

ਡਾ. ਅਵਤਾਰ ਸਿੰਘ ਅਨੁਸਾਰ ਸਿੱਖ ਧਰਮ ਚਿੰਤਨ ਵਿਚ ਨਿਆਂ ਦਾ ਗੁਣ ਸਮਾਜਕ ਬਰਾਬਰੀ ਦੇ ਸੰਦਰਭ ਵਿਚ ਲਿਆ ਜਾਂਦਾ ਹੈ। ਗੁਰੂ ਨਾਨਕ ਚਿੰਤਨ ਜਾਤ-ਪ੍ਰਬੰਧ ਨੂੰ ਪੂਰੀ ਤਰ੍ਹਾਂ ਨਕਾਰ ਕੇ ਸਮਾਜਕ ਬਰਾਬਰੀ ਨੂੰ ਸੁਨਿਸ਼ਚਿਤ ਕਰਦਾ ਹੈ; ਜਾਤ-ਪ੍ਰਬੰਧ ਸਮਾਜਕ ਨਾਬਰਾਬਰੀ ਦਾ ਪ੍ਰਤੀਕ ਹੈ ਭਾਵੇਂ ਅਰੰਭ ਵਿਚ ਇਸ ਸਮਾਜਕ ਵੰਡ ਦੇ ਪਿੱਛੇ ਕੋਈ ਵੀ ਵਿਚਾਰ ਰਿਹਾ ਹੋਵੇ।...ਗੁਰੂ ਸਾਹਿਬਾਨ ਨੇ ਇਸ ਤੱਥ ਨੂੰ ਪਛਾਣਿਆ ਕਿ ਸਮਾਜਕ ਬਰਾਬਰੀ ਤੋਂ ਬਿਨਾ ਨਿਆਂ ਅਰਥਹੀਣ ਹੈ। ਇਹ ਇੱਕ ਅਜਿਹਾ ਗੁਣ ਹੈ, ਜਿਸ ਰਾਹੀਂ ਇੱਕ ਮਨੁੱਖ ਦੂਸਰੇ ਮਨੁੱਖਾਂ ਨੂੰ ਸਾਰੇ ਪੱਖਾਂ ਤੋਂ ਸਮਾਜਕ ਤੌਰ 'ਤੇ ਬਰਾਬਰ ਸਮਝਦਾ ਹੈ, ਸਮਾਜਕ ਰਿਸ਼ਤਿਆਂ ਦਾ ਇੱਕ ਜ਼ਰੂਰੀ ਲੱਛਣ ਹੈ। (ਡਾ. ਅਵਤਾਰ ਸਿੰਘ, 'ਐਥਿਕਸ ਆਫ ਦਾ ਸਿਖਸ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 99)

ਗੁਰੂ ਨਾਨਕ ਅਨੁਸਾਰ ਅੱਗੇ ਚੱਲ ਕੇ ਸਚਿਆਰ ਹੀ ਸ਼ੋਭਾ ਪਾਉਂਦੇ ਹਨ, ਕੂੜ ਮਨੁੱਖ ਨਹੀਂ। ਇਸ ਲਈ 'ਸੱਚ' ਨੂੰ ਨਿਆਂ ਦਾ ਪੈਮਾਨਾ ਮੰਨਿਆ ਹੈ ਕਿ ਵਡਿਆਈ ਉਦੋਂ ਮਿਲਦੀ ਹੈ, ਜਦੋਂ ਸੱਚ 'ਤੇ ਆਧਾਰਤ ਨਿਆਂ ਹੋਵੇ, "ਵਡੀ ਵਡਿਆਈ ਜਾ ਸਚੁ ਨਿਆਉ॥ (ਪੰਨਾ 463) ਇੱਥੇ ਇਹ ਦੱਸਣਾ ਵੀ ਪ੍ਰਸੰਗਿਕ ਹੈ ਕਿ ਸਿੱਖ ਧਰਮ ਚਿੰਤਨ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਗਈਆਂ ਹਨ-ਗੁਰਮੁਖਿ ਅਤੇ ਮਨਮੁਖਿ; ਹੋਰ ਕਿਸੇ ਵੀ ਜਾਤ, ਜਨਮ, ਲਿੰਗ ਆਦਿ ਦੇ ਆਧਾਰ 'ਤੇ ਮਨੁੱਖ ਦੀ ਵੰਡ ਪ੍ਰਵਾਨ ਨਹੀਂ ਕੀਤੀ ਗਈ। ਸਭਿਆਚਾਰ, ਗਿਆਨ, ਬੋਲੀ ਅਤੇ ਧਰਮ ਗ੍ਰੰਥਾਂ ਦੀ ਬਹੁਲਤਾ ਤੇ ਵਖਰੇਵੇਂ ਦੇ ਬਾਵਜੂਦ ਸਭ ਨੂੰ ਸਮਾਜਕ ਤੌਰ 'ਤੇ ਬਰਾਬਰ ਮੰਨਿਆ ਹੈ। ਇਸ ਰਹੱਸ ਨੂੰ ਭਾਗਾਂ ਵਾਲੇ ਪ੍ਰਭੂ ਦੀ ਮਿਹਰ ਸਦਕਾ ਸਮਝਦੇ ਹਨ।

ਗੁਰੂ ਨਾਨਕ ਦੇਵ ਨੇ ਜਾਤ-ਪ੍ਰਬੰਧ ਨੂੰ ਇਹ ਕਹਿ ਕੇ ਖਾਰਜ ਕੀਤਾ ਹੈ ਕਿ ਉਹ ਉਨ੍ਹਾਂ ਦੇ ਨਾਲ ਖੜ੍ਹੇ ਹਨ, ਜਿਨ੍ਹਾਂ ਨੂੰ ਨੀਵਿਆਂ ਤੋਂ ਵੀ ਨੀਵੇਂ ਸਮਝਿਆ ਜਾਂਦਾ ਹੈ, ਵੱਡੇ ਕਹਾਉਣ ਵਾਲਿਆਂ ਨਾਲ ਨਹੀਂ। ਜਿੱਥੇ ਨੀਵੇਂ ਕਹੇ ਜਾਣ ਵਾਲੇ ਬੰਦਿਆਂ ਦੀ ਸਾਰ ਲਈ ਜਾਂਦੀ ਹੈ, ਉਥੇ ਰੱਬ ਦੀ ਮਿਹਰ ਹੁੰਦੀ ਹੈ,

ਨੀਚਾ ਅੰਦਰਿ ਨੀਚ ਜਾਤਿ  
ਨੀਚੀ ਹੂ ਅਤਿ ਨੀਚੁ॥  
ਨਾਨਕੁ ਤਿਨ ਕੈ ਸੰਗਿ ਸਾਥਿ  
ਵਡਿਆ ਸਿਉ ਕਿਆ ਰੀਸ॥  
ਜਿਥੈ ਨੀਚ ਸਮਾਲੀਅਨਿ  
ਤਿਥੈ ਨਦਰਿ ਤੇਰੀ ਬਖਸੀਸ॥  
(ਪੰਨਾ 15-16)

ਸਮਾਜਕ ਬਰਾਬਰੀ ਦਾ ਪੈਮਾਨਾ ਸਭ ਅੰਦਰ ਉਸ ਇੱਕੋ ਦੀ ਜੋਤਿ ਹੋਣਾ ਪ੍ਰਵਾਨ ਕੀਤਾ ਗਿਆ ਹੈ। ਸਾਰੇ ਉਸ ਇੱਕੋ ਹੀ ਰੱਬੀ ਜੋਤਿ ਨਾਲ ਰੌਸ਼ਨ ਹਨ। ਇਸ ਲਈ ਸਭ ਬਰਾਬਰ ਹਨ, ਕੋਈ ਉਚਾ-ਨੀਵਾਂ ਜਾਂ ਛੋਟਾ-ਵੱਡਾ ਨਹੀਂ ਹੈ,

ਫਕੜ ਜਾਤੀ ਫਕੜੁ ਨਾਉ॥  
ਸਭਨਾ ਜੀਆ ਇਕਾ ਛਾਉ॥  
ਆਪਹੁ ਜੇ ਕੋ ਭਲਾ ਕਹਾਏ॥  
ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਇ॥  
(ਪੰਨਾ 83)

ਨਿਆਂ ਦੇ ਗੁਣ ਵਿਚ ਦੋ ਚੀਜ਼ਾਂ ਸ਼ਾਮਲ ਹਨ: (1) ਦੂਜਿਆਂ ਦੇ ਹੱਕਾਂ ਦਾ ਸਤਿਕਾਰ ਕਰਨਾ; (2) ਦੂਜਿਆਂ ਦਾ ਸ਼ੋਸ਼ਣ ਨਾ ਕਰਨਾ-(ਡਾ. ਅਵਤਾਰ ਸਿੰਘ, 'ਐਥਿਕਸ ਆਫ ਦਾ ਸਿਖਸ', ਪੰਨਾ 99)।

ਦੂਜਿਆਂ ਦੇ ਹੱਕਾਂ ਬਾਰੇ ਗੱਲ ਕਰਦਿਆਂ ਗੁਰੂ ਨਾਨਕ ਕਹਿੰਦੇ ਹਨ ਕਿ ਕਿਸੇ ਦਾ ਹੱਕ ਖੋਹਣਾ ਇੱਕ ਬੁਰਾਈ ਹੈ, ਉਵੇਂ ਹੀ, ਜਿਵੇਂ ਮੁਸਲਮਾਨ ਲਈ ਸੂਰ ਦਾ ਮਾਸ ਅਤੇ ਹਿੰਦੂ ਲਈ ਗਾਂ ਦਾ ਮਾਸ। ਇਹ ਦੋਵੇਂ ਚੀਜ਼ਾਂ ਦੋਹਾਂ ਭਾਈਚਾਰਿਆਂ ਲਈ ਧਾਰਮਿਕ ਆਧਾਰ 'ਤੇ ਮਨ੍ਹਾਂ ਹਨ, ਇਸੇ ਤਰ੍ਹਾਂ ਦੂਜਿਆਂ ਦਾ ਹੱਕ ਖੋਹਣਾ ਵੀ ਨੈਤਿਕ ਆਧਾਰ 'ਤੇ ਮਨ੍ਹਾਂ ਹੋਣਾ ਚਾਹੀਦਾ ਹੈ,

ਹਕੁ ਪਰਾਇਆ ਨਾਨਕਾ  
ਉਸੁ ਸੂਅਰ ਉਸੁ ਗਾਇ॥  
ਗੁਰੁ ਪੀਰੁ ਹਾਮਾ ਤਾ ਭਰੇ  
ਜਾ ਮੁਰਦਾਰੁ ਨ ਖਾਇ॥  
ਗਲੀ ਭਿਸਤਿ ਨ ਜਾਈਐ  
ਛੁਟੈ ਸਚੁ ਕਮਾਇ॥  
ਮਾਰਣ ਪਾਹਿ ਹਰਾਮ ਮਹਿ ਹੋਇ  
ਹਲਾਲੁ ਨ ਜਾਇ॥  
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥  
(ਪੰਨਾ 141)

ਜਿਵੇਂ ਪਹਿਲਾਂ ਕਿਹਾ ਹੈ, ਸਤਿ ਜਾਂ ਸੱਚ ਨੂੰ ਸਮਾਜਕ ਨਿਆਂ ਦੇ ਅਰਥਾਂ ਵਿਚ ਮਨੁੱਖ ਦੇ ਸਮਾਜਕ ਰਿਸ਼ਤਿਆਂ ਵਿਚ ਦੂਜਿਆਂ ਦੇ ਹੱਕ ਨਾ ਮਾਰਨ ਲਈ ਪੈਮਾਨਾ ਮਿੱਥਿਆ ਹੈ। ਸਮਾਜਕ ਬਰਾਬਰੀ ਸਮਾਜਕ ਸਬੰਧ ਲਈ ਮੂਲ ਹੈ, ਸਮਾਜਕ ਨਿਆਂ ਦਾ ਅਹਿਸਾਸ ਅਤੇ ਪੂਰਤੀ ਸਰਬਵਿਆਪਕ ਭਰਾਤਰੀ ਭਾਵ ਦੇ ਅਹਿਸਾਸ ਰਾਹੀਂ ਹੀ ਕੀਤੀ ਜਾ ਸਕਦੀ ਹੈ, ਜਦੋਂ ਮਨੁੱਖ ਅਨੁਭਵ ਕਰਦਾ ਹੈ ਕਿ ਸਭ ਵਿਚ ਉਸ ਇੱਕ ਦੀ ਜੋਤਿ ਵਿਆਪਕ ਹੈ ਅਤੇ ਸਭ ਉਸੇ ਇੱਕੋ ਰੱਬੀ ਸੋਮੇ ਤੋਂ ਪੈਦਾ ਹੋਏ ਹਨ, ਇਸ ਲਈ ਕੋਈ ਵੀ ਬੁਰਾ ਜਾਂ ਭਲਾ ਨਹੀਂ ਹੈ, ਜਿਵੇਂ ਗੁਰੂ ਨਾਨਕ ਨੇ ਫੁਰਮਾਇਆ ਹੈ,

ਸਭ ਮਹਿ ਜੋਤਿ ਜੋਤਿ ਹੈ ਸੋਇ॥  
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥  
(ਪੰਨਾ 663)

ਇਸ ਤੋਂ ਬਿਨਾ ਦੂਜਾ ਵਰਗ, ਜਿਸ ਨੂੰ ਭਾਰਤੀ ਸਮਾਜ ਵਿਚ ਆਪਣੇ ਹੱਕਾਂ ਅਤੇ ਸਮਾਜਕ ਨਿਆਉਂ ਤੋਂ ਵਾਂਝਾ ਰੱਖਿਆ ਗਿਆ, ਉਹ ਹੈ ਔਰਤ ਜਿਸ ਨਾਲ ਹਮੇਸ਼ਾ ਭੇਦ ਭਾਵ ਕੀਤਾ ਗਿਆ; ਇਸ ਹੱਦ ਤੱਕ ਕਿ ਉਸ ਨੂੰ ਅਧਿਆਤਮਕ ਪ੍ਰਾਪਤੀਆਂ ਦੇ ਰਸਤੇ ਵਿਚ ਰੁਕਾਵਟ ਮੰਨਿਆ ਗਿਆ, ਜਦ ਕਿ ਸਰਬਵਿਆਪਕ ਮਨੁੱਖੀ ਭਾਈਚਾਰਕ ਸਾਂਝ ਅਤੇ ਸਮਾਜਕ ਨਿਆਂ ਦੇ ਅਨੁਭਵ ਦਾ ਆਧਾਰ ਸਮਾਜਕ ਸਬੰਧ ਹਨ, ਸਮਾਜਕ ਵਤੀਰਾ ਬਹੁਤ ਹੀ ਜ਼ਰੂਰੀ ਕਦਮ ਹੈ, ਜਿਸ ਵਿਚ ਪਰਉਪਕਾਰ ਅਤੇ ਸਤਿਸੰਗਤ ਬਹੁਤ ਅਹਿਮ ਹਨ। ਇਸ ਲਈ ਗੁਰੂ ਨਾਨਕ ਨੇ ਅਧਿਆਤਮਕ ਪ੍ਰਾਪਤੀਆਂ ਲਈ ਸਮਾਜ ਤੋਂ ਤਿਆਗ-ਤਪੱਸਿਆ ਜਾਂ ਸੰਨਿਆਸ ਆਦਿ ਲੈਣ ਨੂੰ ਮੁੱਢੋਂ ਨਕਾਰਿਆ ਹੈ, ਜੋ ਭਾਰਤੀ ਸਮਾਜ ਵਿਚ ਆਮ ਪ੍ਰਚਲਿਤ ਸੀ।

ਬੀਆਬਾਨ, ਉਜਾੜਾਂ ਵਿਚ ਭ੍ਰਮਣ ਕਰਨ ਵਾਲਿਆਂ ਨੂੰ ਗੁਰੂ ਨਾਨਕ ਨੇ 'ਮਨਮੁਖਿ' ਕਿਹਾ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਮਸਾਣਾਂ ਵਿਚ ਜਾ ਕੇ ਮੰਤਰ ਪੜ੍ਹਨ ਵਾਲਾ ਜੋਗੀ ਕੁਰਾਹੇ ਪੈ ਕੇ ਲੁੱਟਿਆ ਜਾਂਦਾ ਹੈ,

ਮਨਮੁਖਿ ਭਰਮਿ ਭਵੈ ਬੇਬਾਣਿ॥  
ਵੇਮਾਰਗਿ ਮੂਸੈ ਮੰਤ੍ਰਿ ਮਸਾਣਿ॥  
(ਪੰਨਾ 941)

ਸਮਾਜਕ ਸੰਦਰਭ ਵਿਚ ਸਤਿਸੰਗਤ ਚੰਗੇ ਮਨੁੱਖਾਂ ਦਾ ਸੰਗਠਨ ਹੈ।

ਇਸ ਨੁਕਤੇ ਤੋਂ ਔਰਤ ਸਮਾਜ ਦੀ ਬਹੁਤ ਹੀ ਅਹਿਮ ਅਤੇ ਸਤਿਕਾਰਤ ਮੈਂਬਰ ਹੈ। ਨੈਤਿਕ ਰੂਪ ਤੋਂ ਅਤੇ ਅਧਿਆਤਮਕ ਰੂਪ ਤੋਂ ਗ੍ਰਿਹਸਥੀ ਜੀਵਨ ਸਭ ਤੋਂ ਉਤਮ ਮੰਨਿਆ ਗਿਆ ਹੈ, ਜੋ ਔਰਤ ਦੇ ਸਮਾਜਕ ਬਰਾਬਰੀ ਦੇ ਰੁਤਬੇ ਨੂੰ ਬਹਾਲ ਕਰਨ ਦਾ ਕਾਰਨ ਬਣਿਆ। 'ਵਾਰ ਆਸਾ ਕੀ' ਵਿਚ ਗੁਰੂ ਨਾਨਕ ਨੇ ਦੱਸਿਆ ਹੈ ਕਿ ਔਰਤ ਤੋਂ ਹੀ ਅਸੀਂ ਪੈਦਾ ਹੁੰਦੇ ਹਾਂ, ਔਰਤ ਦੇ ਗਰਭ ਵਿਚ ਹੀ ਮਨੁੱਖ ਦੀ ਸੂਰਤ ਘੜੀ ਜਾਂਦੀ ਹੈ। ਔਰਤ ਨਾਲ ਹੀ ਮੰਗਣਾ ਅਤੇ ਵਿਆਹ ਹੁੰਦਾ ਹੈ। ਔਰਤ ਹੀ ਸਾਡੀ ਸਾਥੀ ਹੈ ਅਤੇ ਔਰਤ ਨਾਲ ਹੀ ਪਰਿਵਾਰ ਅੱਗੇ ਵਧਦਾ ਹੈ। ਜੇ ਇੱਕ ਔਰਤ ਦੀ ਮੌਤ ਹੋ ਜਾਵੇ ਤਾਂ ਦੂਜੀ ਔਰਤ ਦੀ ਭਾਲ ਕੀਤੀ ਜਾਂਦੀ ਹੈ ਅਤੇ ਇਸ ਸੰਸਾਰ ਨਾਲ ਸਬੰਧ ਔਰਤ ਰਾਹੀਂ ਹੀ ਬਣਦਾ ਹੈ। ਔਰਤ ਨੂੰ ਬੁਰਾ ਕਿਉਂ ਕਿਹਾ ਜਾਂਦਾ ਹੈ, ਜਦੋਂ ਕਿ ਰਾਜਿਆਂ ਤੱਕ ਦਾ ਜਨਮ ਔਰਤ ਤੋਂ ਹੀ ਹੁੰਦਾ ਹੈ। ਔਰਤ ਤੋਂ ਹੀ ਅੱਗੇ ਔਰਤ ਪੈਦਾ ਹੁੰਦੀ ਹੈ। ਸਿਰਫ ਇੱਕ ਪਰਮਾਤਮਾ ਹੀ ਹੈ, ਜੋ ਆਪਣਾ ਕਾਰਨ ਆਪ ਹੈ,

ਭੰਡਿ ਜੰਮੀਐ ਭੰਡਿ ਨਿੰਮੀਐ  
ਭੰਡਿ ਮੰਗਣੁ ਵੀਆਹੁ॥ (ਪੰਨਾ 473)

ਸਮਾਜਕ ਬਰਾਬਰੀ ਅਤੇ ਸਮਾਜਕ ਨਿਆਂ ਲਈ ਹੀ ਗੁਰੂ ਨਾਨਕ ਨੇ ਧਰਮ ਨੂੰ ਜਿੱਥੇ ਗ੍ਰਿਹਸਥ ਨਾਲ ਜੋੜਿਆ, ਉਥੇ ਹੱਥੀਂ ਸੱਚੀ-ਸੁੱਚੀ ਈਮਾਨਦਾਰੀ ਦੀ ਕਿਰਤ ਕਰਕੇ ਅਤੇ ਦੂਜਿਆਂ ਨਾਲ ਵੰਡ ਕੇ ਖਾਣ ਨਾਲ ਜੋੜਿਆ। ਗੁਰੂ ਨਾਨਕ ਮਿਸਾਲ ਦਿੰਦੇ ਹਨ ਕਿ ਪੰਡਿਤ ਭਜਨ ਗਾਉਂਦਾ ਹੈ, ਪਰ ਉਸ ਕੋਲ ਗਿਆਨ ਜਾਂ ਸਮਝ ਹੈ ਨਹੀਂ, ਅਰਥਾਤ ਉਹ ਇਹ ਭਜਨ ਰੋਟੀ ਕਮਾਉਣ ਲਈ ਗਾਉਂਦਾ ਹੈ। ਭੁੱਖ ਦੇ ਮਾਰੇ ਮੁੱਲਾਂ ਦੀ ਮਸਜਿਦ ਵੀ ਰੋਟੀ-ਰੋਜ਼ੀ ਦੀ ਖਾਤਰ ਹੀ ਹੈ; ਬਾਂਗ, ਨਮਾਜ਼ ਆਦਿ ਸਭ ਰੋਜ਼ੀ ਲਈ ਕਰ ਰਿਹਾ ਹੈ। ਇਸੇ ਤਰ੍ਹਾਂ ਜੋਗੀ ਵੀ ਹੱਡ-ਹਰਾਮ ਹੋ ਕੇ ਕੰਨ ਪੜਵਾ ਲੈਂਦਾ ਹੈ, ਫਕੀਰ ਬਣ ਜਾਂਦਾ ਹੈ ਅਤੇ ਖਾਨਦਾਨ ਦੀ ਅਣਖ ਵੀ ਗਵਾ ਬੈਠਦਾ ਹੈ। ਆਪਣੇ ਆਪ ਨੂੰ ਗੁਰੂ ਪੀਰ ਅਖਵਾਉਂਦਾ ਹੈ, ਪਰ ਰੋਟੀ ਦੂਜਿਆਂ ਤੋਂ ਮੰਗ ਕੇ ਖਾਂਦਾ ਹੈ; ਅਜਿਹੇ ਬੰਦੇ ਦੇ ਪੈਰੀਂ ਨਹੀਂ ਲੱਗਣਾ ਚਾਹੀਦਾ। ਗੁਰੂ ਨਾਨਕ ਅਨੁਸਾਰ ਜੋ ਮਨੁੱਖ ਮਿਹਨਤ ਦੀ ਕਮਾਈ ਕਰਕੇ ਖਾਂਦਾ ਹੈ ਅਤੇ ਹੋਰਾਂ ਨੂੰ ਵੀ ਦਿੰਦਾ ਹੈ, ਅਜਿਹਾ ਬੰਦਾ ਹੀ ਜ਼ਿੰਦਗੀ ਦੇ ਅਸਲੀ ਰਸਤੇ ਦੀ ਪਛਾਣ ਕਰਦਾ ਹੈ,

ਗਿਆਨ ਵਿਹੂਣਾ ਗਾਵੈ ਗੀਤ॥  
ਭੁਖੇ ਮੁਲਾਂ ਘਰੇ ਮਸੀਤਿ॥  
ਮਖਟੂ ਹੋਇ ਕੈ ਕੰਨ ਪੜਾਏ॥  
ਫਕਰੁ ਕਰੇ ਹੋਰੁ ਜਾਤਿ ਗਵਾਏ॥  
ਤਾ ਕੈ ਮੂਲਿ ਨ ਲਗੀਐ ਪਾਇ॥  
ਘਾਲਿ ਖਾਇ ਕਿਛੁ ਹਥਹੁ ਦੇਇ॥  
ਨਾਨਕ ਰਾਹੁ ਪਛਾਣਹਿ ਸੇਇ॥  
(ਪੰਨਾ 1245)

ਨਿਆਂ ਅਤੇ ਸਮਾਜਕ ਬਰਾਬਰੀ ਦੇ ਨਾਲ ਹੀ ਜੁੜਿਆ 'ਮਨੁੱਖੀ ਹੱਕਾਂ' ਦਾ ਸੰਕਲਪ ਹੈ। ਮਨੁੱਖੀ ਹੱਕਾਂ ਦੀ ਪਰਿਭਾਸ਼ਾ ਕਰਦਿਆਂ ਉਘੇ ਫਿਲਾਸਫਰ ਜੇ. ਐਸ. ਮਿੱਲ ਨੇ ਕਿਹਾ ਹੈ, "To have a right is to have something society ought to protect me in the possession. (Bertrand Russel, history of Western Philosophy, London George Allen & amp; Unwin, Page 530)" ਭਾਵ ਹੱਕ ਰੱਖਣ ਦਾ ਅਰਥ ਹੈ, ਜੋ ਮੇਰੇ ਕੋਲ ਹੈ, ਸਮਾਜ ਉਸ ਦੀ ਰੱਖਿਆ ਜ਼ਰੂਰੀ ਬਣਾਵੇ। ਇੱਥੇ ਨੋਟ ਕਰਨ ਵਾਲਾ ਸ਼ਬਦ 'Ought' ਹੈ। ਹੱਕਾਂ ਦੀ ਭਾਸ਼ਾ ਜ਼ਰੂਰੀ ਰੂਪ ਵਿਚ ਨਿਰਦੇਸ਼ਾਤਮਕ ਹੈ। ਮਨੁੱਖੀ ਹੱਕਾਂ ਦੀ ਪਰਿਭਾਸ਼ਾ ਦੇ ਚੱਕਰ ਵਿਚ ਨਾ ਪੈ ਕੇ ਅਸੀਂ ਗੁਰੂ ਨਾਨਕ ਦੀ ਵਿਚਾਰਧਾਰਾ ਵੱਲ ਆਉਂਦੇ ਹਾਂ। ਵਰਣ-ਆਸ਼ਰਮ ਧਰਮ ਦੇ ਸਿਧਾਂਤ ਵੱਲ ਅਸੀਂ ਪਹਿਲਾਂ ਵੀ ਇਸ਼ਾਰਾ ਕਰ ਚੁਕੇ ਹਾਂ, ਜਿਸ ਦੇ ਆਧਾਰ 'ਤੇ ਭਾਰਤੀ ਸਮਾਜ ਵੰਡਿਆ ਹੋਇਆ ਸੀ। ਇਸ ਦੇ ਆਧਾਰ 'ਤੇ ਕੰਮਾਂ ਦੀ ਜੋ ਵੰਡ ਕੀਤੀ ਹੋਈ ਸੀ, ਉਹ ਸੰਖੇਪ ਰੂਪ ਵਿਚ ਕਹਿ ਸਕਦੇ ਹਾਂ ਕਿ ਚਾਰ ਕਿਸਮ ਦੀ ਸੀ। ਧਾਰਮਿਕ ਪ੍ਰਬੰਧ ਦੇ ਕੰਮ ਜਿਵੇਂ ਪੜ੍ਹਨਾ-ਲਿਖਣਾ, ਗਿਆਨ, ਪੂਜਾ-ਪਾਠ ਆਦਿ; ਸਰਕਾਰ ਦਾ ਕੰਮ ਰਾਜਨੀਤੀ, ਪ੍ਰਬੰਧਕੀ ਕਾਰਜ ਤੇ ਯੁੱਧ; ਪੈਦਾਵਾਰ ਦੇ ਕਾਰਜ ਜਿਵੇਂ ਉਪਜ, ਧਨ ਦੀ ਪੈਦਾਵਾਰ ਤੇ ਵਟਾਂਦਰਾ ਅਤੇ ਮਜ਼ਦੂਰੀ ਤੇ ਸੇਵਾ ਦੇ ਕਾਰਜ। ਇਸ ਤਰ੍ਹਾਂ ਚਾਰ ਹਿੱਸਿਆਂ ਵਿਚ ਕੰਮਾਂ ਦੀ ਵੰਡ ਚਾਰ ਸਪੱਸ਼ਟ ਰੂਪਾਂ ਵਿਚ ਨਿਸ਼ਚਿਤ ਕੀਤੀਆਂ ਜਮਾਤਾਂ ਵਿਚ ਕਰਕੇ ਸਾਰੇ ਸਮਾਜ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸਮੇਂ ਦੇ ਨਾਲ ਕੰਮਾਂ ਦੀ ਇਹ ਵੰਡ ਜਨਮ ਆਧਾਰਤ ਹੋ ਗਈ, ਜਿਸ ਨੇ ਕੱਟੜ ਜਾਤ-ਪ੍ਰਬੰਧ ਦਾ ਰੂਪ ਧਾਰ ਲਿਆ। ਇਸ ਵਿਚੋਂ ਹੀ ਮਨੁੱਖੀ ਹੱਕਾਂ ਦੇ ਸੋਸ਼ਣ ਦਾ ਉਹ ਸਿਲਸਿਲਾ ਸ਼ੁਰੂ ਹੋਇਆ, ਜਿਸ ਦੀ ਅਸੀਂ ਪਹਿਲਾਂ ਹੀ ਗੱਲ ਕਰ ਚੁਕੇ ਹਾਂ।

ਗੁਰੂ ਨਾਨਕ ਨੇ ਉਸ ਸਮੇਂ ਅਮਲੀ ਰੂਪ ਵਿਚ ਕਾਰਜਸ਼ੀਲ ਤਿੰਨ ਪ੍ਰਮੁੱਖ ਏਜੰਸੀਆਂ ਦੀ ਨਿਸ਼ਾਨਦੇਹੀ ਕੀਤੀ ਹੈ, ਜੋ ਮਨੁੱਖੀ ਹੱਕਾਂ ਤੋਂ ਵਾਂਝਾ ਰੱਖਣ ਅਤੇ ਲੋਕਾਂ ਦੀ ਲੁੱਟ-ਖਸੁੱਟ ਲਈ ਜਿੰਮੇਵਾਰ ਸਨ। ਇਹ ਏਜੰਸੀਆਂ ਸਨ-ਧਾਰਮਿਕ ਲੀਡਰ, ਰਾਜੇ ਤੇ ਉਨ੍ਹਾਂ ਦੇ ਅਹਿਲਕਾਰ ਅਤੇ ਬਾਹਰਲੇ ਹਮਲਾਵਰ। ਬ੍ਰਾਹਮਣ ਵਰਣ-ਵੰਡ ਵਿਚ ਸਭ ਤੋਂ ਉਪਰਲੀ ਜਮਾਤ-ਜਾਤ ਅਤੇ ਧਾਰਮਿਕ ਨੇਤਾ ਹੋਣ ਦੇ ਨਾਤੇ ਸਮਾਜ ਦੀ ਕਈ ਤਰ੍ਹਾਂ ਨਾਲ ਲੁੱਟ ਖਸੁੱਟ ਕਰ ਰਹੇ ਸਨ। ਇਸ ਦਾ ਖੁਲਾਸਾ 'ਵਾਰ ਆਸਾ ਕੀ' ਅਤੇ ਹੋਰ ਬਾਣੀਆਂ ਵਿਚ ਗੁਰੂ ਨਾਨਕ ਨੇ ਸਪਸ਼ਟ ਰੂਪ ਵਿਚ ਕੀਤਾ ਹੈ। ਦਲਿਤ ਜਾਂ ਸੂਦਰ ਇਸ ਸਮਾਜਕ ਦਰਜਾਬੰਦੀ ਵਿਚ ਪੌੜੀ ਦੇ ਸਭ ਤੋਂ ਹੇਠਲੇ ਡੰਡੇ 'ਤੇ ਹੋਣ ਕਰਕੇ, ਸਮੇਂ ਦੇ ਬੀਤਣ ਨਾਲ ਉਨ੍ਹਾਂ ਦਾ ਦਰਜਾ ਪਸ਼ੂਆਂ ਤੋਂ ਵੀ ਬਦਤਰ ਹੋ ਗਿਆ, ਕਿਉਂਕਿ ਉਨ੍ਹਾਂ ਕੋਲ ਕੋਈ ਹੱਕ ਛੱਡੇ ਹੀ ਨਹੀਂ ਸਨ ਗਏ। ਉਹ ਹਰ ਤਰ੍ਹਾਂ ਨਾਲ ਹੀ ਉਚੀਆਂ ਕਹੀਆਂ ਜਾਣ ਵਾਲੀਆਂ ਜਾਤਾਂ ਦੇ ਰਹਿਮੋ-ਕਰਮ 'ਤੇ ਨਿਰਭਰ ਹੋ ਗਏ ਸਨ। ਮਨੁੱਖਾਂ ਵਾਂਗ ਜਿਉਣ ਦਾ ਉਨ੍ਹਾਂ ਕੋਲ ਕੋਈ ਹੱਕ ਹੀ ਨਹੀਂ ਸੀ ਰਿਹਾ। ਔਰਤ ਦਾ ਸਵੈਮਾਣ ਅਤੇ ਗੌਰਵ ਵੀ ਖਤਰੇ ਵਿਚ ਸੀ।

ਗੁਰੂ ਨਾਨਕ ਦੇ ਸਮੇਂ ਵਿਚ ਮੁਗਲ ਹਾਕਮ ਬਾਬਰ ਨੇ ਹਿੰਦੁਸਤਾਨ 'ਤੇ ਹਮਲਾ ਕੀਤਾ। ਇਸ ਹਮਲੇ ਵਿਚ ਮਨੁੱਖੀ ਜਾਨਾਂ ਦਾ ਜੋ ਘਾਣ ਹੋਇਆ, ਔਰਤਾਂ ਦਾ ਸਵੈਮਾਣ, ਇੱਜ਼ਤ ਅਤੇ ਆਜ਼ਾਦੀ ਜਿਸ ਤਰ੍ਹਾਂ ਪੈਰਾਂ ਵਿਚ ਰੋਲੀ ਗਈ, ਭਾਵੇਂ ਉਹ ਮੁਸਲਮਾਨ ਸਨ ਜਾਂ ਹਿੰਦੂ, ਇਸ ਸਾਰੀ ਤਬਾਹੀ ਦਾ ਜ਼ਿਕਰ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕੀਤਾ ਹੈ। ਇਨ੍ਹਾਂ ਤਿੰਨਾਂ ਹੀ ਏਜੰਸੀਆਂ ਰਾਹੀਂ ਜਿਸ ਤਰ੍ਹਾਂ ਲੋਕਾਂ ਦੇ ਮਨੁੱਖੀ ਹੱਕਾਂ ਦਾ ਘਾਣ, ਦਲਿਤਾਂ ਅਤੇ ਔਰਤ ਦੇ ਹੱਕਾਂ ਦਾ ਕੀਤਾ ਜਾ ਰਿਹਾ ਸੀ, ਦੀ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਸਪੱਸ਼ਟ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਅਸੀਂ ਨੀਵੇਂ ਕਹੇ ਜਾਣ ਵਾਲੇ ਲੋਕਾਂ ਅਤੇ ਔਰਤ ਦੇ ਹਵਾਲੇ ਨਾਲ ਗੁਰੂ ਨਾਨਕ ਦੇ ਵਿਚਾਰਾਂ ਦੀ ਪਹਿਲਾਂ ਹੀ ਚਰਚਾ ਕਰ ਚੁਕੇ ਹਾਂ।

ਬਾਬਰ ਦੇ ਹਮਲੇ ਦੇ ਸੰਦਰਭ ਵਿਚ ਗੱਲ ਕਰਦਿਆਂ ਗੁਰੂ ਨਾਨਕ ਨੇ ਸਪੱਸ਼ਟ ਕੀਤਾ ਹੈ ਕਿ ਜਦੋਂ ਕੋਈ ਜਰਵਾਣਾ ਬਾਹਰੋਂ ਹਮਲਾ ਕਰਦਾ ਹੈ ਤਾਂ ਹੁਕਮਰਾਨ ਦਾ ਫਰਜ਼ ਹੁੰਦਾ ਹੈ, ਆਪਣੀ ਪਰਜਾ ਦੀ ਰਾਖੀ ਕਰਨਾ। ਰੱਬ ਨੂੰ ਉਲਾਂਭੇ ਦੇ ਰੂਪ ਵਿਚ ਕਿਹਾ ਕਿ ਜੇ ਤਕੜਾ ਤਕੜੇ ਨੂੰ ਮਾਰਦਾ ਹੈ ਤਾਂ ਮਨ ਵਿਚ ਰੋਸ ਨਹੀਂ ਜਾਗਦਾ, ਪਰ ਜੇ ਸ਼ੇਰ ਕਿਸੇ ਗਊਆਂ ਦੇ ਵੱਗ 'ਤੇ ਹਮਲਾ ਕਰ ਦੇਵੇ ਤਾਂ ਮਾਲਕ ਨੂੰ ਪੁੱਛਿਆ ਜਾਂਦਾ ਹੈ ਕਿ ਉਹ ਕਿੱਥੇ ਸੀ ਅਤੇ ਉਸ ਨੇ ਵੱਗ ਦੀ ਰਾਖੀ ਕਿਉਂ ਨਹੀਂ ਕੀਤੀ,

ਕਰਤਾ ਤੂੰ ਸਭਨਾ ਕਾ ਸੋਈ॥  
ਜੇ ਸਕਤਾ ਸਕਤੇ ਕਉ ਮਾਰੇ  
ਤਾ ਮਨਿ ਰੋਸੁ ਨ ਹੋਈ॥1॥ ਰਹਾਉ॥  
ਸਕਤਾ ਸੀਹੁ ਮਾਰੇ ਪੈ ਵਗੈ  
ਖਸਮੈ ਸਾ ਪੁਰਸਾਈ॥  
ਰਤਨ ਵਿਗਾੜਿ ਵਿਗੋਏ ਕੁਤੀਂ  
ਮੁਇਆ ਸਾਰ ਨ ਕਾਈ॥ (ਪੰਨਾ 360)

**(ਬਾਕੀ ਅਗਲੇ ਸਫੇ 'ਤੇ)**

# ਖੱਬੇ ਪੱਖੀ ਲਹਿਰ ਦੇ ਮੁੜ ਉਭਾਰ ਬਾਰੇ

ਖੱਬੇ ਪੱਖੀ ਲਹਿਰ ਦੇ ਮੁੜ ਉਭਾਰ ਬਾਰੇ ਨਾਮੀ ਇਤਿਹਾਸਕਾਰ ਰਾਮਚੰਦਰ ਗੁਹਾ ਨੇ ਆਪਣੀ ਇਕ ਲਿਖਤ "ਖੱਬੀ ਧਿਰ ਨਵੀਂ ਦਿਸ਼ਾ ਦੀ ਤਲਾਸ਼ ਵਿਚ" ('ਪੰਜਾਬੀ ਟ੍ਰਿਬਿਊਨ', 23 ਜੂਨ) ਵਿਚ ਲਿਖਿਆ ਹੈ, "ਜੇ ਕਮਿਊਨਿਸਟ ਆਪਣੀ ਇਸ ਅਤਿ ਮਾੜੀ ਹਾਲਤ ਤੋਂ ਉਭਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਲਈ ਸਭ ਤੋਂ ਪਹਿਲਾ ਕਰਨ ਵਾਲਾ ਕੰਮ ਖੁਦ ਨੂੰ ਵਧੇਰੇ ਭਾਰਤੀ ਬਣਾਉਣਾ ਹੈ।...ਆਪਣੇ ਦੇਸ਼ ਵਿਚ ਪੈਦਾ ਹੋਏ ਗਾਂਧੀ ਅਤੇ ਅੰਬੇਡਕਰ ਵਰਗੇ ਵਿਚਾਰਕਾਂ ਨੂੰ ਛੱਡ ਕੇ ਕਾਰਲ ਮਾਰਕਸ, ਫ੍ਰੈਡਰਿਕ ਏਂਗਲਜ਼, ਲੈਨਿਨ, ਸਟਾਲਿਨ, ਮਾਓ-ਜ਼ੇ-ਤੁੰਗ, ਹੋ ਚੀ ਮਿਨ੍ਹ, ਫੀਦਲ ਕਾਸਟਰੋ ਤੇ ਹਿਊਗੋ ਚਾਵੇਜ਼ ਦੀ ਪੂਜਾ ਕਰਦਿਆਂ ਭਾਰਤੀ ਕਮਿਊਨਿਸਟ ਆਪਣੀ ਸੁਰ ਭਾਰਤੀ ਹਕੀਕਤਾਂ ਨਾਲ ਮਿਲਾਉਣ ਵਿਚ ਨਾਕਾਮ ਰਹਿੰਦੇ ਹਨ।"

ਫਿਰ ਉਨ੍ਹਾਂ ਨੇ 1920ਵਿਆਂ ਦੌਰਾਨ

ਗੁਰਬਚਨ ਸਿੰਘ
ਫੋਨ: 91-98156-98451

"ਕਮਿਊਨਿਸਟ ਲਹਿਰ ਦੇ ਉਭਾਰ ਦੇ ਨਾਲ ਹੀ ਇਕ ਦੇਸੀ ਭਾਰਤੀ ਸੋਸ਼ਲਿਸਟ (ਸਮਾਜਵਾਦੀ) ਰਵਾਇਤ ਦੇ ਉਭਾਰ" ਦਾ ਜ਼ਿਕਰ ਕਰਦਿਆਂ ਲਿਖਿਆ ਹੈ, "ਕਮਲਾ ਦੇਵੀ ਚਟੋਪਾਧਿਆਏ, ਰਾਮ ਮਨੋਹਰ ਲੋਹੀਆ ਅਤੇ ਜੈ ਪ੍ਰਕਾਸ਼ ਨਰਾਇਣ ਦੀ ਸੋਚ ਭਾਰਤੀ ਸਮਾਜ ਬਾਰੇ ਵੱਧ ਮੌਲਿਕ ਸੀ। ਲਿੰਗ ਆਧਾਰਤ ਮਸਲਿਆਂ, ਜਮਾਤੀ ਵੰਡ ਤੇ ਰਾਜਸੀ ਵਿਕੇਂਦਰੀਕਰਨ ਬਾਰੇ ਇਨ੍ਹਾਂ ਦੀ ਸੋਚ ਕਿਤੇ ਵਧ ਤਿਖੀ ਤੇ ਜਮਾਤੀ ਹਕੀਕਤਾਂ ਦੇ ਵੱਧ ਨੇੜੇ ਸੀ।"

ਲਿਖਤ ਦੇ ਅਖੀਰ ਵਿਚ 'ਵਖ-ਵਖ ਕਮਿਊਨਿਸਟ ਪਾਰਟੀਆਂ ਨੂੰ ਇਕਮੁਠ' ਕਰ ਕੇ ਬਣਨ ਵਾਲੀ ਨਵੀਂ ਪਾਰਟੀ ਲਈ ਉਨ੍ਹਾਂ ਨੇ ਸੁਝਾਅ ਦਿੱਤਾ ਹੈ ਕਿ ਉਸ ਨੂੰ 'ਕਮਿਊਨਿਸਟ' ਸ਼ਬਦ ਛੱਡ ਕੇ ਇਸ ਦੀ ਥਾਂ ਆਪਣੇ ਆਪ ਨੂੰ 'ਡੈਮੋਕ੍ਰੈਟਿਕ ਸੋਸ਼ਲਿਸਟ' (ਜਮਹੂਰੀ ਸਮਾਜਵਾਦੀ) ਪਾਰਟੀ ਵਜੋਂ ਸਾਹਮਣੇ ਲਿਆਉਣਾ ਚਾਹੀਦਾ ਹੈ।

ਲੋਕ ਸਭਾ ਚੋਣਾਂ ਵਿਚ ਮੋਦੀ ਨੁਮਾ ਆਰ. ਐਸ. ਐਸ. ਦੀ ਲਹਿਰ ਨੇ ਜਿਵੇਂ ਕਮਿਊਨਿਸਟ ਪਾਰਟੀਆਂ ਨੂੰ ਝਟਕਾ ਦਿੱਤਾ ਹੈ, ਇਸ ਨੇ ਇਕ ਵਾਰ ਤਾਂ ਖੱਬੇ ਪੱਖੀ ਚਿੰਤਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਹਰੇਕ ਲੋਕ ਪੱਖੀ ਚਿੰਤਕ ਆਪਣੇ ਪੱਧਰ ਉਤੇ ਇਸ ਝਟਕੇ ਦੇ ਕਾਰਨ ਲੱਭਣ ਦੇ ਯਤਨ ਕਰ ਰਿਹਾ ਹੈ। ਇਥੋਂ ਤਕ ਕਿ 'ਅਲਜਜ਼ੀਰਾ' ਵਰਗੇ ਅਰਬੀ ਚੈਨਲ ਵੀ ਭਾਰਤ ਦੀ ਖੱਬੇ ਪੱਖੀ ਲਹਿਰ ਦੀ ਮੰਦੀ ਹਾਲਤ ਬਾਰੇ ਚਿੰਤਾ ਪ੍ਰਗਟ ਕਰਦੀਆਂ ਲਿਖਤਾਂ ਦੀ ਪੇਸ਼ਕਾਰੀ ਕਰ ਰਹੇ ਹਨ। ਹਰੇਕ ਵਿਦਵਾਨ ਖੱਬੇ ਪੱਖੀ ਲਹਿਰ ਨੂੰ ਮੁੜ ਤੋਂ ਸੁਰਜੀਤ ਕਰਨ ਲਈ ਆਪਣੇ-ਆਪਣੇ ਕੀਮਤੀ ਸੁਝਾਅ ਦੇ ਰਿਹਾ ਹੈ।

ਬੇਸ਼ਕ ਇਨ੍ਹਾਂ ਸਾਰੇ ਸੁਝਾਵਾਂ ਨੂੰ ਧਿਆਨ ਵਿਚ ਰਖ ਕੇ ਕਿਸੇ ਸਾਂਝੀ ਰਾਏ ਉਤੇ ਪਹੁੰਚਿਆ ਜਾ ਸਕਦਾ ਹੈ; ਪਰ ਇਸ ਤੋਂ ਵੀ ਅਹਿਮ ਗੱਲ ਸਮੁੱਚੀ ਕਮਿਊਨਿਸਟ ਲਹਿਰ ਉਤੇ ਪਿੱਛਲ ਝਾਤ ਮਾਰਨ ਦੀ ਹੈ। ਪ੍ਰਸਿਧ ਮਾਰਕਸੀ ਚਿੰਤਕ ਪ੍ਰੋ. ਰਣਧੀਰ ਸਿੰਘ ਆਪਣੀਆਂ ਲਿਖਤਾਂ ਵਿਚ ਇਹ ਕਥਨ ਅਕਸਰ ਦੁਹਰਾਉਂਦੇ ਰਹੇ ਕਿ ਰੂਸ ਤੇ ਚੀਨ ਸਮੇਤ ਹੋਰਨਾਂ ਦੇਸ਼ਾਂ ਵਿਚ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਹੇਠ ਸਮਾਜਵਾਦੀ ਸਮਾਜ ਉਸਾਰਨ ਦੇ ਹੋਏ ਯਤਨਾਂ ਵਿਚ ਮਿਲੀ ਅਸਫਲਤਾ ਬਾਰੇ ਜਾਣਨ ਲਈ ਸਾਨੂੰ ਮਾਰਕਸ ਦੀ ਫਿਲਾਸਫੀ ਮੁੜ ਤੋਂ ਘੋਖਣੀ ਚਾਹੀਦੀ ਹੈ।

ਇਸ ਪੱਖੋਂ ਮਾਰਕਸ ਦੀ ਕਮਿਊਨਿਸਟ ਸਮਾਜ ਦੀ ਕੀਤੀ ਵਿਆਖਿਆ ਉਤੇ ਮੁੜ ਝਾਤ ਮਾਰਨ ਦੀ ਲੋੜ ਹੈ। ਮਾਰਕਸ ਦਾ ਕਥਨ ਹੈ, "ਕਮਿਊਨਿਜ਼ਮ ਪੂਰਨ ਵਿਕਸਿਤ ਕੁਦਰਤਵਾਦ ਵਜੋਂ ਮਨੁਖਤਾਵਾਦ ਹੈ ਅਤੇ ਪੂਰਨ ਵਿਕਸਿਤ ਮਨੁਖਤਾਵਾਦ ਵਜੋਂ ਕੁਦਰਤਵਾਦ ਹੈ। ਮਨੁਖ ਤੇ ਕੁਦਰਤ ਅਤੇ ਮਨੁਖ ਤੇ ਮਨੁਖ ਵਿਚਲੇ ਟਕਰਾਅ ਦਾ ਇਹੀ ਖਰਾ ਹੱਲ ਹੈ। ਹੋਂਦ ਤੇ ਤਤ ਵਿਚਲੇ, ਬਾਹਰਮੁਖੀ ਅਮਲ ਤੇ ਅੰਤਰਮੁਖੀ ਸੋਚ ਵਿਚਲੇ, ਆਜ਼ਾਦੀ ਤੇ ਲੋੜਾਂ ਵਿਚਲੇ ਅਤੇ ਨਿਜ ਤੇ ਸਮੂਹ ਵਿਚਲੇ ਵਿਰੋਧ ਦਾ ਇਹੀ ਹਕੀਕੀ ਹੱਲ ਹੈ। ਕਮਿਊਨਿਜ਼ਮ ਮਨੁੱਖੀ ਇਤਿਹਾਸ ਦੀ ਉਲਝਣ ਦਾ ਕੀਤਾ ਹੱਲ ਹੈ ਅਤੇ ਇਹ ਜਾਣਦਾ ਹੈ ਕਿ ਇਹ ਖੁਦ ਹੀ ਇਸ ਦਾ ਹੱਲ ਹੈ।...ਇਤਿਹਾਸ ਦੀ ਸਮੁਚੀ ਚਾਲ ਜਿਵੇਂ ਇਸ ਦੀ ਉਤਪਤੀ ਦਾ ਹਕੀਕੀ ਕਾਰਜ ਕਮਿਊਨਿਜ਼ਮ ਦੀ ਅਨੁਭਵੀ ਹੋਂਦ ਦੀ ਜੰਮਣ ਕ੍ਰਿਆ ਹੈ। ਕਮਿਊਨਿਜ਼ਮ ਦੀ ਪਕੜ ਵਿਚ ਆਉਣ ਤੇ ਅਨੁਭਵ ਕੀਤੀ ਜਾ ਸਕਣ ਵਾਲੀ ਕ੍ਰਿਆ ਭਾਵ ਕਮਿਊਨਿਜ਼ਮ ਦੀ ਚੇਤੰਨ ਸੋਚ।"

ਇਸ ਵਿਆਖਿਆ ਅਨੁਸਾਰ ਕੁਦਰਤਵਾਦ, ਮਨੁਖਤਾਵਾਦ ਅਤੇ ਕਮਿਊਨਿਜ਼ਮ ਸਮਅਰਥੀ ਸ਼ਬਦ ਹਨ। ਭਾਵ ਜਦੋਂ ਮਨੁਖ ਕੁਦਰਤ ਤੇ ਬਾਕੀ ਸਾਰੇ ਮਨੁਖੀ ਸਮਾਜ ਨਾਲ ਮਨੋਂ ਇਕਸੁਰਤਾ ਦਾ ਅਹਿਸਾਸ ਕਰੇ ਤਾਂ ਉਹ ਕਮਿਊਨਿਸਟ ਹੈ। ਅਗਲੀ ਲਾਈਨ ਵਿਚ ਇਹ ਸਪਸ਼ਟ ਕੀਤਾ ਗਿਆ ਹੈ ਕਿ ਇਸ ਅਹਿਸਾਸ ਪਿਛੋਂ ਹੀ ਕੁਦਰਤ ਤੇ ਮਨੁੱਖ ਅਤੇ ਮਨੁੱਖ ਤੇ ਮਨੁੱਖ ਵਿਚਲਾ ਟਕਰਾਓ ਖਤਮ ਹੁੰਦਾ ਹੈ। ਭਾਵ ਇਸ ਅਹਿਸਾਸ ਪਿਛੋਂ ਹੀ ਮਨੁੱਖ ਨੂੰ ਪਤਾ ਲਗਦਾ ਹੈ ਜਾਂ ਉਸ ਨੂੰ ਚੇਤੰਨ ਅਹਿਸਾਸ ਹੁੰਦਾ ਹੈ ਕਿ ਉਹ ਵੀ ਇਕ ਕੁਦਰਤੀ ਜੀਵ ਹੈ ਅਤੇ ਉਸ ਦਾ ਕੁਦਰਤ ਨਾਲ ਕੋਈ ਟਕਰਾਓ ਨਹੀਂ ਹੈ। ਇਸ ਚੇਤਨਾ ਪਿਛੋਂ ਹੀ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਕੁਦਰਤ ਨਾਲ ਇਕਸੁਰ ਰਹਿ ਕੇ, ਭਾਵ ਕੁਦਰਤੀ ਨੇਮਾਂ ਅਨੁਸਾਰ ਜ਼ਿੰਦਗੀ ਜੀਅ ਕੇ ਹੀ ਉਹ ਸੁਖੀ ਰਹਿ ਸਕਦਾ ਹੈ।

ਇਸ ਅਹਿਸਾਸ ਪਿਛੋਂ ਹੀ ਉਸ ਨੂੰ ਪਤਾ ਲਗਦਾ ਹੈ ਕਿ ਬਾਕੀ ਦੇ ਮਨੁੱਖ ਵੀ ਮੇਰੇ ਵਰਗੇ ਹੀ ਕੁਦਰਤੀ ਜੀਵ ਹਨ ਅਤੇ ਸਾਰੇ ਮੇਰੇ ਬਰਾਬਰ ਹਨ। ਕੋਈ ਉਚਾ ਨੀਵਾਂ ਨਹੀਂ ਹੈ। ਉਨ੍ਹਾਂ ਨਾਲ ਰਲਮਿਲ ਕੇ ਸਮਾਜੀ ਜ਼ਿੰਦਗੀ ਜਿਉਂਦਿਆਂ ਹੀ ਮੈਂ ਆਪਣਾ ਆਤਮਕ ਤੇ ਮਾਨਸਿਕ ਵਿਕਾਸ ਕਰ ਸਕਦਾ ਹਾਂ ਅਤੇ ਰਲ-ਮਿਲ ਕੇ ਇਸ ਜ਼ਿੰਦਗੀ ਦਾ ਅਨੰਦ ਮਾਣ ਸਕਦਾ ਹਾਂ। ਫਿਰ ਉਸ ਨੂੰ ਸਮਝ ਆਉਂਦਾ ਹੈ ਕਿ ਮੇਰੀ ਨਿਜੀ ਜ਼ਿੰਦਗੀ ਤੇ ਸਮੂਹਿਕ ਸਮਾਜੀ ਜ਼ਿੰਦਗੀ ਵਿਚ ਕੋਈ ਟਕਰਾਓ ਨਹੀਂ ਹੈ। ਫਿਰ ਉਸ ਨੂੰ ਸਮੂਹਿਕ ਸਮਾਜੀ ਜ਼ਿੰਦਗੀ ਅਧੀਨ ਰਹਿ ਕੇ ਆਪਣੀ ਨਿਜੀ ਜ਼ਿੰਦਗੀ ਜਿਉਣ ਦੀ ਜਾਚ ਆਉਂਦੀ ਹੈ। ਉਸ ਨੂੰ ਆਪਣੀ ਸਰੀਰਕ ਹੋਂਦ ਤੇ ਉਸ ਦੇ ਤੱਤ, ਭਾਵ ਆਪਣੇ ਮਨ ਅਤੇ ਆਪਣੀ ਚੇਤੰਨ ਸੋਚ ਦੇ ਬਾਹਰਮੁਖੀ ਅਮਲ ਨਾਲ ਰਿਸ਼ਤੇ ਦੀ ਸਮਝ ਆਉਂਦੀ ਹੈ। ਉਸ ਨੂੰ ਆਪਣੀਆਂ ਕੁਦਰਤੀ ਲੋੜਾਂ ਬਾਰੇ ਪਤਾ ਲਗਦਾ ਹੈ ਤੇ ਉਹ ਬੇਲੋੜੀਆਂ ਇਛਾਵਾਂ ਦੀ ਗੁਲਾਮੀ ਤੋਂ ਮੁਕਤ ਹੁੰਦਾ ਹੈ। ਇਹੀ ਮਨ ਦੀ ਮੁਕਤੀ ਭਾਵ ਆਤਮਿਕ ਆਜ਼ਾਦੀ ਹੈ।

ਇਹੀ ਪਕੜ ਵਿਚ ਆਉਣ ਵਾਲੀ ਅਤੇ ਅਨੁਭਵ ਕੀਤੀ ਜਾ ਸਕਣ ਵਾਲੀ ਕਮਿਊਨਿਜ਼ਮ ਦੀ ਚੇਤੰਨ ਸੋਚ ਹੈ; ਤਾਂ 'ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ' ਵਿਚ ਦਰਜ ਇਕ ਬੜੀ ਅਹਿਮ ਧਾਰਨਾ ਅਨੁਸਾਰ, "ਤੁਹਾਡੀ (ਪੂੰਜੀਪਤੀਆਂ ਦੀ) ਖੁਦਗਰਜ਼ੀ ਵਿਚੋਂ ਕੁਦਰਤ ਬਾਰੇ ਬਣਿਆ ਤੁਹਾਡਾ ਗਲਤ ਸੰਕਲਪ, ਤੁਹਾਨੂੰ ਕੁਦਰਤ ਦੇ ਅਟਲ ਨੇਮਾਂ ਨੂੰ ਆਪਣੀ ਮਰਜ਼ੀ ਅਨੁਸਾਰ ਬਦਲਣ ਲਈ ਪ੍ਰੇਰਦਾ ਹੈ, ਤੁਹਾਡੇ ਸਾਰੇ ਸਮਾਜੀ ਜਥੇਬੰਦੀ ਦੇ ਰੂਪ, ਤੁਹਾਡੇ ਮੌਜੂਦਾ ਪੈਦਾਵਾਰ ਦੇ ਢੰਗ ਤੇ ਨਿਜੀ ਜਾਇਦਾਦ ਦੇ ਰੂਪ 'ਚੋਂ ਫੁਟਦੇ ਇਤਿਹਾਸਕ ਰਿਸ਼ਤੇ, ਜੋ ਪੈਦਾਵਾਰ ਦੇ ਵਿਕਾਸ ਨਾਲ ਵਿਗਸਦੇ ਤੇ ਖਤਮ ਹੁੰਦੇ ਹਨ, ਇਸੇ ਗਲਤ ਸੰਕਲਪ ਦੀ ਦੇਣ ਹਨ।" ਮੈਨੀਫੈਸਟੋ ਵਿਚ ਹੀ ਦਰਜ ਹੈ, "ਪੂੰਜੀਵਾਦ ਆਪਣਾ ਹੀ ਕਲਪਿਆ ਇਕ ਸੰਸਾਰ ਸਿਰਜ ਲੈਂਦਾ ਹੈ।"

ਭਾਵ ਪੂੰਜੀਵਾਦ ਦਾ ਸਿਰਜਿਆ ਇਹ ਮੌਜੂਦਾ ਸੰਸਾਰ ਕੁਦਰਤ ਤੋਂ ਟੁੱਟਿਆ ਹੋਇਆ ਅਤੇ ਸਾਮਰਾਜੀ ਮਨੋ ਕਲਪਿਤ ਸੰਸਾਰ ਹੈ। ਐਨ ਇਸ ਦੇ ਉਲਟ ਕਮਿਊਨਿਸਟਾਂ ਨੇ ਆਪਣਾ ਸਾਰਾ ਸਮਾਜੀ ਤਾਣਾ-ਬਾਣਾ ਕੁਦਰਤ ਦੇ ਅਟਲ ਨੇਮਾਂ ਅਨੁਸਾਰ ਸਿਰਜਣਾ ਹੈ। ਇਸ ਸੰਕਲਪ ਨੂੰ ਮਾਰਕਸ ਤੇ ਏਂਗਲਜ਼ ਨੇ ਆਪਣੀਆਂ ਅਨੇਕਾਂ ਲਿਖਤਾਂ ਵਿਚ ਹੋਰ ਵੀ ਸਪਸ਼ਟ ਕੀਤਾ ਹੈ।

ਆਪਣੀ ਫਿਲਾਸਫੀ ਦੀ ਬੜੀ ਅਹਿਮ ਲਿਖਤ 'ਡਿਹੁਰਿੰਗ ਵਿਰੋਧ' ਵਿਚ ਏਂਗਲਜ਼ ਨੇ ਲਿਖਿਆ ਹੈ, "ਮੇਰੇ ਲਈ ਦਵੰਦਵਾਦੀ ਨੇਮਾਂ ਨੂੰ ਕੁਦਰਤ ਉਤੇ ਠੋਸਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ, ਸਗੋਂ ਇਨ੍ਹਾਂ ਨੇਮਾਂ ਨੂੰ ਕੁਦਰਤ ਵਿਚੋਂ ਲੱਭਣਾ ਅਤੇ ਵਿਕਸਿਤ ਕਰਨਾ ਹੀ ਮੇਰਾ ਮੰਤਵ ਹੈ।...ਮਨੁੱਖੀ ਖੋਜ ਦਾ ਅਰੰਭਕ ਨੁਕਤਾ ਨੇਮ ਨਹੀਂ ਹਨ, ਸਗੋਂ ਇਹ ਨੇਮ ਖੋਜ ਦਾ ਅੰਤਿਮ ਸਿੱਟਾ ਹਨ। ਇਹ ਨੇਮ ਕੁਦਰਤ ਅਤੇ ਮਨੁੱਖੀ ਇਤਿਹਾਸ ਉਤੇ ਲਾਗੂ ਨਹੀਂ ਕੀਤੇ ਜਾ ਸਕਦੇ, ਸਗੋਂ ਇਨ੍ਹਾਂ ਵਿਚੋਂ ਖੋਜੇ ਜਾਂਦੇ ਹਨ। ਕੁਦਰਤ ਅਤੇ ਮਨੁੱਖਤਾ ਦਾ ਖੇਤਰ ਇਨ੍ਹਾਂ ਨੇਮਾਂ ਦੀ ਪੁਸ਼ਟੀ ਨਹੀਂ ਕਰਦਾ, ਸਗੋਂ ਇਹ ਨੇਮ ਸਿਰਫ ਉਦੋਂ ਹੀ ਮੰਨਣਯੋਗ ਜਾਂ ਪ੍ਰਮਾਣੀਕ ਹਨ, ਜਦੋਂ ਇਹ ਕੁਦਰਤੀ ਨੇਮਾਂ ਅਤੇ ਮਨੁੱਖੀ ਇਤਿਹਾਸ ਦੇ ਅਨੁਸਾਰੀ ਹੁੰਦੇ ਹਨ।"

ਬੇਸ਼ਕ ਆਲਮੀ ਕਮਿਊਨਿਸਟ ਲਹਿਰ ਨੇ ਮਾਰਕਸ, ਏਂਗਲਜ਼ ਦੀਆਂ ਇਨ੍ਹਾਂ ਧਾਰਨਾਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਆਲਮੀ ਕਮਿਊਨਿਸਟ ਲਹਿਰ ਜੇ ਆਪਣੇ ਬਾਨੀਆਂ ਦੀਆਂ ਇਨ੍ਹਾਂ ਧਾਰਨਾਵਾਂ ਵੱਲ ਧਿਆਨ ਦਿੰਦੀ ਤਾਂ ਨਾ ਸਿਰਫ ਲਹਿਰ ਨੂੰ ਸਗੋਂ ਸਮੁੱਚੀ ਮਨੁੱਖ ਜਾਤੀ ਨੂੰ ਅਜੋਕੀਆਂ ਸਮੱਸਿਆਵਾਂ ਦਾ ਸਾਹਮਣਾ ਨਾ ਕਰਨਾ ਪੈਂਦਾ। ਵਾਤਾਵਰਣ ਦੀ ਤਬਾਹੀ ਦਾ ਕਾਰਨ ਇਹੀ ਸਾਮਰਾਜੀ ਤਾਣਾਬਾਣਾ ਹੈ, ਜੋ ਆਪਣੀ ਮੁਨਾਫੇ ਦੀ ਹਾਬੜੀ ਭੁਖ ਪੂਰੀ ਕਰਨ ਲਈ ਜੰਗਲਾਂ ਦੇ ਜੰਗਲ ਵੱਢਦਾ ਜਾ ਰਿਹਾ ਹੈ, ਪਲਾਸਟਿਕ ਦੇ ਰੂਪ ਵਿਚ ਬੇਲੋੜਾ ਨਾ ਸਾਂਭਿਆ ਜਾਣ ਵਾਲਾ ਕੂੜਾ-ਕਰਕਟ ਪੈਦਾ ਕਰ ਰਿਹਾ ਹੈ। ਵੱਡੇ-ਵੱਡੇ ਸ਼ਹਿਰਾਂ ਦੇ ਰੂਪ ਵਿਚ ਕੰਕਰੀਟ ਦੇ ਜੰਗਲ ਖੜ੍ਹੇ ਕਰ ਰਿਹਾ ਹੈ ਤੇ ਕਰੋੜਾਂ ਦੀ ਗਿਣਤੀ ਵਿਚ ਵਸੋਂ ਨੂੰ ਬੇਲੋੜਾ ਪਰਵਾਸ ਕਰਨ ਲਈ ਮਜਬੂਰ ਕਰ ਰਿਹਾ ਹੈ।

ਦਰਅਸਲ ਜਦੋਂ ਕਮਿਊਨਿਸਟ ਲਹਿਰ ਮਾਰਕਸ-ਏਂਗਲਜ਼ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਵੱਲ ਧਿਆਨ ਦੇਵੇਗੀ ਤਾਂ ਉਸ ਨੂੰ ਸਮਝ ਆਵੇਗੀ ਕਿ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਤੋਂ ਮਾਰਕਸ ਦਾ ਕੀ ਭਾਵ ਸੀ ਤੇ ਰੂਸ, ਚੀਨ ਵਿਚ ਇਹ ਕਿਉਂ ਲਾਗੂ ਨਹੀਂ ਹੋ ਸਕੀ? ਜਦੋਂ ਇਸ ਵਰਤਾਰੇ ਦੀ ਸਮਝ ਆਵੇਗੀ ਤਾਂ ਪਤਾ ਲਗੇਗਾ ਕਿ ਹਰੇਕ ਸਭਿਆਚਾਰ ਤੇ ਧਰਮ ਵਿਚ ਆਦਰਸ਼ਵਾਦੀ ਤੇ ਭੌਤਿਕਵਾਦੀ ਫਿਲਾਸਫੀ ਦੀਆਂ ਧਾਰਾਵਾਂ ਨਾਲੋ-ਨਾਲ ਚਲਦੀਆਂ ਆ ਰਹੀਆਂ ਹਨ, ਪਰ ਮਸਲਾ ਇਨ੍ਹਾਂ ਧਾਰਾਵਾਂ ਨੂੰ ਪਛਾਨਣ ਤੇ ਇਨ੍ਹਾਂ ਦਾ ਸਮਾਜਵਾਦੀ ਲਹਿਰ ਨਾਲ ਸੰਜੋਗ ਕਰਨ ਦਾ ਹੈ।

ਜਦੋਂ ਇਹ ਗੱਲ ਸਮਝ ਆਵੇਗੀ ਤਾਂ ਪਤਾ ਚਲੇਗਾ ਕਿ ਗਾਂਧੀ ਦੀ ਫਿਲਾਸਫੀ ਆਦਰਸ਼ਵਾਦੀ ਅਤੇ ਡਾ. ਅੰਬੇਡਕਰ ਦੀ ਫਿਲਾਸਫੀ ਭੌਤਿਕਵਾਦੀ ਕਿਵੇਂ ਹੈ? ਇਹ ਨਿਖੇੜਾ ਹੋਣ ਪਿਛੋਂ ਹੀ ਕਮਲਾ ਦੇਵੀ ਚਟੋਪਾਧਿਆਏ, ਰਾਮ ਮਨੋਹਰ ਲੋਹੀਆ ਤੇ ਜੈ ਪ੍ਰਕਾਸ਼ ਨਰਾਇਣ ਦੀ ਭਾਰਤੀ ਸਮਾਜ ਬਾਰੇ ਮੌਲਿਕਤਾ ਦਾ ਪਤਾ ਲੱਗੇਗਾ। ਫਿਰ ਹੀ ਪਤਾ ਲੱਗੇਗਾ ਕਿ ਕਾਂਸ਼ੀ ਰਾਮ ਬਿਨਾ ਕਿਸੇ ਆਰਥਕ ਮੰਗ ਨੂੰ ਉਭਾਰਿਆਂ ਸਿਰਫ ਮਨੂਵਾਦ ਦਾ ਵਿਰੋਧ ਕਰਕੇ ਹੀ ਕਮਿਊਨਿਸਟਾਂ ਤੋਂ ਵੱਡੀ ਦਲਿਤ ਲਹਿਰ ਨੂੰ ਕਿਵੇਂ ਇਕਜੁਟ ਕਰ ਸਕਿਆ?

ਇਨ੍ਹਾਂ ਵਰਤਾਰਿਆਂ ਦੀ ਡੂੰਘਾਈ ਵਿਚ ਜਾਣ ਪਿਛੋਂ ਹੀ ਸਾਨੂੰ ਭਾਰਤੀ ਸਮਾਜ ਦੀ ਬਹੁਪਖੀ ਤੇ ਬਹੁਧਰਮੀ ਸਮਾਜ ਦੀ ਬਣਤਰ ਦਾ ਪਤਾ ਲੱਗੇਗਾ, ਜਿਸ ਨੂੰ ਜਾਣੇ ਬਿਨਾ ਅਸੀਂ ਇਸ ਦੇਸ਼ (ਭਾਰਤ) ਵਿਚ ਖੱਬੇ ਪੱਖੀ ਲਹਿਰ ਨੂੰ ਮੁੜ ਤੋਂ ਸੁਰਜੀਤ ਨਹੀਂ ਕਰ ਸਕਦੇ। ਇਸ ਤੋਂ ਬਿਨਾ ਮੋਦੀ ਨੁਮਾ ਆਰ. ਐਸ. ਐਸ. ਦੇ ਫਾਸ਼ੀਵਾਦ ਦਾ ਟਾਕਰਾ ਨਹੀਂ ਕੀਤਾ ਜਾ ਸਕਦਾ।

###

## ਗੁਰੂ ਨਾਨਕ ਦੇਵ ਦਾ ਫਲਸਫਾ ਅਤੇ ਇਸ ਦੀ ਆਧੁਨਿਕ ਪ੍ਰਸੰਗਿਕਤਾ

(ਪਿਛਲੇ ਸਫੇ ਦੀ ਬਾਕੀ)

ਇਥੇ ਗਊਆਂ ਦਾ ਵੱਗ ਹਿੰਦੁਸਤਾਨ ਦੀ ਨਿਹੱਥੀ ਜਨਤਾ ਅਤੇ ਉਨ੍ਹਾਂ ਦੇ ਵਾਗੀ ਲੋਧੀ ਪਠਾਣ ਸਨ। ਬਾਬਰ ਦੇ ਹਵਾਲੇ ਨਾਲ ਹੀ ਗੁਰੂ ਨਾਨਕ ਨੇ ਇਹ ਵੀ ਦੱਸਿਆ ਹੈ ਕਿ ਹਮਲਾਵਰ ਅਤੇ ਜ਼ਾਲਮ ਦਾ ਕੋਈ ਧਰਮ ਨਹੀਂ ਹੁੰਦਾ। ਬਾਬਰ ਦਾ ਧਰਮ ਇਸਲਾਮ ਸੀ, ਪਰ ਉਸ ਦੇ ਹਮਲੇ ਵੇਲੇ ਹਿੰਦੂ ਤੇ ਇਸਲਾਮ-ਦੋਹਾਂ ਧਰਮਾਂ ਦੇ ਲੋਕਾਂ ਅਤੇ ਔਰਤਾਂ ਨੂੰ ਕਸ਼ਟ ਝੱਲਣੇ ਪਏ, ਇੱਜਤਾਂ ਅਤੇ ਸਵੈਮਾਣ ਰੁਲੇ,

> ਕਾਜੀਆ ਬਾਮਣਾ ਕੀ ਗਲ ਥਕੀ
> ਅਗਦੁ ਪੜੈ ਸੈਤਾਨੁ ਵੇ ਲਾਲੋ॥
> ਮੁਸਲਮਾਨੀਆ ਪੜਹਿ ਕਤੇਬਾ
> ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
> ਜਾਤਿ ਸਨਾਤੀ ਹੋਰਿ ਹਿਦਵਾਣੀਆ
> ਏਹਿ ਭੀ ਲੇਖੈ ਲਾਇ ਵੇ ਲਾਲੋ॥
> (ਪੰਨਾ 722)

ਸਮਕਾਲੀ ਸਮਾਜਕ ਅਤੇ ਸਿਆਸੀ ਹਾਲਾਤ ਵਿਚ ਪਰਜਾ ਦੇ ਹੱਕਾਂ ਦੀ ਕਿਹੋ ਜਿਹੀ ਹਾਲਤ ਸੀ, ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਦੱਸਦੇ ਹਨ ਕਿ ਰਾਜੇ ਅਤੇ ਉਨ੍ਹਾਂ ਦੇ ਅਹਿਲਕਾਰ ਆਮ ਜਨਤਾ ਦੀ ਰੱਖਿਆ ਤੇ ਸੇਵਾ ਕਰਨ ਦੀ ਥਾਂ ਉਨ੍ਹਾਂ ਦੀ ਕਈ ਤਰ੍ਹਾਂ ਨਾਲ ਲੁੱਟ-ਖਸੁੱਟ ਕਰ ਰਹੇ ਹਨ। ਇਸ ਸੰਦਰਭ ਵਿਚ ਗੁਰੂ ਹਿਰਨਾਂ, ਬਾਜ਼ਾਂ ਅਤੇ ਦਰਬਾਰੀਆਂ ਦੀ ਮਿਸਾਲ ਦਿੰਦੇ ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਚਤੁਰਾਈ ਲਈ ਜਾਣਿਆ ਜਾਂਦਾ ਹੈ, ਪਰ ਜੋ ਆਪਣੇ ਹੀ ਸਾਥੀਆਂ ਨੂੰ ਘੇਰਨ, ਜਾਲ ਵਿਚ ਫਸਾਉਣ ਦਾ ਜ਼ਰੀਆ ਬਣ ਜਾਂਦੇ ਹਨ, ਉਨ੍ਹਾਂ ਦਾ ਸੋਸ਼ਣ ਕਰਦੇ ਹਨ। ਗੁਰੂ ਨੇ ਰਾਜਿਆਂ ਨੂੰ ਸ਼ੀਂਹ ਅਤੇ ਉਨ੍ਹਾਂ ਦੇ ਕਾਰਿੰਦਿਆਂ ਨੂੰ ਕੁੱਤੇ ਕਿਹਾ ਹੈ, ਜੋ ਮਿਲ ਕੇ ਲੋਕਾਂ ਦਾ ਸ਼ਿਕਾਰ ਕਰ ਰਹੇ ਅਤੇ ਉਨ੍ਹਾਂ ਦਾ ਖੂਨ ਪੀ ਰਹੇ ਹਨ,

> ਹਰਣਾਂ ਬਾਜਾਂ ਤੇ ਸਿਕਦਾਰਾਂ
> ਏਨ੍ਹਾ ਪੜ੍ਹਿਆ ਨਾਉ॥
> ਫਾਂਧੀ ਲਗੀ ਜਾਤਿ ਫਹਾਇਨਿ
> ਅਗੈ ਨਾਹੀ ਥਾਉ॥...
> ਰਾਜੇ ਸੀਹ ਮੁਕਦਮ ਕੁਤੇ॥
> ਜਾਇ ਜਗਾਇਨ੍ਹਿ ਬੈਠੇ ਸੁਤੇ॥ (ਪੰਨਾ 1288)

ਹੋਰ ਦੱਸਿਆ ਹੈ ਕਿ ਪਾਪ ਰਾਜਾ ਹੈ ਤੇ ਲਾਲਚ ਉਸ ਦਾ ਵਜ਼ੀਰ ਹੈ, ਕੂੜ ਉਸ ਦਾ ਸਿੱਕੇ ਬਣਾਉਣ ਵਾਲਾ ਸਰਦਾਰ ਹੈ। ਕਾਮ ਨਾਇਬ ਹੈ, ਜਿਸ ਨਾਲ ਬੈਠ ਕੇ ਸਲਾਹ ਕੀਤੀ ਜਾਂਦੀ ਹੈ, ਭਾਵ ਬੁਰਾਈ ਦਾ ਬੋਲਬਾਲਾ ਹੈ। ਇਸ ਦੇ ਨਾਲ ਹੀ ਉਸ ਵੇਲੇ ਦੀ ਪਰਜਾ ਦਾ ਵੀ ਜ਼ਿਕਰ ਕੀਤਾ ਹੈ ਕਿ ਉਹ ਅਗਿਆਨੀ ਹੋਣ ਕਰਕੇ ਹਰ ਤਰ੍ਹਾਂ ਦਾ ਜ਼ੁਲਮ ਅਤੇ ਸ਼ੋਸ਼ਣ ਸਹੀ ਜਾਂਦੀ ਹੈ,

> ਲਬੁ ਪਾਪੁ ਦੁਇ ਰਾਜਾ ਮਹਤਾ
> ਕੂੜੁ ਹੋਆ ਸਿਕਦਾਰੁ॥
> ਕਾਮੁ ਨੇਬੁ ਸਦਿ ਪੁਛੀਐ
> ਬਹਿ ਬਹਿ ਕਰੇ ਬੀਚਾਰੁ॥
> ਅੰਧੀ ਰਯਤਿ ਗਿਆਨ ਵਿਹੂਣੀ
> ਭਾਹਿ ਭਰੇ ਮੁਰਦਾਰੁ॥ (ਪੰਨਾ 468-69)

ਅੱਜ ਵੀ ਅਸੀਂ ਦੇਖਦੇ ਹਾਂ ਕਿ ਦਲਿਤਾਂ ਅਤੇ ਔਰਤ ਦੇ ਹਵਾਲੇ ਨਾਲ ਸਮਾਜਕ ਨਿਆਂ, ਸਮਾਜਕ ਬਰਾਬਰੀ ਦੀ ਘਾਟ ਉਸੇ ਤਰ੍ਹਾਂ ਰੜਕਦੀ ਹੈ। ਮਨੁੱਖੀ ਹੱਕਾਂ ਦੀ ਉਲੰਘਣਾ ਵੱਡੇ ਪੱਧਰ 'ਤੇ ਜਾਰੀ ਹੈ। ਨਿਜ਼ਾਮ ਬਦਲ ਜਾਣ ਨਾਲ ਵੀ ਮਨੁੱਖੀ ਹਾਲਾਤ ਬਹੁਤੇ ਨਹੀਂ ਬਦਲੇ। ਗੁਰੂ ਨਾਨਕ ਦਾ ਫਲਸਫਾ ਸਰਬਵਿਆਪਕ ਹੈ, ਜੋ ਸਰਬ ਸਮਿਆਂ, ਸਰਬ ਸਥਾਨਾਂ ਅਤੇ ਹਰ ਤਰ੍ਹਾਂ ਦੇ ਹਾਲਾਤ ਵਿਚ ਮਨੁਖ ਲਈ ਰਾਹ ਦਸੇਰਾ ਬਣਨ ਦੇ ਸਮਰੱਥ ਹੈ। ਗੁਰੂ ਜੀ ਨੇ ਨਿਆਂ, ਸਮਾਜਕ ਬਰਬਰੀ ਅਤੇ ਮਨੁੱਖੀ ਹੱਕਾਂ ਦੀ ਵਿਆਖਿਆ ਕਰਦਿਆਂ ਜਿੱਥੇ ਇਨ੍ਹਾਂ ਦੀ ਸਥਾਪਨਾ ਕਰਨ ਦੇ ਰਾਹ ਵਿਚ ਰੋੜਾ ਬਣੀਆਂ ਜਾਂ ਇਨ੍ਹਾਂ ਦਾ ਸ਼ੋਸ਼ਣ ਕਰਨ ਵਾਲੀਆਂ ਏਜੰਸੀਆਂ ਦੀ ਨਿਸ਼ਾਨਦੇਹੀ ਕੀਤੀ ਹੈ, ਉਥੇ ਗਿਆਨਹੀਣ ਪਰਜਾ ਦੀ ਵੀ ਗੱਲ ਕੀਤੀ ਹੈ, ਜੋ ਚੇਤੰਨ ਨਹੀਂ ਹੈ ਅਤੇ ਸਭ ਕੁਝ ਬਰਦਾਸ਼ਤ ਕਰਦੀ ਹੈ। ਅਜਿਹੀ ਪਰਜਾ ਨੂੰ 'ਅੰਨੀ' ਕਿਹਾ ਹੈ। ਗੁਰੂ ਨਾਨਕ ਇਨ੍ਹਾਂ ਤੱਥਾਂ ਦੀ ਕੇਵਲ ਨਿਸ਼ਾਨਦੇਹੀ ਹੀ ਨਹੀਂ ਕਰਦੇ, ਉਹ ਆਵਾਮ ਨੂੰ ਚੇਤੰਨ ਵੀ ਕਰਦੇ ਹਨ ਅਤੇ ਆਦੇਸ਼ ਕਰਦੇ ਹਨ ਕਿ ਸਵੈਮਾਣ ਅਤੇ ਇੱਜਤ ਤੋਂ ਬਿਨਾ ਜੀਣਾ ਲਾਹੇਵੰਦਾ ਨਹੀਂ ਹੋ ਸਕਦਾ,

> ਜੇ ਜੀਵੈ ਪਤਿ ਲਥੀ ਜਾਇ॥
> ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ 142)
> ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ
> ਜਤ ਵਿਣੁ ਕਾਹੇ ਜਨੇਊ॥ (ਪੰਨਾ 903)

ਇਸ ਵਿਚ ਦੋ ਰਾਵਾਂ ਨਹੀਂ ਕਿ ਉਪਰ ਦਿੱਤੀ ਬਾਣੀ ਦਾ ਸਬੰਧ ਮਨੁੱਖ ਦੇ ਆਤਮਕ ਪੱਖ ਨਾਲ ਹੈ, ਪਰ ਗੁਰੂ ਨਾਨਕ ਦਾ ਫਲਸਫਾ ਇਸ ਸੰਸਾਰਕ ਅਮਲ ਵਿਚ ਜੀਣ ਅਤੇ ਥੀਣ ਨਾਲ ਜੁੜਿਆ ਹੋਇਆ ਹੈ। ਇਸ ਲਈ ਇਸ ਸੰਸਾਰ 'ਤੇ ਇੱਜਤ ਨਾਲ ਆਪਣਾ ਸਵੈਮਾਣ ਕਾਇਮ ਰੱਖ ਕੇ ਕਿਵੇਂ ਜੀਣਾ ਹੈ, ਇਸ 'ਤੇ ਵੀ ਲਾਗੂ ਹੁੰਦਾ ਹੈ। ਬਾਬਰ ਦੇ ਹਮਲੇ ਦੇ ਜ਼ਿਕਰ ਨਾਲ ਸੰਕੇਤ ਕੀਤਾ ਹੈ ਕਿ ਮਨੁੱਖ ਨੂੰ ਆਪਣੇ ਆਪ ਦੀ, ਆਪਣੇ ਸਵੈਮਾਣ ਦੀ ਰਾਖੀ ਆਪ ਕਰਨੀ ਪੈਂਦੀ ਹੈ, ਕੋਈ ਜਾਦੂ ਮੰਤਰ, ਪੀਰ, ਦੇਵਤਾ ਕਿਸੇ ਦੀ ਰਾਖੀ ਨਹੀਂ ਕਰਦਾ,

> ਕੋਟੀ ਹੂ ਪੀਰ ਵਰਜਿ ਰਹਾਏ
> ਜਾ ਮੀਰੁ ਸੁਣਿਆ ਧਾਇਆ॥
> ਥਾਨ ਮੁਕਾਮ ਜਲੇ ਬਿਜ ਮੰਦਰ
> ਮੁਛਿ ਮੁਛਿ ਕੁਇਰ ਰੁਲਾਇਆ॥
> ਕੋਈ ਮੁਗਲੁ ਨ ਹੋਆ ਅੰਧਾ
> ਕਿਨੈ ਨ ਪਰਚਾ ਲਾਇਆ॥
> (ਪੰਨਾ 417-18)

ਗੁਰੂ ਸਾਹਿਬ ਚੇਤੰਨ ਕਰਦੇ ਹਨ ਕਿ ਜਦੋਂ ਹਿੰਦ-ਵਾਸੀਆਂ ਨੇ ਸੁਣਿਆ ਕਿ ਮੀਰ (ਬਾਬਰ) ਚੜ੍ਹ ਕੇ ਆ ਰਿਹਾ ਹੈ ਤਾਂ ਕਰੋੜਾਂ ਪੀਰ ਉਸ ਨੂੰ ਜੰਤਰਾਂ-ਮੰਤਰਾਂ ਰਾਹੀਂ ਰੋਕ ਹਟੇ, ਪਰ ਉਹ ਰੁਕਿਆ ਨਹੀਂ ਅਤੇ ਨਾ ਹੀ ਮੰਤਰ ਵਗੈਰਾ ਫੂਕਣ ਨਾਲ ਕੋਈ ਮੁਗਲ ਅੰਨ੍ਹਾ ਹੋਇਆ। ਤਕੀਏ ਤੇ ਟਿਕਾਣੇ ਅਤੇ ਪੱਥਰਾਂ ਵਰਗੇ ਮਜ਼ਬੂਤ ਮੰਦਿਰ ਸੜ ਗਏ। ਗੁਰੂ ਨਾਨਕ ਨੇ ਮਨੁੱਖ ਨੂੰ "ਆਪਨ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥ (ਪੰਨਾ 474)" ਦਾ ਆਦੇਸ਼ ਕੀਤਾ ਹੈ। ਗੁਰੂ ਨੇ ਮਿਲ-ਬੈਠ ਕੇ ਵਿਚਾਰਨ ਲਈ ਸੰਗਤੀ ਮਾਡਲ ਦਿੱਤਾ ਹੈ।

# ਮੂਲ ਨਾਨਕਸ਼ਾਹੀ ਕੈਲੰਡਰ

ਪੰਜਾਬ ਟਾਈਮਜ਼ ਦੇ 29 ਜੂਨ ਦੇ ਅੰਕ (ਸ਼ਿਕਾਗੋ ਐਡੀਸ਼ਨ, ਪੰਨਾ ਦੋ) ਉਤੇ ਸਿੱਖ ਰਿਲਿਜੀਅਸ ਸੁਸਾਇਟੀ (ਗੁਰਦੁਆਰਾ ਪੈਲਾਟਾਈਨ), ਸ਼ਿਕਾਗੋ ਦੇ ਪ੍ਰਬੰਧਕਾਂ ਵੱਲੋਂ ਬਾਕਾਇਦਾ ਰਕਮ ਤਾਰ ਕੇ ਨਾਨਕਸ਼ਾਹੀ ਕੈਲੰਡਰ ਦੇ ਪ੍ਰਚਾਰ ਹਿਤ ਛਪਵਾਇਆ

## ਸੰਪਾਦਕ ਦੀ ਡਾਕ

ਇਸ਼ਤਿਹਾਰ ਧਿਆਨ ਨਾਲ ਪੜ੍ਹਨਾ ਜੀ। ਟਾਈਟਲ ਹੈ, "ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ।" ਸਭ ਤੋਂ ਪਹਿਲਾਂ ਨਜ਼ਰ 'ਅਪਨਾਓ' ਸ਼ਬਦ 'ਤੇ ਜਾਂਦੀ ਹੈ, ਜੋ 'ਅਪਣਾਓ' ਜਾਂ 'ਅਪਣਾਵੋ' ਲਿਖਣਾ ਬਣਦਾ ਸੀ।

ਕੈਲੰਡਰ ਇਕ ਹਾੜ੍ਹ ਤੋਂ ਸ਼ੁਰੂ ਹੋਣਾ ਚਾਹੀਦਾ ਸੀ, ਦੋ ਹਾੜ੍ਹ ਤੋਂ ਕਿਸ ਕਾਰਨ ਸ਼ੁਰੂ ਕੀਤਾ ਹੈ? ਮਾਲਕ ਜਾਣੇ। ਕੈਲੰਡਰ 'ਤੇ 2 ਹਾੜ੍ਹ ਤੋਂ 12 ਸਾਵਣ (16 ਜੂਨ ਤੋਂ 27 ਜੁਲਾਈ 2019) ਦੇ ਦਿਨ ਇਕ ਮਹੀਨੇ ਦੀ ਇਕਾਈ ਵਜੋਂ ਛਾਪੇ ਹਨ, ਪਰ ਮਹੀਨਾ ਤਾਂ 1 ਹਾੜ੍ਹ ਤੋਂ 30 ਹਾੜ੍ਹ ਤਕ ਪੂਰਾ ਹੋ ਜਾਂਦਾ ਹੈ, 12 ਸਾਵਣ ਤਕ ਕਿਵੇਂ ਲੈ ਗਏ?

ਇਸ ਕੈਲੰਡਰ ਵਿਚ ਸਹੀ ਸ਼ਬਦ ਹਾੜ੍ਹ ਦੀ ਥਾਂ 37 ਵਾਰ ਹਾੜ ਗਲਤ ਸ਼ਬਦ ਲਿਖਿਆ ਗਿਆ ਹੈ। ਸੰਸਕ੍ਰਿਤ ਵਿਚ ਇਸ ਮਹੀਨੇ ਦਾ ਨਾਮ ਆਸ਼ਾੜ ਹੈ, ਸੰਸਕ੍ਰਿਤ 'ਸ਼' ਧੁਨੀ ਪੰਜਾਬੀ ਵਿਚ ਕਈ ਵਾਰ ਹਹਾ ਹੋ ਜਾਂਦੀ ਹੈ, ਜਿਸ ਕਰਕੇ ੜਾੜੇ ਦੇ ਪੈਰ ਹੇਠ ਅੱਧਾ ਹਾਹਾ ਪਾਈਦਾ ਹੈ ਤਾਂ ਲਿਖੀਦਾ ਹੈ, ਹਾੜ੍ਹ। ਗੁਰਬਾਣੀ ਵਿਚ ਜੋ ਦੋ ਬਾਰਾਮਾਹੇ ਦਰਜ ਹਨ, ਦੋਹਾਂ ਵਿਚ ਆਸਾੜ ਲਿਖਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਮਹਾਨਕੋਸ਼ ਵਿਚ ਹਾੜ੍ਹ ਲਿਖਦੇ ਹਨ ਜਦੋਂ ਕਿ ਬਗੈਰ ਅੱਧੇ ਹਾਹੇ ਤੋਂ ਹਾੜ ਮਾਇਨੇ ਪ੍ਰੇਤ, ਜਿੰਨ, ਬਦਰੂਹ ਹੁੰਦਾ ਹੈ।

ਅਖਬਾਰ ਵਿਚ ਛਪੇ ਇਸ ਕੈਲੰਡਰ ਉਪਰ ਜਿਵੇਂ ਦਸਿਆ ਹੈ ਕਿ ਇਕ ਹਾੜ੍ਹ ਹੈ ਨਹੀਂ ਪਰ 30 ਹਾੜ੍ਹ ਦੋ ਵਾਰ ਹੈ, 14 ਜੁਲਾਈ ਨੂੰ ਵੀ ਅਤੇ 15 ਜੁਲਾਈ ਨੂੰ ਵੀ, ਕੀ ਕਰਨ? ਹਿਜਰੀ, ਬਿਕ੍ਰਮੀ ਅਤੇ ਨਾਨਕਸ਼ਾਹੀ ਕੈਲੰਡਰ ਪੂਰੀ ਤਰ੍ਹਾਂ ਦੋਸ਼ਮੁਕਤ ਕਰ ਲਏ ਜਾਣ ਤਾਂ ਵੀ ਵਿਹਾਰਕ ਤੌਰ 'ਤੇ ਇਨ੍ਹਾਂ ਦੀ ਵਰਤੋਂ ਨਹੀਂ ਹੋ ਸਕੇਗੀ, ਫਿਰ ਇਸ ਮਗਜ਼ਪਚੀ ਦਾ ਲਾਭ? ਸੀਟਾਂ ਦੀ ਬੁਕਿੰਗ, ਬੈਂਕ ਦੇ ਚੈਕ, ਬੱਚਿਆਂ ਦੀ ਡੇਟ-ਸ਼ੀਟ, ਨੌਕਰੀ ਡਿਊਟੀ ਆਦਿ ਕਦੋਂ ਦੇਸੀ ਕੈਲੰਡਰਾਂ ਅਨੁਸਾਰ ਸ਼ੁਰੂ ਹੁੰਦੀ ਹੈ? ਹਾਂ, ਮੌਲਵੀ, ਭਾਈ ਜੀ ਅਤੇ ਪੁਜਾਰੀ ਵਾਸਤੇ ਇਨ੍ਹਾਂ ਕੈਲੰਡਰਾਂ ਦੀ ਲੋੜ ਰਹੇਗੀ, ਕਿਉਂਕਿ ਉਨ੍ਹਾਂ ਲਈ ਇਹ ਸੋਨੇ ਦੀਆਂ ਮੁਰਗੀਆਂ ਹਨ। ਕੈਲੰਡਰ ਠੀਕ ਕਰਨੇ ਤਾਂ ਅਧਪੜ੍ਹ ਪੁਜਾਰੀਆਂ ਦੇ ਵਸ ਵਿਚ ਨਹੀਂ, ਸ਼ਬਦ-ਜੋੜ ਕਿਸੇ ਪੜ੍ਹੇ ਲਿਖੇ ਤੋਂ ਠੀਕ ਕਰਵਾ ਲਿਆ ਕਰਨ।

-ਡਾ. ਹਰਪਾਲ ਸਿੰਘ ਪੰਨੂ
ਫੋਨ: 91-94642-51454

## ਜਸਵੰਤ ਸਿੰਘ ਕੰਵਲ ਦੀ ਝੰਡੀ-2

# ਸਿਰੜੀ ਤੇ ਹਾਜ਼ਰ ਜੁਆਬ ਐ ਬਾਈ ਕੰਵਲ!

**ਸਾਹਿਤ ਰਤਨ ਜਸਵੰਤ ਸਿੰਘ ਕੰਵਲ 27 ਜੂਨ 2019 ਨੂੰ ਸੌ ਸਾਲਾਂ ਦਾ ਹੋ ਗਿਐ। ਉਸ ਨੇ ਅੱਸੀ ਸਾਲ ਲਿਖਣ ਤੇ ਸੌ ਸਾਲ ਜਿਉਂਦੇ ਰਹਿਣ ਦਾ ਰਿਕਾਰਡ ਰੱਖ ਦਿੱਤੈ। ਵਿਸ਼ਵ ਭਰ 'ਚ ਸ਼ਾਇਦ ਹੀ ਕੋਈ ਨਾਮੀ ਸਾਹਿਤਕਾਰ ਹੋਵੇ ਜਿਸ ਨੇ ਅੱਸੀ ਵਰ੍ਹੇ ਲਗਾਤਾਰ ਲਿਖਿਆ ਹੋਵੇ ਤੇ ਸੌ ਸਾਲ ਜੀਵਿਆ ਹੋਵੇ। ਬਰਨਾਰਡ ਸ਼ਾਅ, ਬਰਟਰੰਡ ਰੱਸਲ ਤੇ ਖੁਸ਼ਵੰਤ ਸਿੰਘ ਜਿਹੇ ਨਾਮੀ ਲੇਖਕ ਸੈਂਚਰੀ ਮਾਰਦੇ ਮਾਰਦੇ ਰਹਿ ਗਏ। ਆਖਰ ਇਹ ਸੈਂਚਰੀ ਇਕ ਪੰਜਾਬੀ ਲੇਖਕ ਦੇ ਹਿੱਸੇ ਆਈ। ਆਲੋਚਕ ਤੇ ਲੇਖਕ, ਸਭ ਮੰਨਦੇ ਹਨ ਕਿ ਕੰਵਲ ਨੇ ਪੰਜਾਬੀ ਦੇ ਸਭ ਤੋਂ ਵੱਧ ਪਾਠਕ ਪੈਦਾ ਕੀਤੇ ਹਨ।**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਜਸਵੰਤ ਸਿੰਘ ਕੰਵਲ ਅਲਬੇਲਾ, ਅਨੋਖਾ, ਦਿਲਚਸਪ ਤੇ ਦਿਲਦਾਰ ਲੇਖਕ ਹੈ। ਉਹ ਨਾਵਲਕਾਰ ਵੀ ਹੈ, ਕਹਾਣੀਕਾਰ ਵੀ, ਕਵੀ ਵੀ ਤੇ ਨਿਬੰਧਕਾਰ ਵੀ। ਉਸ ਨੇ ਰੇਖਾ ਚਿੱਤਰ ਵੀ ਲਿਖੇ ਹਨ। ਉਹ ਜਜ਼ਬਾਤੀ, ਰੁਮਾਂਟਿਕ ਤੇ ਆਦਰਸ਼ਵਾਦੀ ਹੈ। ਉਹਦੀ ਸ਼ੈਲੀ ਲੋਹੜੇ ਦੀ ਹੈ ਤੇ ਉਹ ਪੰਜਾਬੀਅਤ ਦਾ ਸ਼ੈਦਾਈ ਹੈ। ਮਾੜਾ ਮੋਟਾ ਪੰਗੇ-ਹੱਥਾ ਵੀ ਹੈ। ਅਕਸਰ ਅੜਦਾ ਹੈ ਤੇ ਅੜ ਕੇ ਮੰਨਦਾ ਹੈ। ਉਹਦੀ ਅੜੀ ਸੱਚਮੁੱਚ ਹੀ ਜੱਟਾਂ ਵਾਲੀ ਹੈ। ਲੰਘ ਜਾਣ ਤਾਂ ਗੱਡੇ ਲੰਘ ਜਾਣ, ਅੜ ਜਾਵੇ ਤਾਂ ਕੀੜੀ ਨਹੀਂ ਲੰਘਣ ਦਿੰਦਾ। ਬੁਨਿਆਦੀ ਤੌਰ 'ਤੇ ਉਹ ਸੁਹਿਰਦ ਸਾਹਿਤਕਾਰ ਹੈ। ਪੰਜਾਬੀ ਵਿਚ ਉਸ ਦੇ ਪਾਠਕ ਸਭ ਤੋਂ ਵੱਧ ਹਨ। ਇਸੇ ਕਰਕੇ ਉਹ ਸਭ ਤੋਂ ਵੱਧ ਰਾਇਲਟੀ ਲੈਂਦੈ। ਪ੍ਰਕਾਸ਼ਕਾਂ ਨਾਲ ਉਹਦੀ ਅੜ-ਫਸ ਹੁੰਦੀ ਹੀ ਰਹਿੰਦੀ ਹੈ। ਕਿਸੇ ਨਾਲ ਰੁੱਸ ਜਾਂਦੈ, ਕਿਸੇ ਨਾਲ ਮੰਨ ਜਾਂਦੈ। ਲਾਹੌਰ ਬੁੱਕ ਸ਼ਾਪ ਵਾਲੇ ਜੀਵਨ ਸਿੰਘ ਨਾਲ ਆੜੀ ਵੀ ਰਹੀ ਤੇ ਵਿਗੜੀ ਵੀ ਰਹੀ।

**ਪ੍ਰਿੰ. ਸਰਵਣ ਸਿੰਘ**
**ਫੋਨ: 905-799-1661**

ਚਿੱਠੀਆਂ ਦੇ ਦੌਰ ਵਿਚ ਉਹਨੂੰ ਪਾਠਕਾਂ ਦੀਆਂ ਸੈਂਕੜੇ ਚਿੱਠੀਆਂ ਆਉਂਦੀਆਂ ਰਹੀਆਂ। ਉਹ ਉਨ੍ਹਾਂ ਦਾ ਜੁਆਬ ਵੀ ਦਿੰਦਾ ਰਿਹਾ। ਬਹੁਤੀਆਂ ਦਾ ਜਵਾਬ ਪੋਸਟ ਕਾਰਡਾਂ ਉਤੇ ਹੁੰਦਾ। ਉਸ ਦੀਆਂ ਪਾਠਕਾਂ ਨੂੰ ਲਿਖੀਆਂ ਚਿੱਠੀਆਂ ਹੀ 'ਕੱਠੀਆਂ ਕਰਨੀਆਂ ਹੋਣ ਤਾਂ ਉਨ੍ਹਾਂ ਦਾ ਵੱਡਾ ਸੰਗ੍ਰਿਹ ਬਣ ਸਕਦੈ। ਚਿੱਠੀਆਂ 'ਚੋਂ ਉਹਨੇ ਖੱਟਿਆ ਵੀ ਬਹੁਤ। ਡਾ. ਜਸਵੰਤ ਗਿੱਲ ਉਹਨੂੰ ਚਿੱਠੀਆਂ ਰਾਹੀਂ ਹੀ ਮਿਲੀ। ਕੰਵਲ ਦੀ ਲਿਖਾਈ ਖੁਸ਼ਖ਼ਤ ਹੈ। ਸਿਹਾਰੀਆਂ ਬਿਹਾਰੀਆਂ ਲੰਮੀਆਂ ਲਾਉਂਦੈ ਜਿਵੇਂ ਅੱਖਰਾਂ ਦੇ ਸਿਰਾਂ ਉਤੇ ਜ਼ੁਲਫਾਂ ਸਜਾਈਆਂ ਹੋਣ। ਲਿਖਦਾ ਸੰਘਣੈ, ਪਰ ਅੱਖਰ 'ਤੇ ਅੱਖਰ ਜਾਂ ਸਤਰ 'ਤੇ ਸਤਰ ਨਹੀਂ ਚਾੜ੍ਹਦਾ। ਅੱਖਰ ਇਕਸਾਰ ਚਿਣੇ ਹੁੰਦੇ ਨੇ।

ਕੰਵਲ ਦਾ ਲਿਖਿਆ ਇਕ ਸਫਾ ਕਿਤਾਬ ਦਾ ਡੇਢ ਸਫਾ ਬਣ ਜਾਂਦੈ। ਲਿਖਤ 'ਚ ਉਹ ਬਹੁਤੀ ਕੱਟ ਵੱਢ ਨਹੀਂ ਕਰਦਾ। ਲਿਖਦਾ ਕਲਿਪ ਨਾਲ ਟੰਗੇ ਤਖ਼ਤੀ ਉਤਲੇ ਕਾਗਜ਼ਾਂ ਉਤੇ ਹੈ। ਕਾਗਜ਼ਾਂ ਦਾ ਉਹ ਪੂਰਾ ਸਰਫਾ ਕਰਦੈ। ਕਈ ਵਾਰ ਤਾਂ ਉਨ੍ਹਾਂ ਕਾਗਜ਼ਾਂ ਨੂੰ ਵੀ ਵਰਤ ਲੈਂਦੈ, ਜਿਨ੍ਹਾਂ ਦਾ ਇਕ ਪਾਸਾ ਛਪਿਆ ਤੇ ਦੂਜਾ ਪਾਸਾ ਖਾਲੀ ਹੁੰਦੈ। ਉਂਜ ਵੀ ਉਹ ਸੰਜਮੀ ਤੇ ਸਰਫੇ-ਹੱਥਾ ਹੈ। ਮੈਂ ਉਸ ਨੂੰ ਕਦੇ ਖੁੱਲ੍ਹਾ ਖਰਚਾ ਕਰਦੇ ਨਹੀਂ ਵੇਖਿਆ, ਪਰ ਵਿਦਿਅਕ ਸੰਸਥਾਵਾਂ ਨੂੰ ਬਣਦਾ ਸਰਦਾ ਦਾਨ ਦੇਣ 'ਚ ਉਹ ਕਦੇ ਨਹੀਂ ਖੁੰਝਿਆ, ਦਿੰਦਾ ਭਾਵੇਂ ਸੀਮਤ ਸੀ। ਪਿੰਡ ਦੀ ਹਰ ਸਾਂਝੀ ਜਗ੍ਹਾ ਵਿਚ ਉਸ ਦਾ ਯੋਗਦਾਨ ਹੈ। ਢੁੱਡੀਕੇ ਕਾਲਜ ਦੇ ਤਕੜੇ ਖਿਡਾਰੀਆਂ ਦੀ ਉਸ ਨੇ ਹਮੇਸ਼ਾ ਹੌਸਲਾ ਅਫਜ਼ਾਈ ਕੀਤੀ ਤੇ ਢੁੱਡੀਕੇ ਦੇ ਖੇਡ ਮੇਲੇ ਵਿਚ ਖਿਡਾਰੀਆਂ ਦੇ ਸਿਰਾਂ ਤੋਂ ਇਨਾਮ ਵਾਰੇ। ਇਕ ਵਾਰ ਕਿਸੇ ਖਿਡਾਰੀ ਨੂੰ ਸੌ ਰੁਪਿਆ ਦਿੱਤਾ ਤਾਂ ਲਾਲਾ ਮੋਹਨ ਲਾਲ ਕਹਿਣ ਲੱਗਾ, "ਇਕ ਸੌ ਇਕ ਦਿਓ।"

ਕੰਵਲ ਦੀ ਹਾਜ਼ਰ ਜੁਆਬੀ ਵੇਖੋ, "ਲਾਲਾ, ਜਿਹੜਾ ਸੌ ਦਿੰਦਾ ਉਹ ਇਕ ਸੌ ਇਕ ਵੀ ਦੇ ਦਿਊ, ਪਰ ਤੂੰ ਲਾਲਿਆਂ ਵਾਲੀ ਗੱਲ ਈ ਕੀਤੀ।"

ਹੁਣ ਮੈਂ ਕੈਨੇਡਾ ਤੋਂ ਜਾ ਕੇ ਕੰਵਲ ਨੂੰ ਮਿਲਦਾ ਤੇ ਸਿਹਤ ਬਾਰੇ ਪੁੱਛਦਾ ਹਾਂ ਤਾਂ ਉਹਦਾ ਜਵਾਬ ਹੁੰਦੈ, "ਮੇਰੀ ਸਿਹਤ ਤਾਂ ਠੀਕ ਐ, ਪਰ ਪੰਜਾਬ ਦੀ ਖਰਾਬ ਐ। ਬਚਾ ਲਓ, ਜੇ ਬਚਾ ਹੁੰਦਾ। ਮੈਂ ਬਥੇਰੀਆਂ ਦੁਹਾਈਆਂ ਦੇ ਰਿਹਾਂ, ਪਰ ਕੋਈ ਸੁਣ ਈ ਨੀਂ ਰਿਹਾ। ਪੰਜਾਬ ਖੁਰ ਰਿਹੈ, ਖਤਮ ਹੋ ਰਿਹੈ, ਕੀ ਬਣੂੰ ਪੰਜਾਬ ਦਾ? ਪੂਰਬੀਆਂ ਦੀਆਂ ਧਾੜਾਂ ਚੜ੍ਹੀਆਂ ਆਉਂਦੀਆਂ ਨੇ, ਪੰਜਾਬ ਨੇ ਘੱਟ ਗਿਣਤੀ 'ਚ ਰਹਿ ਜਾਣੈ। ਪੰਜਾਬ ਦੀ ਕਰੀਮ ਬਾਹਰ ਨੂੰ ਤੁਰੀ ਜਾਂਦੀ ਐ ਤੇ ਹਿੰਦਵੈਣ ਪੰਜਾਬ ਨੂੰ ਤੁਰੀ ਆਉਂਦੀ ਐ। ਪੰਜਾਬ ਦਾ ਆਪਣੇ ਕੌਮੀ ਘਰ ਬਿਨਾ ਨਹੀਂ ਸਰਨਾ। ਕੌਮੀ ਘਰ ਬਿਨਾ ਕਾਹਦੀ ਇੱਜਤ? ਬਾਰ ਪਰਾਏ ਬੈਸਣਾ ਸਾਈਂ ਮੁਝੇ ਨਾ ਦੇਹ, ਜੇ ਤੂੰ ਏਵੇਂ ਰਖਸੀ ਜੀਉ ਸਰੀਰਹੁ ਲੇਹ।"

ਅੱਜ ਕੱਲ੍ਹ ਉਹਦੇ ਬੋਲਾਂ ਤੇ ਲਿਖਤਾਂ ਵਿਚ ਉਲਾਂਭੇ ਹਨ, ਮਿਹਣੇ ਹਨ, ਵੈਣ ਹਨ ਤੇ ਕੀਰਨੇ ਹਨ। ਤੜਪ ਹੈ, ਝੋਰਾ ਹੈ ਤੇ ਝੁੰਜਲਾਹਟ ਹੈ। ਉਹ ਸਿਆਸੀ ਨੇਤਾਵਾਂ ਨੂੰ ਆਰਾਂ ਲਾਉਂਦਾ ਹੈ ਤੇ ਕਈ ਵਾਰ ਬੋਲ ਕਬੋਲ ਬੋਲਦਾ ਉਖੜਿਆ ਲੱਗਦਾ ਹੈ। ਉਨ੍ਹਾਂ ਦੇ ਨਾਂ ਖੁੱਲ੍ਹੀਆਂ ਚਿੱਠੀਆਂ ਛਪਵਾਉਂਦਾ ਰਿਹਾ ਹੈ। ਭਈਆਂ ਦੇ ਪੰਜਾਬ ਆਉਣ ਅਤੇ ਪੰਜਾਬੀਆਂ ਦੇ ਬਾਹਰ ਜਾਣ 'ਤੇ ਔਖਾ ਹੈ। ਉਹ ਸ਼ਾਇਦ ਭੁੱਲ ਗਿਆ ਹੈ ਕਿ ਪੰਜਾਬ ਸਦਾ ਹੀ ਆਉਣ-ਜਾਣ ਵਾਲਿਆਂ ਦੀ ਧਰਤੀ ਰਹੀ ਹੈ। ਇਥੇ ਲੋਕ ਆਉਂਦੇ ਵੀ ਰਹੇ ਤੇ ਜਾਂਦੇ ਵੀ ਰਹੇ। ਕੁਝ ਵਸ ਗਏ, ਕੁਝ ਉਜੜ ਗਏ।

ਆਰੀਆਂ ਦੇ ਆਉਣ ਤੋਂ ਪਹਿਲਾਂ ਵਾਲੇ ਪੰਜਾਬੀ ਦਰਾਵੜ ਤਾਂ ਧੱਕੀਂਦੇ ਸ੍ਰੀਲੰਕਾ ਤਕ ਪਹੁੰਚ ਗਏ। ਜੈਸਲਮੇਰ ਦੇ ਸਿੱਧੂ ਰਾਜਪੂਤ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਰਾਜੇ ਮਹਾਰਾਜੇ ਬਣੇ। ਹੁਣ ਉਨ੍ਹਾਂ ਨੂੰ ਰਾਜਸਥਾਨੀ ਕਹੋਗੇ ਜਾਂ ਪੰਜਾਬੀ? ਪੰਜਾਬ ਉਸੇ ਦਾ ਹੋਣਾ, ਜੀਹਨੇ ਪੰਜਾਬ ਵਿਚ ਵਸਣੈ। ਭਈਏ ਆ ਵਸਣਗੇ ਤਾਂ ਉਹ ਵੀ ਕੈਪਟਨ ਅਮਰਿੰਦਰ ਸਿੰਘ ਦੇ ਵੱਡ ਵਡੇਰਿਆਂ ਵਾਂਗ ਪੰਜਾਬੀ ਬਣ ਜਾਣਗੇ। ਹੁਣ ਵੀ ਸਰਕਾਰੀ ਸਕੂਲਾਂ ਵਿਚ ਪੰਜਾਬੀ ਵਧੇਰੇ ਕਰ ਕੇ ਭਈਆਂ ਦੇ ਬੱਚੇ ਪੜ੍ਹ ਰਹੇ ਹਨ, ਜਦ ਕਿ ਖਾਂਦੇ ਪੀਂਦੇ ਪੰਜਾਬੀਆਂ ਦੇ ਬੱਚੇ ਅੰਗਰੇਜ਼ੀ ਤੇ ਹਿੰਦੀ ਦੇ ਲੜ ਲੱਗ ਰਹੇ ਹਨ। ਦੱਸੋ ਕਿਹੜਾ ਅਸਲੀ ਪੰਜਾਬੀ ਹੈ ਤੇ ਕਿਹੜਾ ਨਾਉਧਰਿਕ?

ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਸਦੀਆਂ ਤੋਂ ਕਿਰਤੀ ਕਾਮਿਆਂ ਤੇ ਆਮ ਲੋਕਾਈ ਨੇ ਅਪਨਾਇਆ ਹੈ। ਹੁਕਮਰਾਨ ਤੇ ਧਨਵਾਨ ਤਾਂ ਸਦਾ ਹੀ ਲੋਕ ਬੋਲੀ ਤੇ ਸਭਿਆਚਾਰ ਤੋਂ ਕੰਨੀ ਕਤਰਾਉਂਦੇ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਸਮੇਂ ਪੰਜਾਬੀ ਰਾਜ ਭਾਸ਼ਾ ਨਹੀਂ ਸੀ ਬਣਾਈ ਗਈ। ਉਦੋਂ ਪੰਜਾਬੀ ਨੂੰ ਦਰਬਾਰੀਆਂ ਨੇ ਨਹੀਂ ਸੀ ਅਪਨਾਇਆ। ਹੁਣ ਵੀ ਪੰਜਾਬੀ ਪੰਜਾਬ ਦੇ ਰੱਜੇ ਪੁੱਜੇ ਸਰਦਾਰਾਂ ਦੀ ਜ਼ੁਬਾਨ ਨਹੀਂ। ਉਹ ਤਾਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਤੇ ਹਿੰਦੀ ਮਾਧਿਅਮ ਵਾਲੇ ਸਕੂਲਾਂ ਵਿਚ ਪੜ੍ਹਾਉਂਦੇ ਹਨ, ਜਦ ਕਿ ਕੰਮੀ ਕਮੀਣਾਂ ਤੇ ਭਈਆਂ ਦੇ ਬੱਚੇ ਹੀ ਪੰਜਾਬੀ ਮਾਧਿਅਮ ਵਾਲੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ। ਇਥੋਂ ਅੰਦਾਜ਼ਾ ਲਾ ਲਓ, ਭਲਕ ਨੂੰ ਪੰਜਾਬੀ ਭਾਸ਼ੀ ਕੌਣ ਹੋਣਗੇ ਤੇ ਅੰਗਰੇਜ਼ੀ/ਹਿੰਦੀ ਭਾਸ਼ੀ ਕੌਣ?

ਪੰਜਾਬ ਖੁਰ ਕੀਹਦੇ ਹੱਥੋਂ ਰਿਹੈ ਤੇ ਖਤਮ ਕੌਣ ਕਰ ਰਿਹੈ? ਗੁਰੂਆਂ ਦੀ ਸਿੱਖਿਆ 'ਕਿਰਤ ਕਰੋ' ਦੇ ਲੜ ਪੰਜਾਬ ਦੇ ਖਾਂਦੇ ਪੀਂਦੇ ਸਰਦਾਰ ਲੱਗੇ ਹੋਏ ਹਨ ਜਾਂ ਭਈਆਂ ਦੇ ਰੂਪ ਵਿਚ ਆਏ ਕਿਰਤੀ ਕਾਮੇ? ਭਈਏ ਜੇ ਸਿੱਖ ਸਜਣ ਵੱਲ ਵਧ ਰਹੇ ਹਨ ਤੇ ਕੇਸਾਂ ਵਾਲੇ ਕੇਸ ਕਟਾ ਰਹੇ ਹਨ ਤਾਂ ਕਸਰ ਕਿਥੇ ਹੈ? ਵਿਧਾਨ ਅਨੁਸਾਰ ਪੰਜਾਬੀ ਪੰਜਾਬ ਦੀ ਰਾਜ ਭਾਸ਼ਾ ਹੈ, ਪਰ ਪੰਜਾਬ ਦੇ ਸਿਆਸਤਦਾਨ, ਅਫਸਰ, ਮੋਹਤਬਰ ਤੇ ਈਲੀਟ ਵਰਗ ਦੇ ਲੋਕ ਕੀ ਪੰਜਾਬੀ ਨੂੰ ਦਿਲੋਂ ਰਾਜ ਭਾਸ਼ਾ ਮੰਨ ਰਹੇ ਹਨ? ਕੀ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਮਾਧਿਅਮ ਵਾਲੇ ਸਕੂਲਾਂ ਵਿਚ ਪੜ੍ਹਾ ਰਹੇ ਹਨ? ਕਿਤੇ ਕਹਿਣੀ ਹੋਰ ਤੇ ਕਰਨੀ ਹੋਰ ਤਾਂ ਨਹੀਂ? ਕੀ ਕੇਸ ਦਾੜ੍ਹੀ ਰੱਖਣ ਜਾਂ ਪੰਜਾਬ 'ਚ ਜੰਮਣ ਨਾਲ ਹੀ ਕੋਈ ਸੱਚਾ ਪੰਜਾਬੀ ਬਣ ਜਾਂਦੈ? ਕੰਵਲ ਸਾਹਿਬ ਨੂੰ ਇਹ ਪੱਖ ਵੀ ਵਿਚਾਰ ਲੈਣੇ ਚਾਹੀਦੇ ਸਨ।

ਕੰਵਲ ਸਾਲ ਕੁ ਪਹਿਲਾਂ ਤਕ ਤੁਰਦਾ ਫਿਰਦਾ ਨੇੜੇ ਤੇ ਕਾਰ ਉਤੇ ਦੂਰ ਤਕ ਜਾ ਆਉਂਦਾ ਸੀ। ਕਾਨਫਰੰਸਾਂ, ਸੈਮੀਨਾਰ, ਰੂਬਰੂ ਤੇ ਮੇਲਿਆਂ ਗੇਲਿਆਂ 'ਚ ਜਾਂਦਾ ਰਹਿੰਦਾ ਸੀ। ਭੋਗਾਂ 'ਤੇ ਘੱਟ ਜਾਂਦਾ ਸੀ ਤੇ ਵਿਆਹ ਵੀ ਘੱਟ ਵੇਖਦਾ ਸੀ। ਮੈਂ ਗੁਰਭਜਨ ਗਿੱਲ ਦੀ ਜੰਨ ਜ਼ਰੂਰ ਲੈ ਗਿਆ ਸਾਂ ਤੇ ਮੇਰੇ ਪੁੱਤਰਾਂ ਦੀ ਜੰਨ ਵੀ ਉਹ ਚੜ੍ਹਿਆ ਸੀ। ਉਂਜ ਉਹ ਵਿਆਹ ਸ਼ਾਦੀਆਂ 'ਤੇ ਜਾਣ ਨੂੰ ਆਪਣਾ ਸਮਾਂ ਬਰਬਾਦ ਕਰਨਾ ਹੀ ਸਮਝਦੈ।

ਕੰਵਲ ਨੇ ਪਹਿਲਾਂ ਪਹਿਲ ਫਿਲਮਾਂ ਤੇ ਨਾਟਕ ਬਹੁਤ ਵੇਖੇ ਪਰ ਪਿੱਛੋਂ ਘਟ ਗਏ। ਖੇਡ ਮੇਲੇ ਸਾਊਥਹਾਲ, ਬਰਮਿੰਘਮ, ਟੋਰਾਂਟੋ ਤੇ ਵੈਨਕੂਵਰ ਤਕ ਜਾ ਵੇਖੇ। ਅਸੀਂ ਵਿਦੇਸ਼ਾਂ ਦੇ ਪੰਜਾਬੀ ਖੇਡ ਮੇਲਿਆਂ 'ਚ ਅਕਸਰ ਇਕੱਠੇ ਹੋ ਜਾਂਦੇ ਰਹੇ ਹਾਂ। ਉਸ ਨੇ ਅਨੇਕਾਂ ਮੁਲਕਾਂ ਦੀ ਇਕ ਵਾਰ ਨਹੀਂ, ਕਈ ਕਈ ਵਾਰ ਸੈਰ ਕੀਤੀ ਹੈ। ਏਸ਼ੀਆ, ਉਤਰੀ ਅਮਰੀਕਾ ਤੇ ਯੂਰਪ ਵਾਰ ਵਾਰ ਗਾਹ ਮਾਰਿਆ, ਪਰ ਰੂਸ ਤੇ ਚੀਨ ਨਹੀਂ ਜਾ ਸਕਿਆ। ਅਨੇਕਾਂ ਅਜਾਇਬ ਘਰ ਵੇਖੇ ਤੇ ਇਤਿਹਾਸਕ ਥਾਂਵਾਂ ਦੀ ਯਾਤਰਾ ਕੀਤੀ। ਹੜੱਪਾ ਤੇ ਮਹਿੰਜੋਦੜੋ ਦੇ ਖੰਡਰ ਵੇਖੇ ਤੇ ਮਿਸਰ ਦੇ ਪੈਰਾਮਿਡ। ਟੋਰਾਂਟੋ ਦੇ ਸੀ. ਐਨ. ਟਾਵਰ 'ਤੇ ਚੜ੍ਹਿਆ ਤੇ ਲੰਡਨ ਦੀ ਚੰਡੋਲ ਝੂਟੀ। ਨਿਆਗਰਾ ਫਾਲਜ਼ ਦੇ ਨਜ਼ਾਰੇ ਤੇ ਡਿਜ਼ਨੀਲੈਂਡ ਦੀਆਂ ਢਾਣੀਆਂ ਲਈਆਂ। ਕਲਮ ਦੇ ਸਿਰ 'ਤੇ ਉਹ ਹਵਾਈ ਜਹਾਜ਼ਾਂ ਦਾ ਸਵਾਰ ਬਣਿਆ।



ਸੋਲਾਂ ਸਤਾਰਾਂ ਸਾਲ ਦੀ ਉਮਰ ਤੋਂ ਲੈ ਕੇ ਨੱਬੇ ਸਾਲ ਦੀ ਉਮਰ ਤਕ ਉਹ ਸਮੁੰਦਰੀ ਤੇ ਹਵਾਈ ਜਹਾਜ਼ਾਂ ਦਾ ਸ਼ਾਹਸਵਾਰ ਰਿਹਾ। ਮਲਾਇਆ, ਸਿੰਗਾਪੁਰ ਤੇ ਵਲਾਇਤ ਤਾਂ ਉਹਨੇ ਮੋਗਾ-ਜਗਰਾਵਾਂ ਬਣਾ ਛੱਡੇ ਸਨ। ਉਹਨੂੰ ਘੁਮਾਉਣ ਫਿਰਾਉਣ ਵਿਚ ਉਹਦੇ ਪਾਠਕਾਂ ਦਾ ਸਭ ਤੋਂ ਵੱਧ ਹੱਥ ਸੀ। ਉਹ ਤਾਂ ਅਜੇ ਵੀ ਉਸ ਨੂੰ ਸੱਦਦੇ ਹਨ, ਪਰ ਕੰਵਲ ਤੋਂ ਹੁਣ ਵਿਦੇਸ਼ਾਂ ਵਿਚ ਜਾ ਨਹੀਂ ਹੁੰਦਾ। ਪਿੱਛੇ ਜਿਹੇ ਮਨ ਬਣਾ ਵੀ ਲਿਆ ਸੀ। ਸੰਭਵ ਹੈ, ਇਕ ਅੱਧਾ ਗੇੜਾ ਮਾਰ ਹੀ ਬਹੇ। ਉਹਦੇ ਹਾਣੀ ਹਰਕਿਸ਼ਨ ਸਿੰਘ ਸੁਰਜੀਤ, ਅੰਮ੍ਰਿਤਾ ਪ੍ਰੀਤਮ ਤੇ ਕਵੀਸ਼ਰ ਕਰਨੈਲ ਸਿੰਘ ਪਾਰਸ ਹੋਰੀਂ ਕਦੋਂ ਦੇ ਚੱਲ ਵਸੇ ਨੇ। ਖੁਸ਼ਵੰਤ ਸਿੰਘ ਤੇ ਕਰਤਾਰ ਸਿੰਘ ਦੁੱਗਲ ਵੀ ਨਹੀਂ ਰਹੇ।

ਕੰਵਲ ਦੇ 90ਵੇਂ ਜਨਮ ਦਿਨ ਤੋਂ ਲੈ ਕੇ ਹੁਣ ਤਕ ਉਹਦਾ ਜਨਮ ਦਿਨ ਹਰ ਸਾਲ ਪਿੰਡ ਢੁੱਡੀਕੇ ਵੱਲੋਂ ਮਨਾਇਆ ਜਾ ਰਿਹੈ। ਢੁੱਡੀਕੇ ਦਾ ਲਾਜਪਤ ਰਾਏ ਖੇਡ ਮੇਲਾ ਕੰਵਲ ਦੀ ਪਹਿਲਕਦਮੀ ਨਾਲ 1956 ਵਿਚ ਸ਼ੁਰੂ ਹੋਇਆ ਸੀ। ਉਦੋਂ ਉਹ ਪਿੰਡ ਦਾ ਸਰਪੰਚ ਸੀ ਤੇ ਉਸ ਨੇ ਲੜਾਈਆਂ ਝਗੜਿਆਂ ਦਾ ਮੂੰਹ ਖੇਡ ਮੁਕਾਬਲਿਆਂ ਵੱਲ ਮੋੜ ਦਿੱਤਾ ਸੀ।

ਪੰਜਾਬੀ ਸੂਬੇ ਲਈ ਮੋਰਚੇ ਬੇਸ਼ਕ ਅੰਮ੍ਰਿਤਸਰੋਂ ਲੱਗਦੇ ਰਹੇ ਪਰ ਨਿਰੋਲ ਭਾਸ਼ਾ ਦੇ ਆਧਾਰ 'ਤੇ ਸੈਕੂਲਰ ਪੰਜਾਬੀ ਸੂਬੇ ਦਾ ਮਤਾ ਢੁੱਡੀਕੇ ਦੀ ਧਰਮਸਾਲਾ ਵਿਚ ਪਾਸ ਹੋਇਆ ਸੀ, ਜਿਸ ਦਾ ਸੱਦਾ ਗਿਆਨੀ ਹੀਰਾ ਸਿੰਘ ਦਰਦ ਤੇ ਕੰਵਲ ਨੇ ਦਿੱਤਾ ਸੀ। ਮਾਸਟਰ ਤਾਰਾ ਸਿੰਘ ਤੇ ਕੁਝ ਹੋਰ ਸਿੱਖ ਸਿਆਸਤਦਾਨਾਂ ਨੇ ਪੰਜਾਬੀ ਸੂਬੇ ਦੀ ਮੰਗ ਅੰਦਰਖਾਤੇ ਸਿੱਖ ਬਹੁਗਿਣਤੀ ਵਾਲੇ ਸੂਬੇ ਨਾਲ ਰਲਗੱਡ ਕੀਤੀ ਹੋਈ ਸੀ। ਗ੍ਰਿਹ ਮੰਤਰੀ ਗੁਲਜ਼ਾਰੀ ਲਾਲ ਨੰਦਾ ਨੇ ਫਿਰ ਕੂਟਨੀਤਕ ਚਾਲ ਚਲਦਿਆਂ ਸਿੱਖ ਬਹੁਗਿਣਤੀ ਵਾਲਾ ਸੂਬਾ ਤਾਂ ਬਣਾ ਦਿੱਤਾ, ਪਰ ਪੰਜਾਬੀ ਬੋਲਦੇ ਕਈ ਇਲਾਕੇ ਪੰਜਾਬੀ ਸੂਬੇ ਤੋਂ ਬਾਹਰ ਰੱਖ ਲਏ। ਲੰਗੜਾ ਪੰਜਾਬੀ ਸੂਬਾ ਬਣਾਉਣ 'ਚ ਕਸੂਰ ਦੋਹਾਂ ਧਿਰਾਂ ਦਾ ਸੀ।

ਕੰਵਲ ਦੀਆਂ ਲਿਖਤਾਂ ਵਿਚ ਪੰਜਾਬੀ ਮੁਸਲਮਾਨ ਪਾਤਰ ਨਿਸਬਤਨ ਘੱਟ ਹਨ, ਹਾਲਾਂ ਕਿ 1919 ਤੋਂ 1947 ਤਕ ਉਹ ਬਚਪਨ ਤੇ ਜੁਆਨੀ ਵਿਚ ਉਨ੍ਹਾਂ ਦੇ ਅੰਗ-ਸੰਗ ਰਿਹਾ ਸੀ। ਦਲਿਤ ਪਾਤਰ ਵੀ ਨਿਸਬਤਨ ਘੱਟ ਹਨ। ਉਸ ਦੇ ਬਹੁਤੇ ਪਾਤਰ ਪੰਜਾਬ ਦੇ ਜੱਟ ਕਿਸਾਨ ਹਨ। ਉਹ ਸੰਗੀਤ ਦਾ ਸ਼ੌਕੀਨ ਹੈ ਤੇ ਗਾਉਣ ਵਾਲੀਆਂ ਤਵਾਇਫਾਂ ਦੇ ਰਾਗ ਰੰਗ ਦਾ ਬੜੀ ਸ਼ਿੱਦਤ ਨਾਲ ਵਰਨਣ ਕਰਦੈ। ਵੇਦਾਂਤ ਦਾ ਗਿਆਨ ਹੈ ਤੇ ਉਰਦੂ ਦੀ ਸ਼ੇਅਰੋ ਸ਼ਾਇਰੀ ਦੇ ਅਦਬ ਆਦਾਬ ਦੀ ਵੀ ਸਾਰ ਹੈ। ਮਲਿਕਾ-ਏ-ਤਰੰਨੁਮ ਨੂਰ ਜਹਾਂ, ਗੌਹਰ ਜਾਨ, ਪਾਕ ਨਗੀਨਾ ਬਾਈ ਤੇ ਅਲਾਹੀ ਜਾਨ ਬਾਰੇ ਉਹਦੇ ਲੇਖ ਕਮਾਲ ਦੇ ਹਨ।

ਕੰਵਲ ਦੀ ਪਹਿਲੀ ਪ੍ਰਸਿੱਧੀ ਖੱਬੇਪੱਖੀ ਲੇਖਕ ਹੋਣ ਕਰਕੇ ਹੋਈ ਸੀ। ਉਸ ਨੇ ਕਦੇ ਹੁਸਨ ਇਸ਼ਕ ਦੀਆਂ ਬਾਤਾਂ ਪਾਈਆਂ ਤੇ ਕਦੇ ਕਿਸਾਨਾਂ ਦੀ ਹੋ ਰਹੀ ਲੁੱਟ ਖਸੁੱਟ ਦੇ ਮਸਲੇ ਉਭਾਰੇ। ਕਦੇ ਪੰਜਾਬ ਨਾਲ ਹੋਏ ਧੱਕਿਆਂ ਦੀ ਹੂ ਪਾਹਰਿਆ ਕੀਤੀ। ਕਦੇ ਸੈਕੂਲਰ ਹੋਇਆ, ਕਦੇ ਪੰਥਕ। ਕਦੇ ਇਨਕਲਾਬੀ, ਕਦੇ ਸੁਧਾਰਕ। ਕਦੇ ਕਾਮਰੇਡਾਂ ਨਾਲ, ਕਦੇ ਨਕਸਲੀਆਂ ਨਾਲ, ਕਦੇ ਅਕਾਲੀਆਂ ਨਾਲ, ਕਦੇ ਖਾਲਿਸਤਾਨੀਆਂ ਨਾਲ ਤੇ ਕਦੇ ਮਨਪ੍ਰੀਤ ਬਾਦਲ ਨਾਲ। ਉਹ ਆਪਣੇ ਆਪ ਨੂੰ ਕਿਸੇ ਪਾਰਟੀ ਦਾ ਨਹੀਂ, ਲੋਕਾਂ ਦਾ ਲੇਖਕ ਕਹਿੰਦੈ। ਪੰਜਾਬ ਤੇ ਕਿਸਾਨੀ ਦਾ ਦਰਦ ਉਹਦੇ ਦਿਲੋਂ ਬੋਲਦੈ। ਉਸ ਦੀਆਂ ਅਜੋਕੀਆਂ ਕਿਤਾਬਾਂ ਦੇ ਨਾਂ ਪੜ੍ਹੋ 'ਪੰਜਾਬੀਓ! ਜੀਣਾ ਐ ਕਿ ਮਰਨਾ?' 'ਕੌਮੀ ਲਲਕਾਰ' ਤੇ 'ਪੰਜਾਬ! ਤੇਰਾ ਕੀ ਬਣੂੰ?'

ਮੈਂ ਜਿੰਨੀ ਰੀਝ ਨਾਲ ਉਸ ਦੀਆਂ ਪਹਿਲੀਆਂ ਲਿਖਤਾਂ ਪੜ੍ਹਦਾ ਸਾਂ, ਉਨੀ ਰੀਝ ਨਾਲ ਮਗਰਲੀਆਂ ਨਹੀਂ ਪੜ੍ਹ ਹੁੰਦੀਆਂ। ਉਹ ਦਿਨੋ ਦਿਨ ਵਧੇਰੇ ਉਪਭਾਵਕ ਹੋਈ ਜਾ ਰਿਹੈ। ਉਹਦੀ ਅਜੋਕੀ ਲਿਖਤ ਦੇ ਨਮੂਨੇ ਵੇਖੋ:

"ਹੁਣ ਪੰਜਾਬ ਦੇ ਕਾਂਗਰਸੀ ਕੇਂਦਰ ਦੇ ਗੁਲਾਮ, ਜਿਥੇ ਮਰਜ਼ੀ ਅੰਗੂਠੇ ਲੁਆਉਣ, ਹੁੱਤ ਨਹੀਂ ਕਰਨਗੇ। ਅਕਾਲੀ ਤੇਰੇ ਪੈ ਗਏ ਜਨ ਸੰਘੀਆਂ ਦੀ ਝੋਲੀ, ਦੋਵੇਂ ਭੁੱਖੇ ਬਘਿਆੜ, ਪੰਜਾਬ ਕਿਵੇਂ ਬਚੇਗਾ? ਨੀਅਤ ਦੇ ਚੋਰਾਂ, ਪੰਜਾਬ ਦੇ ਦੁੱਧ ਤੋਂ ਤਰਦੀ ਤਰਦੀ ਮਲਾਈ ਲਾਹ ਲਈ; ਲੱਸੀ ਵੀ ਕੋਈ ਕਰਮਾਂ ਵਾਲਾ ਪੀ ਲਵੇ ਵਾਹ ਭਲੀ, ਨਹੀਂ ਹਾਲ ਕੋਈ ਨੀ। ਰਾਜਸੀ ਦਵਣ ਸੱਟ ਇਸ ਤਰ੍ਹਾਂ ਹੀ ਰਹੀ, ਪੰਜਾਬ ਦੇ ਦਰਿਆਵਾਂ ਦਾ ਪਾਣੀ ਵੀ ਬੋਲੋ ਰਾਮ ਹੋ ਚੁਕਾ ਸਮਝੋ। ਜਿਸ ਪੰਜਾਬ ਵਿਚ ਦਰਿਆਵਾਂ ਦੀਆਂ ਲਹਿਰਾਂ ਝੱਲੀਆਂ ਨਹੀਂ ਸਨ ਜਾਂਦੀਆਂ, ਹਾੜ ਬੋਲਣ ਵਾਲਾ ਹੈ। ਮੈਨੂੰ ਦੋਸ਼ ਕਾਹਤੋਂ ਦੇਂਦਾ ਏਂ, ਆਪਣੇ ਦੋਸ਼ੀ ਕਾਂਗਰਸੀਆਂ, ਅਕਾਲੀਆਂ ਤੇ ਜਨ ਸੰਘੀਆਂ ਨੂੰ ਧੌਣੋਂ ਫੜ।"

"ਗੁਰੂ ਦੇ ਲਾਡਲੇ ਪੰਜਾਬ! ਤੂੰ ਹੁਣ ਕਿਵੇਂ ਜੀਵੇਂਗਾ? ਤੇਰਾ ਤਾਂ ਅੱਗਾ ਪਿੱਛਾ ਦੁਸ਼ਮਣਾਂ ਜੜ੍ਹਾਂ ਤਕ ਛਾਂਗ ਸੁੱਟਿਆ। ਤੇਰਾਂ ਲੱਖ ਟਿਊਬਵੈੱਲਾਂ, ਤੇਰੀ ਤਾਂ ਅੱਡੀਆਂ ਤਕ ਰੱਤ ਚੂਸ ਲਈ। ਕਾਂਗਰਸੀ ਤਾਂ ਆਖਦੇ ਸਨ, ਡਾਕੂ ਅੰਗਰੇਜ਼ ਦੇ ਜਾਣ ਪਿੱਛੋਂ ਤੇਰੀਆਂ ਸ਼ਾਨਾਂ ਮਾਨਾਂ ਨਿਰਾਲੀਆਂ ਹੀ ਹੋਣਗੀਆਂ। ਕਿਥੇ ਹੈ ਉਹ ਚੜ੍ਹਦੀ ਕਲਾ? ਪੁੱਤਾਂ ਪੋਤਰਿਆਂ ਵਾਲਾ ਤੂੰ ਤਾਂ ਦੁਨੀਆਂ ਦੇ ਨਕਸ਼ੇ ਤੋਂ ਲਹਿਣ ਵਾਲਾ ਹੋ ਗਿਆ ਏਂ। ਤੇਰਾ ਮੰਦੜਾ ਹਾਲ ਵੇਖ, ਮੇਰੀ ਕਲਮ ਦਾ ਸਾਹ-ਸਤ ਰੁਕਿਆ ਪਿਆ ਹੈ। ਤੇਰਾ ਹੁਣ ਕੀ ਬਣੂੰ ਭਾਨਿਆਂ?"

"ਮੇਰੀ ਦੁੱਖਾਂ ਦਰਦਾਂ ਵਿਚ ਭਿੱਜੀ ਫਤਿਹ ਪ੍ਰਵਾਨ ਕਰਨੀ। ਤੁਹਾਡਾ ਆਪਣਾ, ਕੌਮੀ ਦੁੱਖਾਂ ਦਰਦਾਂ ਦਾ ਮਾਰਿਆ, ਆਪਣੇ ਪਾਠਕਾਂ ਦੇ ਦਰਦ ਦਾ ਭਾਈਵਾਲ: ਜਸਵੰਤ ਸਿੰਘ ਕੰਵਲ।"

'ਲਹੂ ਦੀ ਲੋਅ' ਨੂੰ ਮਿਲਿਆ ਸਰਕਾਰੀ ਇਨਾਮ ਕੰਵਲ ਨੇ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਜਿਸ ਸਰਕਾਰ ਨੇ ਨਕਸਲੀ ਮੁੰਡੇ ਮਾਰੇ ਹਨ, ਮੈਂ ਉਸ ਸਰਕਾਰ ਦਾ ਇਨਾਮ ਨਹੀਂ ਲੈ ਸਕਦਾ। ਪਿੱਛੋਂ ਸਾਰੀਆਂ ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਦੇ ਪੁਰਸਕਾਰ ਪ੍ਰਵਾਨ ਕਰ ਲਏ। ਸ਼੍ਰੋਮਣੀ ਸਾਹਿਤਕਾਰ ਦਾ ਸਭ ਤੋਂ ਵੱਡਾ ਸਰਕਾਰੀ ਇਨਾਮ ਵੀ ਲੈ ਲਿਆ। ਉਸ ਨੇ 'ਸਾਹਿਤ ਟਰਸਟ ਢੁੱਡੀਕੇ' ਬਣਾ ਕੇ ਸੌ ਕੁ ਲੇਖਕਾਂ ਨੂੰ ਬਾਵਾ ਬਲਵੰਤ, ਬਲਰਾਜ ਸਾਹਨੀ ਤੇ ਡਾ. ਜਸਵੰਤ ਗਿੱਲ ਯਾਦਗਾਰੀ ਪੁਰਸਕਾਰ ਦਿੱਤੇ ਹਨ। ਉਹ ਸਖੀ ਵੀ ਹੈ ਤੇ ਸੂਮ ਵੀ। ਇਕ ਹੱਥ ਨਾਲ ਦਿੰਦੈ, ਦੂਜੇ ਨਾਲ ਲੈ ਲੈਂਦੈ। ਉਹ ਵਾਰਤਕਕਾਰ ਵੀ ਹੈ ਤੇ ਕਵੀ ਵੀ:

ਸੱਜਣ ਵਸੇਂਦੇ ਪਾਰ ਓ ਯਾਰ,
ਸੱਜਣ ਵਸੇਂਦੇ ਪਾਰ!
ਜਾਣੇ ਕਿਹੜਾ ਹਾਲ ਮਨਾਂ ਦੇ,
ਪੁੱਠੇ ਚਾਲੇ ਏਸ ਝਨਾਂ ਦੇ,
ਡੋਬੇ ਅੱਧ ਵਿਚਕਾਰ ਓ ਯਾਰ,
ਸੱਜਣ ਵਸੇਂਦੇ ਪਾਰ ਓ ਯਾਰ!
ਆਸ਼ਕ ਵੇਖੋ ਮੁੜੇ ਨਾ ਮੋੜੇ,
ਸਿਦਕ ਉਨ੍ਹਾਂ ਦਾ ਸੂਲੀ ਤੋੜੇ,
ਪੀੜਾਂ ਰਹਿਣ ਉਰਾਰ ਓ ਯਾਰ,
ਸੱਜਣ ਵਸੇਂਦੇ ਪਾਰ...।

ਉਹਦੀਆਂ ਸਾਕ ਸਕੀਰੀਆਂ ਦੁਆਬੇ, ਮਾਲਵੇ ਤੋਂ ਹਰਿਆਣੇ ਤਕ ਹਨ। ਉਹ ਲੂੰਗੀ ਲਾ ਕੇ, ਹੱਥ 'ਚ ਕਿਤਾਬ ਫੜ ਕੇ, ਪੜ੍ਹਦਾ-ਪੜ੍ਹਦਾ ਪਿੰਡ ਦੀ ਫਿਰਨੀ 'ਤੋਂ ਦੀ ਗੇੜੇ ਦਿੰਦਾ ਰਿਹੈ ਤੇ ਜੁਆਕਾਂ ਦੇ ਸਿਰਾਂ 'ਚ ਠੋਲੇ ਮਾਰ ਕੇ ਖੁਸ਼ ਹੁੰਦਾ ਰਿਹੈ। ਘੋਨਿਆਂ ਦੇ ਬੋਦੇ ਮਰੋੜਦਾ ਰਿਹੈ ਤੇ ਕੌਡੀਆਂ ਬੰਟੇ ਖੇਡਦਾ ਰਿਹੈ। ਤੁਰਿਆ ਜਾਂਦਾ ਥਾਪੀ ਮਾਰ ਕੇ ਬੱਚਿਆਂ ਨੂੰ ਕੌਡੀ ਖੇਡਣ ਲਈ ਵੰਗਾਰਦਾ ਰਿਹੈ। ਪੈਰਾਂ ਭਾਰ ਬਹਿ ਕੇ ਸਾਥੀਆਂ ਨਾਲ ਤਾਸ਼ ਖੇਡਦਾ ਤੇ ਸ਼ਤਰੰਜ ਦੀਆਂ ਬਾਜ਼ੀਆਂ ਲਾਉਂਦਾ ਰਿਹੈ। ਕਾਲਜ ਦੇ ਲੈਕਚਰਾਰਾਂ ਤੇ ਲੇਖਕਾਂ ਨਾਲ ਪੂਰਨਮਾਸ਼ੀਆਂ ਮਨਾਉਂਦਾ ਰਿਹੈ। ਉਹ ਇੰਗਲੈਂਡ ਗਿਆ ਤਾਂ ਸਾਨੂੰ ਚਿੱਠੀ ਲਿਖਣੀ ਪਈ, "ਕਦੋਂ ਮੋੜੇ ਪਾਓਗੇ? ਹੁਣ ਸਾਡੀ ਅੱਸੂ-ਕੱਤੇ ਦੀ ਪੂਰਨਮਾਸ਼ੀ ਦਾ ਕੀ ਬਣੂੰ?"

ਉਹ ਵੀ ਦਿਨ ਸਨ! ਪੁੰਨਿਆਂ ਦੀ ਚਾਨਣੀ 'ਚ ਅਸੀਂ ਟਾਂਗੇ 'ਤੇ ਚੜ੍ਹ ਜਾਂਦੇ। ਸੁੰਨੀ ਸੜਕ ਉਤੇ ਘੋੜੇ ਦੇ ਪੌੜ ਖੜਕਦੇ। ਆਸੇ ਪਾਸੇ ਰੁੱਖ ਝੂਮਦੇ। ਪੈਲੀਆਂ 'ਤੇ ਤ੍ਰੇਲ ਪਈ ਹੁੰਦੀ। ਕੰਵਲ ਕਥਾ ਕਰੀ ਜਾਂਦਾ। ਟੋਭੇ 'ਚ ਪਾਣੀ ਲਿਸ਼ਕਦਾ ਦਿਸਦਾ। ਉਸ ਵਿਚ ਤਾਰੇ ਟਿਮਟਮਾਉਂਦੇ ਤੇ ਰਾਤ ਸ਼ਾਂ ਸ਼ਾਂ ਕਰਦੀ। ਉਤੋਂ ਚਾਨਣੀ ਡੁੱਲ੍ਹ ਡੁੱਲ੍ਹ ਪੈਂਦੀ।

ਢੁੱਡੀਕੇ ਦੇ ਖੇਡ ਮੇਲੇ ਵਿਚ ਕੰਵਲ ਤੇ ਮੈਂ 'ਕੱਠੇ ਕੁਮੈਂਟਰੀ ਕਰਦੇ। ਉਹ ਖਿਡਾਰੀ ਦੇ ਲਾਲ ਰੰਗ ਦੇ ਕੱਛੇ 'ਚੋਂ ਇਨਕਲਾਬ ਭਾਲਦਾ। ਫਿਰ ਕਦੇ ਬਗਿਆਂ ਨੂੰ ਭੰਡਦਾ, ਕਦੇ ਨੀਲਿਆਂ ਨੂੰ ਤੇ ਕਦੇ ਲਾਲਾਂ ਨੂੰ ਵੀ ਨਾ ਬਖਸ਼ਦਾ।

ਇਕ ਵਾਰ ਅਸੀਂ ਵਿਸਲਾਂ ਫੜ੍ਹੀ ਕਬੱਡੀ ਦਾ ਮੈਚ ਖਿਡਾ ਰਹੇ ਸਾਂ। ਕੰਵਲ ਇਕ ਧੱਕੜ ਧਾਵੀ ਦੀ ਫੇਟ ਵਿਚ ਆ ਗਿਆ ਜਿਸ ਨਾਲ ਹੌਲੇ ਫੁੱਲ ਕੰਵਲ ਦੀਆਂ ਲੋਟਣੀਆਂ ਲੱਗ ਗਈਆਂ। ਉਹਦੀ ਪੱਗ ਲਹਿ ਗਈ, ਗੁਲਬੰਦ ਖੁੱਲ੍ਹ ਗਿਆ, ਘੜੀ ਡਿੱਗ ਪਈ ਪਰ ਅਸ਼ਕੇ ਕੰਵਲ ਦੇ ਕਿ ਵਿਸਲ ਉਹਦੇ ਮੂੰਹ ਵਿਚ ਹੀ ਰਹੀ। ਉਸ ਨੇ ਵਿਸਲ ਵਜਾ ਕੇ ਪੁਆਇੰਟ ਦਿੱਤਾ ਤੇ ਪੱਗ ਲੱਕ ਦੁਆਲੇ ਲਪੇਟ ਕੇ ਅਗਲੀ ਕਬੱਡੀ ਪੁਆਉਣ ਲੱਗਾ। ਇਹੋ ਜਿਹਾ ਸਿਰੜ ਹੈ, ਬਾਈ ਕੰਵਲ ਦਾ। ਇਸੇ ਸਿਰੜ ਨੇ ਉਹਤੋਂ ਸੈਂਚਰੀ ਮਰਵਾ ਦਿੱਤੀ ਐ!

*(ਚਲਦਾ)*

# ਮੇਰੇ ਹਿੱਸੇ ਦਾ ਜਸਵੰਤ ਸਿੰਘ ਕੰਵਲ

**ਜਨਮ-ਸ਼ਤਾਬਦੀ ਸਾਲ ਨੂੰ ਸਮਰਪਿਤ**

**ਵਰਿਆਮ ਸਿੰਘ ਸੰਧੂ**
ਫੋਨ: 1-416-918-5212

ਜਸਵੰਤ ਸਿੰਘ ਕੰਵਲ ਬਾਰੇ ਅਗਲੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇਕ ਗੱਲ ਸੁਣਦੇ ਜਾਓ।

ਵੱਡੇ ਲੇਖਕ ਤੇ ਵੱਡੀਆਂ ਲਿਖਤਾਂ ਕੌਮਾਂ ਤੇ ਬੰਦਿਆਂ ਦਾ ਜੀਵਨ ਬਦਲ ਦਿੰਦੀਆਂ ਨੇ। ਲੇਖਕ ਨੂੰ ਖੁਦ ਪਤਾ ਨਹੀਂ ਹੁੰਦਾ ਕਿ ਉਹਨੇ ਕਿਸ ਕਿਸ ਦੇ ਜੀਵਨ ਨੂੰ ਅਛੋਪਲੇ ਜਿਹੇ ਬਦਲ ਦਿੱਤਾ ਏ।

1962-63 ਦੀ ਗੱਲ ਹੋਵੇਗੀ। ਮੈਥੋਂ ਉਮਰੋਂ ਵੱਡੇ ਮੇਰੇ ਇਕ ਦੋਸਤ ਦਾ ਵਿਆਹ ਹੋ ਚੁਕਾ ਸੀ। ਉਹ ਨਾ-ਖੁਸ਼ ਸੀ। ਉਹਦੇ ਹਿਸਾਬ ਨਾਲ ਉਹਦੀ ਪਤਨੀ 'ਸੋਹਣੀ' ਨਹੀਂ ਸੀ। ਉਹ ਉਹਨੂੰ ਛੱਡ ਦੇਣਾ ਚਾਹੁੰਦਾ ਸੀ। ਮੈਂ ਇਸ ਦੇ ਹੱਕ ਵਿਚ ਨਹੀਂ ਸਾਂ। ਉਹਦੀ ਪਤਨੀ ਦਾ ਭਲਾ ਕੀ ਕਸੂਰ ਸੀ!

ਉਨ੍ਹੀਂ ਦਿਨੀਂ ਅਸੀਂ ਆਪਣੇ ਸ਼ੰਕੇ ਤੇ ਸਵਾਲ ਵੱਡੇ ਲੇਖਕਾਂ ਨਾਲ ਸਾਂਝੇ ਕਰ ਕੇ ਉਨ੍ਹਾਂ ਤੋਂ ਜਵਾਬ ਪੁੱਛਦੇ ਰਹਿੰਦੇ। ਮੈਂ ਕੰਵਲ ਨੂੰ ਆਪਣੇ ਦੋਸਤ ਦੀ ਸਮੱਸਿਆ ਦੱਸ ਕੇ ਹੱਲ ਪੁੱਛਿਆ ਤਾਂ ਤੀਜੇ ਦਿਨ ਪੋਸਟਕਾਰਡ 'ਤੇ ਲਿਖਿਆ ਕੰਵਲ ਦਾ ਜਵਾਬ ਮਿਲ ਗਿਆ। ਉਹਨੇ ਲਿਖਿਆ ਸੀ ਕਿ ਵਿਆਹ ਤੋਂ ਪਹਿਲਾਂ 'ਤੁਹਾਡਾ ਦੋਸਤ ਕੋਈ ਵੀ ਫੈਸਲਾ ਲੈ ਸਕਦਾ ਸੀ, ਪਰ ਵਿਆਹ ਤੋਂ ਪਿੱਛੋਂ ਆਪਣੀ ਬੇਕਸੂਰ ਪਤਨੀ ਨਾਲ ਇਹ ਸਲੂਕ ਕਰਨਾ ਬਿਲਕੁਲ ਨਾਵਾਜਬ ਹੈ। ਆਪਣੇ ਦੋਸਤ ਨੂੰ ਕਹਿਣਾ, "ਕਈ ਵਾਰ ਕਾਲੇ ਮੋਤੀ ਵੀ ਕੀਮਤੀ ਹੁੰਦੇ ਨੇ!"

ਕੰਵਲ ਦੇ ਸ਼ਬਦਾਂ ਦਾ ਅਜਿਹਾ ਅਸਰ ਪਿਆ ਕਿ ਮੇਰੇ ਦੋਸਤ ਨੇ ਖਤ ਪੜ੍ਹਨ ਤੋਂ ਬਾਅਦ ਪਤਨੀ ਨੂੰ ਛੱਡਣ ਦਾ ਇਰਾਦਾ ਤਰਕ ਕਰ ਦਿੱਤਾ। ਬੜੀ ਸਫਲ ਵਿਆਹੁਤਾ ਜ਼ਿੰਦਗੀ ਬਤੀਤ ਕੀਤੀ। ਉਹਦੀ ਪਤਨੀ ਸਾਰੀ ਉਮਰ ਮੇਰੀ ਸ਼ੁਕਰਗੁਜ਼ਾਰ ਰਹੀ ਤੇ ਕਹਿੰਦੀ ਰਹੀ, "ਮੇਰਾ ਘਰ ਤਾਂ ਵਰਿਆਮ ਭਾ ਜੀ ਨੇ ਵੱਸਦਾ ਰੱਖਿਆ!" ਪਰ ਉਹਦਾ ਘਰ ਤਾਂ ਜਸਵੰਤ ਸਿੰਘ ਕੰਵਲ ਦੀ ਇਕ ਸਤਰ, 'ਕਈ ਵਾਰ ਕਾਲੇ ਮੋਤੀ ਵੀ ਕੀਮਤੀ ਹੁੰਦੇ ਨੇ!' ਨੇ ਵੱਸਦਾ ਰੱਖਿਆ ਸੀ।

ਜਸਵੰਤ ਸਿੰਘ ਕੰਵਲ ਨੇ ਪਤਾ ਨਹੀਂ ਕਿੰਨਿਆਂ ਦੀ ਜ਼ਿੰਦਗੀ ਵਿਚ ਤਬਦੀਲੀ ਲਿਆਂਦੀ। ਹਿਸਾਬ ਕਰਨਾ ਔਖਾ ਏ। ਮੇਰੀ ਜ਼ਿੰਦਗੀ ਨੂੰ ਬਦਲਣ ਵਿਚ ਉਹਦੀਆਂ ਲਿਖਤਾਂ ਦਾ ਨੁਮਾਇਆ ਹਿੱਸਾ ਹੈ।

ਚੜ੍ਹਦੀ ਉਮਰੇ ਮੈਂ ਜਸਵੰਤ ਸਿੰਘ ਕੰਵਲ ਦੀਆਂ ਲਿਖਤਾਂ ਦਾ ਸ਼ੈਦਾਈ ਸਾਂ। ਸੋਚਦਾ, ਕਿਹੋ ਜਿਹਾ ਹੋਵੇਗਾ ਉਹ ਪਿੰਡ, ਉਹ ਇਲਾਕਾ, ਉਥੋਂ ਦੇ ਲੋਕ, ਜਿੱਥੇ ਕੰਵਲ ਵੱਸਦਾ ਹੈ; ਸਾਹ ਲੈਂਦਾ ਹੈ। ਕੈਸੇ ਹੋਣਗੇ ਉਹ ਰਾਹ, ਜਿਨ੍ਹਾਂ 'ਤੇ ਕੰਵਲ ਤੁਰਦਾ ਹੈ!

ਉਹਦੀਆਂ ਕਿਤਾਬਾਂ ਵਿਚ ਪਤਾ ਲਿਖਿਆ ਹੁੰਦਾ, "ਪਿੰਡ ਤੇ ਡਾਕਘਰ ਢੁਡੀਕੇ, ਤਹਿਸੀਲ ਮੋਗਾ, ਜਿਲਾ ਫਿਰੋਜ਼ਪੁਰ।"

1961 ਵਿਚ ਮੈਂ ਆਪਣੇ ਦਾਦੇ ਕੋਲ ਅਬੋਹਰ ਗਿਆ ਤਾਂ ਮੋਗੇ ਵਿਚ ਤੁਰੇ ਫਿਰਦੇ, ਬੱਸ ਵਿਚ ਬੈਠੇ ਉਹਦੀ ਉਮਰ ਦੇ ਹਰ ਬੰਦੇ ਵਿਚੋਂ ਕੰਵਲ ਦਾ ਝੌਲਾ ਪੈਂਦਾ। ਕਿਤੇ ਆਹ ਕੰਵਲ ਹੀ ਨਾ ਹੋਵੇ! ਔਹ ਕੰਵਲ ਤਾਂ ਨਹੀਂ?

ਕੰਵਲ ਦੀ ਖੁਸ਼ਬੂ ਮੇਰੇ ਚਾਰ ਚੁਫੇਰੇ ਪਸਰੀ ਹੋਈ ਸੀ। ਕੰਵਲ ਲਈ ਮੁਹੱਬਤ ਦਾ ਇਹ ਝੱਲ ਹੀ ਤਾਂ ਸੀ! ਕੋਈ ਲੇਖਕ ਤੁਹਾਡੇ ਅੰਦਰ-ਬਾਹਰ ਦਾ ਏਨਾ ਵੱਡਾ ਹਿੱਸਾ ਹੋ ਸਕਦਾ ਏ! ਸੋਚਦਾ ਹਾਂ ਤਾਂ ਆਪਣੀ ਮਾਸੂਮੀਅਤ 'ਤੇ ਹਾਸਾ ਵੀ ਆਉਂਦਾ ਹੈ ਤੇ ਕੰਵਲ ਉਤੇ ਲਾਡ ਵੀ।

ਮੈਂ ਕਵਿਤਾ ਤੇ ਕਹਾਣੀਆਂ ਲਿਖਦਾ। ਮੇਰੇ ਵਿਚੋਂ ਕੰਵਲ ਬੋਲਦਾ। ਵਿਚ-ਵਿਚ ਨਾਨਕ ਸਿੰਘ ਤੇ ਗੁਰਬਖਸ਼ ਸਿੰਘ ਪ੍ਰੀਤਲੜੀ ਵੀ। ਇਹ ਤੇ ਪੰਜਾਬੀ ਦੇ ਸਾਰੇ ਵੱਡੇ ਲੇਖਕ ਮੇਰੇ ਸਾਹਿਤਕ ਬਾਪ ਹਨ। ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਹੀ ਮੇਰੇ ਅੰਦਰ ਵਿਚਾਰਧਾਰਕ ਤੇ ਲਿਖਣ-ਅੰਦਾਜ਼ ਦੇ ਬੀਜ ਡਿੱਗੇ। ਉਨ੍ਹੀਂ ਦਿਨੀਂ ਕੰਵਲ ਦੇ 'ਰਾਤ ਬਾਕੀ ਹੈ' ਵਾਲੇ ਪੈਟਰਨ 'ਤੇ ਇਕ ਨਾਵਲ ਵੀ ਲਿਖ ਮਾਰਿਆ, ਜੋ ਜਲੰਧਰੋਂ ਛਪਦੇ ਸਪਤਾਹਿਕ 'ਨਵੀਂ ਦੁਨੀਆਂ' ਵਿਚ ਛਪਿਆ।

ਬਚਪਨ ਤੇ ਜਵਾਨੀ ਦੀਆਂ ਬਰੂਹਾਂ 'ਤੇ ਬਹਿ ਕੇ 'ਰਾਤ ਬਾਕੀ ਹੈ' ਪੜ੍ਹਿਆ ਤਾਂ 'ਚਰਨ' ਹੋਣਾ ਤੇ ਬਣਨਾ ਮੇਰਾ ਆਦਰਸ਼ ਬਣ ਗਿਆ। ਇਨਕਲਾਬ ਲਈ, ਸਮਾਜਕ ਤਬਦੀਲੀ ਲਈ ਸਿਰ ਧੜ ਦੀ ਬਾਜ਼ੀ ਲਾਉਣ ਦਾ ਅਜ਼ਮ ਮੇਰੇ ਧੁਰ ਅੰਦਰ ਦਾ ਹਿੱਸਾ ਬਣ ਗਿਆ। ਖਿਆਲੀ 'ਰਾਜ' ਦੇ ਨਾਲ ਖਿਆਲੀ ਆਦਰਸ਼ਕ ਅਸਰੀਰੀ-ਮੁਹੱਬਤ ਮੇਰੀ ਹੋਂਦ ਦਾ ਹਿੱਸਾ ਹੀ ਹੋ ਗਏ। ਔਰਤ ਦੀ ਇੱਜਤ ਤੇ ਮਾਣ-ਸਨਮਾਨ ਮੇਰੀ ਸੋਚ ਦਾ ਅੰਗ ਬਣ ਗਏ।

1963 ਵਿਚ ਮੇਰੀਆਂ ਕੁਝ ਕਹਾਣੀਆਂ ਪੜ੍ਹ ਕੇ ਸਾਹਿਤਕ ਮੱਸ ਰੱਖਣ ਵਾਲੇ ਮੇਰੇ ਇਕ ਅਧਿਆਪਕ ਨੇ ਪੁੱਛਿਆ, "ਤੇਰੀਆਂ ਕਹਾਣੀਆਂ ਵਿਚ ਜਿਹੜੀ ਕੁੜੀ ਵਾਰ ਵਾਰ ਦਿਸਦੀ ਹੈ, ਉਹ ਕੌਣ ਹੈ? ਕਿਸ ਨਾਲ ਇਸ਼ਕ ਹੈ ਤੈਨੂੰ?"

ਮੈਂ ਕਿਹਾ, "ਅਸਲ ਵਿਚ ਇਹ ਕੋਈ ਨਹੀਂ, ਕਿਧਰੇ ਵੀ ਨਹੀਂ। ਹਕੀਕਤ ਵਿਚ ਮੇਰੀ ਕੋਈ ਪ੍ਰੇਮਿਕਾ ਨਹੀਂ। ਮੈਂ ਤਾਂ 'ਰਾਤ ਬਾਕੀ ਹੈ' ਦੀ ਰਾਜ ਨੂੰ ਪਿਆਰ ਕਰਦਾਂ। ਓਹੋ ਹੈ ਮੇਰੀ ਪ੍ਰੇਮਿਕਾ।"

ਉਹ ਮੇਰਾ 'ਮੂਰਖਾਨਾ' ਜਵਾਬ ਸੁਣ ਕੇ ਹੱਸ ਪਿਆ।

ਕੰਵਲ ਦੀਆਂ ਉਹ ਲਿਖਤਾਂ ਅੱਜ ਪੜ੍ਹਾਂ ਤਾਂ ਮੈਂ ਵੀ ਆਪਣੇ ਆਪ 'ਤੇ ਹੱਸ ਪਵਾਂ। ਕੰਵਲ ਮੇਰੀ ਹੁਣ ਦੀ ਉਮਰ ਦਾ ਲੇਖਕ ਨਹੀਂ। ਮੇਰੀ ਜਵਾਨੀ ਦਾ ਲੇਖਕ ਹੈ। ਗੋਹੀ ਹੋਈ ਕੱਚੀ ਮਿੱਟੀ ਦਾ ਘੁਮਿਆਰ। ਮਿੱਟੀ ਨੂੰ ਚੱਕ 'ਤੇ ਚੜ੍ਹਾਇਆ ਤੇ ਘੁਮਾਟੀ ਦਿੱਤੀ। ਆਪਣੀ ਮਰਜ਼ੀ ਦੀ ਸ਼ਕਲ ਬਣਾ ਦਿੱਤੀ। ਘੁੰਮ ਰਹੇ ਬੰਦੇ ਦਾ ਸਿਰ ਵੀ ਘੁੰਮਣ ਲੱਗ ਜਾਂਦਾ।

ਅਸਲ ਵਿਚ ਨਵ-ਉਮਰੇ ਲੋਕਾਂ ਦਾ ਲੇਖਕ ਰਿਹਾ ਹੈ, ਕੰਵਲ। ਉਹ ਅਜਿਹਾ ਜਾਦੂ ਸੀ ਜੋ ਪਾਠਕਾਂ ਦੇ ਸਿਰ ਚੜ੍ਹ ਕੇ ਬੋਲਣ ਲੱਗ ਪੈਂਦਾ। ਉਹਨੇ ਪਾਠਕਾਂ ਦੇ ਮਨਾਂ ਵਿਚ ਸਥਾਪਤ ਤਾਕਤਾਂ ਦੇ ਖਿਲਾਫ ਰੋਸ ਤੇ ਰੋਹ ਦਾ ਜਜ਼ਬਾ ਧੜਕਣ ਲਾ ਦਿੱਤਾ। ਸ਼ਾਇਰੀ ਉਹਦੀ ਸ਼ੈਲੀ ਦਾ ਅਟੁੱਟ ਅੰਗ ਰਹੀ। ਉਹਦੀ ਲਿਖਤ ਵਿਚ ਲੋਹੜੇ ਦਾ ਲਾ-ਉਬਾਲਪਨ ਤੇ ਭਾਵੁਕ ਵਹਾਓ ਰਿਹਾ ਹੈ। ਉਹ ਭਾਵੁਕ ਪਾਠਕ ਨੂੰ ਆਪਣੇ ਬਿਆਨੀਆ ਸੇਕ ਨਾਲ ਢਾਲ ਕੇ ਪਾਣੀ ਬਣਾ ਦਿੰਦਾ ਤੇ ਫਿਰ ਆਪਣੇ ਨਾਲ ਰੋੜ੍ਹ ਕੇ ਲੈ ਜਾਂਦਾ। ਉਹਨੇ ਵੱਖ ਵੱਖ ਪੜਾਵਾਂ ਵਿਚ ਹਜ਼ਾਰਾਂ ਨੌਜਵਾਨਾਂ ਨੂੰ ਆਪਣੇ ਰੰਗ ਵਿਚ ਰੰਗਿਆ। ਮੇਰੇ ਵਰਗੇ ਲੋਕ ਜਾਂ ਲੇਖਕ ਉਹਦੀ ਲਾਈ ਪਹਿਲੀ-ਦੂਜੀ ਪੌਧ ਦਾ ਹਿੱਸਾ ਹਾਂ। ਕਮਿਊਨਿਸਟ ਲਹਿਰ ਨਾਲ, ਓਨੇ ਲੋਕ, ਲੀਡਰਾਂ ਨੇ ਨਹੀਂ ਜੋੜੇ ਹੋਣੇ, ਜਿੰਨੇ ਇਕੱਲੇ 'ਰਾਤ ਬਾਕੀ ਹੈ' ਨੇ ਜੋੜੇ ਹੋਣਗੇ। ਮੁਹੱਬਤ ਕਰਨ ਵਾਲੇ ਉਹਦੇ ਨਾਵਲਾਂ ਨੂੰ ਰੁਮਾਲਾਂ ਵਿਚ ਲਪੇਟ ਕੇ ਰੱਖਦੇ ਰਹੇ। ਅਗਲੇ ਪੜਾਅ 'ਤੇ ਉਹ ਨਕਸਲੀਆਂ ਦਾ ਤੇ ਉਸ ਤੋਂ ਬਾਅਦ 'ਖਾੜਕੂਆਂ' ਦਾ ਮਨਭਾਉਂਦਾ ਲੇਖਕ ਵੀ ਰਿਹਾ। ਉਹਦੇ ਵਿਚ ਵੇਦਾਂਤ, ਮਾਰਕਸ-ਲੈਨਿਨ-ਮਾਓ ਤੇ ਸਿੱਖੀ ਦੀ ਇਨਕਲਾਬੀ ਮਿੱਸ ਰਲੀ ਹੋਈ ਹੈ।

ਉਹਦੇ ਵਿਚਾਰਧਾਰਕ ਬਦਲਾਓ ਨਾਲ ਬਹੁਤ ਸਾਰੇ ਲੋਕ ਸਹਿਮਤ ਨਹੀਂ। ਨਾ ਹੋਣ। ਮੈਂ ਵੀ ਨਹੀਂ। ਕੰਵਲ ਨੇ ਸਭ ਨੂੰ ਖੁਸ਼ ਰੱਖਣ ਦਾ ਕਦੀ ਵੀ ਠੇਕਾ ਨਹੀਂ ਸੀ ਲਿਆ। ਉਹਨੂੰ ਜੋ ਠੀਕ ਲੱਗਦਾ ਰਿਹਾ, ਉਹਨੇ ਉਹੋ ਕੀਤਾ। ਉਹੋ ਲਿਖਿਆ। ਉਹ ਕਿਸੇ ਲਾਲਚ ਕਰ ਕੇ ਨਹੀਂ ਬਦਲਿਆ। ਨਾ ਹੀ ਕਿਸੇ ਡਰ ਕਰ ਕੇ ਡੋਲਿਆ। ਸਦਾ ਆਪਣੇ ਅੰਦਰੋਂ ਨਿਕਲੀ ਅਵਾਜ਼ ਦੇ ਮਗਰ ਲੱਗਾ। ਕੋਈ ਇਨਾਮ, ਕੋਈ ਅਹੁਦਾ, ਕੋਈ ਪੇਸ਼ਕਸ਼ ਉਹਨੂੰ ਆਪਣੇ ਮਗਰ ਨਾ ਲਾ ਸਕੇ। ਡਾ. ਮਹਿੰਦਰ ਸਿੰਘ ਰੰਧਾਵਾ ਵੱਲੋਂ ਚੰਡੀਗੜ੍ਹ 'ਚ ਮੁਫਤ ਦੇ ਹਿਸਾਬ ਮਿਲਣ ਵਾਲਾ ਪਲਾਟ ਲੈਣ ਤੋਂ ਉਹਨੇ ਨਾਂਹ ਕਰ ਦਿੱਤੀ।

ਉਹ ਕਦੀ ਵੀ ਸਥਾਪਤੀ ਦਾ ਲੇਖਕ ਨਹੀਂ ਰਿਹਾ; ਸਗੋਂ ਸਥਾਪਤੀ ਦੇ ਜ਼ੁਲਮ ਤੇ ਜਬਰ ਵਿਰੁਧ ਸਦਾ ਲੜਨ ਵਾਲਾ ਜੁਝਾਰੂ ਲੇਖਕ ਰਿਹਾ ਹੈ। ਕਿਹੜਾ ਪੰਜਾਬੀ ਲੇਖਕ ਹੈ, ਜੋ ਉਸ ਵਾਂਗ ਸਮੇਂ ਦੇ ਧਾਰਮਿਕ, ਸਮਾਜਕ ਤੇ ਰਾਜਨੀਤਕ ਆਗੂਆਂ ਨੂੰ ਏਨੀ ਬੁਲੰਦ ਆਵਾਜ਼ ਵਿਚ ਮੁਖਾਤਬ ਹੋਇਆ ਹੋਵੇ! ਉਹਨੇ ਲੋਕਾਂ ਦੇ ਮਨਾਂ ਅੰਦਰ ਆਪਣੇ ਨਾਲ ਹੁੰਦੇ ਧੱਕੇ ਤੇ ਧੋਖੇ ਖਿਲਾਫ ਲੜਨ ਦਾ ਜਜ਼ਬਾ ਬੀਜਿਆ। ਇਹੋ ਉਹਦੀ ਪ੍ਰਾਪਤੀ ਹੈ। ਸਵੈ-ਮਾਣ ਨਾਲ ਜਿਉਣ ਦੀ ਰੜਕ ਤੇ ਮੜਕ ਉਹਦੀ ਹੋਂਦ ਦਾ ਹਿੱਸਾ ਰਿਹਾ ਹੈ।

ਮੇਰੇ ਵਿਚ ਜਿਹੜੀ ਰੜਕ ਤੇ ਮੜਕ ਹੈ, ਉਹਦੇ ਵਿਚ ਕੁਝ ਕੁ ਹਿੱਸਾ ਕੰਵਲ ਦੀਆਂ ਲਿਖਤਾਂ ਦਾ ਦਿੱਤਾ ਹੋਇਆ ਵੀ ਏ। ਅੱਜ ਕੰਵਲ ਦੇ ਜਿਹੜੇ ਹਿੱਸੇ ਨਾਲ ਮੇਰੀ ਅਸਹਿਮਤੀ ਹੈ, ਉਸ ਅਸਹਿਮਤੀ ਦੇ ਪਿੱਛੇ ਵੀ ਕੰਵਲ ਵੱਲੋਂ ਸ਼ੁਰੂ ਦੇ ਸਾਲਾਂ ਵਿਚ ਦਿੱਤੇ ਮਾਨਵਵਾਦੀ ਨਜ਼ਰੀਏ ਦਾ ਯੋਗਦਾਨ ਹੈ। ਕੰਵਲ ਨੇ ਹੀ ਮੈਨੂੰ ਕੰਵਲ ਨੂੰ ਅਪ੍ਰਵਾਨ ਕਰਨ ਦੀ ਸੋਝੀ ਦਿੱਤੀ ਸੀ।

ਮੇਰੀ ਖੁਸ਼-ਨਸੀਬੀ ਰਹੀ ਏ ਕਿ ਮੇਰੇ ਵਿਚੋਂ ਕੰਵਲ ਨੂੰ ਵੀ ਆਪਣੇ ਹਿੱਸੇ ਦਾ ਕੋਈ ਟੋਟਾ ਜੁੜਿਆ ਨਜ਼ਰ ਆਉਂਦਾ ਰਿਹਾ ਏ। ਏਸੇ ਲਈ ਉਹਨੇ ਮੈਨੂੰ ਸਦਾ ਪਿਤਾ ਵਾਲਾ ਪਿਆਰ ਦਿੱਤਾ ਹੈ। ਮੈਨੂੰ ਪੁੱਤਾਂ ਵਾਂਗ ਲਡਿਆਇਆ ਏ।

ਵੀਹ-ਪੰਝੀ ਸਾਲ ਪਹਿਲਾਂ ਡੁੱਬਦੇ ਸੂਰਜ ਨਾਲ ਫੋਨ ਖੜਕਿਆ, "ਓ ਭਾਈ ਵਰਿਆਮ ਸਿਹਾਂ! ਮੈਂ ਕੰਵਲ ਬੋਲਦਾਂ। ਐਥੇ ਬਰਜਿੰਦਰ ਦੇ ਦਫਤਰ ਵਿਚ ਬੈਠਾਂ। ਮੈਂ ਬਾਹਰੋਂ ਆਏ ਕਿਸੇ ਦੋਸਤ ਦੇ ਘਰ ਜਾਣਾ ਏ। ਉਹ ਕਹਿੰਦਾ ਕਿ ਮੈਂ ਆਪਣੇ ਨਾਲ ਕਿਸੇ ਹੋਰ ਮਿੱਤਰ ਪਿਆਰੇ ਨੂੰ ਵੀ ਲਈ ਆਵਾਂ। ਮੈਂ ਸੋਚਿਆ ਕਿ ਜਲੰਧਰ ਵਿਚ ਮੇਰਾ ਸਭ ਤੋਂ ਵੱਡਾ ਮਿੱਤਰ ਪਿਆਰਾ ਕੌਣ ਏ! ਤੇਰਾ ਗੁਣਾ ਪਿਆ। ਤਿਆਰ ਹੋ ਜਾ। ਅਸੀਂ ਅੱਧੇ ਘੰਟੇ ਤੱਕ ਆਏ ਲੈ।"

ਮੈਨੂੰ ਮੇਰੇ ਘਰੋਂ ਲਿਆ ਤੇ ਮੇਜ਼ਬਾਨ ਕੋਲ ਗਏ। ਅੱਧੀ ਰਾਤ ਤੱਕ ਮੁਹੱਬਤਾਂ ਵੰਡੀਆਂ। ਜਸ਼ਨ ਦਾ ਮਾਹੌਲ। ਮੈਂ ਤੁਰਨ ਲੱਗਾ ਤਾਂ ਮੇਜ਼ਬਾਨ ਨੂੰ ਇਸ਼ਾਰਾ ਕੀਤਾ। ਮੇਜ਼ਬਾਨ ਨੇ ਨੋਟਾਂ ਦਾ ਭਰਿਆ ਲਿਫਾਫਾ ਮੇਰੇ ਹੱਥਾਂ ਵਿਚ ਰੱਖ ਦਿੱਤਾ। ਮੈਂ ਝਿਜਕਦਿਆਂ ਕੰਵਲ ਵੱਲ ਵੇਖਿਆ।

"ਲੈ ਲਾ, ਲੈ ਲੈ। ਨਾਂਹ ਨ੍ਹੀਂ ਕਰਨੀ। ਇਹ ਮੁਹੱਬਤੀ ਨਜ਼ਰਾਨਾ ਏ।"

ਮੈਂ ਕੰਵਲ ਅੱਗੇ ਸਿਰ ਨਿਵਾ ਕੇ ਕਿਹਾ, "ਆਪਣੇ ਬੱਚੇ ਨੂੰ ਆਸ਼ੀਰਵਾਦ ਦਿਓ। ਮਾਇਆ ਨਹੀਂ।"

ਉਹਨੇ ਜੱਫੀ ਵਿਚ ਘੁੱਟ ਲਿਆ।

"ਓਏ! ਮੈਂ ਤਾਂ ਸਾਰਾ ਤੇਰਾ ਈ ਆਂ।"

ਬੜੇ ਜ਼ੋਰ ਨਾਲ, ਬੜੀ ਨਿਮਰਤਾ ਨਾਲ ਮੈਂ ਉਹ ਲਿਫਾਫਾ ਮੋੜ ਸਕਿਆ।

ਕਈ ਦਿਨ ਸੋਚਦਾ ਰਿਹਾ, ਕੰਵਲ ਨੂੰ ਕੀ ਦਿਸਿਆ ਮੇਰੇ ਵਿਚ ਕਿ ਜਲੰਧਰ ਵਿਚ ਸਭ ਤੋਂ ਵੱਡਾ ਮਿੱਤਰ ਪਿਆਰਾ ਮੈਂ ਹੋ ਗਿਆ ਉਹਦੇ ਲਈ। ਉਹਦੇ ਮਿੱਤਰ ਪਿਆਰੇ ਤਾਂ ਜਲੰਧਰ ਦੇ ਹਰ ਪੰਜਾਬੀ ਪੜ੍ਹਨ ਵਾਲੇ ਘਰ ਬੈਠੇ ਨੇ। ਪੰਜਾਬ ਤੇ ਵਿਦੇਸ਼ਾਂ 'ਚ ਘਰ ਘਰ ਬੈਠੇ ਨੇ। ਛਾਤੀ ਨਾਲ ਘੁੱਟ ਕੇ ਕੰਵਲ ਨੇ ਮੈਨੂੰ ਸੁਨਹਿਰੀ ਕਰ ਦਿੱਤਾ ਸੀ।

'ਢੁਡੀਕੇ ਪੁਰਸਕਾਰ' ਦੇਣਾ ਤਾਂ ਇਕ ਸੰਕੇਤ ਸੀ, ਪਰ ਮੇਰੇ ਵਾਸਤੇ 21 ਅਕਤੂਬਰ 2001 ਨੂੰ ਨੀਲੇ ਲਿਫਾਫੇ 'ਤੇ ਲਿਖੇ ਖੂਬਸੂਰਤ ਸ਼ਬਦਾਂ ਵਿਚੋਂ ਕੰਵਲ ਦੀ ਡੁੱਲ੍ਹ ਡੁੱਲ੍ਹ ਪੈਂਦੀ ਮੁਹੱਬਤ ਤੇ ਅਸੀਸ ਮੇਰਾ ਉਮਰ ਭਰ ਦਾ ਸਰਮਾਇਆ ਬਣ ਗਈ। ਉਸ ਚਿੱਠੀ ਵਿਚ ਉਸ ਨੇ ਹੀਰ ਤੇ ਕਾਜ਼ੀ ਦਾ ਸੰਵਾਦ ਸਿਰਜ ਕੇ ਅੱਜ ਕੱਲ੍ਹ ਦੇ ਪ੍ਰੋਫੈਸਰਾਂ ਨੂੰ ਕਾਜ਼ੀਆਂ ਨਾਲ ਤੁਲਨਾਇਆ ਸੀ। ਜਿਹੜੇ 'ਕਾਜ਼ੀ' ਫਤਵੇ ਦਿੰਦੇ ਨੇ, ਪਰ ਮੁਹੱਬਤਾਂ ਦੇ ਕਦਰਦਾਨ ਨਹੀਂ ਹੁੰਦੇ।

ਚਿੱਠੀ ਦੇ ਅਖੀਰ ਤੇ ਸਿੱਧਾ ਮੈਨੂੰ ਲਿਖਿਆ:

"ਨੋਟ: ਪ੍ਰੋਫੈਸਰ ਵੀ ਕਾਜ਼ੀਆਂ ਵਰਗੇ ਹੀ ਹੁੰਦੇ ਐ। ਊਂ ਤੇਰੀ ਖੈਰ ਮੰਗਦਾਂ। ਉਮਰ ਵਾਲਾ ਹੋਵੇਂ ਤਾਂ ਜੋ ਖੁਸ਼ੀ ਤੇ ਸੁਗੰਧੀ ਵੰਡ ਸਕੇਂ।

ਜਾਹ, ਤੇਰੀਆਂ ਸੱਤੇ ਕੁਲਾਂ ਤਾਰੀਆਂ!

ਸਾਈਂ-ਜਸਵੰਤ ਸਿੰਘ ਕੰਵਲ"

ਮੇਰੇ ਲਈ ਇਸ ਤੋਂ ਵੱਡਾ ਤੁਹਫਾ ਹੋਰ ਕੀ ਹੋ ਸਕਦਾ ਏ! ਹਜ਼ਾਰਾਂ ਇਨਾਮ-ਸਨਮਾਨ ਇਸ ਤੋਂ ਵਾਰ ਘੱਤਾਂ!

ਪਤਾ ਨਹੀਂ ਬਾਬਾ ਕਿਹੜੀ ਮੌਜ ਵਿਚ ਬੈਠਾ ਹੋਵੇਗਾ, ਜਦੋਂ ਉਹਦੇ ਮਨ ਵਿਚ ਮੈਨੂੰ ਹੀ, ਆਪਣੇ ਮਿੱਤਰ ਪਿਆਰੇ ਨੂੰ ਹੀ, ਬਿਨਾ ਕਿਸੇ ਖਾਸ ਸਬੱਬ ਦੇ, ਇਹ ਚਿੱਠੀ ਲਿਖਣ ਦਾ ਖਿਆਲ ਆਇਆ ਹੋਵੇਗਾ। ਸ਼ਾਇਦ ਉਹਨੂੰ ਲੱਗਦਾ ਹੋਵੇਗਾ, ਜਿਹੜੀ ਰੜਕ ਤੇ ਮੜਕ ਉਹਦੇ ਸੁਭਾਅ ਦਾ ਹਿੱਸਾ ਰਹੀ ਏ, ਉਹਦਾ ਕੋਈ ਕਿਣਕਾ ਮਾਤਰ ਮੇਰੇ ਵਿਚ ਵੀ ਕਿਧਰੇ ਲਿਸ਼ਕ ਰਿਹਾ ਏ। ਤਾਂ ਹੀ ਤਾਂ ਮੇਰਾ ਪਤਾ ਲਿਖਦੇ ਸਮੇਂ ਲਿਖਿਆ:

ਵਰਿਆਮ ਸਿੰਘ ਸੰਧੂ ਪ੍ਰੋਫੈਸਰ, ਫੰਨੇ ਖਾਂ ਕਹਾਣੀਕਾਰ

ਖਾਲਸਾ ਕਾਲਜ ਲਾਇਲਪੁਰ।


ਪਿਛਲੇਰੇ ਸਾਲ ਪੰਜਾਬੀ ਅਕਾਦਮੀ ਦੀਆਂ ਚੋਣਾਂ ਵੇਲੇ ਕੰਵਲ ਬੈਂਚ 'ਤੇ ਬੈਠਾ ਸੀ। ਲੇਖਕ ਆਉਂਦੇ, ਗੋਡਿਆਂ ਨੂੰ ਹੱਥ ਲਾਉਂਦੇ, ਫੋਟੋ ਖਿਚਵਾਉਂਦੇ।

ਮੈਂ ਕੋਲ ਗਿਆ। ਨਮਸਕਾਰ ਕੀਤੀ। ਹਾਲ-ਚਾਲ ਪੁੱਛਿਆ।

ਕੰਵਲ ਗੜ੍ਹਕਵੀਂ ਆਵਾਜ਼ ਵਿਚ ਬੋਲਿਆ, "ਮੈਂ ਤਾਂ ਹੁਣ ਮਰ ਈ ਜਾਣੈਂ। ਪਰ ਤੂੰ 'ਜਿਉਂਦਾ' ਰਹੀਂ।"

ਪੰਜਾਬ ਦੀ ਇਹ ਜਿਉਂਦੀ-ਜਾਗਦੀ ਸਵੈ-ਮਾਣ ਭਰੀ ਅਵਾਜ਼ ਸੀ। ਵੰਗਾਰਦੀ ਹੋਈ। ਰੜਕ ਤੇ ਮੜਕ ਜਿਉਂਦੀ ਰੱਖਣ ਲਈ ਲਲਕਾਰਦੀ ਹੋਈ।

ਕਿਸੇ ਦਾ ਤਾਂ ਪਤਾ ਨਹੀਂ ਪਰ ਬਾਪੂ! ਤੇਰੀ ਅਸੀਸ ਮੇਰੇ ਨਾਲ ਰਹੀ ਤਾਂ ਮੈਂ ਸਦਾ ਜਿਉਂਦਾ ਰਹਿਣ ਦਾ ਯਤਨ ਕਰਾਂਗਾ। ਤੇਰੀ ਦਿੱਤੀ ਸਥਾਪਤ-ਵਿਰੋਧੀ ਰੜਕ ਤੇ ਮੜਕ ਮਰਨ ਨਹੀਂ ਦਿੰਦਾ!



*ਮੈਂ ਕੰਵਲ ਅੱਗੇ ਸਿਰ ਨਿਵਾ ਕੇ ਕਿਹਾ, "ਆਪਣੇ ਬੱਚੇ ਨੂੰ ਆਸ਼ੀਰਵਾਦ ਦਿਓ। ਮਾਇਆ ਨਹੀਂ।" ਉਹਨੇ ਜੱਫੀ ਵਿਚ ਘੁੱਟ ਲਿਆ।*

## ਸਿੱਖੋ!

ਜਿਸ ਜੰਝੂ ਲਈ ਤੇਗ ਨੇ ਤੇਗ ਝੱਲੀ
ਉਹ ਜੰਝੂ ਤੇਗ ਨੂੰ ਰਿਹੈ ਲਲਕਾਰ ਸਿੱਖੋ।
ਇਸ ਲਲਕਾਰ ਨੂੰ ਲੇਲੜੀ ਵਿਚ ਬਦਲੋ
ਬਣ ਕੇ ਤੇਗ ਦੀ ਤਿੱਖੜੀ ਧਾਰ ਸਿੱਖੋ।

ਬਾਬੇ ਬੋਤੇ ਤੇ ਗਰਜੇ ਦੀ ਗਰਜ ਸੁਣ ਲਓ
ਉਠੋ ਗਰਜ ਤੋਂ, ਕਹਿੰਦੀ ਵਾਰ ਵਾਰ ਸਿੱਖੋ।
ਉਚ ਨੀਚ ਨੂੰ ਕੱਢ ਕੇ ਸੋਚ ਵਿਚੋਂ
ਖੜ੍ਹ ਜਾਓ ਬਣ ਕੇ ਇਕ ਕਤਾਰ ਸਿੱਖੋ।

ਸਿੱਖ ਕੌਮ ਦੀ ਹੋਂਦ ਬਚਾਉਣ ਖਾਤਰ
ਕੱਫਣ ਸਮਝੋ ਜੋ ਸਿਰ ਦਸਤਾਰ ਸਿੱਖੋ।
ਚਾਲਬਾਜ਼ ਦੀ ਚਾਲ ਨੂੰ ਸਮਝ ਜਾਵੋ
ਤੁਹਾਨੂੰ ਕਰ ਦਿੱਤਾ ਤਾਰ ਤਾਰ ਸਿੱਖੋ।

ਧੜੇਬੰਦੀਆਂ ਛੱਡ ਜਥੇਬੰਦ ਹੋਵੋ
ਹਰ ਜਥੇ ਦਾ ਕਰੋ ਸਤਿਕਾਰ ਸਿੱਖੋ।
ਜਿਸ ਕੌਮ ਦਾ ਕੋਈ ਨਾ ਘਰ ਹੋਵੇ
ਖਾਂਦੀ ਕੁੱਟ ਉਹ ਵਾਰ ਵਾਰ ਸਿੱਖੋ।

ਰਾਜੇ ਸ਼ੀਂਹ ਮੁਕੱਦਮ ਹੋਏ ਕੁੱਤੇ
ਰਲ ਕੇ ਖਾਂਦੇ ਨੇ ਸਭ ਮੁਰਦਾਰ ਸਿੱਖੋ।
ਖਬਰਦਾਰ ਹੋ ਜਾਓ, ਹੁਸ਼ਿਆਰ ਹੋ ਜਾਓ
ਤੁਹਾਡੇ ਵਿਕੇ ਨੇ ਆਗੂ, ਜਥੇਦਾਰ ਸਿੱਖੋ।

ਜਿਸ ਘਰ ਨੂੰ ਆਪਣਾ ਸਮਝਦੇ ਹੋ
ਚੋਰ ਉਚੱਕੇ ਉਹਦੇ ਪਹਿਰੇਦਾਰ ਸਿੱਖੋ।
ਸਿੱਖੋ ਸਿੱਖੀ ਜੇ ਹੈ ਦਰਦ ਦਿਲ ਵਿਚ
ਲੱਭੋ ਸਿਰਾਂ 'ਚੋਂ ਇਕ ਸਿਰ ਸਰਦਾਰ ਸਿੱਖੋ।

*-ਬਲਵੀਰ ਸਿੰਘ ਭੁਮੇਲੀ*
*ਫੋਨ: 516-858-9155*

---

## ਵਕਤ

ਕਦੀ ਸੁਫਨੇ ਵੇਚ ਗਿਆ
ਕਦੀ ਸੁਫਨੇ ਤੋੜ ਗਿਆ।
ਪਤਾ ਹੀ ਨਹੀਂ ਲੱਗਿਆ
ਖੱਟਿਆ ਕਿ ਮੋੜ ਗਿਆ।
ਬੱਸ ਚੱਲਦੇ ਹੀ ਰਹਿਣਾ
ਅੱਥਰਾ ਸੁਭਾਅ ਇਸ ਦਾ।
ਕਦੇ ਚੰਗਾ, ਕਦੇ ਮਾੜਾ
ਉਂਜ ਅੱਖਾਂ ਨੂੰ ਨਹੀਂ ਦਿਸਦਾ।

ਗਰੂਰ ਵਿਚ ਰਹਿੰਦੇ ਜੋ
ਇਹ ਸਬਕ ਸਿਖਾਉਂਦਾ ਹੈ।
ਧਰਤੀ 'ਤੇ ਸੁੱਟ ਕੇ ਫਿਰ
ਇਤਿਹਾਸ ਬਣਾਉਂਦਾ ਹੈ।
ਮੁਗਲਾਂ ਦੀਆਂ ਪੀੜ੍ਹੀਆਂ
ਦੱਸੋ ਕਿੱਥੇ ਨੇ ਵੱਸਦੀਆਂ?
ਲਿਤਾੜੇ ਜੋ ਪੈਰਾਂ ਵਿਚ
ਉਹ ਕੌਮਾਂ ਹੁਣ ਹੱਸਦੀਆਂ।

ਸਮਾਂ ਸਕਾ ਉਸ ਦਾ ਹੈ,
ਸੱਪ ਦੀ ਸਿਰੀ ਜੋ ਮਿੱਧੇ ਪੈਰ।
ਲੜੇ ਦੱਬੇ ਕੁਚਲੇ ਲਈ
ਨਾ ਰੱਖਦਾ ਕਿਸੇ ਨਾਲ ਵੈਰ।
ਕਈ ਵਾਰ ਧੁੰਦਲੇ ਸਾਏ
ਲੱਗ ਜਾਏ ਸਮੇਂ ਨੂੰ ਗ੍ਰਹਿਣ।
ਪਰ ਸੱਚ ਸਦਾ ਜਿੱਤਦਾ
ਅੰਤ ਝੂਠ ਦੇ ਬੇੜੇ ਬਹਿਣ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

ਕਹਾਣੀ

# ਬੋਸਕੀ ਦਾ ਪਜਾਮਾ

ਕਰਮ ਸਿੰਘ ਮਾਨ
ਫੋਨ: 559-261-5024

ਭਾਬੀ ਜਗੀਰ ਕੌਰ ਸਾਡੇ ਘਰ ਸਵੇਰ ਵੇਲੇ ਲੱਸੀ ਲੈਣ ਆਉਂਦੀ। ਹੋਰ ਕਿਸੇ ਦਿਨ ਭਾਵੇਂ ਨਾਗਾ ਪਾ ਜਾਂਦੀ, ਪਰ ਐਤਵਾਰ ਨੂੰ ਕਦੇ ਵੀ ਨਾ ਖੁੰਝਦੀ। ਲੱਸੀ ਲੈਣ ਆਈ ਉਹ ਮੇਰੇ ਨਾਲ ਹਾਸਾ-ਮਖੌਲ ਕਰ ਜਾਂਦੀ ਤੇ ਬੇਬੇ ਨਾਲ ਗੱਲਾਂ ਕਰਕੇ ਆਪਣਾ ਮਨ ਹੌਲਾ ਕਰ ਜਾਂਦੀ।

ਉਸ ਦੇ ਹੱਥ ਅੰਦਰੋਂ ਦੁੱਧ ਵਰਗੀ ਚਿੱਟੀ, ਕਲੀ ਕੀਤੀ ਪਿੱਤਲ ਦੀ ਬਾਲਟੀ ਫੜੀ ਹੁੰਦੀ। ਸਲਵਾਰ ਦਾ ਪੌਂਚਾ ਗਿਟਿਆਂ ਤੋਂ ਉਚਾ ਟੰਗਿਆ, ਪੈਰਾਂ ਵਿਚ ਕਾਲੇ ਸਲੀਪਰ ਕੱਟੇ ਦੀਆਂ ਨਾਸਾਂ ਵਰਗੇ, ਸਿਰ 'ਤੇ ਘਸਮੈਲੀ ਚੁੰਨੀ। ਉਹ ਬਾਲਟੀ ਬੇਬੇ ਜੀ ਅੱਗੇ ਧਰਦੀ ਕਹਿੰਦੀ, "ਬੇਬੇ ਲੱਸੀ ਪਾ ਦਿਉ। ਮੈਂ ਛੇਤੀ ਘਰ ਜਾਣਾ। ਚਿਰ ਲੱਗ ਗਿਆ ਤਾਂ ਝਿੜਕਾਂ ਪੈਣਗੀਆਂ।"

"ਕੁੜੇ, ਜਗੀਰ ਕੁਰੇ! ਘਰੇ ਪੈਰ ਤਾਂ ਪਾਇਆ ਨੀ, ਝਿੜਕਾਂ ਤੈਨੂੰ ਪਹਿਲਾਂ ਈ ਪੈ'ਗੀਆਂ। ਐਨਾ ਡਰਨਾ ਵੀ ਕੀ? ਤੀਜੇ ਹਿੱਸੇ ਦੀ ਤੂੰ ਮਾਲਕ, ਕੁਝ ਤਾਂ ਕਣ ਕਰਨਾ ਚਾਹੀਦਾ ਬੰਦੇ ਨੂੰ।" ਬੇਬੇ ਹੱਲਾਸ਼ੇਰੀ ਦਿੰਦੀ।

"ਦੇਖੀਂ ਬੇਬੇ, ਕਿਤੇ ਦੱਸ ਦਏਂ? ਫਿਰ ਉਨ੍ਹਾਂ ਲੱਸੀ ਲੈਣ ਵੀ ਨੀਂ ਆਉਣ ਦੇਣਾ। ਬੇਬੇ ਵੇਖ, ਡੰਗਰਾਂ ਨੂੰ ਪੱਠੇ ਪਾਵਾਂ ਮੈਂ, ਗੋਹਾ ਕੂੜਾ ਸੁੱਟਾਂ ਮੈਂ, ਧਾਰਾਂ ਮੈਂ ਚੋਆਂ। ਦੁੱਧ ਦੀ ਬਾਲਟੀ ਲਿਆ ਕੇ ਘਰੇ ਰੱਖ ਦਿੰਨੀਂ ਆਂ। ਟੱਬਰ ਦੇ ਸਾਰੇ ਭਾਂਡੇ ਮੈਂ ਮਾਂਜਾਂ। ਦਸ ਵਜੇ ਰਾਤ ਨੂੰ ਅੱਖ ਲਾਉਣ ਨੂੰ ਈ ਮਿਲਦੀ ਆ।"

"ਜਰਨੈਲ, ਕਹਿੰਦਾ ਨੀਂ ਕੁਛ? ਤੂੰ ਦੱਸਦੀ ਨੀਂ ਉਸ ਨੂੰ? ਤੀਮੀਆਂ ਤਾਂ ਸੌ ਤੱਤੀਆਂ ਠੰਢੀਆਂ ਲਾਉਂਦੀਆਂ ਨੇ ਘਰ ਆਲੇ ਕੋਲ।"

"ਬੇਬੇ ਜੀ ਕੋਈ ਕਦਰ ਕਰਨ ਵਾਲਾ ਹੁੰਦਾ ਤਾਂ...। ਮੈਂ ਤਾਂ ਉਹਦੇ ਅੱਗੇ ਉਭਾਸਰ ਭੀ ਨੀਂ ਸਕਦੀ। ਡਰ ਲਗਦਾ ਉਸ ਨਾਲ ਗੱਲ ਕਰਨ ਤੋਂ।"

"ਆਹੋ ਭਾਈ! ਜਨਾਨੀ ਵਸਦੀ ਆ ਘਰ ਆਲੇ ਦੇ ਸਿਰ 'ਤੇ, ਭਰਾਵਾਂ ਦੀ ਡਾਂਗ ਦੇ ਜ਼ੋਰ 'ਤੇ। ਅਸਲੀ ਤਾਂ ਜਨਾਨੀ ਆਪਣੀ ਸਮਝ ਨਾਲ ਵਸਦੀ ਆ। ਲੋੜ ਪੈਣ 'ਤੇ ਲੋਹੇ ਵਾਂਗੂੰ ਗਰਮ ਹੋ ਜਾਵੇ, ਕਿਤੇ ਮੋਮ ਵਾਂਗ ਢਲ ਜੇ।"

"ਬੇਬੇ ਜੀ ਮੇਰੇ ਕੋਲ ਤਾਂ ਪੇਕੇ ਨਾ ਸਹੁਰੇ।" ਉਹ ਬੇਬੇ ਨਾਲ ਗੱਲਾਂ ਕਰਦੀ ਹੌਕਾ ਭਰ ਕੇ ਚਲੀ ਜਾਂਦੀ।

ਰੱਖੜੀ ਦਾ ਤਿਉਹਾਰ ਆਉਂਦਾ। ਭੈਣਾਂ ਭਰਾਵਾਂ ਦੇ ਰੱਖੜੀ ਬੰਨਦੀਆਂ। ਚਾਰੇ ਪਾਸੇ ਚਹਿਲ-ਪਹਿਲ ਹੁੰਦੀ। ਭੈਣਾਂ ਭਰਾਵਾਂ ਦੀ ਖੈਰ ਮੰਗਦੀਆਂ। ਭਰਾ ਭੈਣਾਂ ਦੇ ਹੱਥ 'ਤੇ ਕੁਝ ਨਾ ਕੁਝ ਧਰਦੇ। ਉਹ ਇਸ ਦਿਨ ਬਹੁਤ ਉਦਾਸ ਹੋਈ ਬੇਬੇ ਕੋਲ ਆ ਬਹਿੰਦੀ। ਬੇਬੇ ਉਸ ਦਾ ਚਿਹਰਾ ਭਾਂਪ ਕੇ ਕਹਿੰਦੀ, "ਤੂੰ ਐਮੇ ਉਦਾਸ ਨਾ ਹੋਇਆ ਕਰ, ਜਗੀਰ ਕੁਰੇ। ਇਹ ਤਾਂ ਬਾਣੀਆਂ-ਬਕਾਲਾਂ ਦੇ ਖੇਖਣ ਨੇ।

ਇਨ੍ਹਾਂ ਕੋਲ ਵਿਹਲ ਐ ਤੇ ਪੈਸੇ ਨੇ। ਸਾਡੇ ਕੋਲ ਨਾ ਵਿਹਲ ਨਾ ਪੈਸਾ। ਕਿਵੇਂ ਭਰਾ ਕੰਮ ਛੱਡ ਕੇ ਆਉਣ? ਖੇਤੀ ਦੇ ਕੰਮ 'ਚ ਤਾਂ ਮਰਨ ਦੀ ਵਿਹਲ ਵੀ ਨਹੀਂ ਹੁੰਦੀ। ਨਾਲੇ ਇੱਕ ਦਿਨ ਦੀ ਗੱਲ ਤਾਂ ਨੀਂ ਹੁੰਦੀ, ਭੈਣਾਂ ਦੇ ਦਿਲ 'ਚ ਭਰਾਵਾਂ ਲਈ ਪਿਆਰ ਸਦਾ ਈ ਰਹਿੰਦਾ। ਭਰਾ ਭੈਣਾਂ ਦੇ ਹਰ ਦਿਨ ਦੇ ਰਾਖੇ ਹੁੰਦੇ ਆ।"

"ਬੇਬੇ ਜਿਨ੍ਹਾਂ ਦੇ ਹੁੰਦੇ ਆ। ਉਹੀ ਆਉਂਦੇ ਨੇ। ਕਿਸੇ ਦਿਨ ਤਾਂ ਉਹ ਆਊ ਈ?" ਉਹ ਆਪਣੇ ਭਰਾ ਗਿੰਦਰ ਨੂੰ ਯਾਦ ਕਰਦੀ ਬਾਲਟੀ ਚੁੱਕ ਕੇ ਘਰ ਨੂੰ ਤੁਰ ਜਾਂਦੀ। ਫਿਰ ਕਿੰਨੇ ਈ ਦਿਨ ਉਦਾਸ ਰਹਿੰਦੀ। ਘਰੇ ਆਉਂਦੀ ਕੋਈ ਗੱਲ ਨਾ ਕਰਦੀ। ਬਹੁਤਾ ਚਿਰ ਰੁਕਦੀ ਵੀ ਨਾ। ਬੇਬੇ ਵੀ ਬਹੁਤੀ ਗੱਲ ਨਾ ਕਰਦੀ। ਉਹ ਦਸ-ਪੰਦਰਾਂ ਦਿਨ ਪਿਛੋਂ ਸਹਿਜ ਹੋ ਜਾਂਦੀ। ਹਰ ਸਾਲ ਰੱਖੜੀ ਦਾ ਇੱਕ ਰੰਗਦਾਰ ਧਾਗਾ ਲੁਕੋ ਕੇ ਰੱਖ ਲੈਂਦੀ। ਉਸ ਨੂੰ ਸ਼ਾਇਦ ਹੀ ਦਸ ਤੋਂ ਵੱਧ ਗਿਣਤੀ ਆਉਂਦੀ ਹੋਵੇ, ਪਰ ਉਹ ਹਰ ਸਾਲ ਮੈਨੂੰ ਗਿਣਨ ਨੂੰ ਕਹਿੰਦੀ। ਮੈਂ ਦਸਦਾ ਤਾਂ ਕਹਿੰਦੀ, "ਅੱਛਾ ਇੰਨੇ ਹੋ'ਗੇ?"

ਵੱਡੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ 'ਚ ਪਿੰਡ ਵਿਚ ਜੋੜ ਮੇਲਾ ਤਿੰਨ ਦਿਨ ਭਰਦਾ। ਪਹਿਲੇ ਦਿਨ ਪਿੰਡ ਵਿਚ ਨਗਰ ਕੀਰਤਨ ਨਿਕਲਦਾ, ਹਰ ਪੱਤੀ ਦੀ ਸੱਥ ਵਿਚ ਪੰਦਰਾਂ ਵੀਹ ਮਿੰਟ ਰੁਕਦਾ। ਦੋ ਦਿਨ ਦੀਵਾਨ ਲੱਗਦਾ, ਢਾਡੀ ਤੇ ਕਵੀਸ਼ਰ ਗੁਰੂ ਸਾਹਿਬਾਨ ਦੇ ਜੀਵਨ ਤੇ ਸਿੱਖ ਇਤਿਹਾਸ ਵਿਚੋਂ ਪ੍ਰਸੰਗ ਸੁਣਾਉਂਦੇ। ਢਾਡੀ ਬੀਰ ਰਸੀ ਵਾਰਾਂ ਗਾਉਂਦੇ। ਮਨੁੱਖੀ ਰਿਸ਼ਤਿਆਂ ਦੀ ਬਾਰੀਕ ਤੰਦ-ਤਾਣੀ ਛੋਂਹਦੇ। ਹਰ ਘਰ ਦੇ ਸਾਰੇ ਜੀਅ ਦੀਵਾਨ ਸੁਣਨ ਜਾਂਦੇ। ਉਹ ਉਸ ਦਿਨ ਉਸ ਨੂੰ ਦੀਵਾਨ ਸੁਣਨ-ਵੇਖਣ ਲੈ ਜਾਂਦੇ। ਉਹ ਢਾਡੀਆਂ ਤੇ ਕਵੀਸ਼ਰਾਂ ਤੋਂ ਸਿੱਖ ਇਤਿਹਾਸ ਦੇ ਪ੍ਰਸੰਗ ਸੁਣਦੀ। ਪਤਾ ਨਹੀਂ ਹੋਰ ਕੁਝ ਚੇਤੇ ਰਹਿੰਦਾ ਜਾਂ ਨਾ ਪਰ ਬੇਬੇ ਨਾਨਕੀ ਦਾ ਭਰਾ ਨੂੰ ਪਿਆਰ ਕਰਨ ਦਾ ਪ੍ਰਸੰਗ ਜਰੂਰ ਸੁਣਾਉਂਦੀ। ਉਸ ਵਿਚ ਉਹ ਆਪਣੀ ਉਡੀਕ ਦੇ ਰੰਗ ਭਰ ਦਿੰਦੀ।

"ਬੇਬੇ ਜੀ, ਨਾਨਕੀ ਭੈਣ ਤਾਂ ਵੱਡੀ ਸੀ ਬਾਬੇ ਨਾਨਕ ਤੋਂ। ਵੇਖਿਆ ਨਾ ਕਿਵੇਂ ਖਿਡਾਉਂਦੀ ਸੀ ਭੈਣ, ਆਪਣੇ ਵੀਰ ਨੂੰ। ਉਸ ਨੇ ਮੂਹਰੇ ਭੱਜੇ ਜਾਣਾ। ਨਾਨਕੀ ਨੇ ਅੱਖਾਂ ਮੀਚ ਕੇ ਭਰਾ ਨੂੰ ਯਾਦ ਕਰਨਾ। ਬਾਬੇ ਨਾਨਕ ਨੇ ਉਸ ਦੇ ਅੱਗੇ ਆ ਖੜ੍ਹਨਾ। ਬੇਬੇ ਗਿੰਦਰ ਤਾਂ ਮੁੜ ਕੇ ਨੀਂ ਆਇਆ। ਬੇਬੇ ਆਊ ਨਾ ਉਹ ਮਿਲਣ? ਇਹ ਕਹਿੰਦਿਆਂ ਉਸ ਦੇ ਚਿਹਰੇ 'ਤੇ ਤਾਂਘ ਦੇ ਭਾਵ ਉਘੜ ਆਉਂਦੇ।

"ਜਰੂਰ ਆਊਗਾ! ਸੱਚ ਜਾਣੀਂ, ਜ਼ਰੂਰ ਆਊ। ਮੇਰੀ ਗੱਲ ਪੱਲੇ ਬੰਨ ਲੈ, ਖੱਟਣ ਕਮਾਉਣ ਗਏ ਕਈਆਂ ਦੇ ਤਾਂ ਪੰਦਰਾਂ-ਵੀਹ ਸਾਲ ਪਿਛੋਂ ਮੁੜੇ ਆ। ਆ ਦੇਖਿਆ ਨੀਂ ਤੈਂ, ਹਰਨਾਮੀ ਦਾ ਭਰਾ ਪੱਚੀ ਸਾਲ ਪਿਛੋਂ ਆਇਆ ਸੀ। ਚਾਰ ਪੈਸੇ ਕਮਾ ਕੇ ਲਿਆਇਆ। ਘਰ ਭਰ'ਤਾ ਸੀ, ਨਾਮੀ ਦਾ। ਨਾਲੇ ਉਹਨੇ ਨਾਨਕ ਛੱਕ ਦਾ ਚਾਰ ਹਜਾਰ ਭਰ ਕੇ ਸਿਰ ਉਚਾ ਕਰ'ਤਾ ਸੀ ਨਾਮੀ ਦਾ।"

ਸੁਣ ਕੇ ਉਹ ਬੇਬੇ ਵੱਲ ਬੜੀ ਜਗਿਆਸਾ ਨਾਲ ਵੇਖਦੀ। ਜਿਵੇਂ ਬੇਬੇ ਕੋਈ ਵੱਡਾ ਜੋਤਿਸ਼ੀ ਹੋਵੇ, ਕੋਈ ਸਾਧ-ਸੰਤ ਹੋਵੇ ਜਿਸ ਦੀ ਅਸੀਸ ਨਾਲ ਮੁੜ ਗਿੰਦਰ ਨੇ ਆ ਈ ਜਾਣਾ ਹੋਵੇ। ਬੇਬੇ ਦੇ ਸ਼ਬਦ ਉਸ ਅੰਦਰ ਆਸ ਦਾ ਦੀਵਾ ਜਗਾਈ ਰੱਖਦੇ।

ਉਸ ਦੇ ਮੁੰਡੇ ਦਾ ਵਿਆਹ ਹੋ ਗਿਆ। ਨ੍ਹਾਈ ਧੋਈ ਵੇਲੇ ਕੁੜੀਆਂ ਨੇ ਗੀਤ ਛੋਹ ਲਿਆ, "ਇਸ ਵੇਲੇ ਮਾਮਾ ਲੋੜੀਂਦਾ।"

ਉਸ ਨੇ ਜਠਾਣੀ ਦੇ ਵੱਡੇ ਭਰਾ ਨੂੰ ਹਾਕ ਮਾਰੀ, "ਬਾਈ ਸਾਡਾ ਡੰਗ ਜਾ ਸਾਰ ਦੇਹ? ਪਟੜੇ ਤੋਂ ਥੱਲੇ ਲਾਹ ਦੇ ਮੁੰਡੇ ਨੂੰ?"

"ਲਾਹ ਦਿਨਾਂ ਜੇ ਤੂੰ ਕਹਿਨੀ ਆਂ, ਕਰ ਦਿੰਨਾਂ ਵੇਲਾ ਪੂਰਾ।" ਜਠਾਣੀ ਦੇ ਭਰਾ ਨੇ ਮੁੰਡੇ ਨੂੰ ਨ੍ਹਾਈ ਧੋਈ ਵਾਲੇ ਪਟੜੇ ਤੋਂ ਚੁੱਕ ਕੇ ਥੱਲੇ ਲਾਹ ਦਿੱਤਾ, ਪਰ ਉਹ ਘਰ ਦੇ ਅੰਦਰ ਖੂੰਜੇ 'ਚ ਖੜ੍ਹੀ ਕਿੰਨਾ ਹੀ ਚਿਰ ਡੁਸਕਦੀ ਰਹੀ।

ਵਿਆਹ ਤੋਂ ਚਾਰ ਪੰਜ ਦਿਨ ਪਿਛੋਂ ਉਹ ਥੱਕੀ-ਟੁੱਟੀ ਉਦਾਸ-ਉਦਾਸ ਸਾਡੇ ਘਰ ਆਈ। ਆਉਣ ਸਾਰ ਬੇਬੇ ਦੀ ਬੁੱਕਲ 'ਚ ਭੁੱਬਾਂ ਮਾਰ ਕੇ ਰੋ ਪਈ। ਬੇਬੇ ਦੇ ਚੁੱਪ ਕਰਾਉਣ 'ਤੇ ਵੀ ਉਹ ਚੁੱਪ ਨਹੀਂ ਸੀ ਹੋ ਰਹੀ।

"ਹੈ ਕੁੜੇ! ਖੁਸ਼ੀ ਸਮੇਂ ਰੋਂਦੇ ਚੰਗੇ ਨੀਂ ਲੱਗੀਦਾ। ਐਵੇਂ ਨੀਂ ਦਿਲ ਥੋੜ੍ਹਾ ਕਰੀਦਾ। ਬਥੇਰੀਆਂ ਦੇ ਭਰਾ ਸ਼ਰੀਕ ਬਣੇ ਬੈਠੇ ਆ। ਬੇਗਾਨੀਆਂ ਧੀਆਂ ਆਪਣੀ ਮਰਜੀ ਚਲਾਉਂਦੀਆਂ।"

"ਕੀ ਕਰਾਂ ਬੇਬੇ, ਮਨ ਉਛਲ ਆਉਂਦਾ। ਤੇਰੇ ਕੋਲ ਗੱਲਾਂ ਕਰਕੇ ਮਨ ਹੌਲਾ ਹੋ ਜਾਂਦਾ।" ਉਹ ਆਨੀ ਬਹਾਨੀਂ ਭਰਾ ਗਿੰਦਰ ਨੂੰ ਯਾਦ ਕਰਦੀ ਰਹਿੰਦੀ। ਉਸ ਦੇ ਬੋਲਾਂ 'ਚੋਂ ਦਰਦ ਤੇ ਵੈਰਾਗ ਟਪਕਦੇ। ਇਹ ਗੱਲ ਕਰਦੀ ਦਾ ਉਸ ਦਾ ਚਿਤ ਹੋਰ ਦਾ ਹੋਰ ਈ ਹੋ ਜਾਂਦਾ।

ਭਾਬੀ ਨੂੰ ਟਿੱਚਰ ਕਰਕੇ ਮੈਨੂੰ ਬਹੁਤ ਅਨੰਦ ਆਉਂਦਾ। "ਹੈਨੀ ਲੱਸੀ-ਲੁੱਸੀ ਸਾਡੇ," ਉਸ ਨੂੰ ਘਰ ਦਾ ਬਾਰ ਲੰਘੀ ਆਉਂਦੀ ਨੂੰ ਮੈਂ ਕਹਿੰਦਾ। ਉਹ ਸਿੱਧੀ ਮੇਰੇ ਕੋਲ ਆ ਕੇ ਮੇਰੀਆਂ ਗੱਲਾਂ ਫੜ ਕੇ ਹਿਲਾਉਂਦੀ ਤੇ ਬੇਬੇ ਕੋਲ ਚਲੀ ਜਾਂਦੀ। ਉਦੋਂ ਮੈਨੂੰ ਉਸ ਦੀਆਂ ਗੱਲਾਂ ਦੀ ਪੂਰੀ ਸਮਝ ਨਹੀਂ ਸੀ ਪੈਂਦੀ। ਮੇਰੇ ਲਈ ਤਾਂ ਉਹ ਮਖੌਲ ਤੇ ਮਨਪ੍ਰਚਾਵੇ ਤੋਂ ਵੱਧ ਕੁਝ ਵੀ ਨਹੀਂ ਸੀ ਹੁੰਦਾ। ਛੇ ਦਿਨ ਤਾਂ ਸਕੂਲ ਪੜ੍ਹਨ ਗਿਆਂ ਦੇ ਹੀ ਲੰਘ ਜਾਂਦੇ। ਐਤਵਾਰ ਹੀ ਰਹਿ ਜਾਂਦਾ, ਉਸ ਨਾਲ ਗੱਲਾਂ ਕਰਨ ਦਾ। ਇਸ ਦਿਨ ਸਵੇਰ ਵੇਲੇ ਉਠਣਾ ਤਾਂ ਬਹੁਤ ਔਖਾ ਹੁੰਦਾ, ਪਰ ਉਸ ਨਾਲ ਗੱਲਾਂ ਕਰਨ ਨੂੰ ਜੀਅ ਕਰਦਾ ਰਹਿੰਦਾ। ਉਸ ਦੇ ਆਉਣ ਤੋਂ ਪਹਿਲਾਂ ਹੀ ਉਠ ਖੜ੍ਹਦਾ।

ਕਹਿੰਦੇ ਨੇ ਉਸ ਦੇ ਮਾਤਾ-ਪਿਤਾ ਕੰਧ ਥੱਲੇ ਆ ਕੇ ਮਰ ਗਏ ਸਨ। ਤਿੰਨ ਦਿਨ ਮੂਸਲੇਧਾਰ ਮੀਂਹ ਪੈਂਦਾ ਰਿਹਾ। ਕੱਚੇ-ਕੋਠੇ, ਕੰਧਾਂ ਡਿੱਗ ਰਹੀਆਂ ਸਨ। ਇਨ੍ਹਾਂ ਦੀ ਵਿਹੜੇ ਵਿਚਲੀ ਕੰਧ ਡਿੱਗ ਪਈ। ਦੋਵੇਂ ਬੱਚਿਆਂ-ਭਾਬੀ ਤੇ ਉਸ ਦੇ ਭਰਾ ਗਿੰਦਰ ਨੂੰ ਨਾਨਾ-ਨਾਨੀ ਚੁੱਕ ਕੇ ਪਿੰਡ ਲੈ ਆਏ। ਅੱਠ ਸਾਲ ਦੇ ਗਿੰਦਰ ਨੂੰ ਉਸ ਦਾ ਚਚੇਰਾ ਮਾਮਾ ਆਪਣੇ ਨਾਲ ਬੰਬਈ ਲੈ ਗਿਆ। ਪਤਾ ਨਹੀਂ ਮਾਮੇ ਤੇ ਉਸ ਨਾਲ ਕੀ ਵਾਪਰਿਆ, ਕੋਈ ਉਘ-ਸੁੱਘ ਨਾ ਨਿਕਲੀ।

ਤੇਰਾਂ ਸਾਲ ਦੀ ਉਮਰੇ ਭਾਬੀ ਦਾ ਵਿਆਹ ਹੋ ਗਿਆ। ਦੋ ਸਾਲ ਬਾਅਦ ਨਾਨਾ-ਨਾਨੀ ਵੀ ਰੱਬ ਨੂੰ ਪਿਆਰੇ ਹੋ ਗਏ। ਭਾਬੀ ਦੀ ਪੇਕਿਆਂ ਵੱਲੋਂ ਸਾਰ ਲੈਣ ਵਾਲਾ ਕੋਈ ਨਾ ਰਿਹਾ।

ਹਰ ਐਤਵਾਰ ਉਹ ਜਰੂਰ ਆਉਂਦੀ। ਮੈਂ ਪਹਿਲਾਂ ਹੀ ਉਠਿਆ ਹੁੰਦਾ। ਉਹ ਆਉਂਦੀ ਸਭ ਤੋਂ ਪਹਿਲਾਂ ਮੇਰੇ ਨਾਲ ਗੱਲ ਕਰਦੀ, ਪਿਆਰ ਨਾਲ ਬੁਲਾਉਂਦੀ।

"ਅੱਜ ਤਾਂ ਪੜ੍ਹਾਕੂ ਉਠਿਆ ਬੈਠਾ। ਮੇਰਾ ਨਿੱਕਾ ਜਿਹਾ ਵੀਰ।" ਪਰ ਮੇਰੇ ਬੋਲਣ ਤੋਂ ਪਹਿਲਾਂ ਹੀ ਬੋਲ ਪੈਂਦੀ, "ਨਹੀਂ, ਪਿਆਰਾ ਪਿਆਰਾ ਦਿਉਰ।"

"ਚੱਲ ਕੀ ਫਰਕ ਪੈਂਦਾ। ਬੁਲਾਉਣਾ ਈ ਹੋਇਆ, ਕੁਝ ਕਹਿ ਲੈ। ਮਨ ਵਿਚ ਪਿਆਰ ਹੋਵੇ।" ਬੇਬੇ ਕਹਿੰਦੀ।

"ਭਾਬੀ ਹੋਰ ਤਾਂ ਠੀਕ ਆ, ਪਰ ਆਹ ਸੁੱਥਣ ਦਾ ਪਹੁੰਚਾ ਜਾ ਕਿਉਂ ਚੁੱਕੀ ਆਉਨੀ ਐਂ?" ਮੈਂ ਪੁੱਛਿਆ।

"ਸਾਰਾ ਦਿਨ ਤਾਂ ਇਸ ਨੂੰ ਇਕ ਮਿੰਟ ਦੀ ਵਿਹਲ ਨੀਂ। ਮੂੰਹ ਹੱਥ ਧੋਤਾ ਨੀਂ ਜਾਂਦਾ। ਵਿਚਾਰੀ ਕੋਲੇ ਪਿੰਜਣੀਆਂ ਈ ਰਹਿ ਜਾਂਦੀਆਂ ਦਿਖਾਉਣ ਨੂੰ। ਕੁੜੇ ਜਗੀਰ ਕੁਰੇ, ਨਾ ਚੁੱਕਿਆ ਕਰ ਪਹੁੰਚਾ ਜਿਹਾ।" ਬੇਬੇ ਮੁਸਕੜੀਏਂ ਹੱਸਦੀ। ਇਸ ਗੱਲ



ਦੀ ਮੈਨੂੰ ਸਮਝ ਨਾ ਆਉਂਦੀ।

"ਬੇਬੇ ਇਹਨੂੰ ਕਹਿ ਦੇਹ ਹੱਥ ਮੂੰਹ ਧੋ ਕੇ ਆਇਆ ਕਰੇ, ਕੇਸ ਵਾਹ ਕੇ ਆਇਆ ਕਰੇ।"

"ਜਦੋਂ ਗਿੰਦਰ ਆਇਆ, ਮੈਂ ਕਹੂੰ ਗਿੰਦਰਾ ਸਾਕ ਕਰ ਦੇਹ ਭਤੀਜੀ ਦਾ ਮੇਰੇ ਦਿਉਰ ਨੂੰ। ਉਨ੍ਹੇ ਮੇਰੀ ਗੱਲ ਨੀਂ ਮੋੜਨੀ।" ਉਹ ਝਾਕਦੀ ਮੇਰੇ ਵੱਲ, ਗੱਲ ਕਰਦੀ ਬੇਬੇ ਨਾਲ।

ਇੱਕ ਦਿਨ ਸਵੇਰ ਵੇਲੇ ਆਈ। ਚਿਹਰੇ 'ਤੇ ਮੁਸਕਰਾਹਟ ਸੀ। ਅੰਦਰੋਂ ਬਾਹਰੋਂ ਪੂਰੀ ਖਿੜ੍ਹੀ-ਖਿੜ੍ਹੀ। ਬੇਬੇ ਨੇ ਪੁੱਛਿਆ, "ਕਿਉਂ ਅੱਜ ਤਾਂ ਜਗੀਰ ਕੁਰੇ ਬਹੁਤ ਈ ਖੁਸ਼ ਲਗਦੀ ਐ?"

"ਤੇਰੇ ਪੁੱਤ ਨੇ ਬੁਲਾ ਲਿਆ ਸੀ। ਮੈਂ ਤਾਂ ਹੌਲੀ ਫੁੱਲ ਹੋ ਗਈ।" ਇਹ ਕਹਿੰਦੀ ਦਾ ਉਸ ਦਾ ਹਾਸਾ ਡੁੱਲ੍ਹ ਡੁੱਲ੍ਹ ਪੈਂਦਾ ਸੀ।

"ਝੂਠ ਮਾਰਦੀ ਆ। ਮੈਂ ਨੀਂ ਇਹਨੂੰ ਬੁਲਾਇਆ-ਬਲੁਇਆ।" ਬੇਬੇ ਤੇ ਜਗੀਰੋ ਭਾਬੀ ਦੀਆਂ ਵੱਖੀਂ ਪੀੜਾਂ ਪੈ ਰਹੀਆਂ ਸਨ, ਪਰ ਮੈਂ ਉਨ੍ਹਾਂ ਨੂੰ ਹੱਸਦੀਆਂ ਵੇਖ ਕੇ ਖਿਝ ਰਿਹਾ ਸਾਂ। "ਇਹ ਮੇਰੇ ਬੁਲਉਣ ਨਾਲ ਹੌਲੀ ਫੁੱਲ ਕਿਵੇਂ ਹੋ ਗਈ?" ਮੈਂ ਸੋਚਦਾ ਰਿਹਾ।

"ਬੂਝੜਾ! ਇਹ ਤੇਰੀ ਗੱਲ ਥੋੜੋ ਐ!" ਉਸ ਦੀਆਂ ਗੱਲਾਂ ਮੈਨੂੰ ਉਦੋਂ ਨਹੀਂ ਸੀ ਸਮਝ ਆਉਂਦੀਆਂ।

"ਭਾਬੀ ਵੀਰ ਦੇ ਬੋਤਾ ਬੰਨਣ ਵਾਲੀ ਗੱਲ ਸੁਣਾ।"

"ਵੇ ਤੂੰ ਹੀ ਸੁਣਦਾ ਮੇਰੀ ਗੱਲ। ਹੋਰ ਕੋਈ ਨੀਂ ਸੁਣਦਾ। ਤੈਨੂੰ ਸੁਣਾ ਕੇ ਮੇਰਾ ਚਿੱਤ ਹੌਲਾ ਹੋ ਜਾਂਦਾ। ਫਿਰ ਉਹ ਪੂਰੀ ਹੇਕ ਨਾਲ ਦਰਦ-ਭਿੱਜੀ ਮਧੁਰ ਅਵਾਜ਼ ਵਿਚ ਗਾਉਂਦੀ, "ਵੀਰ ਘਰ ਪੁੱਤ ਜੰਮਿਆ ਬਾਪੂ ਮੱਝੀਆਂ ਦੇ ਸੰਗਲ ਫੜਾਵੇ।" ਇਹ ਹੇਕ ਈ ਤਾਂ ਸੀ, ਜੋ ਦਿਲ ਨੂੰ ਧੂਹ ਪਾਉਂਦੀ।

ਮੈਂ ਜਾਣ ਕੇ ਕਹਿੰਦਾ, "ਮੱਝ ਤਾਂ ਲਾਲਚ ਵਾਲੀ ਗੱਲ ਹੋਈ ਨਾ!" ਉਹ ਕੋਈ ਜਵਾਬ ਨਾ ਦਿੰਦੀ, ਸਗੋਂ ਇਹ ਟੱਪਾ ਧੀਮੀ ਸੁਰ ਵਿਚ ਗਾਉਣ ਲੱਗ ਜਾਂਦੀ, "ਛੱਲੀਆਂ...ਵੀਰਾ ਤੈਨੂੰ ਦੁੱਧ ਦਾ ਛੰਨਾਂ। ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ।"

"ਸੱਸੇ ਤੇਰੀ ਮੱਝ ਮਰ'ਜੇ ਮੇਰੇ ਵੀਰ ਨੂੰ...।" ਇਹ ਬੋਲ ਉਸ ਤੋਂ ਸਿਰੇ ਨਾ ਲਗਦੇ।

ਇੱਕ ਦਿਨ ਮੇਰੇ ਬੋਸਕੀ ਦਾ ਧਾਰੀਦਾਰ ਪਜਾਮਾ ਪਾਇਆ ਹੋਇਆ ਸੀ। "ਦੇਖ ਭਾਬੀ, ਹੈ ਨਾ ਇਹ ਰੇਲ ਗੱਡੀ ਦੀਆਂ ਲੀਹਾਂ ਬੰਬੇ (ਬੰਬਈ) ਨੂੰ ਜਾਂਦੀਆਂ।" ਇਹ ਸੁਣ ਕੇ ਉਸ ਦੀਆਂ ਅੱਖਾਂ 'ਚ ਲਿਸ਼ਕ ਆ ਗਈ। ਉਹ ਪਜਾਮੇ ਦੀਆਂ ਧਾਰੀਆਂ ਵੱਲ ਬੜੀ ਨੀਝ ਨਾਲ ਵੇਖਣ ਲੱਗ ਪਈ।

ਮੈਂ ਪਜਾਮੇ ਦੀਆਂ ਧਾਰੀਆਂ 'ਤੇ ਪੋਟੇ ਫੇਰਦਿਆਂ ਮੁਸਕਰਾ ਕੇ ਕਹਿਣਾ, "ਵੇਖ ਰੇਲ ਬੰਬੇ ਨੂੰ ਸਿੱਧੀ-ਸਪਾਟ ਜਾਂਦੀ।"

"ਹੱਛਾ! ਸੱਚੀਂ। ਝੂਠ ਤਾਂ ਨੀਂ ਬੋਲਦਾ?"

"ਲੈ ਝੂਠ ਕਾਹਨੂੰ ਬੋਲਣਾ। ਆਹ ਵੇਖ ਲੀਹਾਂ ਸਿੱਧੀਆਂ ਸਪਾਟ ਬੰਬੇ ਤੱਕ ਜਾਂਦੀਆਂ।"

"ਬੰਬੇ ਤੱਕ, ਇੰਨੀ ਦੂਰ! ਸੱਚੀਂ! ਖਾਹ ਸਹੁੰ ਬਾਬੇ ਦੀ।" ਉਹ ਗੁਰੂ ਨਾਨਕ ਦੀ ਸਹੁੰ ਖਾਣ ਨੂੰ ਕਹਿੰਦੀ।

"ਨਾ, ਮੈਂ ਨੀ ਖਾਂਦਾ ਸਹੁੰ। ਸੱਚ ਮੰਨਣਾ ਤਾਂ ਮੰਨ, ਨਹੀਂ ਤਾਂ ਨਾ ਮੰਨ। ਤੇਰੀ ਮਰਜੀ।" ਮੈਂ ਇਹ ਕਹਿ ਕੇ ਦੂਜੇ ਪਾਸੇ ਨੂੰ ਮੂੰਹ ਕਰ ਲੈਣਾ।

ਇਕ ਦਿਨ ਮੇਰੇ ਨਾਲ ਗੱਲਾਂ ਕਰਦੀ ਨੇ ਝਿਜਕ ਕੇ ਪੁੱਛਿਆ, "ਨਾ ਫਿਰ ਇਸੇ ਲੀਹ 'ਤੇ ਰੇਲ ਗੱਡੀ ਮੁੜ ਵੀ ਆਉਂਦੀ ਹੋਊ?"

"ਨਾ, ਉਧਰੋਂ ਨੀਂ ਮੁੜ ਕੇ ਆਉਂਦੀ। ਤੈਨੂੰ ਦੀਂਹਦੀ ਆ ਮੁੜਦੀ ਲੀਹ?"

"ਖਾਹ ਮੇਰੀ ਸਹੁੰ? ਮੁੜਦੀ ਨੀਂ!" ਉਸ ਦਾ ਚਿਹਰਾ ਇਕ ਦਮ ਉਦਾਸ ਹੋ ਗਿਆ।

"ਸਹੁੰ ਖਾਣ ਨੂੰ ਤੂੰ ਦੇਵੀ ਐਂ? ਬਈ ਤੂੰ ਮੈਨੂੰ ਸਰਾਪ ਦੇ ਦੇਂਗੀ।" ਮੈਂ ਕਹਿ ਤਾਂ ਬੈਠਾ, ਪਰ ਮੇਰਾ ਅੰਦਰ ਵੀ ਉਸ ਦੀ ਝੂਠੀ ਸਹੁੰ ਖਾਣ ਨੂੰ ਤਿਆਰ ਨਹੀਂ ਸੀ। ਉਹ ਤਾਂ ਮੇਰੇ ਸਾਹਮਣੇ ਜਿਉਂਦੀ ਜਾਗਦੀ ਦੇਵੀ ਖੜ੍ਹੀ ਸੀ। ਜਿਸ ਨਾਲ ਮੈਨੂੰ ਉਨਸ ਜਿਹੀ ਹੋ ਗਈ ਸੀ।

"ਪਜਾਮਾ ਕਿਤੇ ਫਟ ਨਾ ਜਾਵੇ; ਕਿਤੇ ਰੰਗ ਨਾ ਉਡ ਜਾਵੇ; ਇਹ ਸੋਚ ਕੇ ਮੈਂ ਵੀ ਉਸ ਨੂੰ ਸਵੇਰ ਵੇਲੇ ਐਤਵਾਰ ਨੂੰ ਹੀ ਪਾਉਂਦਾ। ਉਸ ਤੋਂ ਪਿੱਛੋਂ ਫਿਰ ਟਰੰਕ ਵਿਚ ਸਾਂਭ ਕੇ ਰੱਖ ਦਿੰਦਾ। ਉਹ ਆਉਂਦੀ। ਪਜਾਮੇ ਨੂੰ ਛੋਂਹਦੀ ਨਾ, ਧਾਰੀਆਂ 'ਤੇ ਹੱਥ ਫੇਰ ਕੇ ਕਹਿੰਦੀ, "ਆ...ਆ...ਗਈ ਰੇਲ।"

ਇਕ ਦਿਨ ਮੈਂ ਸੁਭਾਵਿਕ ਕਹਿ ਬੈਠਾ, "ਵੇਖੀਂ ਕਿਤੇ ਇੰਜਣ ਨੂੰ ਹੱਥ ਨਾ ਲਾ ਲਈਂ। ਗਰਮ ਹੁੰਦਾ।" ਸੁਣ ਕੇ ਉਹ ਇਕ ਦਮ ਤ੍ਰਬਕ ਗਈ। ਉਹ ਹਰ ਐਤਵਾਰ ਮੇਰੇ ਕੋਲ ਖੜ੍ਹਦੀ। ਧਾਰੀਆਂ ਵੱਲ ਨੀਝ ਨਾਲ ਵੇਖਦੀ। ਇੱਕ ਦਿਨ ਮੈਂ ਉਹ ਪਜਾਮਾ ਨਾ ਪਾਇਆ। "ਕਿੱਧਰ ਗਈ ਰੇਲ ਗੱਡੀ? ਲੀਹ!" ਉਸ ਨੇ ਬਹੁਤ ਹੀ ਉਤੇਜਨਾ ਨਾਲ ਪੁੱਛਿਆ।

ਮੈਂ ਕੱਦ ਵਿਚ ਵਧਦਾ ਜਾਂਦਾ, ਪਜਾਮਾ ਬੋਦਾ ਹੋ ਕੇ ਫਟ ਜਾਂਦਾ। ਮੈਂ ਹੋਰ ਸੁਆ ਲੈਂਦਾ। ਮੇਰਾ ਵਾਧਾ ਰੁਕ ਗਿਆ। ਨਾਲ ਹੀ ਫੱਟਦਾਰ ਬੋਸਕੀ ਦਾ ਕੱਪੜਾ ਵੀ ਆਉਣੋਂ ਹਟ ਗਿਆ। ਮੈਂ ਆਖਰੀ ਪਜਾਮਾ ਬਹੁਤ ਹੀ ਸੰਭਾਲ ਕੇ ਰੱਖਿਆ। ਜਦੋਂ ਪਿੰਡ ਛੱਡ ਕੇ ਕਾਲਜ ਚਲਿਆ ਗਿਆ। ਮਹੀਨੇ ਪਿਛੋਂ ਪਿੰਡ ਆਉਂਦਾ, ਉਹ ਪਜਾਮਾ ਪਾ ਲੈਂਦਾ। ਉਸ ਦਾ ਉਹੀ ਸਵਾਲ, "ਨਾ ਸੱਚੀ! ਰੇਲ ਗੱਡੀ ਮੁੜਦੀ ਨੀਂ ਇਸ ਲੀਹ 'ਤੇ?"

ਮੈਂ ਫੱਟੀਆਂ 'ਤੇ ਉਂਗਲਾਂ ਫੇਰਦਾ ਹੱਸ ਕੇ ਕਹਿੰਦਾ, "ਦੱਸ ਕਿਵੇਂ ਮੁੜੂ ਇੰਜਣ ਵਾਪਸ?" ਪਰ ਉਹ ਇਉਂ ਇਕੱਠੀ ਜਿਹੀ ਹੋ ਜਾਂਦੀ ਜਿਵੇਂ ਉਸ ਅੰਦਰ ਕੁਝ ਟੁੱਟ ਗਿਆ ਹੋਵੇ, ਜਿਵੇਂ ਉਹ ਆਪਣੇ ਮਨ ਦੇ ਅਤ੍ਰਿਪਤ ਸੰਸਾਰ ਦੀ ਮੰਝਧਾਰ ਵਿਚ ਫਸ ਗਈ ਹੋਵੇ, ਜਿਵੇਂ ਉਹ ਇਸ ਬਣਾਉਟੀ ਗੱਲ ਤੋਂ ਬਾਹਰ ਨਾ ਆਉਣਾ ਚਾਹੁੰਦੀ ਹੋਵੇ।

ਮੈਂ ਕਾਲਜ ਦੀ ਪੜ੍ਹਾਈ ਵਿਚੇ ਛੱਡ ਕੇ ਬਾਹਰ ਚਲਾ ਗਿਆ। ਦੇਸ-ਪਰਦੇਸ ਦੇ ਧੱਕੇ। ਬਾਹਰਲੇ ਦੇਸ਼ਾਂ ਦੇ ਜੰਗਲਾਂ ਵਿਚ ਦੀ ਲੰਘਦੇ, ਚੋਰੀ ਛੁਪੇ ਲੁਕਦੇ-ਲੁਕਾਉਂਦੇ ਹਰ ਤਰ੍ਹਾਂ ਦੀਆਂ ਦੁਸ਼ਵਾਰੀਆਂ ਝਲਦੇ, ਕਿਤੇ ਤੁਰਨ ਦਾ, ਕਿਤੇ ਰੇਲ ਦਾ ਤੇ ਕਿਤੇ ਸਮੁੰਦਰੀ ਕਿਸ਼ਤੀਆਂ, ਅਜਨਬੀ ਲੋਕਾਂ ਵਿਚ ਅਜਨਬੀ ਬੋਲੀ ਬੋਲਦਿਆਂ, ਯੂਰਪੀ ਦੇਸ਼ਾਂ 'ਚ ਦੀ ਧੱਕੇ ਖਾਂਦੇ ਕੈਨੇਡਾ ਪਹੁੰਚ ਗਏ। ਕੈਨੇਡਾ 'ਚ ਚੋਰੀ ਛੁਪੇ ਕੰਮ, ਗਰੀਨ ਕਾਰਡ ਲੈਣ ਲਈ ਵਕੀਲਾਂ ਦੀ ਲੁੱਟ ਖਸੁੱਟ, ਦੇਸੀ ਮਾਲਕਾਂ ਦੀ ਵੱਧ ਕੰਮ ਤੇ ਘਟ ਉਜਰਤ ਨਾਲ ਝੱਗਾ ਚੌੜ ਕਰਾਉਂਦੇ ਤੇ ਗਰੀਨ ਕਾਰਡ ਲਈ ਹੋਰ ਜਾਇਜ਼ ਨਾਜਾਇਜ਼ ਹਰਬੇ ਵਰਤ ਕੇ ਤੇਰਾਂ ਸਾਲ ਬੀਤ ਗਏ। ਅਖੀਰ ਪੰਦਰਾਂ ਸਾਲ ਬਾਅਦ ਦੇਸ ਮੁੜਿਆ ਗਿਆ।

ਪਿੰਡ ਆਉਣ ਸਾਰ ਮੈਂ ਬੇਬੇ ਤੋਂ ਭਾਬੀ ਬਾਰੇ ਪੁੱਛਿਆ। ਬੇਬੇ ਨੇ ਉਸ ਬਾਰੇ ਮੇਰੀ ਪਿੰਡੋਂ ਗੈਰ ਹਾਜਰੀ ਦੀਆਂ ਗੱਲਾਂ ਛੋਹ ਲਈਆਂ। ਦੱਸਿਆ, "ਉਹ ਹਰ ਐਤਵਾਰ ਤੇਰੇ ਬਾਰੇ ਗੱਲ ਕਰਦੀ ਕਿ ਬੇਬੇ ਹੁਣ ਤਾਂ ਉਹ ਪਜਾਮਾ ਨੀਂ ਪਾਉਂਦਾ ਹੋਣਾ? ਹੁਣ ਤਾਂ ਪੈਂਟ ਪਾਉਂਦਾ ਹੋਊ? ਪਾਟ ਤਾਂ ਨੀਂ ਗਿਆ ਪਜਾਮਾ? ਟੁੱਟ ਤਾਂ ਨੀਂ ਗਈ ਗੱਡੀ ਰੇਲ?"

ਇਕ ਦਿਨ ਉਸ ਨੇ ਅਚੇਤ ਹੀ ਕਿਹਾ, "ਹੁਣ ਤੱਕ ਕਿਥੋਂ ਰਹਿ ਗਿਆ ਹੋਊ? ਪਤਾ ਨਹੀਂ ਇਹ ਉਸ ਨੇ ਗਿੰਦਰ ਬਾਰੇ ਕਿਹਾ ਸੀ ਜਾਂ ਮੇਰੇ ਬਾਰੇ, ਪਰ ਬੇਬੇ ਨੇ ਮੇਰੇ ਬਾਰੇ ਈ ਸਮਝਿਆ ਸੀ।

"ਕੁੜੇ ਬਚਪਨ ਦਾ ਹਾਸਾ ਮਖੌਲ ਤਾਂ ਪਿੱਛੇ ਰਹਿ ਗਿਆ। ਊਂ ਕਹਿੰਦਾ ਸੀ, ਬਈ ਇਸ ਸਿਆਲ ਤੱਕ ਤਾਂ ਆ ਈ ਜਾਊ। ਉਹਦੀ ਭਾਣਜੀ ਦਾ ਵਿਆਹ ਹੈ। ਨਾਨਕ ਛੱਕ ਤਾਂ ਭਰੂਗਾ ਈ ਆ ਕੇ।"

"ਜੇ ਨਾ ਆਇਆ, ਗਿੰਦਰ ਵਾਂਗੂੰ?" ਉਹ ਅੱਗੇ ਆਪਣੀ ਗੱਲ ਪੂਰੀ ਨਾ ਕਰ ਸਕੀ।

"ਕੁੜੇ ਸ਼ੁਭ ਸ਼ੁਭ ਬੋਲ, ਚੰਦਰੀਏ। ਤੇਰਾ ਗਿੰਦਰ ਤੇਰਾ ਹੋਊ। ਛਡਦੇ ਉਹਦਾ ਖਹਿੜਾ, ਉਨ੍ਹੇ ਨੀਂ ਆਉਣਾ ਹੁਣ। ਉਹ ਤਾਂ ਉਥਾਂ ਵਾਲੇ ਬਲੋਚਾਂ ਦੇ ਨਾਲ ਰਲ ਗਿਆ ਹੋਣਾ। ਸ਼ਹਿਰ 'ਚ ਕੋਈ ਰੰਨ ਕਰ'ਲੀ ਹੋਊ। ਮੇਰਾ ਪੁੱਤ ਤਾਂ ਜਰੂਰ ਹੀ ਆਊ।" ਬੇਬੇ ਦੇ ਮਨ ਵਿਚ ਮੇਰਾ ਵਿਛੋੜਾ ਉਸ ਨੂੰ ਤੜਪਾ ਗਿਆ ਸੀ। ਉਹ ਉਸ ਨਾਲ ਬਹੁਤ ਹੀ ਨਾਰਾਜ਼ ਹੋ ਗਈ।

ਬੇਬੇ ਉਸ ਦੀ ਕਹੀ ਗੱਲ ਤੋਂ ਉਸ ਨਾਲ ਬਹੁਤ ਰੁੱਖੀ ਗੱਲ ਕਰਦੀ। ਬੇਬੇ ਦੀ ਇਹ ਬੇਰੁਖੀ ਵੇਖ ਕੇ ਉਹ ਇਕ ਦੋ ਵਾਰ ਹੀ ਘਰੇ ਆਈ। ਉਸ ਪਿਛੋਂ ਆਉਣਾ ਛੱਡ ਦਿੱਤਾ, ਪਰ ਮੈਨੂੰ ਇੰਜ ਲਗਦਾ ਇਸ ਦਾ ਅਸਲ ਕਾਰਨ ਬੇਬੇ ਦਾ ਗੁੱਸੇ ਹੋਣਾ ਤੇ ਮੇਰਾ ਘਰ ਵਿਚ ਨਾ ਹੋਣਾ ਸੀ। ਸ਼ਾਇਦ ਉਹ ਆਪਣੇ ਤਸੱਵਰ ਵਿਚ ਮੇਰੀ ਉਹੀ ਤਸਵੀਰ ਬਣਾਈ ਬੈਠੀ ਹੋਵੇ ਬਚਪਨ ਵਾਲੀ, ਜੋ ਮੇਰੇ ਜਵਾਨ ਹੋਣ 'ਤੇ ਵੀ ਟੁੱਟੀ ਨਾ ਹੋਵੇ। ਉਸ ਦਾ ਇਕਲੌਤਾ ਮੁੰਡਾ ਵਿਆਹ ਕਰਵਾ ਕੇ ਬਾਹਰ ਸ਼ਹਿਰ ਚਲਾ ਗਿਆ। ਉਹ ਫਿਰ ਇਕੱਲੀ ਰਹਿ ਗਈ।

ਹੁਣ ਤੱਕ ਤਾਂ ਬੇਬੇ ਦੇ ਤੇਵਰ ਵੀ ਢਿੱਲ੍ਹੇ ਪੈ ਗਏ ਸਨ। ਇਕ ਦੋ ਵਾਰ ਬੇਬੇ ਉਸ ਨੂੰ ਉਚੇਚਾ ਮਿਲਣ ਗਈ। ਪਹਿਲਾਂ ਵਾਂਗ ਮੇਲ-ਜੋਲ ਹੋ ਗਿਆ।

"ਮੈਨੂੰ ਤਰਸ ਜਿਹਾ ਆਉਂਦਾ, ਉਸ 'ਤੇ।" ਬੇਬੇ ਦੇ ਬੋਲਾਂ 'ਚ ਪਿਆਰ ਤੇ ਤਰਸ ਦੇ ਦੋ ਰੰਗ ਇੱਕ ਹੋ ਗਏ ਸਨ।

"ਪਿਛਲੇ ਛੇ ਮਹੀਨੇ ਤੋਂ ਉਹ ਨਰਕ ਭੋਗਦੀ ਪਈ ਐ ਵਿਚਾਰੀ। ਭਲੇ ਬੰਦੇ ਦਾ ਕੋਈ ਯੁੱਗ ਨਹੀਂ ਰਿਹਾ। ਆਹ ਸਾਹਮਣੇ ਘਰ ਵੱਢ ਖਾਣਿਆਂ ਦਾ ਜ਼ੈਲਦਾਰ ਸੁਰੈਣਾ-ਸਾਰੀ ਉਮਰ ਉਸ ਨੇ ਕੋਈ ਚੰਗਾ ਕੰਮ ਨੀ ਕੀਤਾ। ਕੀੜੇ ਪੈਣੇ ਨੇ। ਅਧਰੰਗ ਦਾ ਦੌਰਾ ਪਿਆ। ਤੁਰਨ ਫਿਰਨ ਤੋਂ ਆਹਰੀ ਹੋਇਆ ਪਿਆ। ਐਥੇ ਪਿਆ ਨਰਕ ਭੋਗਦਾ ਕੁੱਤੇ ਦੀ ਜੂਨ। ਨੂੰਹ-ਪੁੱਤ ਭੋਰਾ ਨੀਂ ਸਿਆਣਦੇ। ਭਲੇ ਘਰ ਦੀ ਧੀ ਤੇਰੀ ਭਾਬੀ, ਪਰ ਪੁੱਤ! ਕਹਿੰਦੇ ਨੇ, ਭਲੇ ਦਾ ਸਮਾਂ ਨੀਂ। ਉਹ ਸਭ ਤੋਂ ਚੋਰੀ ਉਸ ਨੂੰ ਪਾਣੀ ਦਾ ਗਲਾਸ ਭਰ ਕੇ ਦੇ ਆਉਂਦੀ। ਹੌਲੀ ਹੌਲੀ ਇਸ ਦਾ ਪਤਾ ਉਹਦੀਆਂ ਕੀੜੇ-ਪੈਣੀਆਂ ਨੂੰਹਾਂ ਨੂੰ ਲੱਗ ਗਿਆ। 'ਸਾਡੇ ਘਰ ਆਉਣ ਦਾ ਕੋਈ ਕੰਮ ਨੀਂ।' ਉਨ੍ਹਾਂ ਤਾੜਨਾ ਕੀਤੀ। ਗੁੱਸੇ 'ਚ ਆ ਕੇ ਜਰਨੈਲ ਨੇ ਤੇਰੀ ਭਾਬੀ ਨੂੰ ਬਹੁਤ ਕੁੱਟਿਆ। ਅਜਿਹੇ ਜ਼ੋਰ ਨਾਲ ਧੱਕਾ ਦਿੱਤਾ ਕਿ ਉਸ ਦਾ ਚੂਲਾ ਟੁੱਟ ਗਿਆ।"

"ਕਿੰਨੇ ਚਿਰ ਤੋਂ ਉਹ ਬੀਮਾਰ ਆ। ਹੁਣ ਤਾਂ ਪੰਦਰਾਂ ਦਿਨ ਦੀ ਮੰਜੇ 'ਤੇ ਪਈ ਆ ਵਿਚਾਰੀ। ਹੱਡੀਆਂ ਦੀ ਮੁੱਠ ਬਣ ਗਈ। ਮੈਂ ਇੱਕ ਦੋ ਵਾਰ ਪਤਾ ਕਰਨ ਗਈ ਸੀ। ਉਹੀ ਪੁਰਾਣੀ ਰੱਟ ਲਾ ਕੇ ਬਹਿ ਗਈ। ਤੇਰੀ, ਪਜਾਮੇ ਦੀ, ਪਜਾਮੇ ਦੀਆਂ ਧਾਰੀਆਂ ਤੇ ਰੇਲ ਗੱਡੀ ਦੀਆਂ ਲੀਹਾਂ ਵਾਲੀ। ਗਿੰਦਰ ਦੀ। ਇਹ ਕਹਿੰਦੀ ਉਹ ਹਫ ਜਿਹੀ ਗਈ। ਉਤੋਂ ਚੰਦਰੀ ਬੇਰਹਿਮ ਜਠਾਣੀ ਗੁਰਦੇਵ ਕੌਰ ਬੋਲੀ, 'ਬੇਬੇ ਜੀ ਡਮਾਗ ਹਿੱਲ ਗਿਆ ਇਹਦਾ। ਸਾਰੀ ਉਮਰ ਤਾਂ ਉਨ੍ਹੇ ਬੱਤੀ ਨੀਂ ਬਾਹੀ। ਇਹ ਢਕਵੰਜ ਕਰਨੋਂ ਨੀ ਹਟਦੀ।' ਗੁਰਦੇਵ ਦੇ ਇਹ ਸ਼ਬਦ ਸੁਣ ਕੇ ਤਾਂ ਮੈਨੂੰ ਵੀ ਬਹੁਤ ਦੁੱਖ ਹੋਇਆ। ਆਹ ਵੇਖ,

(ਬਾਕੀ ਅਗਲੇ ਸਫੇ 'ਤੇ)

# ਤਾਕਤ ਦਾ ਤੰਤਰ ਅਤੇ ਡਾ. ਕਾਫਕਾ

## ਨਾਵਲ 'ਮੁਕੱਦਮੇ' ਦੇ ਹਵਾਲੇ ਨਾਲ

**ਫਰਾਂਜ਼ ਕਾਫਕਾ ਵਿਸ਼ਵ ਸਾਹਿਤ ਜਗਤ ਦਾ ਧਰੂ ਤਾਰਾ ਹੈ। ਸ਼ੇਕਸਪੀਅਰ, ਦਾਸਤੋਵਸਕੀ, ਟਾਲਸਟਾਏ ਜਾਂ ਗੇਟੇ ਤੋਂ ਬਿਨਾ ਸ਼ਾਇਦ ਹੀ ਕੋਈ ਹੋਰ ਸਾਹਿਤਕਾਰ ਹੋਏ, ਜਿਸ ਨੇ ਪਾਠਕਾਂ ਨੂੰ ਮਨੁੱਖੀ ਜ਼ਿੰਦਗੀ ਦੇ ਰਹੱਸ ਨੂੰ ਤਹਿ ਦਰ ਤਹਿ ਬੇਪਰਦ ਕਰਨ ਲਈ ਉਸ ਵਰਗਾ ਪ੍ਰੋਮਿਥੀਅਨ ਜ਼ੋਖਮ ਉਠਾਇਆ ਹੋਵੇ। 'ਪੰਜਾਬ ਟਾਈਮਜ਼' ਦੇ ਪਾਠਕ ਕਾਫਕਾ ਰੂਪੀ ਅਦਭੁੱਤ ਵਰਤਾਰੇ ਬਾਰੇ ਪ੍ਰੋ. ਹਰਪਾਲ ਸਿੰਘ ਪੰਨੂ ਦੀਆਂ 'ਫਰਾਂਜ਼ ਕਾਫਕਾ', ਉਸ ਦੀ ਤ੍ਰਾਸਦਿਕ ਪ੍ਰੰਤੂ ਬੇਹੱਦ ਮਿਕਨਾਤੀਸੀ ਸ਼ਖਸੀਅਤ ਵਾਲੀ ਮਹਿਬੂਬ 'ਮਿਲੇਨਾ' ਅਤੇ ਉਸ ਦੀ ਪਤਨੀ 'ਦੋਰਾ' ਬਾਰੇ ਸਮੇਂ ਸਮੇਂ ਛਾਪੀਆਂ ਗਈਆਂ ਯਾਦਗਾਰੀ ਲਿਖਤਾਂ ਰਾਹੀਂ ਭਲੀਭਾਂਤ ਪਹਿਲਾਂ ਹੀ ਜਾਣਦੇ ਹੋਣਗੇ। ਹੁਣ ਨਿਰਮਲ ਬਰਾੜ ਨੇ ਕਾਫਕਾ ਦੇ ਬੇਮਿਸਾਲ ਸ਼ਾਹਕਾਰ ਨਾਵਲ 'ਦਾ ਟਰਾਇਲ' ਦਾ 'ਮੁਕੱਦਮਾ' ਸਿਰਲੇਖ ਹੇਠ ਪੰਜਾਬੀ ਵਿਚ ਤਰਜ਼ਮਾ ਕੀਤਾ ਹੈ ਅਤੇ ਨਾਵਲ ਦੇ ਇਸੇ ਪੰਜਾਬੀ ਰੂਪਾਂਤਰਣ ਬਾਰੇ ਪ੍ਰੋ. ਰਾਜੇਸ਼ ਸ਼ਰਮਾ ਦਾ ਜਾਣਕਾਰੀ ਭਰਪੂਰ ਨਿਬੰਧ ਆਪਣੇ ਪਾਠਕਾਂ ਲਈ ਪੇਸ਼ ਕਰ ਰਹੇ ਹਾਂ। -ਸੰਪਾਦਕ**

ਕਿਸੇ ਵੀ ਕਿਸਮ ਦੀ ਸੁਪਨੇਸਾਜੀ ਜਾਂ ਭੁਲੇਖਿਆਂ ਤੋਂ ਪਾਰ, ਸਾਫ-ਨਿਗਾਹੀ, ਬੁਲੰਦ ਅਤੇ ਬੇਪਨਾਹ ਉਮੀਦ। ਕੀ ਜ਼ਿੰਦਗੀ ਨੂੰ ਇਸ ਸੰਗਮ ਵਜੋਂ ਜਿਉਣਾ ਮੁਮਕਿਨ ਹੈ? ਕਾਫਕਾ ਦਾ ਇਹ ਸੁਆਲ ਡਰਾਉਂਦਾ ਹੈ। ਪਰ ਉਹ ਸ਼ਖਸ ਵਾਰ-ਵਾਰ ਇਸ ਸੁਆਲ ਨਾਲ ਮੁਖਾਤਿਬ ਹੁੰਦਾ ਹੈ। ਹੋਰ, ਉਹ ਭਾਸ਼ਾ ਵਿਚ ਆਪਣੀ ਦੋਹਰੀ ਬੇਗਾਨਗੀ ਭੋਗਦਾ ਹੈ। ਉਹ ਯਹੂਦੀ ਸੀ, ਪਰ ਜਰਮਨ ਉਸ ਦੀ ਭਾਸ਼ਾ ਸੀ, ਬੇਸ਼ਕ ਉਹ ਚੈਕ ਵੀ ਜਾਣਦਾ ਸੀ। ਜੰਗਬਾਜਾਂ ਦੇ ਦੁਰਪ੍ਰਚਾਰ ਦਾ ਹਥਿਆਰ ਬਣੀ ਜਰਮਨ ਉਸ ਨੂੰ ਦੂਸ਼ਿਤ, ਮੈਲੀ ਅਤੇ ਬਦਬੂਦਾਰ ਹੋ ਗਈ ਜਾਪਦੀ। ਉਸ ਨੇ ਬੇਗਾਨਗੀ ਦੇ ਧੁਰ ਅੰਦਰ ਉਤਰ ਜਾਣ ਦਾ ਫੈਸਲਾ ਕਰ ਲਿਆ। ਸੋਚ ਲਿਆ, ਉਹ ਜਰਮਨ ਭਾਸ਼ਾ ਵਿਚ ਹੀ ਲਿਖੇਗਾ, ਪਰ ਉਸ ਭਾਸ਼ਾ ਵਿਚ ਲਿਖੇ ਬਿਨਾ। ਇਹ ਭਾਸ਼ਾ ਦੇ ਅੰਦਰੋਂ ਉਸ ਦੇ ਪੁਨਰ-ਸਿਰਜਣ ਦਾ



**ਰਾਜੇਸ਼ ਸ਼ਰਮਾ**
**ਫੋਨ: 91-78379-60942**

ਤਹੱਈਆ ਸੀ।

ਕਾਫਕਾ ਹਰ ਦਿਨ ਆਪਣੇ ਚਾਰੇ ਪਾਸੇ ਮਨੁੱਖ ਨੂੰ ਆਪਣੇ ਆਪ ਵਿਚੋਂ ਮਨਫੀ ਹੁੰਦਾ ਦੇਖ ਰਿਹਾ ਸੀ। ਉਸ ਨੂੰ ਤਾਕਤ (ਸੱਤਾ ਜਿਸ ਦਾ ਇੱਕ ਵਿਸ਼ੇਸ਼ ਅਤੇ ਸੀਮਿਤ ਰੂਪ ਹੈ) ਦੀ ਬਸਤੀ ਵਿਚ ਰੁਪਾਂਤ੍ਰਿਤ ਹੁੰਦਾ ਦੇਖ ਰਿਹਾ ਸੀ। ਉਸ ਨੇ ਚੇਤਨਾ ਨੂੰ ਜ਼ਹਿਰ-ਭਿੱਜੀ ਭਾਸ਼ਾ ਦੇ ਸੰਕ੍ਰਮਣ ਨਾਲ ਬੀਮਾਰ ਹੁੰਦੀ ਦੇਖਿਆ। ਜੁਆਬ ਵਿਚ ਭਾਸ਼ਾ ਦੇ ਅੰਦਰ, ਉਸ ਦੇ ਰਾਹੀਂ, ਚੇਤਨਾ ਦੇ ਨਵ-ਨਿਰਮਾਣ ਦਾ ਮਹਾਂ ਯਤਨ ਕੀਤਾ। ਇਹ ਸਫਰ ਉਸ ਨੂੰ ਅਕਸਰ ਅੰਨ੍ਹੇ ਖੂਹਾਂ ਅੰਦਰ ਲੈ ਉਤਰਦਾ। ਇੱਕ-ਇੱਕ ਸ਼ਬਦ ਉਪਰ ਨਿਰਣਾ, ਵਾਕ-ਵਾਕ ਦੀ ਵਾਸਤੂ ਕਲਾ ਕਿਸੇ ਮੈਦਾਨੇ-ਜੰਗ ਵਿਚਲਾ ਜੀਵਨ ਸੰਗਰਾਮ ਹੋ ਨਿਬੜਦੇ, ਪਰ ਕਾਫਕਾ ਸੀ ਕਿ ਉਸ ਨੂੰ ਤਸੱਲੀ ਨਾ ਹੁੰਦੀ।


ਉਸ ਦਾ ਮਹਾਨ ਨਾਵਲ 'ਡੇਰ ਪ੍ਰੋਜ਼ੈਸ', 'ਦ ਟ੍ਰਾਇਲ' ਹਾਲ ਵਿਚ 'ਮੁਕੱਦਮਾ' ਸਿਰਲੇਖ ਹੇਠ ਪੰਜਾਬੀ ਵਿਚ ਅਨੁਵਾਦ ਹੋਇਆ ਹੈ, ਜੋ ਨਿਰਮਲ ਬਰਾੜ ਨੇ ਕੀਤਾ ਹੈ। ਕੋਈ ਨੌਜਵਾਨ ਹੀ ਅਜਿਹਾ ਜੋਖਮ ਲੈ ਸਕਦਾ ਸੀ, ਕਿਸੇ ਹੋਰ ਨੇ ਲੈਣਾ ਹੁੰਦਾ ਤਾਂ ਕਦੋਂ ਦਾ ਲੈ ਚੁਕਾ ਹੁੰਦਾ। ਨਿਰਮਲ ਨੇ ਇਹ ਕੰਮ ਕਰ ਕੇ ਸਾਡੇ ਸਮਿਆਂ ਨੂੰ ਇੱਕ ਵੱਡਾ ਕਰਜ਼ਾ ਮੋੜਿਆ ਹੈ। ਜੇ ਹੁਣ ਵੀ ਇਹ ਨਾਵਲ ਪੰਜਾਬੀ ਦੇ ਪਾਠਕਾਂ ਨੂੰ ਨਾ ਮਿਲਦਾ ਤਾਂ ਬਹੁਤ ਦੇਰ ਹੋ ਜਾਂਦੀ। ਕਿਸੇ ਉਸ ਵਿਅਕਤੀ ਕੋਲ, ਜਿਸ ਨੂੰ ਆਪਣੇ ਮੋਢਿਆਂ ਉਪਰ ਸਿਰ ਦੇ ਹੋਣ ਦਾ ਅਹਿਸਾਸ, ਵਹਿਮ ਜਾਂ ਭੁਲੇਖਾ ਹੈ, ਕਾਫਕਾ ਨੂੰ ਪੂਰੀ ਸੰਜੀਦਗੀ ਨਾਲ ਪੜ੍ਹਨ ਤੋਂ ਇਲਾਵਾ ਕੋਈ ਚਾਰਾ ਨਹੀਂ, ਜੇ ਉਸ ਨੇ ਇਨ੍ਹਾਂ ਸਮਿਆਂ ਨੂੰ ਸਮਝਣਾ ਹੈ, ਆਪਣੀ ਬਚੀ-ਖੁਚੀ ਹੋਂਦ ਨੂੰ ਬਚਾਉਣਾ ਹੈ, ਅਤੇ ਮਨੁੱਖਤਾ ਨੂੰ ਦਰਪੇਸ਼ ਚੁਣੌਤੀਆਂ ਤੇ ਖਤਰਿਆਂ ਨਾਲ ਦੋ ਹੱਥ ਹੋਣਾ ਹੈ।

ਬੇਸ਼ਕ ਨਿਰਮਲ ਦੀ ਇਸ ਕੋਸ਼ਿਸ਼ ਵਿਚ ਕਈ ਊਣਤਾਈਆਂ ਹਨ। ਅਜਿਹਾ ਹੋਣਾ ਸੁਭਾਵਿਕ ਸੀ। ਆਖਰ ਕਾਫਕਾ ਹਰ ਅਨੁਵਾਦਕ ਲਈ ਇਮਤਿਹਾਨ ਵੀ ਤਾਂ ਹੈ। ਉਸ ਦੀਆਂ ਲਿਖਤਾਂ ਦੁਆਲੇ ਅਨੁਵਾਦ ਦਾ ਇਕ ਵਿਸਤ੍ਰਿਤ ਸੰਵਾਦ ਉਭਰਿਆ ਹੈ। ਮਿਲਾਨ ਕੁੰਡੇਰਾ, ਕੂਟਸੀ, ਮਿਸ਼ੈਲ ਵੁਡਜ ਵਰਗੇ ਨਾਮ ਅਨੁਵਾਦ ਦੀਆਂ ਸੰਭਾਵਨਾਵਾਂ ਤੇ ਸੀਮਾਵਾਂ ਨੂੰ ਕਾਫਕਾ ਦੀਆਂ ਲਿਖਤਾਂ ਦੇ ਵੱਖੋ-ਵੱਖਰੇ ਅਨੁਵਾਦਾਂ ਦੀ ਕਸੌਟੀ 'ਤੇ ਪਰਖਦੇ ਹਨ। ਫਿਰ ਇੱਕ ਵਾਰ ਕਾਫਕਾ ਦਾ ਪਾਠ ਤੁਹਾਨੂੰ ਭਾਸ਼ਾ ਦੇ ਗੂੜ੍ਹ ਤੰਤਰ ਅੰਦਰ ਜਾ ਉਤਾਰਦਾ ਹੈ। ਤੁਸੀਂ ਅਨੁਵਾਦ ਦੀ ਮੈਟਾ-ਲੈਂਗੁਏਜ ਰਾਹੀਂ ਭਾਸ਼ਾ ਦੇ ਜਿਸਮ 'ਤੇ ਹੱਥ ਧਰਦੇ ਹੋ। ਉਸ ਦੀ ਹਰਾਰਤ ਮਹਿਸੂਸ ਕਰਦੇ ਹੋ। ਜਿਉਂਦੇ ਹੋਣ ਦਾ ਖੂਬਸੂਰਤ ਅਹਿਸਾਸ ਮਾਣਦੇ ਹੋ। ਪੰਜਾਬੀ ਵਿਚ ਕਾਫਕਾ ਦੇ ਅਨੁਵਾਦਾਂ ਨੂੰ ਹੋਰ ਸੂਖਮਤਾ ਤੇ ਕਲਾਤਮਕਤਾ ਨਾਲ ਅੱਗੇ ਤੋਰਨਾ ਭਵਿੱਖ ਦੇ ਅਨੁਵਾਦਕਾਂ ਦੇ ਜਿੰਮੇ ਹੈ, ਜਿਵੇਂ ਕਿ ਹੋਰ ਭਾਸ਼ਾਵਾਂ ਵਿਚ ਹਮੇਸ਼ਾ ਹੁੰਦਾ ਰਿਹਾ ਹੈ।

ਫੂਕੋ ਤੋਂ ਕਿਤੇ ਪਹਿਲਾਂ ਕਾਫਕਾ ਨੇ ਤਾਕਤ ਨੂੰ ਬਹੁਰੂਪੀ ਅਤੇ ਬਹੁਪਰਤੀ ਜਾਣਿਆ। ਉਸ ਦੀ ਸੂਖਮ ਵਿਆਪਕਤਾ ਅਤੇ ਖੌਫਨਾਕ ਨਜ਼ਾਕਤ ਨੂੰ ਲਫਜ਼ਾਂ ਦੀ ਰੋਸ਼ਨੀ ਵਿਚ ਜਾਹਰ ਕੀਤਾ। ਪਰ ਫੂਕੋ ਦੇ ਸੰਸਾਰ ਵਿਚ ਤਾਕਤ ਦਾ ਉਹ ਭਿਆਨਕ ਤਾਂਡਵ ਨਹੀਂ ਸੀ, ਜਿਸ ਦਾ ਕਹਿਰ ਕਾਫਕਾ ਨੇ ਹੰਢਾਇਆ ਸੀ। ਉਸ ਨੇ ਆਪਣੇ ਪਿਆਰਿਆਂ ਨੂੰ ਮੌਤ ਦੀਆਂ ਭੱਠੀਆਂ ਵਿਚ ਸੁਆਹ ਹੁੰਦੇ ਜਾਣਿਆ ਸੀ। ਇੱਕ ਭੈਣ ਆਪਣੇ ਜੈਂਟਾਈਲ ਪਤੀ ਨੂੰ ਤਲਾਕ ਦੇ ਕੇ ਇਸ ਲਈ ਸ਼ਹਿਰ ਦੇ ਯਹੂਦੀ ਬੱਚਿਆਂ ਦੇ ਨਾਲ ਡੈਥ ਕੈਂਪ ਨੂੰ ਤੁਰ ਗਈ ਸੀ ਕਿ ਜ਼ਮੀਰ ਉਸ ਨੂੰ ਗੈਰ ਯਹੂਦੀ ਦੀ ਬੀਵੀ ਹੋਣ ਦੇ ਨਾਂ 'ਤੇ ਜ਼ਿੰਦਾ ਰਹਿਣ ਦੀ ਇਜਾਜ਼ਤ ਨਹੀਂ ਸੀ ਦਿੰਦੀ।

ਕਾਫਕਾ ਨੇ ਕਈ ਵੇਰ ਜ਼ਾਇਨਿਸਟ ਮੂਲਵਾਦ ਵੱਲ ਮੂੰਹ ਕਰਨਾ ਚਾਹਿਆ, ਪਰ ਉਸ ਦੀ ਵਿਵੇਕ ਬੁੱਧੀ ਕਦੇ ਇਨਸਾਨੀਅਤ ਨੂੰ ਤਿਆਗਣ ਲਈ ਰਾਜ਼ੀ ਨਾ ਹੋਈ। ਫੇਰ ਕਾਫਕਾ ਕੋਲ ਥਿਊਰੀ ਦਾ ਉਹ ਬਫਰ ਵੀ ਨਹੀਂ ਸੀ, ਜਿਸ ਨੇ ਫੂਕੋ ਨੂੰ ਤਾਕਤ ਦੇ ਸਿੱਧੇ ਸੇਕ ਤੋਂ ਦੂਰ ਰੱਖਿਆ। ਉਹ ਤਾਂ ਦਿਨ ਰਾਤ ਇਸ ਦੀ ਅੱਗ ਨੂੰ ਆਪਣੇ ਸਰੀਰ ਅਤੇ ਰੂਹ 'ਤੇ ਹੰਢਾਉਂਦਾ। ਇਸ ਹੰਢਾਉਣ ਨੂੰ ਨਿਰੰਤਰ, ਹੋਰ ਗਹਿਰੇ ਉਸ ਜੱਦੋ-ਜਹਿਦ ਵਿਚ ਜਿਉਂਦਾ, ਜੋ ਹਰ ਰਾਤ ਟੇਬਲ ਲੈਂਪ ਦੀ ਲੋਅ ਵਿਚ ਭਾਸ਼ਾ ਦੀ ਰਣ-ਭੂਮੀ ਅੰਦਰ ਵਾਪਰਦੀ।

ਇਸੇ ਲਈ ਉਸ ਨੇ ਤਾਕਤ ਦੇ ਜਿਸ ਵਿਸ਼ਵ-ਰੂਪ ਦੇ ਦਰਸ਼ਨ ਕੀਤੇ, ਉਸ ਦੀ ਕੋਈ ਮਿਸਾਲ ਨਹੀਂ ਮਿਲਦੀ। ਮਨੁੱਖ ਦੀ ਉਠਣੀ-ਬੈਠਣੀ, ਤੋਰ, ਅਵਾਜ਼, ਇੱਥੋਂ ਤੱਕ ਕਿ ਧੌਣ, ਸਿਰ ਅਤੇ ਮੋਢਿਆਂ ਦਾ ਚੁੱਪ ਚਾਪ ਆਪਣੀਆਂ ਆਦਤਾਂ ਬਦਲ ਲੈਣਾ-ਕਾਫਕਾ ਸਭ ਕੁਝ ਦਰਜ ਕਰਦਾ ਹੈ। ਤਾਕਤ ਦੇ ਰੂਹ-ਖੋਰ ਤੰਤਰ ਵਿਚ ਫਸਿਆ ਮਨੁੱਖ ਸ਼ਰਮਿੰਦਗੀ ਅਤੇ ਭੈਅ ਨੂੰ ਕਿਵੇਂ ਆਪਣਾ ਆਪ ਸੌਂਪ ਦਿੰਦਾ ਹੈ? ਮਨੁੱਖੀ ਗੌਰਵ ਤੋਂ ਮੁਨਕਰ ਹੋ ਕੇ ਉਹ ਕਿਵੇਂ ਇੱਕ ਪਾਲਤੂ ਕੁੱਤੇ




ਵਿਚ ਤਬਦੀਲ ਹੁੰਦਾ ਹੈ? ਕਾਫਕਾ ਇਹ ਭਿਆਨਕ ਭਾਣਾ ਦੇਖਣ ਅਤੇ ਦਿਖਾਉਣ ਦੀ ਲਗਾਤਾਰ ਜੁਰਅਤ ਕਰਦਾ ਹੈ। ਤਾਕਤ ਆਪਣੀ ਅਸੀਮ ਚਤੁਰਾਈ ਵਿਚ ਸਿਰਫ ਵਪਾਰੀਆਂ, ਕਾਰਖਾਨੇਦਾਰਾਂ, ਪੁਲਿਸ, ਵਕੀਲਾਂ ਅਤੇ ਮੈਜਿਸਟ੍ਰੇਟਾਂ ਦੇ ਕਿਰਦਾਰ ਹੀ ਨਹੀਂ ਲਿਖਦੀ; ਉਸ ਦੀ ਗ੍ਰਿਫਤ ਵਿਚ ਦਫਤਰਾਂ ਦੇ ਮਾਮੂਲੀ ਕਾਰਿੰਦੇ, ਘਰੇਲੂ ਨੌਕਰਾਣੀਆਂ, ਕਲਾਕਾਰ, ਇੱਥੋਂ ਤੱਕ ਕਿ ਮਾਸੂਮ ਦਿਖਦੇ ਬੱਚੇ ਵੀ ਹੁੰਦੇ ਹਨ। ਉਹ ਸਭ ਜਿਵੇਂ ਖੁਸ਼ੀ-ਖੁਸ਼ੀ ਤਾਕਤ ਦੇ ਦਲਾਲ, ਸ਼ਿਕਾਰੀ ਜਾਂ ਜੱਲਾਦ ਦੀ ਭੂਮਿਕਾ ਅਦਾ ਕਰਦੇ ਹਨ।

ਕੀ ਇਸ ਸਰਵ-ਵਿਆਪੀ ਦਿਖਦੀ ਤਾਕਤ ਦੇ ਸ਼ੈਤਾਨੀ ਤਲਿਸਮ ਤੋਂ ਕੁਝ ਵੀ ਅਣਛੋਹਿਆ ਨਹੀਂ ਰਹਿ ਸਕਦਾ? ਕਾਫਕਾ ਜ਼ਮੀਰ ਵੱਲ ਇਸ਼ਾਰਾ ਕਰਦਾ ਹੈ। ਜ਼ਮੀਰ ਨਾਲ ਇੱਕਮਿੱਕ ਹੋਈ ਵਿਵੇਕ-ਬੁੱਧੀ ਵੱਲ ਇਸ਼ਾਰਾ ਕਰਦਾ ਹੈ।

ਇਸ ਖੌਫਨਾਕ ਖੁਫੀਆ ਤੰਤਰ ਦੇ ਕੇਂਦਰ ਵਿਚ ਉਹ ਅਦਾਲਤ ਨੂੰ ਰੱਖਦਾ ਹੈ। ਅਦਾਲਤ ਦਾ ਜੁਗਰਾਫੀਆ ਉਹ ਇੱਕ ਪੈਰੇਬਲ ਦੀ ਸ਼ਕਲ ਵਿਚ ਸਿਰਜਦਾ ਹੈ। ਪੈਰੇਬਲ ਸੁਣਾਉਂਦਾ ਇਕ ਪਾਦਰੀ ਹੈ, ਜੋ ਅਦਾਲਤ ਲਈ ਕੰਮ ਕਰਦਾ ਹੈ। ਰੱਬ ਅਤੇ ਅਦਾਲਤ ਵਿਚਕਾਰਲੀ ਆਵਾਜਾਈ ਨਾਲ ਬਾਖੂਬੀ ਵਾਕਿਫ ਇਹ ਆਦਮੀ ਤਾਕਤ ਦੇ ਗੋਰਖ-ਧੰਦੇ ਦਾ ਰਾਜ਼ ਜਾਣਦਾ ਹੈ। ਉਸ ਗੋਰਖ-ਧੰਦੇ ਸਾਹਮਣੇ ਆਦਮੀ ਕੀ ਕਰੇ, ਉਹ ਦੱਸਦਾ ਹੈ, ਪਰ ਅਸਿੱਧੇ ਢੰਗ ਨਾਲ।

ਵਿਡੰਬਨਾ ਇਹ ਹੈ ਕਿ ਮੁਲਜ਼ਮ ਗਰਦਾਨੇ ਗਏ ਆਦਮੀ ਕੋਲੋਂ ਆਪਣੇ ਕਤਲ ਹੋਣ ਤੱਕ ਅਦਾਲਤ ਅੰਦਰ ਨਹੀਂ ਪਹੁੰਚਿਆ ਜਾਂਦਾ। ਉਸ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਅਦਾਲਤ ਦੀ ਹੋਂਦ ਅਸਲ ਵਿਚ ਹੈ ਵੀ ਜਾਂ ਨਹੀਂ। ਆਖਰ ਆਪਣੇ ਆਪ ਬਾਰੇ ਫੈਸਲਾ ਉਹ ਆਪ ਹੀ ਸੁਣਾਉਂਦਾ ਹੈ: 'ਕੁੱਤੇ ਦੀ ਤਰ੍ਹਾਂ'। ਇਹ ਫੈਸਲਾ ਉਸ ਦੀ ਕਿਸਮਤ ਉਪਰ ਨਹੀਂ, ਅਸਤਿਤਵੀ ਹਾਲਤ ਉਪਰ ਹੈ। ਕਿਸਮਤ ਉਪਰ ਫੈਸਲਾ ਤਾਂ ਪਹਿਲਾਂ ਹੀ ਹੋ ਚੁਕਾ ਹੈ। ਕਸਾਈਆਂ ਵਾਲਾ ਦੋਧਾਰੀ ਚਾਕੂ ਉਸ ਦੇ ਦਿਲ ਵਿਚ ਉਤਾਰ ਕੇ ਦੋ ਵਾਰ ਘੁਮਾਇਆ ਜਾ ਚੁਕਾ ਹੈ, ਪਰ ਉਹ ਕਤਲ ਹੁੰਦਾ ਹੋਇਆ ਵੀ ਆਪਣੇ ਆਪ ਨੂੰ ਦੇਖ ਰਿਹਾ ਹੈ।

ਕਿਤੇ ਉਸ ਦੇ ਕਤਲ ਦੀ ਅਸਲ ਵਜ੍ਹਾ ਇਹੀ ਤਾਂ ਨਹੀਂ ਕਿ ਉਹ ਪਾਲਤੂ ਕੁੱਤਾ ਹੋਣ ਤੋਂ ਇਨਕਾਰੀ ਹੋ ਗਿਆ? ਆਪਣੇ ਵਕੀਲ ਦੇ ਹੋਰ ਮੁਵੱਕਿਲ, ਬਲਾਕ ਦੀ ਤਰ੍ਹਾਂ ਆਪਣੇ ਮਨੁੱਖ ਹੋਣ ਨੂੰ ਵਿਸਾਰ ਨਹੀਂ ਸਕਿਆ? ਸਵੈ-ਚਿੰਤਨ ਅਤੇ ਸਵੈ-ਮਾਣ ਦਾ ਤਿਆਗ ਕਰ ਕੇ ਤੰਤਰ ਦੀ ਤੰਤਹੀਣ ਪੁਤਲੀ ਮਾਤਰ ਨਹੀਂ ਬਣਿਆ? ਬੇਸ਼ਰਮ ਨਹੀਂ ਹੋ ਸਕਿਆ? ਆਖਰੀ ਸਾਹ ਲੈਂਦੇ ਹੋਏ ਵੀ ਉਸ ਨੂੰ ਸ਼ਰਮਿੰਦਗੀ ਦਾ ਅਹਿਸਾਸ ਹੈ, ਜੋ ਬਲਾਕ ਨੂੰ ਉਕਾ ਹੀ ਨਹੀਂ ਸੀ। ਉਹ ਆਪਣੇ ਅਤੇ ਕੁੱਤੇ ਵਿਚਕਾਰਲੇ ਅੰਤਰ ਨੂੰ ਅਜੇ ਵੀ ਪਛਾਣਦਾ ਹੈ।

ਇਹ ਸਵੈ ਅਤੇ ਸਮਸਤੀ ਦੇ ਦਰਸ਼ਕ ਹੋ ਕੇ ਹੀ ਸੰਭਵ ਹੈ। ਗਹੁ ਨਾਲ ਪੜ੍ਹੀਏ ਤਾਂ ਨਾਵਲ ਥਿਏਟਰਿਕੈਲਟੀ ਨਾਲ ਭਰਿਆ ਹੋਇਆ ਹੈ। ਥਿਏਟਰ ਦਾ ਮੈਟਾਫਰ ਸਵੈ ਅਤੇ ਸੰਸਾਰ ਨੂੰ ਆਲੋਚਨਾਤਮਕ ਚਿੰਤਨ ਦੀ ਨਿਗਾਹ ਤੋਂ ਜਾਚਣ ਦਾ ਵਾਹਕ ਹੈ। ਕਦੇ ਕੇ., ਨਾਵਲ ਦਾ ਮੁੱਖ ਪਾਤਰ, ਅਜੀਬੋ-ਗਰੀਬ ਦਰਸ਼ਕ ਆਕਰਸ਼ਿਤ ਕਰਦਾ ਹੈ: ਬੈਡ ਰੂਮ ਅੰਦਰ, ਮੈਜਿਸਟ੍ਰੇਟ ਦੇ ਬੇਹੱਦ ਨੀਵੀਂ ਛੱਤ ਵਾਲੇ ਦਫਤਰ ਵਿਚ, ਸੜਕ ਉਪਰ, ਕਥੀਡਰਲ ਵਿਚ, ਚਾਂਦਨੀ ਰਾਤ ਨੂੰ ਪੱਥਰਾਂ ਦੀ ਖਾਨ ਅੰਦਰ ਸਲੈਬ ਉਪਰ ਬਿਠਾ ਕੇ ਕਤਲ ਲਈ ਤਿਆਰ ਕੀਤੇ ਜਾਣ ਵੇਲੇ। ਕਦੇ ਉਹ ਆਪ ਦਰਸ਼ਕ ਬਣ ਕੇ ਆਲੇ-ਦੁਆਲੇ ਨੂੰ, ਆਪਣੇ ਆਪ ਨੂੰ, ਤਮਾਮ ਵਰਤਾਰੇ ਨੂੰ ਕਿਸੇ ਅਨੋਖੇ ਥਿਏਟਰ ਵਾਂਗ ਦੇਖਦਾ ਹੈ। ਇੰਜ ਨਾਵਲ ਵਿਚ ਸਵੈ-ਚੇਤੰਨ ਅਵਲੋਕਨ, ਵਿਸਤ੍ਰਿਤ ਅਤੇ ਡੂੰਘੀ ਨੈਤਿਕ ਤੇ ਰਾਜਨੀਤਿਕ ਨਜ਼ਰਸਾਨੀ ਵਜੋਂ, ਤਾਕਤ ਦੇ ਜ਼ਬਰ ਖਿਲਾਫ ਪ੍ਰਤਿਰੋਧ ਦੀ ਜ਼ਮੀਨ ਬਣ ਕੇ ਉਭਰਦਾ ਹੈ। ਜ਼ਿਜ਼ੈਕ ਜੋ ਗੱਲ ਤਾਕਤ ਅਤੇ ਆਇਡਿਆਲੋਜੀ ਦੇ ਮੌਜੂਦਾ ਸਬੰਧਾਂ ਬਾਰੇ ਕਹਿ ਰਿਹਾ ਹੈ, ਕਾਫਕਾ ਉਸ ਨੂੰ ਆਪਣੇ ਢੰਗ ਨਾਲ ਮੂਰਤ ਰੂਪ ਵਿਚ ਬਿਆਨ ਕਰਦਾ ਹੈ। ਤਾਕਤ ਦੇ ਗਾਇਬੀ ਤੌਰ-ਤਰੀਕਿਆਂ ਨੂੰ ਥਿਏਟਰ ਵਜੋਂ ਵਾਚਣ ਨਾਲ ਉਸ ਦੀਆਂ ਬਾਰੀਕ ਅਤੇ ਜਟਿਲ ਤਕਨਾਲੋਜੀਆਂ ਨੂੰ ਸਮਝਿਆ ਜਾ ਸਕਦਾ ਹੈ। ਉਨ੍ਹਾਂ ਤੋਂ ਆਲੋਚਨਾਤਮਕ ਦੂਰੀ ਸਥਾਪਿਤ ਕੀਤੀ ਜਾ ਸਕਦੀ ਹੈ ਅਤੇ ਸੁਤੰਤਰ ਜਮੀਨ 'ਤੇ ਖੜ੍ਹਿਆ ਜਾ ਸਕਦਾ ਹੈ।

ਪਰੰਤੂ ਉਸ ਜਮੀਨ ਨੂੰ ਤਿਆਰ ਕਰਨਾ ਸੌਖਾ ਕੰਮ ਨਹੀਂ। ਦਰਸ਼ਨ ਮਾਤਰ ਨਾਲ ਤਾਕਤ ਦੇ ਇੰਦਰ ਜਾਲ ਤੋਂ ਮੁਕਤੀ ਨਹੀਂ ਮਿਲਦੀ। ਕਾਫਕਾ ਨੂੰ ਇਹ ਅਹਿਸਾਸ ਸੀ। ਪ੍ਰਤਿਰੋਧ ਦੀ ਖੇਤੀ ਦਾ ਜੋ ਨੁਸਖਾ ਪਾਦਰੀ ਦਿੰਦਾ ਹੈ, ਉਹ ਹੈ ਡਾਇਲੈਕਟਿਕਲ ਚਿੰਤਨ। ਗੁੰਝਲ ਇਹ ਹੈ ਕਿ ਤਾਕਤ ਦੇ ਵਿਆਪਕ ਤੰਤਰ ਅੰਦਰ ਵਾਪਰ ਰਿਹਾ ਚਿੰਤਨ ਆਪ ਉਸ ਤੰਤਰ ਦਾ ਪਰਛਾਵਾਂ ਜਾਂ ਵਿਸਤਾਰ ਹੋ ਸਕਦਾ ਹੈ, ਪਰ ਉਸ ਨੂੰ ਅਜਿਹੇ ਆਰਸੀ ਵਿਚ ਵੀ ਰੁਪਾਂਤ੍ਰਿਤ ਕੀਤਾ ਜਾ ਸਕਦਾ ਹੈ, ਜੋ ਉਸ ਤੰਤਰ ਦੇ ਗਾਇਬੀ ਰਹੱਸ ਨੂੰ ਉਘਾੜ ਦੇਵੇ। ਡਾਇਲੈਕਟਿਕਲ ਚਿੰਤਨ ਅਜਿਹੇ ਰੂਪਾਂਤਰਣ ਦੀ ਕੁੰਜੀ ਹੈ। ਪਰ ਇੱਥੇ ਫਿਰ ਰਾਹ ਵਿਚ ਰੁਕਾਵਟ ਹੈ। ਡਾਇਲੈਕਟਿਕਲ ਚਿੰਤਨ ਅਭਿਆਸ ਅਤੇ ਸਮਾਂ ਮੰਗਦਾ ਹੈ। ਤਾਕਤ ਦਾ ਤੰਤਰ ਸਮਾਂ ਨਹੀਂ, ਸਜ਼ਾ ਦਿੰਦਾ ਹੈ। ਇਸ ਤੋਂ ਵੀ ਅੱਗੇ, ਮੁਕੱਦਮਾ ਅਤੇ ਸਜ਼ਾ ਆਪਸ ਵਿਚ ਰਲ-ਗੱਡ ਹਨ। ਮੁਕੱਦਮਾ ਸ਼ੁਰੂ ਹੋਣ ਦੇ ਨਾਲ ਹੀ ਸਜ਼ਾ ਵੀ ਸ਼ੁਰੂ ਹੋ ਜਾਂਦੀ ਹੈ।

ਕਾਨੂੰਨ ਵਿਚ ਪੀਐਚ.ਡੀ. ਕਾਫਕਾ ਦੀ ਅੱਖ ਇੰਨੀ ਬਾਰੀਕੀ ਨਾਲ ਦੇਖਦੀ ਹੈ ਕਿ ਵਾਸਤਵਿਕਤਾ ਹੀ ਪਰੀ-ਕਥਾ ਅਤੇ ਬੇਤਾਲ-ਕਥਾ ਹੋਣ ਦਾ ਆਭਾਸ ਦੇਣ ਲੱਗਦੀ ਹੈ। ਸੱਚ ਦਾ ਨਾਸੂਰ ਫਿਕਸ਼ਨ ਬਣ ਫੁੱਟਦਾ ਅਤੇ ਵਗ ਨਿਕਲਦਾ ਹੈ।

'ਮੁਕੱਦਮੇ' ਦਾ ਸਮਕਾਲੀ ਪਾਠਕ ਸਾਫ ਦੇਖ ਸਕਦਾ ਹੈ ਕਿ ਕਾਫਕਾ ਦਾ ਬੁਣਿਆ ਤੰਤਰ ਨਾਜ਼ੀਵਾਦੀ/ਫਾਸ਼ੀਵਾਦੀ ਹੀ ਨਹੀਂ, ਸਗੋਂ ਅਜਿਹਾ ਕੁਬੇਰੀ ਕਾਰਪੋਰੇਟ ਗਲੋਬਲ ਤੰਤਰ ਵੀ ਹੈ, ਜਿਸ ਨੇ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿਚ ਲੋਕ-ਰਾਜ ਨੂੰ ਅੱਜ ਅਗਵਾ ਕਰ ਲਿਆ ਹੈ। ਸਮਾਜ ਦੇ ਬਹੁਤੇਰੇ ਵਰਗਾਂ ਅਤੇ ਸਟੇਟ ਦੀਆਂ ਸੰਸਥਾਵਾਂ ਦੀਆਂ ਆਤਮਾਵਾਂ ਨੂੰ ਪ੍ਰੇਤ ਬਣ ਆਪਣੇ ਅਧੀਨ ਕਰ ਲਿਆ ਹੈ। ਇਸ ਲਈ ਕਾਫਕਾ ਸਾਡੇ ਵਰਗੇ ਪਾਠਕਾਂ ਦੇ ਲਈ ਅੱਜ ਦੇ ਗਾਇਬੀ ਸੱਚ ਦੀਆਂ ਗੁੰਝਲਾਂ ਖੋਲ੍ਹਦਾ ਹੈ। ਉਹ ਤੁਹਾਨੂੰ ਭੈਅ ਦੇ ਇੰਨਾ ਨੇੜੇ ਲੈ ਜਾਂਦਾ ਹੈ ਕਿ ਭੈਅਭੀਤ ਹੋਣ ਲਈ ਹੋਰ ਕੁਝ ਬਚਦਾ ਹੀ ਨਹੀਂ।

---

## ਬੋਸਕੀ ਦਾ ਪਜਾਮਾ

***(ਪਿਛਲੇ ਸਫੇ ਦੀ ਬਾਕੀ)***

ਉਹਦੇ ਘਰ ਆਲੇ ਨੂੰ, ਚੜ੍ਹਦੀ-ਲਹਿੰਦੀ ਦਾ ਕੋਈ ਫਿਕਰ ਨ੍ਹੀਂ, ਫਾਹਾ ਦੇਣੇ ਨੂੰ। ਫਾਹੇ ਦੇਣੈ ਇਹੋ ਜਿਹਾ ਘਰ ਆਲਾ। ਇਹਤੋਂ ਤਾਂ ਤੀਮੀ ਰੰਡੀ ਚੰਗੀ।"

ਇੱਕ ਮਿੰਟ ਚੁੱਪ ਕਰਕੇ ਬੇਬੇ ਨੇ ਫਿਰ ਕਿਹਾ, "ਪਰਸੋਂ ਫਿਰ ਪਤਾ ਲੈ ਕੇ ਆਈ ਆਂ। ਅੱਖਾਂ ਅੰਦਰ ਧਸੀਆਂ ਪਈਆਂ ਵਿਚਾਰੀ ਦੀਆਂ। ਉਦੋਂ ਉਸ ਤੋਂ ਬੋਲ ਨ੍ਹੀਂ ਹੋਇਆ। ਮੈਂ ਹੀ ਤੇਰੇ ਆਉਣ ਦੀ ਗੱਲ ਦੱਸੀ। ਸੁਣ ਕੇ ਚਿਹਰੇ 'ਤੇ ਮੁਸਕਾਨ ਆ ਗਈ। ਉਹ ਬਹੁਤ ਹੀ ਹੌਲੀ ਬੋਲੀ। ਉਸ ਨੇ ਸੱਜੇ ਪਾਸੇ ਨੂੰ ਅਹੁਲਣਾ ਚਾਹਿਆ। ਮੈਂ (ਬੇਬੇ) ਉਸ ਨੂੰ ਸੱਜੀ ਵੱਖੀ 'ਤੇ ਪਾ ਦਿੱਤਾ। ਅੱਖਾਂ ਵਿਚ ਹੰਝੂ ਸਨ, ਮੈਂ ਪੂੰਝ ਦਿੱਤੇ। ਮੈਥੋਂ ਹੋਰ ਬਹੁਤਾ ਚਿਰ ਖੜ੍ਹਿਆ ਨਾ ਗਿਆ, ਵਾਪਸ ਚਲੀ ਆਈ।"

ਮੈਂ ਪਜਾਮਾ ਹੱਥ ਵਿਚ ਲੈ ਕੇ ਉਸ ਦਾ ਪਤਾ ਲੈਣ ਚਲਾ ਗਿਆ। ਬੇਬੇ ਦੋ ਮਿੰਟ ਪਹਿਲਾਂ ਹੀ ਉਥੇ ਪਹੁੰਚ ਗਈ ਸੀ। ਉਸ ਨੂੰ ਬੇਬੇ ਤੇ ਉਥੇ ਹੋਰ ਬੈਠੀ ਇਕ ਬੁੜ੍ਹੀ ਨੇ ਪਿੱਛੋਂ ਸਹਾਰਾ ਦੇ ਕੇ ਉਠਾਇਆ ਅਤੇ ਬੇਬੇ ਨੇ ਉਸ ਨੂੰ ਆਪਣੇ ਪੱਟਾਂ 'ਤੇ ਪਾ ਲਿਆ। ਮੈਂ ਪਜਾਮਾ ਪੌਂਚਿਆਂ ਵਾਲੇ ਪਾਸਿਓਂ ਫੜ੍ਹ ਕੇ ਕਿਹਾ, "ਭਾਬੀ ਤਕੜੀ ਹੋ। ਕੁਛ ਨ੍ਹੀਂ ਹੁੰਦਾ ਤੈਨੂੰ। ਵੇਖ ਭਾਬੀ ਇੱਧਰ ਨੂੰ ਲੀਹਾਂ ਆਉਂਦੀਆਂ। ਬੰਬੇ ਤੋਂ ਸਿੱਧੀਆਂ ਇਧਰ ਨੂੰ। ਇੰਜਣ ਆਉਂਦਾ ਇਦ੍ਹੇ 'ਤੇ ਛੱਕ ਛੱਕ ਕਰਦਾ। ਵਾਪਸ।" ਮੈਂ ਪਜਾਮਾ ਉਸ ਦੇ ਹੱਥਾਂ ਕੋਲ ਕਰ ਦਿੱਤਾ। ਮੈਂ ਉਸ ਦੇ ਹੱਥ ਫੜ੍ਹ ਕੇ ਉਸ ਦੀਆਂ ਉਂਗਲਾਂ ਪਜਾਮੇ ਦੀਆਂ ਧਾਰੀਆਂ 'ਤੇ ਫੇਰਦਾ ਗਿਆ। ਪਜਾਮਾ ਗੋਡਿਆਂ ਕੋਲੋ ਫਟ ਗਿਆ ਸੀ। ਗੋਡੇ ਕੋਲ ਆ ਕੇ ਉਸ ਦੀਆਂ ਉਂਗਲਾਂ ਦੇ ਪੋਟੇ, ਪਾਟੇ ਥਾਂ ਵਿਚ ਫਸ ਗਏ।

"ਲੀਹ...ਟੁੱਟ...ਗਈ!" ਆਪਣੇ ਆਪ ਨੂੰ ਇਕੱਠਾ ਕਰਕੇ ਮਸੀਂ ਬੋਲੀ ਤੇ ਉਸ ਦਾ ਸਾਹ ਚੜ੍ਹ ਗਿਆ। ਉਹ ਬੇਬੇ ਦੀ ਬੁੱਕਲ ਵਿਚ ਹੀ ਲੁੜ੍ਹਕ ਗਈ।

---

## ਸਿਰਜਣਹਾਰੀ

ਮੈਂ ਸਤੀ ਸਵਿੱਤਰੀ ਤੋਂ
ਗੀਤਾ, ਗਾਇਤਰੀ ਤੱਕ
ਭਰੂਣ ਹੱਤਿਆ ਤੋਂ
ਆਤਮ ਹੱਤਿਆ ਤੱਕ ਦਾ
ਸਫਰ ਤੈਅ ਕਰਕੇ
ਪੜਾਅ ਦਰ ਪੜਾਅ ਪਾਰ ਕਰਕੇ
ਹਜ਼ਾਰਾਂ ਗਮ ਤੇ
ਲੱਖਾਂ ਦਰਦ
ਮਨ ਮਸਤਕ 'ਤੇ
ਹੰਢਾ ਚੁਕੀ ਹਾਂ
ਨਿਰੰਤਰ ਧੋਖੇ ਖਾ ਚੁਕੀ ਹਾਂ।

ਬਾਲ-ਵਿਆਹ,
ਬਾਲ-ਵਿਧਵਾ
ਦਾਸੀ ਪ੍ਰਥਾ ਦਾ
ਸੰਤਾਪ ਭੋਗਦੇ ਕੰਜਕ ਤੋਂ
ਵੇਸਵਾ ਬਣਦੀ
ਜੰਮਦਿਆਂ ਹੀ
ਪੱਥਰ, ਮਰ ਜਾਣੀ,
ਸਿਰ ਮੁੰਨੀ, ਕਾਲ-ਖਾਧੀ,
ਧ੍ਰੇਕ, ਬਿਗਾਨੀ ਚੀਜ਼,
ਕਾਣੀ ਬਲਾ
ਅਖਵਾ ਚੁਕੀ ਹਾਂ।

ਨੌਕਰੀ ਲਈ ਜੂਝਦੀ
ਸਲਫਾਸ ਖਾ ਕੇ
ਪਾਣੀ ਦੀ ਟੈਂਕੀ ਤੋਂ
ਛਾਲ ਮਾਰ ਕੇ
ਦਾਜ ਦੀ ਖਾਤਰ
ਸਟੋਵ ਨਾਲ ਝੁਲਸ ਕੇ
ਗੱਡੀ ਹੇਠ ਆ ਕੇ
ਫਾਹਾ ਲੈ ਕੇ ਕਈ ਵਾਰੀ
ਜਾਨ ਗਵਾ ਚੁਕੀ ਹਾਂ।

ਪਹਿਲੀ ਕਤਾਰ 'ਚ ਖੜ੍ਹਦੀ
ਬਿਜਲੀ ਬਣ ਕੜਕਦੀ
ਚੁਣੌਤੀਆਂ ਦਿੰਦੀ
ਜ਼ੁਲਮ ਵਿਰੁਧ ਲੜਦੀ
ਪਰਬਤਾਂ 'ਤੇ ਚੜ੍ਹਦੀ
ਘਟਾ ਬਣ ਵਰ੍ਹਦੀ
ਅੰਬਰੀਂ ਉਡਾਰੀ ਭਰਦੀ
ਅੱਧ ਵਿਚਾਲਿਓਂ
ਪਰ ਕਟਵਾ ਚੁਕੀ ਹਾਂ।

ਅੱਖਾਂ ਵਿਚ ਸੁਪਨੇ ਸਜਾ
ਕਲਮ ਪ੍ਰਚੰਡ ਕਰਦੀ
ਜੁਗਨੂੰਆਂ ਨਾਲ ਭਿੜਦੀ
ਮਸਤਕ ਵਿਚ ਦੀਵਾ ਬਾਲਦੀ
ਨਵੀਂਆਂ ਦਿਸ਼ਾਵਾਂ ਭਾਲਦੀ
ਚੌਗਿਰਦੇ ਨੂੰ ਰੁਸ਼ਨਾਉਂਦੀ
ਕੁੱਲ ਨੂੰ ਪੜ੍ਹਾਉਂਦੀ
ਕਲਮਕਾਰਾਂ ਲਈ
ਵਿਸ਼ੇ ਬਣਾ ਚੁਕੀ ਹਾਂ।

ਬਾਵਜੂਦ! ਦੁਨੀਆਂ ਵਾਲਿਓ
ਆਪਣੀ ਪਛਾਣ ਬਣਾਉਂਦੀ
ਪਹੇਲੀਆਂ ਸੁਲਝਾਉਂਦੀ
ਸੂਝ-ਬੂਝ ਦਿਖਾਉਂਦੀ
ਦੁਨੀਆਂ ਦਾ ਧੁਰਾ ਬਣ
ਮਾਨਵਤਾ ਦੀ ਵੇਲ ਵਧਾਉਂਦੀ
ਕਈ ਇਤਿਹਾਸ ਬਣਾ
ਸਿਰਜਣਹਾਰੀ ਅਖਵਾ ਰਹੀ ਹਾਂ।

***-ਨੀਲਮ ਸੈਣੀ***
***ਫੋਨ: 510-502-0551***

# ਪਾਣੀ ਦੀ ਕਦਰ-ਓ-ਕੀਮਤ ਅਤੇ ਇਸ ਦੀ ਸੰਜਮ ਨਾਲ ਵਰਤੋਂ ਜ਼ਰੂਰੀ

ਕੁਦਰਤ ਨੇ ਸਾਨੂੰ ਜਿਨ੍ਹਾਂ ਬੇਸ਼ੁਮਾਰ ਕੀਮਤੀ ਤੋਹਫਿਆਂ ਨਾਲ ਨਿਵਾਜਿਆ ਹੈ, ਪਾਣੀ ਉਨ੍ਹਾਂ ਵਿਚੋਂ ਇਕ ਹੈ, ਪਰ ਜਿਸ ਤਰ੍ਹਾਂ ਨਾਲ ਅੱਜ ਇਸ ਵੱਡੀ ਦਾਤ ਨੂੰ ਮਨੁੱਖ ਬੇਲੋੜਾ ਬਹਾ ਕੇ ਬਰਬਾਦ ਤੇ ਖਰਾਬ ਕਰ ਰਿਹਾ ਹੈ, ਉਹ ਵੇਖਦਿਆਂ ਅਜਿਹਾ ਲਗਦਾ ਹੈ ਕਿ ਹੁਣ ਉਹ ਦਿਨ ਦੂਰ ਨਹੀਂ, ਜਦੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਪਾਣੀ ਦੀ ਇਕ ਇਕ ਬੂੰਦ ਨੂੰ ਤਰਸਣਗੀਆਂ ਤੇ ਸਾਨੂੰ ਕੋਸਣਗੀਆਂ; ਨਾਲ ਹੀ ਵਕਤ ਵੀ ਸਾਨੂੰ ਇਸ ਗਲਤੀ ਲਈ ਸ਼ਾਇਦ ਕਦੇ ਮੁਆਫ ਨਹੀਂ ਕਰੇਗਾ ਕਿ ਜਿਸ ਤਰ੍ਹਾਂ ਨਾਲ ਆਪਣੇ ਲਾਲਚਾਂ ਤੇ ਖੁਦਗਰਜ਼ੀਆਂ ਦੀ ਪੂਰਤੀ ਲਈ ਪਾਣੀ ਦੀ ਬੇਤਹਾਸ਼ਾ ਵਰਤੋਂ ਕੀਤੀ ਹੈ।



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਪਿਛਲੇ ਦਿਨੀਂ ਇਕ ਸੱਜਣ ਰਣਜੀਤ ਸਿੰਘ ਨਾਲ ਗੱਲਬਾਤ ਹੋਈ ਤਾਂ ਉਨ੍ਹਾਂ ਸਾਡੇ ਸਭਨਾਂ ਲਈ ਇਕ ਸਬਕ ਦੇਣ ਵਾਲਾ ਖੁਲਾਸਾ ਕਰਦਿਆਂ ਦੱਸਿਆ ਕਿ ਉਹ ਜਦੋਂ ਦੁਬਈ ਵਿਚ ਕੰਮ ਦੇ ਸਿਲਸਿਲੇ ਵਿਚ ਗਏ ਹੋਏ ਸਨ ਤਾਂ ਉਨ੍ਹਾਂ ਵੇਖਿਆ ਕਿ ਉਸ ਮੁਲਕ ਵਿਚ ਪਾਣੀ ਦੀ ਬਹੁਤ ਕਮੀ ਹੈ, ਪਰ ਇਸ ਦੇ ਬਾਵਜੂਦ ਅੱਜ ਕਲ ਉਥੇ ਕਿੰਨੀਆਂ ਹੀ ਥਾਂਵਾਂ ਤੇ ਹਰਿਆਲੀ ਤੇ ਜੰਗਲ ਵਰਗੇ ਦ੍ਰਿਸ਼ ਵੇਖੇ ਜਾ ਸਕਦੇ ਹਨ, ਉਨ੍ਹਾਂ ਦੀ ਸਰਕਾਰ ਸਮੁੰਦਰ ਦੇ ਪਾਣੀ 'ਚੋਂ ਨਮਕ ਕੱਢ ਕੇ ਉਸ ਨੂੰ ਰਿਫਾਈਨ ਤੇ ਫਿਲਟਰ ਕਰ ਕੇ ਦੇਸ਼ ਦੇ ਲੋਕਾਂ ਲਈ ਪੀਣ ਤੇ ਦੂਜੇ ਰੂਪ ਵਿਚ ਇਸ ਨੂੰ ਵਰਤੋਂ ਯੋਗ ਬਣਾਉਂਦੀ ਹੈ। ਇਸ ਦੇ ਨਾਲ ਹੀ ਲੋਕਾਂ ਵਲੋਂ ਸੀਵਰੇਜ ਕੀਤੇ ਪਾਣੀ ਨੂੰ ਮੁੜ ਫਿਲਟਰ ਤੇ ਰਿਫਾਈਨ ਕਰਕੇ ਉਸ ਵਿਚੋਂ ਨਿਕਲਣ ਵਾਲੇ ਗੰਦੇ ਪਦਾਰਥਾਂ ਦੀ ਖਾਦ ਬਣਾਉਂਦੀ ਹੈ ਤੇ ਨਾਲ ਹੀ ਪਾਣੀ ਅਲੱਗ ਕਰਕੇ ਤੇ ਇਸ ਵਿਚ ਹੋਰ ਖਾਦਾਂ ਆਦਿ ਨੂੰ ਮਿਕਸ ਕਰਕੇ, ਟੈਂਕਰਾਂ ਵਿਚ ਪਾ ਕੇ ਦੇਸ਼ ਅੰਦਰ ਵੱਖ ਵੱਖ ਥਾਂਵਾਂ 'ਤੇ ਲੱਗੇ ਪੌਦਿਆਂ ਅਤੇ ਦਰਖਤਾਂ ਦੀ ਸਿੰਚਾਈ ਕਰਨ ਦੇ ਕੰਮ ਲਿਆਉਂਦੀ ਹੈ।

ਇਸ ਸਮੇਂ ਪੂਰੇ ਭਾਰਤ 'ਚ ਬਹੁਤ ਗਰਮੀ ਪੈ ਰਹੀ ਹੈ, ਜਿਸ ਕਾਰਨ ਰਾਜਸਥਾਨ ਅਤੇ ਹੋਰ ਕਈ ਸੂਬਿਆਂ 'ਚ ਰੈਡ ਅਲਰਟ ਜਾਰੀ ਕੀਤਾ ਗਿਆ ਹੈ। ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਦਿੱਲੀ ਅਤੇ ਮੱਧ ਪ੍ਰਦੇਸ਼ 'ਚ ਵੀ ਗਰਮੀ ਦਾ ਕਹਿਰ ਪੈ ਰਿਹਾ ਹੈ, ਜਿਸ ਦਾ ਅਸਰ ਪ੍ਰਤੱਖ ਰੂਪ ਵਿਚ ਸਾਡੇ ਵਾਤਾਵਰਣ 'ਤੇ ਵੇਖਣ ਨੂੰ ਮਿਲ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਦਿਨੋ ਦਿਨ ਜਲ ਸੰਕਟ ਵਧਦਾ ਹੀ ਜਾ ਰਿਹਾ ਹੈ। ਮਾਹਿਰਾਂ ਦੀ ਮੰਨੀਏ ਤਾਂ ਕੁਦਰਤੀ ਜਲ ਸਰੋਤਾਂ ਦੇ ਨਸ਼ਟ ਹੋਣ ਨਾਲ ਦਿੱਲੀ ਐਨ. ਸੀ. ਆਰ. ਦੇ ਨਾਲ ਦੇਸ਼ ਦੇ ਵੱਖ ਵੱਖ ਇਲਾਕਿਆਂ ਵਿਚ ਪੀਣ ਯੋਗ ਪਾਣੀ ਦਾ ਸੰਕਟ ਵਧਦਾ ਜਾ ਰਿਹਾ ਹੈ।

ਜੇ ਗੱਲ ਦਿੱਲੀ ਦੀ ਹੀ ਕਰੀਏ ਤਾਂ ਇਸ ਸਮੇਂ ਕਰੀਬ 270 ਐਮ. ਜੀ. ਡੀ. ਪਾਣੀ ਦੀ ਕਮੀ ਹੈ। ਦਰਅਸਲ ਜ਼ਮੀਨੀ ਪਾਣੀ ਦੀ ਨਿਕਾਸੀ ਵੱਧ ਤੇ ਰਿਚਾਰਜ ਘੱਟ ਹੋਣ ਕਰਕੇ ਇਥੇ ਬਹੁਤੇ ਇਲਾਕਿਆਂ ਵਿਚ ਜ਼ਮੀਨੀ ਪੱਧਰ ਹਰ ਸਾਲ 0.5-2 ਮੀਟਰ ਹੇਠਾਂ ਜਾ ਰਿਹਾ ਹੈ। ਜੇ ਇਹੀ ਹਾਲ ਰਿਹਾ ਤਾਂ ਉਹ ਦਿਨ ਦੂਰ ਨਹੀਂ, ਜਦੋਂ ਪਾਣੀ ਪੀਣ ਲਈ ਵੀ ਨਸੀਬ ਨਹੀਂ ਹੋਵੇਗਾ। ਜਿਥੇ ਦਿੱਲੀ ਦੀ ਅਜੋਕੀ ਜ਼ਮੀਨੀ ਪਾਣੀ ਦੀ ਸਥਿਤੀ ਭਵਿੱਖ ਦੀ ਡਰਾਵਣੀ ਤਸਵੀਰ ਪੇਸ਼ ਕਰਦੀ ਹੈ। ਉਥੇ ਹੀ ਜ਼ਮੀਨੀ ਪਾਣੀ ਦੀ ਖਾ ਵਰਤੋਂ ਨਾਲ ਪਾਣੀ ਦੀ ਗੁਣਵੱਤਾ ਵੀ ਪ੍ਰਭਾਵਿਤ ਹੋ ਰਹੀ ਹੈ ਤੇ ਜਿਸ ਦੇ ਫਲਸਰੂਪ ਦਿੱਲੀ ਦੇ ਭੂ-ਗਰਭ ਵਿਚ ਮੌਜੂਦ ਪਾਣੀ ਦਾ 76 ਫੀਸਦੀ ਹਿੱਸਾ ਵਰਤੋਂ ਯੋਗ ਨਹੀਂ ਰਿਹਾ।

ਇਥੇ ਇਹ ਗੱਲ ਵੀ ਵੱਧ ਚਿੰਤਾਜਨਕ ਹੈ ਕਿ ਇਸ ਸਮੇਂ ਦਿੱਲੀ ਤੋਂ ਬਿਨਾ 21 ਹੋਰ ਸ਼ਹਿਰਾਂ ਵਿਚ ਵੀ ਜ਼ਮੀਨੀ ਪਾਣੀ ਪੂਰੀ ਤਰ੍ਹਾਂ ਨਾਲ ਖਤਮ ਹੋਣ ਵਾਲਾ ਹੈ। ਇਸ ਸੰਦਰਭ ਵਿਚ ਮੈਗਸੈਸੇ ਪੁਰਸਕਾਰ ਪ੍ਰਾਪਤ 'ਪਾਣੀ ਪੁਰਸ਼' ਰਾਜੇਂਦਰ ਸਿੰਘ ਨੇ ਨੀਤੀ ਆਯੋਗ ਦੀ ਰਿਪੋਰਟ ਦਾ ਹਵਾਲਾ ਦੇ ਕੇ ਕਿਹਾ ਕਿ ਜ਼ਮੀਨੀ ਪਾਣੀ ਦੀ ਖਪਤ ਨਾਲ ਰਾਸ਼ਟਰੀ ਰਾਜਧਾਨੀ ਖੇਤਰ ਦੀ ਮੈਟਰੋ ਸਿਟੀ ਮੇਰਠ, ਦਿੱਲੀ, ਫਰੀਦਾਬਾਦ ਤੇ ਗੁਰੂਗ੍ਰਾਮ ਵਿਚ ਜ਼ਮੀਨੀ ਪਾਣੀ ਪੂਰੀ ਤਰ੍ਹਾਂ ਨਾਲ ਖਤਮ ਹੋਣ ਦੇ ਕੰਢੇ ਹੈ।

ਇਕ ਰਿਪੋਰਟ ਅਨੁਸਾਰ ਇਸ ਸਮੇਂ ਭਾਰਤ ਦਾ ਲਗਭਗ 42 ਫੀਸਦੀ ਹਿੱਸਾ ਅਸਾਧਾਰਨ ਤੌਰ 'ਤੇ ਸੋਕੇ ਦੀ ਮਾਰ ਹੇਠ ਹੈ। ਇਹ ਪਿਛਲੇ ਵਰ੍ਹੇ ਦੇ ਮੁਕਾਬਲੇ 6 ਫੀਸਦੀ ਵੱਧ ਹੈ। 28 ਮਈ ਤੱਕ ਦੇ ਅੰਕੜਿਆਂ ਮੁਤਾਬਕ ਦੇਸ਼ ਦਾ ਸੋਕਾਗ੍ਰਸਤ ਇਲਾਕਾ ਹੁਣ ਵਧ ਕੇ 42.61 ਫੀਸਦੀ ਹੋ ਗਿਆ ਹੈ। ਇਹ ਇੱਕ ਹਫਤਾ ਪਹਿਲਾਂ 21 ਮਈ ਨੂੰ 42.18 ਫੀਸਦੀ ਸੀ। ਇਹ ਹਾਲਤ 27 ਫਰਵਰੀ ਨੂੰ ਥੋੜ੍ਹੀ ਬਿਹਤਰ ਸੀ, ਜਦੋਂ 41.30 ਫੀਸਦੀ ਇਲਾਕਾ ਅਸਾਧਾਰਨ ਤੌਰ 'ਤੇ ਸੋਕੇ ਦੀ ਮਾਰ ਹੇਠ ਸੀ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ ਸਰਕਾਰ ਵਲੋਂ ਕਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਿਸ ਦੇ ਚਲਦਿਆਂ ਸਰਕਾਰ ਵਲੋਂ ਵੱਖ ਵੱਖ ਯੋਜਨਾਵਾਂ ਵੀ ਚਲਾਈਆਂ ਗਈਆਂ ਹਨ।

ਹੁਣ ਗੱਲ ਪੰਜਾਬ ਦੀ ਕਰੀਏ ਤਾਂ ਲਫਜ਼ ਪੰਜਾਬ ਦੋ ਸ਼ਬਦਾਂ ਪੰਜ ਅਤੇ ਆਬ ਨੂੰ ਮਿਲ ਕੇ ਬਣਿਆ ਹੈ। ਫਾਰਸੀ ਭਾਸ਼ਾ ਦੇ ਸ਼ਬਦ ਆਬ ਦਾ ਅਰਥ ਪਾਣੀ ਹੈ, ਕਿਉਂਕਿ ਇਕ ਸਮਾਂ ਸੀ ਜਦੋਂ ਪੰਜਾਬ ਵਿਚੋਂ ਦੀ ਪੰਜ ਦਰਿਆ ਗੁਜ਼ਰਦੇ ਸਨ, ਜਿਨ੍ਹਾਂ ਸਦਕਾ ਪੰਜਾਬ ਪੂਰੇ ਦੇਸ਼ 'ਚੋਂ ਸਭ ਤੋਂ ਵੱਧ ਹਰਾ ਭਰਾ ਅਤੇ ਖੁਸ਼ਹਾਲ ਮੰਨਿਆ ਜਾਂਦਾ ਸੀ।

ਮਾਹਿਰਾਂ ਅਨੁਸਾਰ ਪੰਜਾਬ ਦਾ ਜ਼ਮੀਨੀ ਪਾਣੀ ਧਰਤੀ ਹੇਠਲੀਆਂ ਤਿੰਨ ਪਰਤਾਂ ਵਿਚ ਮੌਜੂਦ ਹੈ। ਜਿਥੋਂ ਤਕ ਉਪਰਲੀ ਭਾਵ ਪਹਿਲੀ ਪਰਤ ਦਾ ਸਬੰਧ ਹੈ, ਉਹ 10 ਤੋਂ 20 ਫੁੱਟ ਤੱਕ ਹੈ, ਜਿਸ ਵਿਚਲਾ ਪਾਣੀ ਅਸੀਂ ਅੱਜ ਤੋਂ ਕਈ ਦਹਾਕੇ ਪਹਿਲਾਂ ਖਤਮ ਕਰ ਚੁਕੇ ਹਾਂ। ਜਦੋਂ ਕਿ ਦੂਜੀ ਪਰਤ ਲਗਭਗ 100 ਤੋਂ 200 ਫੁੱਟ ਵਿਚਕਾਰ ਹੈ, ਇਸ ਦੀ ਵਰਤੋਂ ਕਰ ਕਰ ਅਸੀਂ ਇਸ ਨੂੰ ਅੱਜ ਤੋਂ ਲਗਭਗ 10 ਸਾਲ ਪਹਿਲਾਂ ਖੁਸ਼ਕ ਕਰ ਦਿੱਤਾ ਸੀ। ਮੌਜੂਦਾ ਸਮੇਂ ਅਸੀਂ ਪਾਣੀ ਦੇ ਜਿਸ ਭਾਗ ਦੀ ਵਰਤੋਂ ਕਰ ਰਹੇ ਹਾਂ, ਉਹ ਪਾਣੀ ਦੀ ਤੀਜੀ ਪੱਧਰ ਹੈ, ਜੋ 300 ਜਾਂ 350 ਫੁੱਟ ਤੋਂ ਵੱਧ ਡੂੰਘੀ ਹੈ। ਇਕ ਅੰਦਾਜ਼ੇ ਮੁਤਾਬਕ ਪਾਣੀ ਹੇਠਲੀ ਇਹ ਪਰਤ ਵੀ ਅਗਲੇ ਦਹਾਕੇ ਤੱਕ ਖਾਲੀ ਹੋ ਜਾਵੇਗੀ। ਮਾਹਿਰਾਂ ਅਨੁਸਾਰ ਇਸ ਪਰਤ ਵਿਚਲੇ ਪਾਣੀ ਦੇ ਖਤਮ ਹੋਣ ਨਾਲ ਪੰਜਾਬ ਦੇ ਪਾਣੀ ਦੀਆਂ ਆਖਰੀ ਘੁੱਟਾਂ ਵੀ ਖਤਮ ਹੋ ਜਾਣਗੀਆਂ।

ਵਿਗਿਆਨੀਆਂ ਅਨੁਸਾਰ ਉਕਤ ਤਿੰਨਾਂ ਪਰਤਾਂ ਵਿਚੋਂ ਕੇਵਲ ਉਪਰਲੀ ਪਰਤ ਹੀ ਮੀਂਹ ਅਤੇ ਦਰਿਆਈ ਪਾਣੀ ਨਾਲ ਕੁਝ ਹੱਦ ਤੱਕ ਰਿਚਾਰਜ ਹੁੰਦੀ ਹੈ। ਜੇ ਇਹ ਪਰਤ ਰਿਚਾਰਜ ਹੋ ਵੀ ਜਾਵੇ ਤਾਂ ਇਹ ਪਾਣੀ ਕਈ ਸਦੀਆਂ ਤੱਕ ਪੀਣ ਯੋਗ ਨਹੀਂ ਹੋਵੇਗਾ; ਦੂਜੀ ਤੇ ਤੀਜੀ ਪਰਤ ਵਿਚ ਕਈ ਸਦੀਆਂ ਵਿਚ ਪਹੁੰਚਦਾ ਹੈ। ਇਸ ਵਿਚਲਾ ਤੁਪਕਾ ਤੁਪਕਾ ਬੇਹੱਦ ਕੀਮਤੀ ਅਤੇ ਕੁਦਰਤ ਦਾ ਅਨਮੋਲ ਤੋਹਫਾ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸਾਡੀਆਂ ਸਰਕਾਰਾਂ ਨੂੰ ਦੁਨੀਆਂ ਭਰ ਦੇ ਸਾਇੰਸਦਾਨ ਕਈ ਦਹਾਕਿਆਂ ਤੋਂ ਇਹ ਚੇਤਾਵਨੀਆਂ ਦਿੰਦੇ ਆ ਰਹੇ ਸਨ ਕਿ ਪੰਜਾਬ ਵਿਚ ਖੇਤੀ ਅਤੇ ਉਦਯੋਗ ਦਰਿਆਈ ਪਾਣੀਆਂ ਨਾਲ ਕਰੋ, ਕਿਉਂਕਿ ਧਰਤੀ ਹੇਠਲਾ ਪਾਣੀ ਇਸ ਖੇਤਰ ਵਿਚ ਮਨੁੱਖੀ ਜੀਵਨ ਲਈ ਬੇਹੱਦ ਜ਼ਰੂਰੀ ਹੈ, ਪਰ ਦਰਿਆਈ ਪਾਣੀਆਂ ਦੇ ਲਗਾਤਾਰ ਪੰਜਾਬੋਂ ਬਾਹਰ ਜਾਣ ਕਾਰਨ ਪੰਜਾਬੀ ਲੋਕ ਪੰਜਾਬ ਹੇਠਲਾ ਪਾਣੀ ਵਰਤਣ ਲਈ ਮਜਬੂਰ ਹੋ ਗਏ।

ਅੱਜ ਜਿਸ ਤਰ੍ਹਾਂ ਪੰਜਾਬ ਦੇ ਦਰਿਆਵਾਂ ਦਾ ਪਾਣੀ ਬਾਹਰ ਜਾ ਰਿਹਾ ਹੈ ਅਤੇ ਜਿਸ ਬੇਰਹਿਮੀ ਨਾਲ ਪੰਜਾਬ ਦੇ ਕਿਸਾਨ ਧਰਤੀ ਹੇਠਲੇ ਪਾਣੀ ਦੀ ਵੱਡੀ ਪੱਧਰ 'ਤੇ ਵਰਤੋਂ ਕਰ ਰਹੇ ਹਨ, ਉਸ ਤੋਂ ਇਹੀ ਲਗਦਾ ਹੈ ਕਿ ਪੰਜਾਬ ਨੂੰ ਦੋਵੇਂ ਧਿਰਾਂ ਜਲਦੀ ਤੋਂ ਜਲਦੀ ਰੇਗਿਸਤਾਨ ਬਣਾਉਣ ਵਲ ਤੁਰੀਆਂ ਹੋਈਆਂ ਹਨ।

ਇਕ ਰਿਪੋਰਟ ਅਨੁਸਾਰ ਪੰਜਾਬ ਦੇ 13 ਲੱਖ ਟਿਊਬਵੈਲ ਪੰਜਾਬ ਨੂੰ ਲਗਾਤਾਰ ਖਾਤਮੇ ਵੱਲ ਲਿਜਾ ਰਹੇ ਹਨ, ਕਿਆਸ ਇਹ ਵੀ ਹੈ ਕਿ ਅਗਲੇ 15 ਸਾਲਾਂ ਵਿਚ ਬਹੁਤੇ ਮੱਛੀ ਮੋਟਰਾਂ ਵਾਲੇ ਬੋਰ ਸੁੱਕ ਜਾਣਗੇ ਅਤੇ ਪੰਜਾਬ ਦੇ 2.5 ਕਰੋੜ ਲੋਕਾਂ ਕੋਲ ਇਹ ਇਲਾਕਾ ਛੱਡਣ ਤੋਂ ਬਿਨਾ ਕੋਈ ਚਾਰਾ ਨਹੀਂ ਬਚੇਗਾ। ਇਹ ਕਿ ਪੰਜ ਪਾਣੀਆਂ ਵਾਲੇ ਪੰਜਾਬ ਦਾ 73 ਫੀਸਦੀ ਰਕਬਾ ਲਗਪਗ 14 ਲੱਖ ਟਿਊਬਵੈਲਾਂ ਦੀ ਸਿੰਚਾਈ ਉਤੇ ਨਿਰਭਰ ਕਰਦਾ ਹੈ ਅਤੇ ਸਿਰਫ 27 ਫੀਸਦੀ ਹੀ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਹੈ।

ਜੇ ਅਸੀਂ ਆਪਣੇ ਦਰਿਆਈ ਪਾਣੀਆਂ ਦੀ ਯੋਗ ਤੇ ਸੁਚੱਜੇ ਢੰਗ ਨਾਲ ਵਰਤੋਂ ਕਰੀਏ ਤਾਂ ਇਨ੍ਹਾਂ ਵਿਚ ਵੱਖ ਵੱਖ mineral ਅਤੇ sediment ਹੁੰਦੇ ਹਨ, ਜੋ ਕੁਦਰਤੀ ਤੌਰ 'ਤੇ ਫਸਲਾਂ ਵਾਸਤੇ ਧਰਤੀ ਨੂੰ ਉਪਜਾਊ ਬਣਾ ਕੇ ਰੱਖਦੇ ਹਨ, ਜਦ ਕਿ ਦਰਿਆਈ ਪਾਣੀ ਦੀ ਅਣਹੋਂਦ ਦੇ ਚਲਦਿਆਂ ਪੰਜਾਬ ਦੀ ਕਿਸਾਨੀ ਨੂੰ ਇਹ ਘਾਟ ਖਾਦਾਂ ਅਤੇ ਦਵਾਈਆਂ ਨਾਲ ਪੂਰੀ ਕਰਨੀ ਪੈਂਦੀ ਹੈ, ਉਥੇ ਹੀ ਦੂਜੇ ਪਾਸੇ ਪੰਜਾਬ ਆਪਣੇ ਤਾਜ਼ੇ ਪਾਣੀ ਦਾ ਅਨਮੁੱਲਾ ਤੇ ਵੱਡਮੁੱਲਾ ਜ਼ਖੀਰਾ ਖਤਮ ਕਰਦਾ ਜਾ ਰਿਹਾ ਹੈ ਅਤੇ ਨਾਲ ਹੀ ਦਵਾਈਆਂ ਨਾਲ ਜ਼ਮੀਨ ਦੀ ਉਪਰਲੀ ਤਹਿ ਵੀ ਬੇਹੱਦ ਦੂਸ਼ਿਤ ਹੋ ਰਹੀ ਹੈ। ਇਸ ਸਭ ਦੇ ਫਲਸਰੂਪ ਪੰਜਾਬ ਸਿਰਫ ਰੇਗਿਸਤਾਨ ਹੀ ਨਹੀਂ, ਸਗੋਂ ਅਜਿਹਾ ਜ਼ਹਿਰੀਲਾ ਰੇਗਿਸਤਾਨ ਬਣੇਗਾ, ਜਿਸ ਦੀ ਕਲਪਨਾ ਕਰਦਿਆਂ ਵੀ ਖੌਫ ਆਉਂਦਾ ਹੈ।

ਇਕ ਅੰਦਾਜ਼ੇ ਮੁਤਾਬਕ ਇਸ ਸਮੇਂ ਪੰਜਾਬ ਦਾ ਝੋਨੇ ਹੇਠ ਰਕਬਾ ਕੁਲ 28 ਲੱਖ ਹੈਕਟੇਅਰ ਤੋਂ ਵਧ ਕੇ 30 ਲੱਖ ਹੈਕਟੇਅਰ ਦੇ ਕਰੀਬ ਚਲਾ ਗਿਆ ਹੈ। ਇਸ ਦੇ ਨਤੀਜੇ ਵਜੋਂ ਪਾਣੀ ਦੀ ਵਧ ਰਹੀ ਖਪਤ ਕਾਰਨ ਪੰਜਾਬ ਦੇ 138 ਵਿਚੋਂ 110 ਬਲਾਕ ਅਜਿਹੇ ਹਨ, ਜਿਥੇ ਜ਼ਮੀਨੀ ਪਾਣੀ ਦੀ ਇੰਨੀ ਬੇਤਹਾਸ਼ਾ ਵਰਤੋਂ ਕੀਤੀ ਗਈ ਹੈ ਕਿ ਇੱਥੇ ਪਾਣੀ ਦਾ ਪੱਧਰ ਹੁਣ ਬਹੁਤ ਹੇਠਾਂ ਚਲਾ ਗਿਆ ਹੈ। ਇਕ ਅੰਦਾਜ਼ੇ ਮੁਤਾਬਕ ਸੂਬੇ 'ਚ ਹੁਣ ਕੇਵਲ 23 ਬਲਾਕ ਹੀ ਸੁਰੱਖਿਅਤ ਹਨ, ਇਨ੍ਹਾਂ ਵਿਚੋਂ ਵੀ ਵਧੇਰੇ ਕਰਕੇ ਸੇਮ ਪ੍ਰਭਾਵਿਤ ਖੇਤਰ ਹੀ ਹਨ, ਅਰਥਾਤ ਇਨ੍ਹਾਂ ਸੇਮ ਪ੍ਰਭਾਵਿਤ ਇਲਾਕਿਆਂ ਵਿਚ ਵੀ ਹੇਠਲਾ ਪਾਣੀ ਪੀਣ ਅਤੇ ਫਸਲਾਂ ਲਾਉਣ ਯੋਗ ਨਹੀਂ।

ਜ਼ਿਕਰਯੋਗ ਹੈ ਕਿ ਕੇਂਦਰੀ ਗਰਾਊਂਡ ਵਾਟਰ ਅਥਾਰਿਟੀ ਨੇ ਸੂਬੇ ਦੇ 45 ਬਲਾਕਾਂ ਨੂੰ ਵਿਸ਼ੇਸ਼ ਜ਼ੋਨ ਐਲਾਨਿਆ ਹੋਇਆ ਹੈ। ਮਤਲਬ ਇਨ੍ਹਾਂ ਬਲਾਕਾਂ ਵਿਚ ਡਿਪਟੀ ਕਮਿਸ਼ਨਰਾਂ ਦੀ ਮਨਜ਼ੂਰੀ ਤੋਂ ਬਿਨਾ ਕੋਈ ਵੀ ਟਿਊਬਵੈਲ ਬੋਰ ਨਹੀਂ ਕੀਤਾ ਜਾ ਸਕਦਾ।

ਲਗਾਤਾਰ ਬਰਸਾਤ ਦੀ ਘਾਟ ਕਰਕੇ ਔਸਤਨ ਹਰ ਸਾਲ 55 ਤੋਂ 60 ਸੈਂਟੀਮੀਟਰ ਪਾਣੀ ਹੋਰ ਹੇਠਾਂ ਚਲਾ ਜਾਂਦਾ ਹੈ। ਪੰਜਾਬ ਸਰਕਾਰ ਵੱਲੋਂ ਧਰਤੀ ਹੇਠਲਾ ਪਾਣੀ ਬਚਾਉਣ ਲਈ ਝੋਨਾ ਲਾਉਣ ਵਿਚ ਦੇਰੀ ਵਾਲੇ ਕਾਨੂੰਨ ਨਾਲ ਪਾਣੀ ਹੇਠ ਜਾਣ ਨੂੰ ਕੁਝ ਠੱਲ ਪਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਅਸੀਂ ਅਕਸਰ ਵੇਖਦੇ ਹਾਂ ਕਿ ਬਹੁਤੀਆਂ ਥਾਂਵਾਂ 'ਤੇ ਉਕਤ ਦੇਰੀ ਨਾਲ ਝੋਨਾ ਲਾਉਣ ਦੇ ਦਿਸ਼ਾ-ਨਿਰਦੇਸ਼ ਨੂੰ ਅੱਖੋਂ ਪਰੋਖੇ ਕਰਕੇ ਝੋਨੇ ਦੀ ਲੁਆਈ ਕੀਤੀ ਜਾਂਦੀ ਹੈ।

ਸਾਇੰਸ ਵਿਸ਼ੇ ਦੇ ਮਾਹਿਰ ਮਾਸਟਰ ਅਮਰੀਕ ਸਿੰਘ ਨੇ ਜੌਹਲ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਕ ਕਿਲੋ ਚੌਲ ਦੀ ਪੈਦਾਵਾਰ ਲਈ ਲਗਭਗ ਪੰਜ ਹਜ਼ਾਰ ਲੀਟਰ ਪਾਣੀ ਦੀ ਵਰਤੋਂ ਹੋ ਜਾਂਦੀ ਹੈ। ਉਨ੍ਹਾਂ ਅਨੁਸਾਰ ਅਸੀਂ ਵੇਖੀਏ ਤਾਂ ਅੱਜ ਮਿਨਰਲ ਵਾਟਰ ਦੀ ਇਕ ਬੋਤਲ ਘੱਟੋ-ਘੱਟ ਵੀਹ ਰੁਪਏ ਦੀ ਮਿਲਦੀ ਹੈ, ਜੇ ਕਿਸਾਨ ਧਰਤੀ ਹੇਠਲੇ ਖਜਾਨੇ ਭਾਵ ਪਾਣੀ ਨੂੰ ਮਿਨਰਲ ਵਾਟਰ ਦੀ ਸ਼ਕਲ ਵਿਚ ਵੀ ਵੇਚਣ ਲੱਗ ਜਾਣ ਤਾਂ ਯਕੀਨਨ ਝੋਨੇ ਦੀ ਫਸਲ ਤੋਂ ਕਈ ਗੁਣਾ ਵੱਧ ਆਮਦਨ ਹਾਸਲ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਡਾ. ਸਰਦਾਰਾ ਸਿੰਘ ਜੌਹਲ ਦੀ ਅਗਵਾਈ ਵਾਲੀ ਕਮੇਟੀ ਨੇ 1986 ਵਿਚ ਇਕ ਰਿਪੋਰਟ ਵਿਚ ਪਾਣੀ ਦਾ ਸੰਕਟ ਵਧਣ ਦੀ ਪਛਾਣ ਕਰਦਿਆਂ ਫਸਲੀ ਵਿਭਿੰਨਤਾ ਲਾਗੂ ਕਰਨ ਦੀ ਸਿਫਾਰਿਸ਼ ਕੀਤੀ ਸੀ, ਪਰ ਸੂਬੇ ਵਿਚ ਸਿਆਸੀ ਇੱਛਾ ਸ਼ਕਤੀ ਦੀ ਘਾਟ ਤੇ ਵੋਟਾਂ ਦੀ ਰਾਜਨੀਤੀ ਨੇ ਇਸ ਪਾਸੇ ਚੱਲਣ ਹੀ ਨਹੀਂ ਦਿੱਤਾ। ਖੇਤੀ ਸਬਸਿਡੀਆਂ ਨੂੰ ਵੀ ਪਾਣੀ ਬਚਾਉਣ ਦੀ ਦਿਸ਼ਾ ਵਿਚ ਮੁੜ ਵਿਉਂਤਬੰਦੀ ਕਰਨ ਦੀ ਲੋੜ ਹੈ।

# ਮਨਾਲੀ ਤੇ ਰੋਹਤਾਂਗ ਅੱਧੀ ਸਦੀ ਪਹਿਲਾਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਤਿੰਨ ਸਾਲ ਤੋਂ ਕਾਲਕਾ-ਸ਼ਿਮਲਾ ਮਾਰਗ ਚੌੜਾ ਕੀਤਾ ਜਾ ਰਿਹਾ ਹੈ। ਯਾਤਰੀ ਆਵਾਜਾਈ ਨਾਂ-ਮਾਤਰ ਹੈ, ਠੱਪ ਹੀ ਸਮਝੋ। ਬਹੁਤੇ ਯਾਤਰੀ ਕੁੱਲੂ, ਮਨਾਲੀ ਤੇ ਰੋਹਤਾਂਗ ਵਲ ਜਾ ਰਹੇ ਹਨ। ਮੀਡੀਆ ਰੋਹਤਾਂਗ ਦੇ ਬਰਫਾਂ ਲੱਦੇ ਸਚਿੱਤਰ ਲਾਂਘੇ ਦੀਆਂ ਝਾਕੀਆਂ ਪੇਸ਼ ਕਰ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਹੁਣ ਮਨਾਲੀ ਤੋਂ ਰੋਹਤਾਂਗ ਲਈ ਇਲੈਕਟ੍ਰਾਨਿਕ ਬੱਸਾਂ ਜਾਂਦੀਆਂ ਹਨ। 25-25 ਸੀਟਾਂ ਵਾਲੀਆਂ ਦੋ ਬੱਸਾਂ। ਸਵੇਰੇ ਮਨਾਲੀ ਤੋਂ ਚਲ ਕੇ ਦੋ ਘੰਟੇ ਰੋਹਤਾਂਗ ਠਹਿਰ ਕੇ ਮੁੜਦੀਆਂ ਹਨ। ਰਸਤੇ ਵਿਚ ਕੋਠੀ ਤੇ ਮੜ੍ਹੀ ਪੈਂਦੇ ਹਨ। ਉਥੇ ਰੁਕਦੀਆਂ ਹਨ ਜਾਂ ਨਹੀਂ, ਮੈਂ ਨਹੀਂ ਜਾਣਦਾ। ਰੋਹਤਾਂਗ ਦੇ ਅਜੋਕੇ ਨਜ਼ਾਰਿਆਂ ਨੇ ਮੈਨੂੰ ਆਪਣਾ ਸੱਠ ਵਰ੍ਹੇ ਪਹਿਲਾਂ ਵਾਲਾ ਸਫਰ ਚੇਤੇ ਕਰਵਾ ਦਿੱਤਾ ਹੈ। ਮੈਂ ਪਹਿਲੀ ਵਾਰ ਰੋਹਤਾਂਗ 1958 ਦੀ ਗਰਮੀ ਰੁੱਤੇ ਗਿਆ ਸਾਂ। ਦਿੱਲੀ ਤੋਂ ਡੇਢ ਹਾਰਸ ਪਾਵਰ ਦੇ ਰਾਇਲ ਇਨਫੀਲਡ ਮੋਟਰ ਸਾਈਕਲ ਉਤੇ ਸਵਾਰ ਹੋ ਕੇ।

ਜੇ ਸੱਚ ਪੁੱਛੋ ਤਾਂ ਅਸੀਂ ਚਾਰ ਬੰਦੇ ਸਾਂ-ਲੰਮਾ ਪੈਂਡਾ ਛੋਟੇ ਮੋਟਰਸਾਈਕਲ ਦੇ ਸਹਾਰੇ ਕਰਨ ਵਾਲੇ। ਸਾਡੇ ਵਿਚੋਂ ਮੈਂ ਅਤੇ ਪੱਤਰਕਾਰ ਰਾਜ ਗਿੱਲ ਡਰਾਈਵਰ ਸਾਂ ਅਤੇ ਮਨਮੋਹਨ ਸਿੰਘ (ਸਰਵਜੀਤ ਸਿੰਘ ਆਈ. ਏ. ਐਸ. ਦੇ ਪਿਤਾ) ਤੇ ਜਗਤ ਰਾਮ ਸਾਹਬਾ ਸਤੌਆ ਨਾਨ-ਡਰਾਈਵਰ।

ਇਕ ਡਰਾਈਵਰ ਤੇ ਨਾਨ-ਡਰਾਈਵਰ ਟੀਮ ਬੱਸ ਰਾਹੀਂ ਜਾਂਦੀ ਸੀ ਤੇ ਇਕ ਡਰਾਈਵਰ ਤੇ ਨਾਨ-ਡਰਾਈਵਰ ਟੀਮ ਕੈਮਰਾ ਲੈ ਕੇ ਮੋਟਰਸਾਈਕਲ ਉਤੇ। ਰਾਤ ਕਿਥੇ ਕੱਟਣੀ ਹੈ, ਤੈਅ ਹੁੰਦਾ ਸੀ। ਬੱਸ ਵਾਲੀ ਜੋੜੀ ਨੇ ਤੈਅਸ਼ੁਦਾ ਮੰਜ਼ਿਲ ਵਾਲੇ ਕਸਬੇ/ਸ਼ਹਿਰ ਦੇ ਬੱਸ ਅੱਡੇ ਨੇੜੇ ਪੈਂਦੇ ਕਿਸੇ ਹੋਟਲ ਵਿਚ ਦੋ ਕਮਰੇ ਮੱਲਣੇ ਹੁੰਦੇ ਸਨ, ਜੋ ਮੋਟਰਸਾਈਕਲ ਵਾਲਿਆਂ ਨੇ ਉਥੇ ਪਹੁੰਚ ਕੇ ਲੱਭ ਲੈਣੇ ਸਨ। ਚੌਹਾਂ ਦੀ ਉਮਰ (25 ਤੋਂ 30) ਨਿਡਰਤਾ ਵਾਲੀ ਸੀ ਤੇ ਮੋਢੇ ਦੀਵਾਨਗੀ ਦਾ ਭਾਰ ਚੁੱਕਣ ਵਾਲੇ। ਵਾਪਸੀ ਉਤੇ ਮੋਟਰਸਾਈਕਲ ਵਾਲੀ ਜੋੜੀ ਨੇ ਬਸ ਫੜਨੀ ਸੀ ਤੇ ਬੱਸ ਵਾਲੀ ਨੇ ਮੋਟਰਸਾਈਕਲ ਤੇ ਕੈਮਰਾ। ਕੋਈ ਦਿੱਕਤ ਨਹੀਂ ਆਈ।

ਕਿਥੋਂ ਕਿੱਥੇ ਕਿਵੇਂ ਗਏ ਤੇ ਕਿਹੜੀ ਕਿਹੜੀ ਕੇ ਬਰਫਾਂ ਲੱਦੇ ਪਹਾੜਾਂ ਦੀਆਂ ਤਸਵੀਰਾਂ ਖਿੱਚੀਆਂ ਤੇ ਦੂਜੇ ਸਾਥੀਆਂ ਦੇ ਉਥੇ ਪਹੁੰਚਣ 'ਤੇ ਸਭ ਨੇ ਰਲ ਕੇ ਚਾਹ ਪੀਤੀ। ਮੜ੍ਹੀ ਤੋਂ ਅੱਗੇ ਸਭਨਾਂ ਨੇ ਪੈਦਲ ਜਾਣਾ ਸੀ। ਮੋਟਰਸਾਈਕਲ ਚਾਹ ਦੀ ਦੁਕਾਨ ਵਾਲੇ ਦੇ ਹਵਾਲੇ ਕੀਤਾ, ਜੋ ਉਹਨੇ ਤਾਂ ਕੀ, ਉਸ ਦੇ ਗਾਹਕਾਂ ਨੇ ਵੀ ਪਹਿਲੀ ਵਾਰ ਵੇਖਿਆ ਸੀ।




*ਮਨਾਲੀ ਤੋਂ ਰੋਹਤਾਂਗ ਜਾਂਦੀ ਇਲੈਕਟ੍ਰਿਕ ਬੱਸ*

ਥਾਂ ਰਾਤ ਕੱਟੀ ਜਾਂ ਕਿਹੋ ਜਿਹੇ ਪਹਾੜੀ ਨਜ਼ਾਰਿਆਂ ਤੇ ਮੰਦਿਰਾਂ ਦੀਆਂ ਤਸਵੀਰਾਂ ਖਿੱਚੀਆਂ, ਦਸਣ ਲਈ ਥਾਂ ਨਹੀਂ ਪਰ ਮਨਾਲੀ ਤੋਂ ਮੜ੍ਹੀ ਤੇ ਰੋਹਤਾਂਗ ਦੀ ਝਾਕੀ ਦੱਸਣਾ ਚਾਹਾਂਗੇ। ਉਦੋਂ ਰੋਹਤਾਂਗ ਤਾਂ ਕਿਸੇ ਨੇ ਕੀ ਜਾਣਾ ਸੀ, ਮਨਾਲੀ ਦਾ ਸੁਪਨਾ ਲੈਣਾ ਵੀ ਅਸੰਭਵ ਸੀ। ਸਾਰੀ ਦੀ ਸਾਰੀ ਮਨਾਲੀ ਵਿਚ ਰਾਤ ਕੱਟਣ ਲਈ ਇੱਕ ਢਾਬਾ ਰੂਪੀ ਹੋਟਲ ਸੀ। ਮਨਾਲੀ ਤੋਂ ਅੱਗੇ ਮੈਂ ਤੇ ਰਾਜ ਗਿੱਲ ਮੋਟਰਸਾਈਕਲ 'ਤੇ ਰੋਹਤਾਂਗ ਨੂੰ ਤੁਰ ਪਏ ਅਤੇ ਮਨਮੋਹਨ ਤੇ ਜਗਤ ਪੈਦਲ। ਅਸੀਂ ਮੜ੍ਹੀ ਪਹੁੰਚ ਮੜ੍ਹੀ ਤੋਂ ਰੋਹਤਾਂਗ ਦਾ ਸਫਰ ਔਖਾ ਤਾਂ ਸੀ, ਪਰ ਸਾਡੀ ਉਮਰ ਕਠਿਨਾਈਆਂ ਵੇਖਣ ਵਾਲੀ ਨਹੀਂ ਸੀ। ਸਿਖਰ ਤੱਕ ਗਏ ਤੇ ਅਨੰਦ ਮਾਣਿਆ।

ਮਨਾਲੀ ਤੇ ਰੋਹਤਾਂਗ ਮੇਰੇ ਮਨ ਵਿਚ ਏਨਾ ਵੱਸੇ ਕਿ ਵਿਆਹ ਪਿੱਛੋਂ 1966 ਵਿਚ ਹਨੀਮੂਨ ਲਈ ਵੀ ਉਥੇ ਗਿਆ; ਪੁਰਾਣੀ ਫੀਅਟ ਕਾਰ ਚਲਾ ਕੇ। ਉਦੋਂ ਮਨਾਲੀ ਵਾਲਾ ਢਾਬਾ ਇੱਕ ਆਲੀਸ਼ਾਨ ਹੋਟਲ ਬਣ ਚੁਕਾ ਸੀ ਤੇ ਰਹਿਣ ਲਈ ਸਰਕਾਰੀ ਹੱਟ ਬਣ ਚੁਕੇ ਸਨ। ਫਿਲਮੀ ਅਦਾਕਾਰ ਜੌਹਰ ਆਪਣੀ ਟੀਮ ਲੈ ਕੇ ਫਿਲਮ ਦੀ ਸ਼ੂਟਿੰਗ ਲਈ ਪਹੁੰਚਿਆ ਹੋਇਆ ਸੀ। ਫਿਲਮ ਦਾ ਨਾਂ ਸੀ, 'ਜੌਹਰ ਇਨ ਕਸ਼ਮੀਰ' ਤੇ ਸ਼ੂਟਿੰਗ ਸਥਾਨ ਮਨਾਲੀ। ਬੇਅੰਤ ਦੁਕਾਨਾਂ ਤੇ ਭੀੜ ਭੜੱਕਾ। ਕਾਰ ਅੱਗੇ ਨਹੀਂ ਸੀ ਜਾ ਸਕਦੀ, ਮੜ੍ਹੀ ਤੱਕ ਵੀ ਨਹੀਂ। ਹੁਣ ਤਾਂ ਮੀਡੀਆ ਅਨੁਸਾਰ ਇਲੈਕਟ੍ਰਾਨਿਕ ਬੱਸਾਂ ਤੋਂ ਬਿਨਾ 1300 ਟੈਕਸੀਆਂ ਨੂੰ ਪਰਮਿਟ ਮਿਲੇ ਹੋਏ ਹਨ। ਪ੍ਰਸ਼ਾਸਨ ਨੇ ਰਸਤੇ ਵਿਚ ਚਕਵੇਂ ਟਾਇਲਟ ਹੀ ਨਹੀਂ ਬਣਾਏ, ਦੁਰਘਟਨਾ ਦਾ ਸ਼ਿਕਾਰ ਹੋਣ ਵਾਲਿਆਂ ਲਈ ਸਿਹਤ ਸਹੂਲਤਾਂ ਦਾ ਪ੍ਰਬੰਧ ਕੀਤਾ ਹੋਇਆ ਹੈ।

ਪਿਛਲੇ ਹਫਤੇ ਨਾਰਥ ਜ਼ੋਨ ਕਲਚਰਲ ਸੈਂਟਰ ਵਾਲਿਆਂ ਨੇ ਮਨਾਲੀ ਦੇ ਅੰਬੈਸਡਰ ਰਿਜ਼ਾਰਟ/ਮੰਨੂ ਅੱਲਾਇਆ ਹੋਟਲ ਵਿਚ ਮੀਟਿੰਗ ਰੱਖੀ ਹੋਈ ਸੀ। ਸੱਦਾ ਮੇਰੇ ਕੋਲ ਵੀ ਸੀ, ਪਰ ਮੇਰਾ ਹੌਂਸਲਾ ਨਾ ਪਿਆ ਭਾਵੇਂ ਟੈਕਸੀ ਵੀ ਕਰ ਲਈ ਸੀ। ਹੁਣ ਮੈਂ ਪਚਾਸੀ ਵਰ੍ਹਿਆਂ ਦਾ ਹਾਂ। ਸੱਠ ਸਾਲ ਪਹਿਲਾਂ ਵਾਲਾ ਹੌਂਸਲਾ ਤੇ ਹਿੰਮਤ ਕਿੱਥੇ! ਮਨਾਲੀ ਤੋਂ ਪਰਤੇ ਸਾਥੀ ਉਥੋਂ ਦੇ ਗੁਣ ਗਾ ਰਹੇ ਹਨ ਤੇ ਮੈਂ ਉਨ੍ਹਾਂ ਨੂੰ ਬਾਬਾ ਫਰੀਦ ਦਾ ਸ਼ਲੋਕ ਸੁਣਾ ਛਡਦਾ ਹਾਂ,

ਫਰੀਦਾ ਇਨੀ ਨਿਕੀ ਜੰਘੀਐ
ਥਲ ਡੂਗਰ ਭਵਿਓਮ੍ਹਿ॥
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥

**ਬੀ. ਐਸ. ਬੀਰ ਦੇ ਵਾਰਿਸ:** ਪੰਜਾਬੀ ਪੱਤਰਕਾਰੀ ਦਾ ਇਤਿਹਾਸ ਦਸਦਾ ਹੈ ਕਿ ਜੇ ਪਰਚਾ ਕੱਢਣ ਵਾਲਿਆਂ ਦੇ ਵਾਰਿਸ ਪਰਚੇ ਨੂੰ ਸਾਂਭਣ ਦੇ ਯੋਗ ਨਾ ਹੋਣ ਤਾਂ ਇਹ ਆਪਣੀ ਮੌਤ ਮਰ ਜਾਂਦੇ ਹਨ; ਖਾਸ ਕਰ ਕੇ ਸਾਹਿਤਕ ਰਸਾਲੇ। 'ਫੁਲਵਾੜੀ', 'ਲੋਕ ਸਾਹਿਤ', 'ਪ੍ਰੀਤਮ', 'ਪੰਜ ਦਰਿਆ' ਅਤੇ 'ਨਾਗਮਣੀ' ਦਾ ਬੰਦ ਹੋਣਾ ਸਾਡੇ ਸਾਹਮਣੇ ਹੈ। ਪੰਜਾਬੀ ਪੱਤਰਕਾਰੀ ਵਿਚ ਅਜਿਹੇ ਪ੍ਰਮਾਣ ਵੀ ਮਿਲਦੇ ਹਨ ਕਿ ਵਪਾਰਕ ਸੂਝ ਵਾਲੇ ਵਿਅਕਤੀਆਂ ਨੇ ਆਪਣੇ ਪਰਚਿਆਂ ਨੂੰ ਇਸ਼ਤਿਹਾਰਾਂ ਦੇ ਮੋਢਿਆਂ ਉਤੇ ਬਿਠਾ ਕੇ ਖੂਬ ਘੁਮਾਇਆ ਹੈ। ਇਹ ਵੀ ਤਾਂ ਕਲਾ ਤੋਂ ਘਟ ਨਹੀਂ!

ਨਾਭਾ ਨਿਵਾਸੀ ਬੀ. ਐਸ. ਬੀਰ ਨੇ 'ਮਹਿਰਮ' ਤੇ 'ਘਰ ਸ਼ਿੰਗਾਰ' ਦੀ ਸੰਪਾਦਕੀ ਕੀਤੀ ਅਤੇ ਇਸ਼ਤਿਹਾਰਾਂ ਦਾ ਵੀ ਅਜਿਹਾ ਜੁਗਾੜ ਬਣਾਇਆ ਕੇ ਦੋਹਾਂ ਰਸਾਲਿਆਂ ਦੀ ਬੱਲੇ ਬੱਲੇ ਹੋ ਗਈ। ਉਸ ਨੇ ਜਿਉਂਦੇ ਜੀਅ ਅਜਿਹੀ ਟੀਮ ਜੁਟਾਈ, ਜਿਸ ਨੇ ਉਸ ਦੇ ਅਕਾਲ ਚਲਾਣੇ ਤੋਂ ਪਿੱਛੋਂ ਵੀ ਇਨ੍ਹਾਂ ਰਸਾਲਿਆਂ ਦੀ ਸਮੱਗਰੀ, ਸੰਪਾਦਨ ਤੇ ਵਿਕਰੀ ਨੂੰ ਕੋਈ ਠੇਸ ਨਹੀਂ ਲੱਗੀ। ਇਸ ਟੀਮ ਵਿਚ ਉਸ ਦੇ ਵਾਰਿਸਾਂ ਦੀ ਪ੍ਰਧਾਨਗੀ ਹੈ। ਵੱਡੀ ਗੱਲ ਇਹ ਕਿ ਪਰਚਿਆਂ ਦੀ ਵੰਨ ਸੁਵੰਨਤਾ ਤੇ ਸਮੱਗਰੀ ਵੀ ਪਹਿਲਾਂ ਵਾਂਗ ਹੀ ਕਾਇਮ ਹੈ। ਬੀ. ਐਸ. ਬੀਰ ਦਾ ਪਰਿਵਾਰ ਵਧਾਈ ਦਾ ਹੱਕਦਾਰ ਹੈ।

**ਅੰਤਿਕਾ: ਅਮਰੀਕ ਡੋਗਰਾ**

ਜ਼ਖਮੀ ਪੰਛੀ ਮਰ ਗਿਆ ਪਰ
ਉਸ ਦੀਆਂ ਅੱਖਾਂ ਦੇ ਵਿਚ,
ਉਸ ਦੇ ਖ੍ਵਾਬਾਂ ਤੋਂ ਵੀ ਵੱਡਾ
ਉਸ ਦਾ ਅੰਬਰ ਰਹਿ ਗਿਆ।

# ਜ਼ਖਮ ਜੋਤ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਅੰਕ ਵਿਚ ਡਾ. ਭੰਡਾਲ ਨੇ ਅਣਗਹਿਲੀ ਕਾਰਨ ਵਾਪਰਦੇ ਹਾਦਸਿਆਂ ਅਤੇ ਅਣਹੋਣੀਆਂ ਦਾ ਬਿਆਨ ਕੀਤਾ ਸੀ, "ਅਣਗਹਿਲੀ ਕਈ ਵਾਰ ਸ਼ੇਖੀ ਹੁੰਦੀ। ਕੁਝ ਲੋਕ ਹੁੱਬ ਕੇ ਅਣਗਹਿਲੀ ਦੀਆਂ ਗੱਲਾਂ ਦੱਸਦੇ, ਪਰ ਪਤਾ ਉਸ ਵਕਤ ਲੱਗਦਾ, ਜਦ ਅਣਗਹਿਲੀ ਹੀ ਮਰਸੀਆ ਪੜ੍ਹਨ ਬਹਿ ਜਾਂਦੀ।" ਹਥਲੇ ਲੇਖ ਵਿਚ ਉਨ੍ਹਾਂ ਜ਼ਖਮਾਂ, ਸੱਟਾਂ ਦਾ ਵਿਖਿਆਨ ਕੀਤਾ ਹੈ। ਉਹ ਦਸਦੇ ਹਨ, "ਜ਼ਖਮ ਸਰੀਰਕ ਵੀ ਤੇ ਮਾਨਸਿਕ ਵੀ, ਬਾਹਰੀ ਵੀ ਤੇ ਅੰਦਰੂਨੀ ਵੀ, ਦਿਸਦਾ ਵੀ ਤੇ ਅਦਿੱਸਦਾ ਵੀ, ਡੂੰਘਾ ਫੱਟ ਵੀ ਤੇ ਝਰੀਟ ਵੀ ਅਤੇ ਰਿਸਦਾ ਵੀ ਤੇ ਆਇਆ ਖਰੀਂਡ ਵੀ।" ਉਹ ਕਹਿੰਦੇ ਹਨ, "ਜ਼ਖਮ ਆਪਣੇ ਦਿੰਦੇ ਤਾਂ ਵੱਧ ਚਸਕਦੇ। ਇਨ੍ਹਾਂ ਦਾ ਦਰਦ ਅਕਹਿ ਤੇ ਅਸਹਿ। ਲੇਰਾਂ ਨੂੰ ਅੰਦਰ ਜਜ਼ਬ ਕਰਨਾ ਪੈਂਦਾ।" ਉਨ੍ਹਾਂ ਦੀ ਇਸ ਗੱਲ ਵਿਚ ਕਿੰਨਾ ਵਜ਼ਨ ਹੈ, "ਜ਼ਖਮ ਜਰੂਰੀ ਨੇ ਮਨੁੱਖੀ ਵਿਕਾਸ ਅਤੇ ਸ਼ਖਸੀਅਤ ਦੇ ਵਿਸਥਾਰ ਲਈ। ਖੁਦ ਦੀ ਸਮਰੱਥਾ ਨੂੰ ਪਰਖਣ, ਜ਼ਖਮਾਂ ਦੀ ਤਾਬ ਝੱਲਣ ਅਤੇ ਪੀੜ 'ਚੋਂ ਜ਼ਿੰਦਗੀ ਦੇ ਨਵੇਂ ਦਿਸਹੱਦੇ ਸਿਰਜਣ ਲਈ। ਜ਼ਖਮ ਦੀ ਭੱਠੀ ਵਿਚ ਰੜ੍ਹ ਕੇ ਮਨੁੱਖ ਪਾਰਸ ਬਣਦਾ।" ਉਨ੍ਹਾਂ ਦੀ ਨਸੀਹਤ ਹੈ ਕਿ ਜ਼ਖਮਾਂ ਨੂੰ ਮਨ ਦਾ ਬੋਝ ਨਾ ਬਣਾਓ, ਸਗੋਂ ਕਿਸੇ ਨੂੰ ਸੁਣਾਓ। ਇਸ ਨੂੰ ਹਾਸਲ ਬਣਾਓ। -ਸੰਪਾਦਕ*

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਜ਼ਖਮ, ਦਰਦ ਦਾ ਨਾਮ, ਆਹਾਂ ਦੀ ਚੁੱਪ-ਅਵਾਜ਼, ਸੰਦਲੀ ਸਾਹਾਂ ਨੂੰ ਸੋਗ, ਜਾਨ ਨੂੰ ਰੋਗ ਅਤੇ ਸੂਖਮ ਭਾਵਨਾਵਾਂ ਦੀ ਭਰੂਣ-ਹੱਤਿਆ।

ਜ਼ਖਮ ਸਰੀਰਕ ਵੀ ਤੇ ਮਾਨਸਿਕ ਵੀ, ਬਾਹਰੀ ਵੀ ਤੇ ਅੰਦਰੂਨੀ ਵੀ, ਦਿਸਦਾ ਵੀ ਤੇ ਅਦਿੱਸਦਾ ਵੀ, ਡੂੰਘਾ ਫੱਟ ਵੀ ਤੇ ਝਰੀਟ ਵੀ ਅਤੇ ਰਿਸਦਾ ਵੀ ਤੇ ਆਇਆ ਖਰੀਂਡ ਵੀ।

ਜ਼ਖਮ, ਪੀੜਾ ਵੀ ਦਿੰਦਾ ਤੇ ਪਾਕੀਜ਼ਗੀ ਵੀ, ਅਹਿਸਾਸ ਵੀ ਧੁਖਦੇ ਤੇ ਮਾਨਸਿਕ ਧਰਾਤਲ ਵਿਚ ਛੇਕ ਵੀ ਹੁੰਦਾ ਅਤੇ ਅਰਦਾਸ ਵੀ ਕਰੀਦੀ ਤੇ ਅਰਾਧਨਾ ਵੀ।

ਜ਼ਖਮ ਤਲਵਾਰ, ਕਲਮ, ਬੋਲ, ਚੁੱਪ, ਹਾਲਾਤ ਜਾਂ ਸਮੇਂ ਦਾ ਹੁੰਦਾ। ਹਰਫਾਂ ਤੇ ਅਰਥਾਂ ਨਾਲ ਅਤੇ ਬੋਲ ਕੇ ਜਾਂ ਅਬੋਲ ਰਹਿ ਕੇ ਵੀ ਜ਼ਖਮਾਂ ਦੀ ਖੁਣਵਾਈ ਹੁੰਦੀ।

ਜ਼ਖਮ ਆਪਣੇ ਵੀ ਦਿੰਦੇ ਤੇ ਪਰਾਏ ਵੀ, ਰਿਸ਼ਤੇਦਾਰੀਆਂ ਵਿਚੋਂ ਵੀ ਜ਼ਖਮ ਉਗਦੇ ਤੇ ਸਬੰਧਾਂ ਵਿਚ ਵੀ ਜ਼ਖਮਾਂ ਦੀ ਬਰਸਾਤ ਹੁੰਦੀ। ਕਦੇ ਅਪਣੱਤ ਵਿਚੋਂ ਵੀ ਜ਼ਖਮਾਂ ਦੀ ਸੌਗਾਤ ਮਿਲਦੀ। ਬੇਗਾਨੇਪਣ ਵਿਚੋਂ ਤਾਂ ਅਕਸਰ ਹੀ ਜ਼ਖਮ-ਹਾਸਲ।

ਜ਼ਖਮ ਤਾਂ ਜ਼ਖਮ ਹੀ ਹੁੰਦੇ। ਇਨ੍ਹਾਂ ਦੀ ਤਾਸੀਰ ਇਕਸਾਰ ਅਤੇ ਤਰਬੀਅਤ ਵਿਚ ਸਮਾਨਤਾ। ਦਰਦ ਤੇ ਪੀੜ ਦਾ ਪੱਧਰ ਇਕੋ ਜਿਹਾ। ਕਈ ਵਾਰ ਇਸ ਦੀਆਂ ਤੰਦਾਂ 'ਚ ਉਲਝ ਜਾਂਦੀ ਜੀਵਨ-ਫੁਲਕਾਰੀ ਦੀ ਕਢਾਈ।

ਜ਼ਖਮ ਆਪਣੇ ਦਿੰਦੇ ਤਾਂ ਵੱਧ ਚਸਕਦੇ। ਇਨ੍ਹਾਂ ਦਾ ਦਰਦ ਅਕਹਿ ਤੇ ਅਸਹਿ। ਲੇਰਾਂ ਨੂੰ ਅੰਦਰ ਜਜ਼ਬ ਕਰਨਾ ਪੈਂਦਾ। ਬਾਹਰਲੀ ਚੁੱਪ, ਅੰਦਰਲੀ ਕੁਰਲਾਹਟ ਵਿਚ ਤਾਰ ਤਾਰ ਹੁੰਦੀ। ਜੀਵਨ ਨਾਦ 'ਚੋਂ ਨਿਕਲਦੀਆਂ ਸੋਗੀ ਸੁਰਾਂ।

*ਜ਼ਖਮ ਸੇਧਤ ਵੀ ਤੇ ਟੇਢੇ ਵੀ, ਪੂਰਨ ਵੀ ਤੇ ਅਪੂਰਨ ਵੀ, ਪਾਪ ਵੀ ਤੇ ਪੁੰਨ ਵੀ, ਅਹਿਸਾਨ ਵੀ ਤੇ ਅਹਿਸਾਨ-ਫਰਾਮੋਸ਼ੀ ਵੀ, ਆਤੰਕ ਵੀ ਤੇ ਅਹਿੰਸਾ ਵੀ, ਨਰਮ ਵੀ ਤੇ ਸਖਤ ਵੀ ਅਤੇ ਸਦੀਵੀ ਵੀ ਤੇ ਪਲ ਭਰ ਦੇ ਵੀ ਹੁੰਦੇ। ਇਹ ਇਸ 'ਤੇ ਨਿਰਭਰ ਕਰਦਾ ਕਿ ਕੌਣ, ਕਿਸ ਵਿਚਾਰ ਨੂੰ ਮਨ 'ਚ ਰੱਖ ਕੇ ਜ਼ਖਮ ਤੁਹਾਡੀ ਝੋਲੀ ਪਾ ਰਿਹਾ? ਉਸ ਦੀ ਮਨਸ਼ਾ ਕੀ ਏ? ਉਹ ਕਿਹੜੇ ਮੁਫਾਦ ਦੀ ਪੂਰਤੀ ਜ਼ਖਮ 'ਚੋਂ ਲੋਚਦਾ? ਕੀ ਨੀਂਵਾਂ ਦਿਖਾਉਣ ਜਾਂ ਖੁਦ ਉਚਾ ਹੋਣ ਲਈ ਜ਼ਖਮ ਦੇ ਰਿਹਾ? ਜਾਂ ਸਿਰਫ ਈਰਖਾ ਜਾਂ ਵੈਰ ਖਾਤਰ ਜ਼ਖਮਾਂ ਦੀ ਫਸਲ ਤੁਹਾਡੇ ਵਿਹੜੇ ਉਗਾਉਣ ਲਈ ਰੁਚਿਤ ਏ? ਬਹੁਤ ਗੁੱਝੀਆਂ ਤਹਿਆਂ, ਬਾਰੀਕੀਆਂ ਅਤੇ ਪਰਤਾਂ ਹੁੰਦੀਆਂ ਨੇ ਜ਼ਖਮ ਦੇਣ ਵਾਲਿਆਂ ਦੇ ਮਨਾਂ 'ਚ, ਜਿਸ ਦੀ ਹਾਥ ਪਾਉਣੀ ਅਸੰਭਵ।*

ਜ਼ਖਮ ਜਦ ਜਿਹਨ 'ਤੇ ਲੱਗਦੇ ਤਾਂ ਮਰਹਮ, ਪੱਟੀਆਂ ਤੇ ਫਹਿਆਂ ਵਿਚ ਇਸ ਨੂੰ ਰਾਹਤ ਮਿਲਦੀ। ਆਠਰਿਆ ਜ਼ਖਮ ਹੌਲੀ ਹੌਲੀ ਭਰ ਜਾਂਦਾ, ਪਰ ਇਕ ਦਾਗ ਪਿੰਡੇ 'ਤੇ ਸਦੀਵੀ ਉਕਰਿਆ ਰਹਿੰਦਾ। ਬੀਤੇ ਦੀ ਯਾਦ ਵਕਤ-ਬੇਵਕਤ ਰੜਕਦੀ ਅਤੇ ਬੀਤੇ ਪਲਾਂ ਦੀ ਤ੍ਰਾਸਦੀ, ਮਨ ਦੀ ਚੇਤਨਾ ਵਿਚ ਧਰੀ ਰਹਿੰਦੀ, ਪਰ ਜੋ ਜ਼ਖਮ ਤੁਹਾਡੇ ਅੰਤਰੀਵ ਵਿਚ ਲੱਗਦਾ, ਇਸ ਦੀ ਡੂੰਘਾਈ ਤੇ ਪੀੜਾ ਅਸੀਮਤ। ਇਹ ਅਦਿੱਖ ਹੋ ਕੇ ਵੀ ਰਿਸਦਾ ਰਹਿੰਦਾ, ਆਤਮਕ ਰੂਪ ਵਿਚ ਪੀੜਤ ਕਰਦਾ। ਸੰਵੇਦਨਾ ਵਿਚ ਸਮਿਆਂ ਦੀ ਕਰੂਰਤਾ ਅਤੇ ਕੋਝੇਪਣ ਨੂੰ ਉਜਾਗਰ ਕਰਦਾ। ਸਮਾਜ 'ਚ ਵਿਚਰਦਿਆਂ ਦਿਖਾਵੇ ਲਈ ਬਾਹਰੀ ਖੁਸ਼ੀ ਤਾਂ ਪ੍ਰਗਟ ਕਰਦੇ, ਪਰ ਅੰਦਰਲੀ ਪੀੜ ਕਿਸ ਨੂੰ ਦਿਖਾਵੋਗੇ? ਕਿਸ ਕੋਲ ਦਰਦ ਦੇ ਕੀਰਨੇ ਪਾਵੋਗੇ? ਕਿਹੜੀ ਰਾਹਤ ਦੀ ਆਸ ਰੱਖੋਗੇ? ਕਿਹੜੀਆਂ ਵਿਉਂਤਾਂ ਨਾਲ ਚੀਸ ਨੂੰ ਘਟਾਉਣ ਲਈ ਕੋਈ ਕਦਮ ਉਠਾਉਗੇ? ਆਪਣਾ ਝੱਗਾ ਚੁਕਿਆਂ ਤਾਂ ਖੁਦ ਹੀ ਨੰਗੇ ਹੋਈਦਾ ਏ। ਅੰਤਰੀਵ ਦੇ ਜ਼ਖਮ ਨੂੰ ਮਾਨਸਿਕ ਪਕਿਆਈ, ਦ੍ਰਿੜਤਾ ਅਤੇ ਸਬਰ-ਸਬੂਰੀ ਨਾਲ ਹੀ ਜ਼ਰਨਾ ਪੈਣਾ, ਭਰਨਾ ਪੈਣਾ, ਆਹਾਂ ਦਾ ਭਵ-ਸਾਗਰ ਤਰਨਾ ਪੈਣਾ ਅਤੇ ਜੀਵਨ-ਨਾਦ ਪੌਣ ਦੇ ਨਾਮ ਕਰਨਾ ਪੈਣਾ।

ਕੁਝ ਜ਼ਖਮਾਂ ਦੀ ਉਮੀਦ ਹੁੰਦੀ, ਜੋ ਚੌਗਿਰਦੇ 'ਚੋਂ ਸਾਨੂੰ ਮਿਲਦੇ, ਜੋ ਗੈਰਾਂ ਨੇ ਸਾਡੇ ਨਾਮ ਕਰਨੇ ਹੁੰਦੇ ਜਾਂ ਕੁਝ ਜ਼ਖਮ ਆਪਣਾ ਬਣ ਕੇ, ਕੋਈ ਗੈਰ ਸੋਚ-ਧਰਾਤਲ ਵਿਚ ਧਰਦਾ। ਅਜਿਹੇ ਜ਼ਖਮਾਂ ਦੀ ਤਾਸੀਰ ਤੇ ਤਕਦੀਰ ਵੱਖਰੀ। ਇਨ੍ਹਾਂ ਲਈ ਦਵਾ-ਦਾਰੂ ਮੌਫੀਕ ਅਤੇ ਇਨ੍ਹਾਂ ਵਿਚੋਂ ਉਭਰਨ ਲਈ ਮਨ ਤਿਆਰ ਹੁੰਦਾ। ਹਾਲਾਤ ਦੇ ਝੰਬੇ ਲੋਕ ਅਜਿਹੇ ਜ਼ਖਮਾਂ ਦੀ ਪ੍ਰਵਾਹ ਨਹੀਂ ਕਰਦੇ। ਉਨ੍ਹਾਂ ਦਾ ਕਰਮ-ਕਾਫਲਾ ਤਰਜ਼ੀਹੀ ਤਕਦੀਰਾਂ ਸਿਰਜਣ ਵਿਚ ਰੁੱਝਿਆ ਰਹਿੰਦਾ; ਪਰ ਜਦ ਕੋਈ ਅਣਕਿਆਸਿਆ ਤੇ ਅਚਨਚੇਤੀ ਜ਼ਖਮ ਆਪਣੇ ਦਿੰਦੇ ਤਾਂ ਬੰਦਾ ਬੌਂਦਲ ਜਾਂਦਾ। ਬੰਦਾ ਸੋਚਦਾ ਕਿ ਇੰਜ ਵੀ ਹੋਣਾ ਸੀ? ਹੈਰਾਨ ਹੁੰਦਾ, "ਤੂੰ ਵੀ?" ਅਜਿਹੇ ਜ਼ਖਮਾਂ ਨੂੰ ਜ਼ਰਨਾ ਬਹੁਤ ਔਖਾ। ਪੀੜਾ ਨੂੰ ਹੰਢਾਉਣ ਲਈ ਦਰਦ-ਦਰਿਆ ਪਾਰ ਕਰਨਾ ਪੈਂਦਾ। ਰਿਸ਼ਤੇਦਾਰੀਆਂ ਤੇ ਸਕੀਰੀਆਂ ਦਾ ਮਰਸੀਆ ਪੜ੍ਹਨਾ ਪੈਂਦਾ। ਆਪਣੇਪਣ ਨੂੰ ਸਿਵੇ ਦੇ ਸੇਕ ਵਿਚ ਝੁਲਸਣਾ ਪੈਂਦਾ। ਅਜਿਹੇ ਜ਼ਖਮ ਨਿੱਜੀ ਮੁਫਾਦ ਤੇ ਹਉਮੈ ਦੀ ਉਤਪਤੀ। ਹੋਛੀਆਂ ਸੋਚਾਂ ਅਤੇ ਜਾਇਦਾਦੀ ਲਾਲਚ ਵੱਸ ਜਦ ਆਪਣੀਆਂ ਬਾਹਾਂ ਹੀ ਤੁਹਾਡੇ ਡੌਲਿਆਂ ਦੇ ਮੋਛੇ ਕਰਨ ਲਈ ਉਤਾਰੂ ਹੋ ਜਾਣ, ਸਹਿਜ ਸਫਰ ਵਿਚ ਸੂਲਾਂ ਉਗਾ ਦੇਣ, ਸੁਪਨਿਆਂ ਨੂੰ ਖਾਕ 'ਚ ਰੋਲ ਦੇਣ, ਰੰਗਤ ਨੂੰ ਪਿਲੱਤਣ 'ਚ ਡੁਬੋ ਦੇਣ ਅਤੇ ਅਪਣੱਤ ਤੇ ਬੇ-ਗਰਜ਼ੀ ਨੂੰ ਖੁਦਗਰਜ਼ੀ ਅਤੇ ਬੇਗਾਨਗੀ ਵਿਚ ਢਾਲ ਦੇਣ ਤਾਂ ਬਹੁਤ ਔਖਾ ਹੁੰਦਾ ਏ ਅਜਿਹੇ ਹਾਲਾਤ ਦੇ ਰੂਬਰੂ ਹੋਣਾ। ਇਸ 'ਚੋਂ ਉਭਰਨਾ, ਅਲਾਮਤੀ ਸਰੋਕਾਰਾਂ 'ਚੋਂ ਖੁਦ ਨੂੰ ਸੁਰਖਰੂ ਕਰਨਾ ਅਤੇ ਭੈਅ-ਸਰਵਰ ਨੂੰ ਨਿਤਾਣੇ ਅੰਗਾਂ ਨਾਲ ਤਰਨਾ।

ਜਦ ਅੱਖਾਂ ਅੱਗੇ ਬੇਵਸੀ ਤੇ ਲਾਚਾਰਗੀ ਰੜਕਣ ਲੱਗ ਪਵੇ ਅਤੇ ਸਮਾਜ ਵਿਚ ਨੀਵੇਂ ਹੋਣ ਦਾ ਡਰ ਸਤਾਵੇ ਤਾਂ ਦੱਸੋ ਬੰਦਾ ਕਿਧਰ ਨੂੰ ਜਾਵੇ? ਕਿਹੜੀ ਆਸ ਨਾਲ ਆਪਣਿਆਂ ਨੂੰ ਗਲ ਨਾਲ ਲਾਵੇ? ਕਿਸ ਧਾਰਨਾ ਨਾਲ ਰਿਸ਼ਤਿਆਂ ਨੂੰ ਨਿਭਾਵੇ ਕਿ ਕਾਲੇ ਪਹਿਰ ਦਾ ਸਾਇਆ ਚਾਨਣ ਵਿਚ ਨਹਾਵੇ। ਦੁੱਖ-ਦਰਦ ਜਦ ਗਮ ਦਾ ਰੂਪ ਵਟਾਵੇ ਤਾਂ ਬੰਦੇ ਵਿਚੋਂ ਬੰਦਾ ਮਰ ਜਾਵੇ। ਪ੍ਰਭਾਵਹੀਣ ਚਿਹਰਾ ਹੀ ਅੱਖਾਂ ਸਾਹਵੇਂ ਆਵੇ ਅਤੇ ਸਮੁੱਚੀ ਦੁਨੀਆਂ ਨੂੰ ਕਹਿਰ ਦਾ ਬਿੰਬ ਬਣਾਵੇ, ਜਿਸ 'ਚੋਂ ਸੂਖਮ ਵਿਅਕਤੀ ਕਿਧਰ ਨੂੰ ਜਾਵੇ?

ਜ਼ਖਮ ਸੇਧਤ ਵੀ ਤੇ ਟੇਢੇ ਵੀ, ਪੂਰਨ ਵੀ ਤੇ ਅਪੂਰਨ ਵੀ, ਪਾਪ ਵੀ ਤੇ ਪੁੰਨ ਵੀ, ਅਹਿਸਾਨ ਵੀ ਤੇ ਅਹਿਸਾਨ-ਫਰਾਮੋਸ਼ੀ ਵੀ, ਆਤੰਕ ਵੀ ਤੇ ਅਹਿੰਸਾ ਵੀ, ਨਰਮ ਵੀ ਤੇ ਸਖਤ ਵੀ ਅਤੇ ਸਦੀਵੀ ਵੀ ਤੇ ਪਲ ਭਰ ਦੇ ਵੀ ਹੁੰਦੇ। ਇਹ ਇਸ 'ਤੇ ਨਿਰਭਰ ਕਰਦਾ ਕਿ ਕੌਣ, ਕਿਸ ਵਿਚਾਰ ਨੂੰ ਮਨ 'ਚ ਰੱਖ ਕੇ ਜ਼ਖਮ ਤੁਹਾਡੀ ਝੋਲੀ ਪਾ ਰਿਹਾ? ਉਸ ਦੀ ਮਨਸ਼ਾ ਕੀ ਏ? ਉਹ ਕਿਹੜੇ ਮੁਫਾਦ ਦੀ ਪੂਰਤੀ ਜ਼ਖਮ 'ਚੋਂ ਲੋਚਦਾ? ਕੀ ਨੀਂਵਾਂ ਦਿਖਾਉਣ ਜਾਂ ਖੁਦ ਉਚਾ ਹੋਣ ਲਈ ਜ਼ਖਮ ਦੇ ਰਿਹਾ? ਜਾਂ ਸਿਰਫ ਈਰਖਾ ਜਾਂ ਵੈਰ ਖਾਤਰ ਜ਼ਖਮਾਂ ਦੀ ਫਸਲ ਤੁਹਾਡੇ ਵਿਹੜੇ ਉਗਾਉਣ ਲਈ ਰੁਚਿਤ ਏ? ਬਹੁਤ ਗੁੱਝੀਆਂ ਤਹਿਆਂ, ਬਾਰੀਕੀਆਂ ਅਤੇ ਪਰਤਾਂ ਹੁੰਦੀਆਂ ਨੇ ਜ਼ਖਮ ਦੇਣ ਵਾਲਿਆਂ ਦੇ ਮਨਾਂ 'ਚ, ਜਿਸ ਦੀ ਹਾਥ ਪਾਉਣੀ ਅਸੰਭਵ।

ਜ਼ਖਮ ਖਾ ਕੇ ਹੀ ਜ਼ਖਮਾਂ ਦੀ ਤਾਬ ਝੱਲਣ ਦੀ ਸੋਝੀ ਅਤੇ ਸਿਆਣਪ ਆਉਂਦੀ। ਸਿਆਣੇ ਲੋਕ ਜ਼ਖਮ ਖਾ ਭਾਵੇਂ ਲੈਣ, ਉਹ ਕਿਸੇ ਨੂੰ ਜ਼ਖਮ ਨਹੀਂ ਦਿੰਦੇ, ਕਿਉਂਕਿ ਉਹ ਕਿਸੇ ਦੇ ਦਰਦ 'ਚ ਰੋਣਾ ਜਾਣਦੇ। ਉਨ੍ਹਾਂ ਦੀ ਨਿਰਛੱਲ ਤੇ ਪਾਕ ਆਤਮਾ, ਭਲਾਈ, ਚੰਗਿਆਈ ਅਤੇ ਬੰਦਿਆਈ ਨਾਲ ਭਰਪੂਰ ਹੁੰਦੀ। ਉਹ ਜ਼ਖਮ ਦੇਣ ਵਾਲਿਆਂ ਨੂੰ ਵੀ ਇਨ੍ਹਾਂ ਦਾਤਾਂ ਨਾਲ ਵਰੋਸਾਉਂਦੇ। ਉਨ੍ਹਾਂ ਦੀ ਚੇਤਨਾ ਵਿਚ ਸ਼ੁਭ-ਕਰਮਨ ਦਾ ਅਹਿਸਾਸ ਅਤੇ ਉਹ ਸਰਬੱਤ ਦੇ ਭਲੇ ਦੇ ਵਾਰਸ।

ਜ਼ਖਮ ਤਾਂ ਕਿਸੇ ਦੀਆਂ ਭਾਵਨਾਵਾਂ 'ਤੇ ਮਾਰੀ ਸੱਟ, ਮਾਨਸਿਕ ਤੌਰ 'ਤੇ ਤੜਫਾਉਣਾ, ਸੁੱਚੀਆਂ ਭਾਵਨਾਵਾਂ ਦੀ ਖਿੱਲੀ ਉਡਾਉਣਾ, ਮੰਜ਼ਿਲ-ਮਾਰਗ ਤੋਂ ਭਟਕਾਉਣਾ, ਔਝੜ ਰਾਹੇ ਪਾਉਣਾ ਅਤੇ ਧ੍ਰੋਹ ਕਮਾਉਣਾ ਵੀ ਹੁੰਦਾ।

ਜ਼ਖਮ, ਕਿਸੇ ਦੀ ਬਿਮਾਰੀ ਦਾ ਉਡਾਇਆ ਮਖੌਲ, ਗਰੀਬ ਦੀ ਗੁਰਬਤ ਨੂੰ ਚੌਰਾਹੇ 'ਚ ਉਛਾਲਣਾ, ਅਨਪੜ੍ਹ ਦੀ ਗੱਲਬਾਤ ਦਾ ਹੁੰਗਾਰਾ ਨਾ ਭਰਨਾ, ਗਰੀਬ ਰਿਸ਼ਤੇਦਾਰ ਲਈ ਘਰ ਦੇ ਦਰਵਾਜੇ ਬੰਦ ਕਰਨਾ, ਜੂਨੀਅਰ ਨੂੰ ਬੇਵਜ੍ਹਾ ਉਡੀਕ ਕਰਵਾਉਣਾ ਤੇ ਜ਼ਲੀਲ ਕਰਨਾ, ਘਰ ਦੇ ਨੌਕਰ ਦੀ ਬੇਲੋੜੀ ਟੋਕਾ-ਟਾਕੀ ਅਤੇ ਉਸ ਦੀ ਗਰੀਬੀ ਨੂੰ ਗਲਾਜ਼ਤ 'ਚ ਲਪੇਟਣਾ ਵੀ ਹੁੰਦਾ। ਇਹ ਜ਼ਖਮ ਕਿਸੇ ਨੂੰ ਦਿਸਦੇ ਨਹੀਂ, ਪਰ ਹੁੰਦੇ ਬਹੁਤ ਡੂੰਘੇ। ਮਨ 'ਤੇ ਪਈਆਂ ਝਰੀਟਾਂ ਕਦੇ ਵੀ ਨਹੀਂ ਮਿਟਦੀਆਂ। ਇਨ੍ਹਾਂ ਦੀ ਬੁਣਤੀ ਤਾਂ ਕਈ ਵਾਰ ਮਨ ਨੂੰ ਰਸਾਤਲ ਤੀਕ ਵੀ ਲੈ ਜਾਂਦੀ। ਇਹ ਜ਼ਖਮ ਹੀ ਕਤਲਾਂ, ਖੁਦਕੁਸ਼ੀਆਂ ਜਾਂ ਬੇਰੁਹਮਤੀ ਦਾ ਕਾਰਨ ਵੀ ਬਣਦੇ, ਜਦ ਜ਼ਖਮ ਸਹਿਣ ਵਾਲਾ ਆਪਣੀ ਮਾਨਸਿਕਤਾ ਦੀ ਬੇਵਸੀ ਅੱਗੇ ਹਾਰ ਜਾਂਦਾ। ਬਹੁਤ ਸਾਰੀਆਂ ਘਟਨਾਵਾਂ ਦੀ ਵਜ੍ਹਾ ਸਿਰਫ ਅਜਿਹੇ ਅਦਿੱਸ ਜ਼ਖਮ ਹੀ ਹੁੰਦੇ।

ਜ਼ਖਮ ਯਾਦਾਂ ਦੀ ਬੀਹੀ ਆ ਕੇ, ਬੀਤਿਆ ਦਿੰਦੇ ਦਿਖਾ। ਸਾਹੀਂ ਆਹਾਂ ਬੀਜਦੇ, ਦਿੰਦੇ ਨੈਣ ਸੁਜਾਅ। ਕੱਚੇ ਰਾਹਾਂ ਦੀ ਧੂੜ 'ਚ, ਸੀ ਕੀ ਕੁਝ ਲਿਆ ਗਵਾ। ਪਿੰਡ ਦੀ ਜੂਹ ਦਾ ਗਮ ਵੀ, ਝੋਲੀ ਲਿਆ ਪਵਾ। ਉਹ ਪਲ ਸੀ ਕੇਹੇ ਚੰਦਰੇ, ਕਿ ਆਪਣਿਆਂ ਸੂਤੇ ਸਾਹ। ਮਨ-ਵਿਹੜਿਆਂ ਨਾ ਨਿਕਲੀ, ਪਲ ਭਰ ਲਈ ਆਹ। ਉਹ ਜ਼ਖਮ ਸੀ ਸੁੱਚੇ ਮਨ 'ਤੇ, ਜਿਸ ਦੀ ਨਾ ਸੀ ਕੋਈ ਦਵਾ। ਜਿਸ ਦੇ ਦਰਦ ਵਿਚ ਮਨ ਨੇ, ਲਈ ਏ ਅਉਧ ਗਵਾ। ਛੱਡ ਦਰਦਾਂ ਦਾ ਰੋਣਾ ਵੇ ਸੱਜਣਾ, ਜ਼ਖਮ ਤਾਂ ਜੀਵਨ-ਰਾਹ। ਚੱਲ ਇਸ ਦੀ ਚਸਕ ਨੂੰ, ਸੁਪਨਾ ਲਈਏ ਬਣਾ। ਜ਼ਖਮ ਦਾ ਦਗਦਾ ਚੰਦਰਮਾ, ਮੱਥੇ ਲਈਏ ਟਿਕਾ ਤੇ ਇਸ ਦੀ ਰੌਸ਼ਨ-ਆਭਾ 'ਚ, ਪਈਏ ਮੰਜ਼ਿਲ ਦੇ ਰਾਹ।

ਜ਼ਖਮ ਜਰੂਰੀ ਨੇ ਮਨੁੱਖੀ ਵਿਕਾਸ ਅਤੇ ਸ਼ਖਸੀਅਤ ਦੇ ਵਿਸਥਾਰ ਲਈ। ਖੁਦ ਦੀ ਸਮਰੱਥਾ ਨੂੰ ਪਰਖਣ, ਜ਼ਖਮਾਂ ਦੀ ਤਾਬ ਝੱਲਣ ਅਤੇ ਪੀੜ 'ਚੋਂ ਜ਼ਿੰਦਗੀ ਦੇ ਨਵੇਂ ਦਿਸਹੱਦੇ ਸਿਰਜਣ ਲਈ। ਜ਼ਖਮ ਦੀ ਭੱਠੀ 'ਚ ਰੜ੍ਹ ਕੇ ਮਨੁੱਖ ਪਾਰਸ ਬਣਦਾ। ਆਪਣੇ ਪਰਾਏ ਦੀ ਪਛਾਣ ਹੁੰਦੀ। ਜ਼ਖਮ ਦੇਣ ਅਤੇ ਜ਼ਖਮਾਂ ਦੀ ਸਾਰ ਲੈਣ ਵਾਲਿਆਂ ਦਾ ਪਤਾ ਲੱਗਦਾ। ਜ਼ਖਮਾਂ ਦੀ ਜ਼ਿਆਰਤ, ਇਬਾਦਤ ਬਣਦੀ ਅਤੇ ਇਬਾਦਤ, ਇਨਾਇਤ ਦਾ ਸਿਰਨਾਂਵਾਂ ਬਣਦੀ।

ਜ਼ਖਮ ਸੁੱਚਮ ਦਾ ਰੂਪ ਧਾਰਦੇ ਜਦ ਜ਼ਖਮ-ਜੂਹ ਵਿਚੋਂ ਸੂਖਮ ਭਾਵਨਾਵਾਂ ਦੀ ਅਸੀਸ ਮਿਲਦੀ। ਬੰਦਾ ਖੁਦ ਦੀ ਜਾਮਾ ਤਲਾਸ਼ੀ ਵਿਚੋਂ ਆਪਣੀ ਪਛਾਣ ਸਿਰਜਦਾ, ਜੋ ਨਵੀਆਂ ਰਹਿਤਲਾਂ ਲਈ ਸਰਜ਼ਮੀਂ ਬਣਦੀ।

ਜ਼ਖਮਾਂ ਦੀ ਬਹੁਤਾਤ ਮਾੜੀ। ਬੰਦਾ ਸਿਰਫ ਜ਼ਖਮਾਂ ਦੀ ਵਿਆਖਿਆ ਵਿਚ ਹੀ ਉਲਝ ਜਾਂਦਾ। ਉਸ ਦੇ ਜੀਵਨ ਦੀਆਂ ਸੰਜੀਦਾ ਤਰਜ਼ੀਹਾਂ ਅਤੇ ਉਸਾਰੂ ਤਕਦੀਰਾਂ ਮਨ-ਅੰਬਰ 'ਚੋਂ ਨਹੀਂ ਝਲਕਦੀਆਂ।

ਜ਼ਖਮਾਂ ਨੂੰ ਮਨ ਦਾ ਬੋਝ ਨਾ ਬਣਾਓ, ਸਗੋਂ ਕਿਸੇ ਨੂੰ ਸੁਣਾਓ। ਇਸ ਨੂੰ ਹਾਸਲ ਬਣਾਓ। ਜ਼ਖਮਾਂ ਦੇ ਨਾਮ 'ਤੇ ਰਹਿਮ ਦੀ ਭੀਖ ਨਾ ਮੰਗੋ, ਦਿਆ ਲਈ ਨਾ ਕਹੋ ਕਿਉਂਕਿ ਤੁਹਾਨੂੰ ਖੁਦ ਹੀ ਜਾਚ ਹੋਣੀ ਚਾਹੀਦੀ ਏ ਅੱਲ੍ਹੇ ਜ਼ਖਮਾਂ ਨੂੰ ਧੋਣ, ਮਰਹਮ ਲਾਉਣ, ਫਹੇ ਧਰਨ ਅਤੇ ਪੱਟੀਆਂ ਬੰਨਣ ਦੀ। ਬੇਗਾਨੀ ਆਸ 'ਤੇ ਕਦ ਭਰਦੇ ਨੇ ਜ਼ਖਮ। ਜ਼ਖਮ ਤਾਂ ਤੁਹਾਡੇ ਅੰਤਰੀਵ ਨੇ ਭਰਨੇ, ਆਤਮਕ ਸ਼ਕਤੀ ਤੇ ਮਾਨਸਿਕ ਪਕਿਆਈ ਨੇ ਖਰੀਂਡ ਲਿਆਉਣੇ ਅਤੇ ਤਰੋ-ਤਾਜ਼ਗੀ ਨਾਲ ਜੀਵਨ-ਸਫਰ ਦਾ ਰਾਹੀ ਬਣਨਾ। ਕਿਸੇ 'ਤੇ ਕਾਹਦੀ ਆਸ, ਵਿਸ਼ਵਾਸ ਅਤੇ ਧਰਵਾਸ?

*ਜ਼ਖਮ ਯਾਦਾਂ ਦੀ ਬੀਹੀ ਆ ਕੇ, ਬੀਤਿਆ ਦਿੰਦੇ ਦਿਖਾ। ਸਾਹੀਂ ਆਹਾਂ ਬੀਜਦੇ, ਦਿੰਦੇ ਨੈਣ ਸੁਜਾਅ। ਕੱਚੇ ਰਾਹਾਂ ਦੀ ਧੂੜ 'ਚ, ਸੀ ਕੀ ਕੁਝ ਲਿਆ ਗਵਾ। ਪਿੰਡ ਦੀ ਜੂਹ ਦਾ ਗਮ ਵੀ, ਝੋਲੀ ਲਿਆ ਪਵਾ। ਉਹ ਪਲ ਸੀ ਕੇਹੇ ਚੰਦਰੇ, ਕਿ ਆਪਣਿਆਂ ਸੂਤੇ ਸਾਹ। ਮਨ-ਵਿਹੜਿਆਂ ਨਾ ਨਿਕਲੀ, ਪਲ ਭਰ ਲਈ ਆਹ। ਉਹ ਜ਼ਖਮ ਸੀ ਸੁੱਚੇ ਮਨ 'ਤੇ, ਜਿਸ ਦੀ ਨਾ ਸੀ ਕੋਈ ਦਵਾ। ਜਿਸ ਦੇ ਦਰਦ ਵਿਚ ਮਨ ਨੇ, ਲਈ ਏ ਅਉਧ ਗਵਾ। ਛੱਡ ਦਰਦਾਂ ਦਾ ਰੋਣਾ ਵੇ ਸੱਜਣਾ, ਜ਼ਖਮ ਤਾਂ ਜੀਵਨ-ਰਾਹ। ਚੱਲ ਇਸ ਦੀ ਚਸਕ ਨੂੰ, ਸੁਪਨਾ ਲਈਏ ਬਣਾ। ਜ਼ਖਮ ਦਾ ਦਗਦਾ ਚੰਦਰਮਾ, ਮੱਥੇ ਲਈਏ ਟਿਕਾ ਤੇ ਇਸ ਦੀ ਰੌਸ਼ਨ-ਆਭਾ 'ਚ, ਪਈਏ ਮੰਜ਼ਿਲ ਦੇ ਰਾਹ।*

ਜ਼ਖਮ ਹਰ ਵਿਅਕਤੀ ਦੇ ਹਿੱਸੇ। ਕੁਝ ਨੂੰ ਤਾਂ ਵਿਰਾਸਤ ਵਿਚ ਵੀ ਮਿਲਦੇ। ਕਿਸੇ ਨੂੰ ਥੋੜ੍ਹੇ ਤੇ ਕਿਸੇ ਨੂੰ ਬਹੁਤੇ। ਕਿਸੇ ਨੂੰ ਆਪਣੇ ਦਿੰਦੇ ਤੇ ਕਿਸੇ ਨੂੰ ਬਿਗਾਨੇ ਦਿੰਦੇ, ਕਿਸੇ ਨੂੰ ਬਾਹਰੀ ਮਿਲਦੇ ਤੇ ਕਿਸੇ ਨੂੰ ਅੰਤਰੀਵੀ। ਜ਼ਖਮ ਮਿਲਦੇ ਜਰੂਰ ਨੇ, ਕੋਈ ਨਹੀਂ ਇਨ੍ਹਾਂ ਤੋਂ ਵਿਰਵਾ। ਇਨ੍ਹਾਂ ਨੂੰ ਦਿਖਾਉਣ/ਛੁਪਾਉਣ ਅਤੇ ਭਰਨ ਦਾ ਤਰੀਕਾ ਸਭ ਦਾ ਆਪੋ-ਆਪਣਾ।

ਜ਼ਖਮ ਕਦੇ ਵੀ ਸਮੇਂ ਨਾਲ ਨਹੀਂ ਭਰਦੇ। ਸਿਰਫ ਘੱਟਦੀ ਏ ਪੀੜਾ। ਕੁਝ ਚਿਰ ਲਈ ਚੇਤਿਆਂ ਵਿਚੋਂ ਵਿਸਰ ਜਾਂਦੇ, ਪਰ ਇਨ੍ਹਾਂ ਦੇ ਦਾਗ ਹਮੇਸ਼ਾ ਰਹਿੰਦੇ। ਇਸ ਦਾਗ 'ਤੇ ਮੁੜ ਕੋਈ ਜ਼ਖਮ ਕਰਦਾ ਤਾਂ ਇਹ ਬਹੁਤ ਡੂੰਘਾ ਅਤੇ ਕਸ਼ਟਮਈ ਹੁੰਦਾ। ਵਾਰ ਵਾਰ ਔਖਾ ਹੁੰਦਾ ਏ ਜ਼ਖਮਾਂ ਵਿਚੋਂ ਖੁਦ ਨੂੰ ਉਭਾਰਨਾ ਅਤੇ ਦਾਗ ਦਾਗ ਹੋ ਕੇ ਜੀਵਨ ਨੂੰ ਵਿਸਥਾਰਨਾ। ਇਹ ਦਾਗ ਜ਼ਖਮਾਂ ਦੀ ਕਹਾਣੀ ਹੁੰਦੇ ਕਿ ਕਿਵੇਂ ਇਨ੍ਹਾਂ ਜ਼ਖਮਾਂ ਨੇ ਜੀਣ ਦਾ ਕਰਮ-ਧਰਮ ਦਿਤਾ।

ਜ਼ਖਮ ਕੁਝ ਤਾਂ ਭਰ ਜਾਂਦੇ, ਪਰ ਕੁਝ ਅਜਿਹੇ ਵੀ ਹੁੰਦੇ, ਜੋ ਜੀਵਨ ਭਰ ਨਹੀਂ ਭਰਦੇ-ਸਦਾ ਰਿਸਦੇ, ਚਸਕਦੇ ਅਤੇ ਵਗਦੇ ਰਹਿੰਦੇ। ਮਨੁੱਖ ਬਣ ਜਾਂਦਾ ਪੀੜ-ਪੰਘੂੜਾ।

ਜ਼ਖਮ ਜੁਦਾਈ ਦੇ ਹੁੰਦੇ ਤੇ ਬੇਵਫਾਈ ਦੇ ਵੀ, ਧੋਖੇ ਦੇ ਵੀ ਤੇ ਕਪਟ ਦੇ ਵੀ, ਝੂਠ ਦੇ ਵੀ ਤੇ ਕਮੀਨਗੀ ਦੇ ਵੀ ਅਤੇ ਬੇ-ਹਯਾਈ ਦੇ ਤੇ ਬੇਸ਼ਰਮੀ ਦੇ ਵੀ ਹੁੰਦੇ। ਜ਼ਖਮਾਂ ਦੀਆਂ ਕਈ ਤਸ਼ਬੀਹਾਂ ਅਤੇ ਤਸਵੀਰਾਂ।

ਜ਼ਖਮੀ ਹੋਣ 'ਤੇ ਅੰਤਰੀਵੀ ਤਾਕਤ, ਮਨ ਦੀ ਪਕਿਆਈ ਅਤੇ ਦੁੱਖ ਵਿਚੋਂ ਉਭਰਨ ਦਾ ਸਿਰੜ ਤੇ ਸਾਧਨਾ ਜਰੂਰੀ। ਕਮਜ਼ੋਰ ਮਾਨਸਿਕਤਾ ਵਾਲੇ ਤਾਂ ਜ਼ਖਮਾਂ ਵਿਚੋਂ ਮੌਤ ਨੂੰ ਕਿਆਸਣ ਲੱਗ ਪੈਂਦੇ। ਮਨ ਦੀ ਕਰੜਾਈ ਅਤੇ ਦੂਰਅੰਦੇਸ਼ੀ ਬਹੁਤ ਅਹਿਮ ਕਿਉਂਕਿ ਜ਼ਖਮ ਨੇ ਸਦਾ ਨਹੀਂ ਰਹਿਣਾ। ਜੇ ਜ਼ਖਮ ਦੇਣ ਵਾਲੇ ਨੇ ਆਲੇ-ਦੁਆਲੇ ਤਾਂ ਜ਼ਖਮ ਸਹਿਲਾਉਣ ਅਤੇ ਮਰਹਮ ਲਾਉਣ ਵਾਲਿਆਂ ਦੀ ਵੀ ਅਜੇ ਤੀਕ ਨਸਲਕੁਸ਼ੀ ਨਹੀਂ ਹੋਈ।

ਫੱਟ ਤਾਂ ਨੈਣਾਂ ਦੇ ਵੀ ਹੁੰਦੇ ਅਤੇ ਬੋਲਾਂ ਦੇ ਵੀ, ਪਿਆਰ ਦੇ ਵੀ ਤੇ ਦੁਰਕਾਰ ਦੇ ਵੀ, ਮਿਠਾਸ ਦੇ ਵੀ ਤੇ ਪਿਆਸ ਦੇ ਵੀ, ਹੁਲਾਸ ਦੇ ਵੀ ਤੇ ਆਸ ਦੇ ਵੀ। ਸਿਰਫ ਫਰਕ ਇੰਨਾ ਕੁ ਹੁੰਦਾ ਕਿ ਇਹ ਜ਼ਖਮ ਵਾਰ ਵਾਰ ਖਾਣ ਨੂੰ ਜੀਅ ਕਰਦਾ, ਪਰ ਕੁਝ ਜ਼ਖਮਾਂ ਤੋਂ ਮਨ ਤ੍ਰਹਿੰਦਾ।

ਜ਼ਖਮ ਦੀ ਆਭਾ ਵੱਖਰੀ। ਇਸ ਦੀ ਰੂਹਾਨੀਅਤ ਵਿਚੋਂ ਵੀ ਅਧਿਆਤਮਕ ਸਫਰ ਸ਼ੁਰੂ ਹੁੰਦਾ। ਕੁਝ ਲੋਕਾਂ ਲਈ ਮਨ ਦੀ ਠੋਕਰ, ਜੀਵਨ ਨੂੰ ਸੁਚਾਰੂ ਰਾਹਾਂ ਵੰਨੀ ਤੋਰਨਾ ਅਤੇ ਜੀਵਨ-ਸਚਿਆਰ ਨੂੰ ਜੀਵਨ ਭਰ ਲੋਚਣਾ ਹੁੰਦਾ।

ਜ਼ਖਮ ਹੀ ਮਨੁੱਖੀ ਮਨ ਨੂੰ ਬਦਲੇ, ਮਨ ਵਿਚ ਉਸਾਰੂ ਬਦਲਾਅ। ਸਰੀਰਕ ਤਾਕਤ ਵਿਚ ਵਾਧਾ। ਇਹ ਤਾਕਤ ਹੀ ਹੋਰ ਜ਼ਖਮ ਲੱਗਣ ਤੋਂ ਬਚਾਉਂਦੀ। ਜੇ ਲੱਗ ਵੀ ਜਾਵੇ ਤਾਂ ਇਸ ਦੀ ਮਰਹਮ ਪੱਟੀ ਲਈ ਦੁਆ ਹੁੰਦੀ।

ਜ਼ਖਮ ਜਦ ਜਿਸਮ 'ਤੇ ਲੱਗਦਾ ਤਾਂ ਪੀੜ ਬਹੁਤ ਘੱਟ, ਪਰ ਜਦ ਇਹ ਭਾਵਨਾਵਾਂ ਨੂੰ ਝਰੀਟਦੇ ਤਾਂ ਇਸ ਦੀ ਪੀੜਾ 'ਚ ਮਨ ਪੀੜ ਪੀੜ ਹੀ ਹੋ ਜਾਂਦਾ।

ਜ਼ਖਮਾਂ ਤੋਂ ਕਦੇ ਨਾ ਡਰੋ। ਇਹ ਮਨੁੱਖ ਨੂੰ ਪਰਖਦੇ ਅਤੇ ਇਸ ਪਰਖ ਵਿਚੋਂ ਹੀ ਮਨੁੱਖੀ ਸੰਭਾਵਨਾਵਾਂ ਨੂੰ ਨਵੀਂ ਸੁਪਨ-ਸਾਜ਼ੀ ਮਿਲਦੀ। ਨਾ ਹੀ ਜ਼ਖਮਾਂ ਤੋਂ ਸ਼ਰਮਾਓ, ਕਿਉਂਕਿ ਇਹ ਜ਼ਖਮ ਦੂਸਰਿਆਂ ਦੀ ਕਮੀਨਗੀ ਅਤੇ ਤੁਹਾਡੀ ਬਹਾਦਰੀ ਤੇ ਦਲੇਰੀ ਦਾ ਚਿੰਨ੍ਹ ਹਨ।

ਜ਼ਖਮ ਤਾਂ ਜੰਗਾਂ ਨੇ ਧਰਤੀ ਦੇ ਪਿੰਡੇ ਵੀ ਲਾਏ। ਜ਼ਹਿਰਾਂ ਨੇ ਧਰਤ ਨੂੰ ਬੰਜਰ ਕੀਤਾ। ਓਜੋਨ-ਤਹਿ ਵਿਚ ਮਘੋਰੇ ਪਾ ਕੇ ਅੰਬਰ-ਜੂਹ ਨੂੰ ਜ਼ਖਮੀ ਕੀਤਾ। ਪਾਕ ਪਾਣੀਆਂ 'ਚ ਘੁਲੀਆਂ ਜ਼ਹਿਰਾਂ ਅਤੇ ਗੰਦਗੀ ਨੇ ਦਰਿਆਵਾਂ ਨੂੰ ਦਿਤੇ ਜ਼ਖਮ। ਹਵਾ ਵਿਚ ਜ਼ਹਿਰੀਲੀਆਂ ਗੈਸਾਂ ਦਾ ਪਸਾਰਾ, ਪੌਣ 'ਚ ਉਣੀਆਂ ਮੌਤ-ਤੰਦਾਂ, ਜਿਸ ਨੇ ਬਣਨਾ ਏ ਮਨੁੱਖ ਲਈ ਫਾਹੀ। ਜ਼ਖਮ ਤਾਂ ਸਾਡੇ ਆਲੇ-ਦੁਆਲੇ। ਸਿਰਫ ਇਨ੍ਹਾਂ ਨੂੰ ਦੇਖਣ, ਅਹਿਸਾਸਾਂ ਵਿਚ ਉਪਜਾਉਣ ਅਤੇ ਇਨ੍ਹਾਂ ਦੀ ਅਰਾਜਕਤਾ ਨੂੰ ਮਨੁੱਖੀ ਸੋਚ ਦੇ ਨਾਂਵੇਂ ਲਾਉਣ ਦੀ ਲੋੜ ਤਾਂ ਕਿ ਮਨੁੱਖ ਜ਼ਖਮਾਂ ਦੀ ਖੇਤੀ ਨਾ ਕਰੇ। ਸਗੋਂ ਮਰਹਮ, ਫੇਹੇ ਤੇ ਪੱਟੀ, ਉਸ ਦੀ ਪਿਰਤ ਦਾ ਹਿੱਸਾ ਬਣੇ।

ਕੁਝ ਜ਼ਖਮ ਅਜਿਹੇ ਹੁੰਦੇ, ਜਿਨ੍ਹਾਂ ਨੂੰ ਛੁਪਾਉਣ ਦਾ ਹੁਨਰ ਮਨੁੱਖ ਸਿੱਖ ਜਾਂਦਾ ਅਤੇ ਇਨ੍ਹਾਂ ਨੂੰ ਲੁਕੋ ਕੇ ਹੀ ਜੀਵਨ-ਯਾਤਰਾ ਪੂਰੀ ਕਰ ਲੈਂਦਾ। ਜ਼ਖਮ ਨੂੰ ਸਹਿਲਾਉਣਾ, ਚੁੱਪ ਕਰਾਉਣਾ ਜਾਂ ਗਲੇ ਲਾਉਣਾ, ਲੋਕਾਂ ਦੀ ਫਿਤਰਤ ਨਹੀਂ। ਉਹ ਤਾਂ ਤੁਹਾਡੀ ਅਰਥੀ ਦਾ ਮੋਢਾ ਬਣਨ ਲਈ ਤਿਆਰ।

ਜ਼ਖਮ ਹਰੇਕ ਨੂੰ ਮਿਲਦੇ, ਪਰ ਚਾਹੁੰਦਾ ਕੋਈ ਨਹੀਂ। ਜ਼ਖਮ ਖਾਣ ਲਈ ਕੋਈ ਨਹੀਂ ਤਿਆਰ ਪਰ ਜ਼ਖਮ ਦੇਣ ਲਈ ਕਰਦੇ ਨੇ ਮੌਕੇ ਦੀ ਭਾਲ। ਅਜੀਬ ਸੋਚ ਹੈ, ਅਜੋਕੇ ਮਨੁੱਖ ਦੀ!

ਜ਼ਖਮ ਨੂੰ ਜੋਤ ਬਣਾਓ। ਜੀਵਨ ਦੀਆਂ ਹਨੇਰੀਆਂ ਕੰਦਰਾਂ ਰੁਸ਼ਨਾਉਣ ਲਈ, ਕਾਲਖ ਭਰੇ ਵਰਤਾਰਿਆਂ ਵਿਚ ਸੂਰਜ ਉਗਾਉਣ ਲਈ, ਮੱਸਿਆ ਦੀ ਹਨੇਰ ਘੁੱਪ ਤੇ ਕੁਲਹਿਣੀ ਰਾਤ ਵਿਚ ਚੰਦਰਮਾ ਰੁਸ਼ਨਾਉਣ ਲਈ, ਆਪਣੇ ਤੇ ਪਰਾਏ ਵਿਚਲਾ ਫਰਕ ਮਿਟਾਉਣ ਲਈ ਅਤੇ ਜ਼ਖਮ-ਰਾਹਾਂ 'ਤੇ ਤੁਰਦਿਆਂ ਵਿਅਕਤੀਤਵ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣ ਲਈ।

# ਕਬੱਡੀ ਦਾ ਪ੍ਰੀਤਮ: ਪ੍ਰੀਤਾ ਨਡਾਲੀਆ

**ਖੇਡ ਸੰਸਾਰ**

ਜਿਵੇਂ ਪੰਜਾਬ ਵਿਚ ਵਾਰਿਸ ਦਾ ਕਿੱਸਾ 'ਹੀਰ' ਮਸ਼ਹੂਰ ਹੈ, ਜਗਰਾਵਾਂ ਦੀ ਰੌਸ਼ਨੀ ਤੇ ਬੱਬੇਹਾਲੀ ਦੀ ਛਿੰਝ ਹੈ, ਇਵੇਂ ਕਬੱਡੀ ਜਗਤ ਵਿਚ ਪ੍ਰੀਤੇ ਦਾ ਨਾਂ ਹੈ। ਕੋਈ ਵੇਲਾ ਸੀ ਜਦੋਂ ਪਿੰਡਾਂ ਦੀਆਂ ਸੱਥਾਂ ਵਿਚ 'ਪ੍ਰੀਤਾ ਪ੍ਰੀਤਾ' ਹੁੰਦੀ ਸੀ। ਪ੍ਰੀਤੇ ਦੀ ਕਬੱਡੀ ਦੇ ਦੀਵਾਨੇ ਲੋਕ ਦੂਰੋਂ-ਦੂਰੋਂ ਪਹੁੰਚਦੇ ਸਨ। ਪ੍ਰੀਤੇ ਦਾ ਨਾਂ ਮੈਂ ਪਹਿਲੀ ਵਾਰ ਆਪਣੇ ਬਾਪੂ ਦੇ ਮੂੰਹੋਂ ਸੁਣਿਆ ਸੀ। ਉਦੋਂ ਮੈਂ ਛੇਵੀਂ ਜਮਾਤ ਵਿਚ ਪੜ੍ਹਦਾ ਹੋਵਾਂਗਾ। ਲੋਕਾਂ ਨੇ ਕੱਪੜੇ ਲਾਹੁੰਦੇ ਖਿਡਾਰੀਆਂ ਕੋਲ ਖੜ੍ਹ ਜਾਣਾ। ਭੀੜ ਵਿਚੋਂ ਅਵਾਜ਼ਾਂ ਆਉਣੀਆਂ, "ਅਹੁ ਆ ਪ੍ਰੀਤਾ, ਅੱਜ ਸਵਾਦ ਆਊ, ਮੈਚ ਤਕੜਾ ਹੋਊ।" ਲੋਕਾਂ ਨੇ ਸਾਹ ਰੋਕ ਕੇ ਕਬੱਡੀ ਦੇਖਣੀ।



**ਇੰਦਰਜੀਤ ਸਿੰਘ ਪੱਡਾ**
**ਫੋਨ: +91-98159-67462**

ਪ੍ਰੀਤੇ ਨੇ ਜਦੋਂ ਕੌਡੀ ਪਾਉਣੀ, ਪਹਿਲਾਂ ਸੂਰਜ ਵੱਲ ਦੇਖਣਾ, ਫਿਰ ਸੱਜੀ ਕੰਨੀਉਂ ਧਾਵਾ ਬੋਲਣਾ, ਜਿਵੇਂ ਕਹਿੰਦੇ ਹੁੰਦੇ ਆ, 'ਬੱਦਲ ਉਠਿਆ ਟਿਲਿਉਂ, ਗਾਂਹ ਮਹਿੰ ਨਾ ਖੁੱਲ੍ਹੇ ਕਿਲਿਉਂ।' ਜਾਫੀਆਂ ਨੂੰ ਭਾਜੜਾਂ ਪੈ ਜਾਣੀਆਂ, ਪੈਰ ਜਮੀਨ 'ਤੇ ਨਾ ਲੱਗਣੇ, ਧੌਲੋਂ ਧੌਲੀ ਹੋਣਾ। ਦਰਸ਼ਕਾਂ ਦਾ ਜ਼ੋਰ ਲਗਣਾ। ਦੇਖਣ ਵਾਲਿਆਂ ਵਿਚੋਂ ਕਈਆਂ ਆਪ ਦੋ-ਦੋ ਫੁੱਟ ਪਿੱਛੇ ਖਿਸਕੀ ਜਾਣਾ, ਜਦੋਂ ਮਗਰਲੇ ਨੇ ਕਹਿਣਾ, "ਦੇਖੀਂ ਭਰਾਵਾ, ਸਾਡੇ 'ਤੇ ਕਿਉਂ ਚੜ੍ਹੀ ਜਾਨਾਂ", ਤਾਂ ਕਿਤੇ ਉਹਨੇ ਥਾਂ ਸਿਰ ਹੋਣਾ। ਇਹ ਹਾਲ ਸੀ, ਪ੍ਰੀਤੇ ਦੀ ਕਬੱਡੀ ਦੇ ਚਹੇਤਿਆਂ ਦਾ।

ਪ੍ਰੀਤਮ ਸਿੰਘ ਦਾ ਜਨਮ ਪੰਜਾਬ ਦੀ ਵੰਡ ਤੋਂ ਕੋਈ ਤਿੰਨ ਸਾਲ ਪਹਿਲਾਂ 15 ਜਨਵਰੀ 1944 ਨੂੰ ਪਿੰਡ ਡਸਕਾ, ਸਿਆਲਕੋਟ ਦੇ ਲਾਗੇ (ਹੁਣ ਲਹਿੰਦਾ ਪੰਜਾਬ, ਪਾਕਿਸਤਾਨ ਵਿਚ) ਪਿਤਾ ਲਾਭ ਸਿੰਘ ਅਤੇ ਮਾਤਾ ਜਿੰਦ ਕੌਰ ਦੇ ਘਰ ਹੋਇਆ। ਪ੍ਰੀਤਮ ਸਿੰਘ ਹੁਰੀਂ ਤਿੰਨ ਭਰਾ ਸਨ। ਵੱਡਾ ਬਹਾਦਰ ਸਿੰਘ, ਉਸ ਤੋਂ ਛੋਟਾ ਮਹਿੰਦਰ ਸਿੰਘ ਤੇ ਫਿਰ ਪ੍ਰੀਤਮ ਸਿੰਘ। ਡਸਕੇ ਵਿਚ ਇਨ੍ਹਾਂ ਦਾ ਪਰਿਵਾਰ ਪਹਿਲਵਾਨਾਂ ਦੇ ਪਰਿਵਾਰ ਵਜੋਂ ਜਾਣਿਆ ਜਾਂਦਾ ਸੀ। ਇਨ੍ਹਾਂ ਦੇ ਤਾਏ ਗੰਡਾ ਸਿੰਘ ਦਾ ਲੜਕਾ ਸੁੰਦਰ ਸਿੰਘ ਇਲਾਕੇ ਦਾ ਨਾਮੀ ਪਹਿਲਵਾਨ ਸੀ। ਵੇਲਣੇ ਦੀਆਂ ਗੋਗੜਾਂ ਨਾਲ ਰੋਜ਼ ਦੋ-ਦੋ ਹੱਥ ਕਰਨੇ ਤੇ ਡੰਡ ਬੈਠਕਾਂ ਕੱਢਣੀਆਂ, ਉਸ ਦਾ ਨੇਮ ਸੀ। ਬਾਲ ਪ੍ਰੀਤੇ ਨੇ ਸਾਧਨਾ ਦੇ ਇਸ ਸਬਕ ਨੂੰ ਨਿੱਕੇ ਹੁੰਦਿਆਂ ਹੀ ਦੇਖ-ਦੇਖ ਕੇ ਰਟ ਲਿਆ ਸੀ। ਜੇ ਸਿਆਲਕੋਟ ਨੂੰ ਪੂਰਨ ਭਗਤ ਨੇ ਮਸ਼ਹੂਰ ਕੀਤਾ ਤਾਂ ਡਸਕੇ ਨੂੰ ਪਹਿਲਵਾਨਾਂ ਦੇ ਇਸ ਟੱਬਰ ਨੇ।

ਸੰਨ ਸੰਤਾਲੀ ਦੇ ਰੌਲਿਆਂ ਨੇ ਨਿੱਕੇ ਪ੍ਰੀਤੇ ਨੂੰ ਪਰਿਵਾਰ ਨਾਲ ਨਡਾਲੇ ਲੈ ਆਂਦਾ। ਬਾਪ ਦੀ ਅੱਸੀ ਕਿੱਲੇ ਵਾਹੀ ਸੀ ਪਰ ਇਧਰ ਆ ਕੇ ਪੈਂਤੀ ਕਿੱਲੇ ਰਹਿ ਗਈ। ਨਾਲੇ ਵੰਡ ਦਾ ਦੁਖ ਹੰਢਾਇਆ, ਨਾਲੇ ਅੱਧਾ ਘਰ ਗੁਆਇਆ। ਸਿਆਣੇ ਕਹਿੰਦੇ ਹਨ, 'ਉਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ', ਪਰਿਵਾਰ ਦੀ ਰੱਜਵੀਂ ਮਿਹਨਤ ਨੇ ਦਿਨ ਮੋੜ ਦਿੱਤੇ।

ਪ੍ਰੀਤਮ ਸਿੰਘ ਨੇ ਮੁੱਢਲੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ। ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਨਡਾਲਾ ਸਕੂਲ ਪੜ੍ਹਦਿਆਂ ਮਾਸਟਰ ਅਮਰ ਸਿੰਘ ਢਿੱਲੋਂ ਨੇ ਪ੍ਰੀਤਮ ਅੰਦਰ ਲੁਕੇ ਖਿਡਾਰੀ ਨੂੰ ਪਛਾਣ ਲਿਆ। ਜਿਵੇਂ ਲੁਹਾਰ ਲੋਹੇ ਨੂੰ ਤਾਅ ਕੇ ਚੰਡਦਾ ਹੈ, ਇਵੇਂ ਮਾਸਟਰ ਜੀ ਨੇ ਪ੍ਰੀਤਮ ਸਿੰਘ ਨੂੰ ਅਭਿਆਸ ਦੀ ਭੱਠੀ ਵਿਚ ਤਾਅ ਕੇ ਪ੍ਰੀਤੇ ਤੋਂ 'ਪ੍ਰੀਤ ਨਡਾਲੀਆ' ਬਣਾ ਦਿੱਤਾ। ਪ੍ਰੀਤਮ ਸਿੰਘ ਕਿਸੇ ਪਾਰਖੂ ਦੀ ਅੱਖ ਵਿਚ ਪ੍ਰਵਾਨ ਚੜ੍ਹ ਗਿਆ ਸੀ।

ਇਹ ਗੱਲਾਂ ਮੈਨੂੰ ਪ੍ਰੀਤਮ ਨੇ ਉਸ ਦਿਨ ਦੱਸੀਆਂ, ਜਿਸ ਦਿਨ ਮੈਂ ਛੁੱਟੀ ਤੋਂ ਬਾਅਦ ਉਨ੍ਹਾਂ ਨੂੰ ਮਿਲਣ ਉਨ੍ਹਾਂ ਦੇ ਘਰ ਗਿਆ। ਗੱਲਾਂ ਕਰਦਿਆਂ ਸੂਰਜ ਕਦੋਂ ਪੱਛਮ ਦੀ ਗੁੱਠ ਵਿਚ ਲਹਿ ਗਿਆ, ਪਤਾ ਹੀ ਨਾ ਲੱਗਾ। ਜਿਵੇਂ ਸੂਰਜ ਨੇ ਪੱਛਮ ਵਿਚ ਸਿਰ ਨੀਵਾਂ ਕਰ ਲਿਆ ਸੀ, ਅਮਰ ਸਿੰਘ ਦੇ ਜ਼ਿਕਰ ਤੋਂ ਬਾਅਦ ਪ੍ਰੀਤਮ ਸਿੰਘ ਨੇ ਵੀ ਆਪਣਾ ਸਿਰ ਕਰ ਲਿਆ ਸੀ। ਵਾਹ! ਸੱਠ ਸਾਲ ਬੀਤੇ ਜਾਣ ਦੇ ਬਾਅਦ ਵੀ ਪ੍ਰੀਤਮ ਸਿੰਘ ਆਪਣੇ ਉਸਤਾਦ ਦਾ ਸਤਿਕਾਰ ਕਰਨਾ ਨਹੀਂ ਸੀ ਭੁੱਲਿਆ।

ਪ੍ਰੀਤਮ ਸਿੰਘ ਦੇ ਦੱਸਣ ਅਨੁਸਾਰ ਇਹ ਗੱਲ 1960 ਦੀ ਹੋਵੇਗੀ। ਸ. ਹਰਨਰੰਜਨ ਸਿੰਘ ਭਾਗੋਵਾਲ ਜਿਲਾ ਗੁਰਦਾਸਪੁਰ ਸਕੂਲ ਦੇ ਹੈੱਡਮਾਸਟਰ ਸਨ। ਜਿਲਾ ਪੱਧਰ ਦਾ ਮੈਚ ਸਕੂਲ ਵਿਚ ਖੇਡਿਆ ਜਾਣਾ ਸੀ। ਮੈਚ ਕਾਹਦਾ, ਸਮਝੋ ਸਾਨ੍ਹ ਭਿੜਨੇ ਸਨ। ਪ੍ਰੀਤੇ ਦੀ ਵਿਰੋਧੀ ਟੀਮ ਵਿਚ ਮੋਹਣਾ ਦੋਲੋ ਨੰਗਲੀਆ ਤੇ ਨੱਥਾ ਵਜ਼ੀਰ ਭੁੱਲਰ, ਦੋਵੇਂ ਖਿਡਾਰੀ ਵਡੇਰੀ ਉਮਰ ਦੇ ਲਏ ਗਏ। ਰੱਟਾ ਪੈ ਗਿਆ। ਗੱਲ ਕਿਸੇ ਪਾਸੇ ਨਾ ਲੱਗੇ। ਵਿਰੋਧੀ ਟੀਮ ਦੋਹਾਂ ਖਿਡਾਰੀਆਂ ਨੂੰ ਖਿਡਾਉਣ ਲਈ ਬਜ਼ਿੱਦ ਸੀ। ਇਹ ਆਤਮ-ਵਿਸ਼ਵਾਸ ਕਹਿ ਲਉ ਜਾਂ ਜ਼ੋਰ ਬੇਸ਼ਰਮ ਕਹਿ ਲਉ, ਪ੍ਰੀਤਾ ਮੰਨ ਗਿਆ। ਉਦੋਂ ਪ੍ਰੀਤੇ ਦੀ ਟੀਮ ਵਿਚ ਪਿੰਦਰ ਨਿਹਾਲਗੜ੍ਹੀਆ ਜਾਫੀ ਸੀ। ਪਿਆਰਾ ਗਿੱਲ ਤੇ ਧੀਰਾ ਘੁੰਮਣ ਨਡਾਲੀਆ ਰੇਡਰ ਸਨ। ਮੈਚ ਦੇਖਣ ਲਈ ਪਾੜ੍ਹਿਆਂ ਦਾ ਹੜ੍ਹ ਆਇਆ ਹੋਇਆ ਸੀ। ਪਹਿਲੇ ਅੱਧ ਵਿਚ ਪ੍ਰੀਤੇ ਦੀ ਟੀਮ ਨੇ 18 ਨੰਬਰ ਲਏ ਅਤੇ ਵਿਰੋਧੀ ਟੀਮ ਨੇ 6 ਨੰਬਰ; ਦੂਜੇ ਅੱਧ ਵਿਚ ਵਿਰੋਧੀ ਟੀਮ 6 ਦਾ ਅੰਕੜਾ ਪਾਰ ਨਾ ਕਰ ਸਕੀ ਤੇ ਪ੍ਰੀਤੇ ਹੁਰਾਂ ਨੇ 43 ਅੰਕ ਲੈ ਕੇ ਮੈਚ ਜਿੱਤ ਲਿਆ।

ਕਿਸੇ ਦੀ ਕਾਮਯਾਬੀ ਉਦੋਂ ਮੂੰਹੋਂ ਬੋਲਦੀ ਹੈ, ਜਦੋਂ ਉਸ ਸਮੇਂ ਦੀ ਜਵਾਨੀ ਆਪਣੇ ਨਾਇਕ ਵਰਗਾ ਬਣਨ ਲਈ ਆਪਣੀਆਂ ਸੋਚਾਂ ਦੇ ਪਰ ਤੋਲਦੀ ਹੈ। ਪੰਜਾਬੀ ਦੇ ਪ੍ਰਸਿਧ ਵਾਰਤਾਕਾਰ ਡਾ. ਆਸਾ ਸਿੰਘ ਘੁੰਮਣ ਆਪਣੇ ਚੇਤਿਆਂ ਦੀ ਚੰਗੇਰ 'ਚੋਂ ਦੱਸਦੇ ਹਨ ਕਿ ਉਹ ਪ੍ਰੀਤਮ ਸਿੰਘ ਤੋਂ ਚਾਰ ਜਮਾਤਾਂ ਪਿੱਛੇ ਸਨ। ਪ੍ਰੀਤਮ ਸਿੰਘ ਸਕੂਲ ਤੋਂ ਦਸਵੀਂ ਪਾਸ ਕਰਕੇ ਚਲਾ ਗਿਆ ਸੀ। ਗਾਹੇ-ਬਗਾਹੇ ਜਦੋਂ ਪ੍ਰੀਤਮ ਸਿੰਘ ਸਕੂਲ ਆਉਂਦਾ ਤਾਂ ਮੁੰਡੇ ਉਸ ਨੂੰ ਬੜੇ ਤਪਾਕ ਨਾਲ ਮਿਲਦੇ। ਉਹਦੇ ਨਾਲ ਕਬੱਡੀ ਬਾਰੇ ਗੱਲਾਂ ਕਰਦੇ ਨਾ ਥੱਕਦੇ। ਸਕੂਲ ਵਿਚ ਮੁੰਡੇ ਉਹਦੇ ਵਾਂਗ ਤੁਰਦੇ, ਉਸ ਦੇ ਅੰਦਾਜ਼ ਵਿਚ ਗੱਲਾਂ ਕਰਦੇ ਤੇ ਕਬੱਡੀ ਖੇਡਦੇ ਉਹਦੀ ਨਕਲ ਕਰੇ। ਮੁੰਡਿਆਂ ਨੂੰ ਆਪਣੇ ਅੰਦਰ ਪ੍ਰੀਤਾ ਚੁੰਘੀਆਂ ਭਰਦਾ ਮਹਿਸੂਸ ਹੁੰਦਾ। ਸੱਚਮੁੱਚ ਉਹ ਆਪਣੇ ਸਮਕਾਲੀਆਂ ਦਾ ਨਾਇਕ ਸੀ। ਇਹ ਉਸ ਦੀ ਵੱਡੀ ਪ੍ਰਾਪਤੀ ਸੀ।

ਉਹਦੇ ਮੁਢਲੇ ਮੈਚਾਂ ਵਿਚੋਂ ਇਕ ਮੈਚ ਅੱਜ ਵੀ ਲੋਕਾਂ ਦੇ ਚੇਤਿਆਂ ਵਿਚ ਵਸਿਆ ਹੋਇਆ ਹੈ। ਇਹ ਮੈਚ ਨਡਾਲੇ ਲਾਗੇ ਪਿੰਡ ਦਮੂਲੀਆ ਵਿਚ ਹੋਇਆ ਸੀ। ਫੈਸਲਾ ਹੋਇਆ ਕਿ ਨਡਾਲੇ ਤੋਂ ਬੇਗੋਵਾਲ ਵੱਲ ਦੇ ਖਿਡਾਰੀ ਇਕ ਪਾਸੇ ਅਤੇ ਲੱਖਣ ਕੇ ਪੱਡੇ ਵੱਲ ਦੇ ਖਿਡਾਰੀ ਦੂਜੇ ਪਾਸੇ ਖੇਡਣਗੇ। ਇਹ ਐਲਾਨ ਕਈ ਦਿਨ ਪਹਿਲਾਂ ਹੋ ਗਿਆ ਸੀ। ਦਿਨ ਮਿੱਥ ਲਿਆ ਗਿਆ ਸੀ। ਮੈਚ ਵਾਲੇ ਦਿਨ ਛਪਾਰ ਦੇ ਮੇਲੇ ਜਿੰਨਾ ਮੁਲਖ ਇਕੱਠਾ ਹੋ ਗਿਆ। ਮੈਦਾਨ ਵਿਚ ਢੋਲ ਵੱਜ ਰਿਹਾ ਸੀ।

ਪ੍ਰੀਤੇ ਨੇ ਆਪਣੇ ਨਾਲ ਬਲਦੇਵ ਤਲਵੰਡੀ, ਪਾਲੂ ਧਾਲੀਵਾਲ ਰੇਡਰ ਲੈ ਲਏ। ਬਿੰਦੀ ਢਿੱਲਵਾਂ, ਗਿੰਦੀ ਪੱਡਾ ਜਾਫੀ ਹੋ ਗਏ। ਵਿਰੋਧੀ ਟੀਮ ਦੇ ਜਾਫੀਆਂ ਵਿਚ ਸ਼ਿਵਦੇਵ, ਜੋ ਅੱਜ ਕੱਲ੍ਹ ਐਸ.ਪੀ. ਪੰਜਾਬ ਪੁਲਿਸ ਤੇ ਸਪੋਰਟਸ ਸੈਕਟਰੀ ਹੈ, ਨਾਲ ਮਹਿੰਦਰ ਮੋਹਨ ਹੁਰੀਂ ਹੋ ਗਏ। ਅਮਰਜੀਤ, ਗੁਰਕੇਵਲ ਤੇ ਬਾਘਾ ਮਿਆਣੀ ਧਾਵੀ ਸਨ। ਮੈਚ ਸ਼ੁਰੂ ਹੋਇਆ। ਲੋਕਾਂ ਦੀਆਂ ਧੜਕਣਾਂ ਤੇਜ਼ ਹੋ ਗਈਆਂ। ਮਾਰ ਲਾਅ-ਲਾਅ ਹੋ ਗਈ। ਧੂੜਾਂ ਅਸਮਾਨੀ ਚੜ੍ਹ ਗਈਆਂ। ਪ੍ਰਿੰਸੀਪਲ ਸਰਵਣ ਸਿੰਘ ਦੇ ਕਹਿਣ ਮੁਤਾਬਕ, ਲੋਕਾਂ ਦਾ ਸੇਰ-ਸੇਰ ਲਹੂ ਵਧ ਗਿਆ। ਨਵੇਂ ਖਿਡਾਰੀਆਂ ਦੇ ਹੌਸਲੇ ਵਧ ਗਏ। ਅੱਜ ਵੀ ਬਿੰਦੀ ਢਿੱਲਵਾਂ ਇਸ ਮੈਚ ਦਾ ਹਾਲ ਬੜੇ ਚਾਅ ਨਾਲ ਦੱਸਦਾ। ਕਹਿੰਦਾ, "ਭਾਊ ਪ੍ਰੀਤਮ ਦੇ ਹੁੰਦਿਆਂ ਜੋ ਰੇਡਾਂ ਉਦੋਂ ਪਾ ਦਿੱਤੀਆਂ, ਉਹ ਮੀਲ ਪੱਥਰ ਬਣ ਗਈਆਂ। ਪ੍ਰੀਤਮ ਦੀ ਰਹਿਨੁਮਾਈ ਨੇ ਸਾਰੇ ਡਰ ਭਉ ਲਾਹ ਦਿੱਤੇ।" ਇਹ ਬਿੰਦੀ ਬਾਅਦ ਵਿਚ ਕਬੱਡੀ ਦੇ 'ਸ਼ੁਦਾਈ' ਦੇ ਤੌਰ 'ਤੇ ਜਾਣਿਆ ਗਿਆ।

ਪ੍ਰੀਤਮ ਦੀ ਵਡਿਆਈ ਖਿਡਾਰੀ ਇਸ ਗੱਲ ਵਿਚ ਮੰਨਦੇ ਹਨ ਕਿ ਉਸ ਨੇ ਨਵੇਂ ਖਿਡਾਰੀਆਂ ਨੂੰ ਗਰਾਊਂਡ ਵਿਚ ਆਉਣ ਦੇ ਪੂਰੇ ਮੌਕੇ ਦਿੱਤੇ; ਜਿਵੇਂ ਕੋਈ ਬਾਪ ਉਂਗਲ ਫੜਾ ਕੇ ਕਿਸੇ ਬਾਲ ਨੂੰ ਤੁਰਨਾ ਸਿਖਾਉਂਦਾ ਹੈ। ਸ਼ਾਇਦ ਇਸੇ ਕਰਕੇ ਖਿਡਾਰੀ ਉਸ ਦਾ ਸਤਿਕਾਰ ਕਰਦੇ ਹਨ। ਕਈ ਖਿਡਾਰੀ ਜਦੋਂ ਬਾਹਰਲੇ ਦੇਸੋਂ ਆਉਂਦੇ ਹਨ ਤਾਂ ਉਚੇਚਾ ਉਸ ਨੂੰ ਮਿਲਣ ਜਾਂਦੇ ਹਨ। ਉਸ ਲਈ ਕੋਈ ਨਾ ਕੋਈ ਸੁਗਾਤ ਲਿਆਉਂਦੇ ਹਨ। ਕਦੇ ਬੇਵਸੀ ਵਿਚ ਜੇ ਮਿਲਾਪ ਨਹੀਂ ਹੁੰਦਾ ਤਾਂ ਉਨ੍ਹਾਂ ਨੂੰ ਪੰਜਾਬ ਯਾਤਰਾ ਅਧੂਰੀ ਲਗਦੀ ਹੈ। ਕੈਨੇਡਾ ਵਸੇ ਖਿਡਾਰੀ ਉਹਨੂੰ ਅਕਸਰ ਖੇਡ ਮੇਲਿਆਂ 'ਤੇ ਬੁਲਾ ਕੇ ਮਾਣ-ਸਨਮਾਨ ਦੇ ਕੇ ਮੇਲਾ ਸਫਲ ਹੋਇਆ ਸਮਝਦੇ ਹਨ।



*ਪ੍ਰੀਤਾ ਨਡਾਲੀਆ*

ਲੋਕ ਦੱਸਦੇ ਆ, ਬਈ ਸੁਲਤਾਨਪੁਰ ਲੋਧੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ 'ਤੇ ਜਲੰਧਰ ਅਤੇ ਕਪੂਰਥਲਾ ਦੀਆਂ ਟੀਮਾਂ ਵਿਚਕਾਰ ਮੈਚ ਫਸ ਗਿਆ। ਦੋਵੇਂ ਟੀਮਾਂ ਦੇ ਖਿਡਾਰੀ ਲੋਕਾਂ ਦੇ ਦੇਖੇ ਪਰਖੇ ਸਨ। ਸਟੇਡੀਅਮ ਵਿਚ ਤਿਲ ਸੁੱਟਿਆ ਭੁੰਜੇ ਨਹੀਂ ਸੀ ਡਿਗਦਾ। ਮੈਚ ਅੱਧਾ ਹੋ ਚੁੱਕਾ ਸੀ ਜਦੋਂ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਸਟੇਜ ਉਤੇ ਪੁੱਜੇ। ਅਨਾਊਂਸਮੈਂਟ ਹੋ ਗਈ ਕਿ ਦੋਵੇਂ ਟੀਮਾਂ ਦੇ ਖਿਡਾਰੀਆਂ ਨੂੰ ਕਤਾਰਾਂ ਵਿਚ ਖੜ੍ਹਾ ਕਰ ਦਿੱਤਾ ਜਾਵੇ। ਗਿਆਨੀ ਜੀ ਅਸ਼ੀਰਵਾਦ ਦੇਣਗੇ। ਮੈਚ ਰੋਕ ਕੇ ਕਤਾਰਾਂ ਬਣਾ ਦਿੱਤੀਆਂ ਗਈਆਂ। ਸਟੇਜ 'ਤੇ ਸਿਆਸਤ ਭਾਰੂ ਹੋ ਗਈ ਸੀ!

ਖਿਡਾਰੀਆਂ ਦੇ ਅੰਤਾਂ ਦੇ ਭਖੇ ਹੋਏ ਜੁੱਸੇ ਠੰਢੇ ਪੈਣ ਲੱਗੇ। ਲੋਕ ਮੈਚ ਦੇਖਣ ਲਈ ਪੱਬਾਂ ਭਾਰ ਹੋਏ ਪਏ ਸਨ। ਸਮਾਂ ਕਾਫੀ ਲੰਘ ਗਿਆ। ਸਪੀਕਰ 'ਚੋਂ ਅਵਾਜ਼ ਆਈ ਕਿ ਗਿਆਨੀ ਜੀ ਕੋਲ ਵਕਤ ਦੀ ਘਾਟ ਹੈ, ਮੈਚ ਸ਼ੁਰੂ ਕਰਵਾ ਦਿਉ। ਖਿਡਾਰੀ ਉਡੀਕਦੇ ਰਹਿ ਗਏ। ਮੁੱਖ ਮੰਤਰੀ ਨਾਲ ਫੋਟੋ ਖਿਚਵਾਉਣ ਦੇ ਚਾਅ ਨੂੰ ਕੈਂਚੀ ਲੱਗ ਗਈ।

ਫਿਰ ਕੀ ਸੀ? ਉਹੀ ਗੱਲ ਹੋਈ ਜਿਹਦਾ ਡਰ ਸੀ। ਜਲੰਧਰ ਦੀ ਟੀਮ ਦਾ ਕਪਤਾਨ ਬੰਸਾ ਲੋਹੀਆਂ ਅਤੇ ਕਪੂਰਥਲਾ ਟੀਮ ਦਾ ਕਪਤਾਨ ਪ੍ਰੀਤਾ ਨਡਾਲੀਆ ਆਪੋ-ਆਪਣੀ ਟੀਮ ਲੈ ਕੇ ਮੈਦਾਨੋਂ ਬਾਹਰ ਆ ਗਏ। ਸਪੀਕਰ ਵਿਚੋਂ ਕਈ ਵਾਰ ਅਵਾਜ਼ਾਂ ਆਈਆਂ ਕਿ ਮੈਚ ਦਿਖਾਉ ਪਰ ਕੌਣ ਮੰਨਦਾ? ਉਥੇ ਅਣਖ ਜਾਗ ਪਈ ਸੀ। ਐਵੇਂ ਤਾਂ ਨਹੀਂ ਪ੍ਰੋਫੈਸਰ ਪੂਰਨ ਸਿੰਘ ਨੇ ਲਿਖਿਆ: "ਮੰਨੇ ਨਾ ਮਨੀਂਦੇ ਕਦੀ...।"

ਬਹੁਤੀ ਵਾਰ ਖਿਡਾਰੀ ਨਾਲ ਕੋਈ ਨਾ ਕੋਈ ਰੋਚਕ ਕਿੱਸਾ ਜੁੜ ਜਾਂਦਾ ਹੈ ਜੋ ਹੌਲੀ-ਹੌਲੀ ਦੰਦ ਕਥਾ ਬਣ ਜਾਂਦੀ ਹੈ। ਗੱਲ ਪਟਿਆਲਾ ਵਿਚ ਹੋਈ 27ਵੀਂ ਚੈਂਪੀਅਨਸ਼ਿਪ ਕਬੱਡੀ ਦੀ ਹੈ। ਮੈਚ ਕਪੂਰਥਲਾ ਅਤੇ ਫਰੀਦਕੋਟ ਦੀਆਂ ਟੀਮਾਂ ਵਿਚਕਾਰ ਖੇਡਿਆ ਜਾ ਰਿਹਾ ਸੀ। ਉਦੋਂ ਬਲਕਾਰਾ ਹਰਨਾਮਪੁਰੀਆ, ਗਿਆਨੀ ਮੋਠਾਂ ਵਾਲੀਆ ਤੇ ਬੋਲਾ ਪੱਤੜ ਮੋਢਿਆਂ ਉਤੋਂ ਦੀ ਥੁੱਕਦੇ ਸਨ। ਨਿੰਦੀ ਔਜਲਾ ਤੇ ਭੱਜੀ ਖੀਰਾਂਵਾਲੀਏ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਫਰੀਦਕੋਟੀਏ ਕਪੂਰਥਲੀਆਂ ਨੂੰ ਸੱਜਰੇ ਸ਼ਰੀਕ ਬਣ ਕੇ ਟੱਕਰੇ ਹੋਏ ਸਨ। ਵੀਰੂ ਤੇ ਸੇਵੀ ਜਾਫੀਆਂ ਨੇ ਅਸਲੋਂ ਮੱਤ ਮਾਰੀ ਹੋਈ ਸੀ। ਇਸ ਦੌਰਾਨ ਪ੍ਰੀਤੇ ਨੇ ਕਬੱਡੀ ਪਾਈ। ਸੇਵੀ ਨੇ ਦਸਤਪੰਜਾ ਲੈ ਲਿਆ। ਸੇਵੀ ਰਾਹ ਨਾ ਦੇਵੇ। ਪ੍ਰੀਤਾ ਕਰੇ ਤਾਂ ਕਰੇ ਕੀ? ਅੰਤ ਪ੍ਰੀਤੇ ਨੇ ਬਗਲਾਂ ਭਰ ਉਤਾਂਹ ਚੁੱਕ ਐਸਾ ਵੀਰੂ 'ਤੇ ਸੁੱਟਿਆ ਕਿ ਦੋਹਾਂ ਭਰਾਵਾਂ ਦੇ ਸਿਰ ਪਾਟ ਗਏ। ਲਹੂ ਦੀ ਤਤੀਰੀ ਵਹਿ ਤੁਰੀ।

ਸਕੂਲ ਪੜ੍ਹਦਿਆਂ ਪ੍ਰੀਤੇ ਨੇ ਦਸਵੀਂ ਤੱਕ (1959, 60 ਤੇ 1961) ਲਗਾਤਾਰ ਤਿੰਨ ਸਾਲ ਜਿਲਾ ਚੈਂਪੀਅਨਸ਼ਿਪ ਜਿੱਤੀ। 1965 ਵਿਚ ਉਹ ਪੰਜਾਬ ਪੁਲਿਸ ਵਿਚ ਬਤੌਰ ਹੌਲਦਾਰ ਭਰਤੀ ਹੋਇਆ। ਭਰਤੀ ਹੋਣ 'ਤੇ ਵੀ ਉਸ ਨੇ ਪੇਂਡੂ ਟੂਰਨਾਮੈਂਟ ਖੇਡਣੇ ਨਹੀਂ ਛੱਡੇ। ਖੇਡਣ ਖਾਤਰ ਛੁੱਟੀ ਵੀ ਲੈ ਲੈਂਦਾ। ਉਨ੍ਹਾਂ ਸਮਿਆਂ ਵਿਚ ਇਨਾਮ ਨਾਂ-ਮਾਤਰ ਹੁੰਦੇ ਸਨ। ਪੈਸੇ ਮਗਰ ਅਜੇ ਦੌੜ ਨਹੀਂ ਸੀ ਲੱਗੀ। ਕਿਤਿਉਂ ਬੁਨੈਣਾਂ ਮਿਲ ਜਾਂਦੀਆਂ, ਕਿਤਿਉਂ ਸਾਬਣਦਾਨੀਆਂ ਤੇ ਕਿਤਿਉਂ ਬੈਗ ਪਰ ਪ੍ਰੀਤਮ ਇਨਾਮਾਂ ਦੀ ਖਾਤਰ ਕਦੋਂ ਖੇਡਦਾ ਸੀ? ਕਬੱਡੀ ਤਾਂ ਉਸ ਦਾ ਇਸ਼ਟ ਸੀ। ਰੂਹ ਦੀ ਖੁਰਾਕ ਸੀ। 'ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ' ਵਾਲੀ ਗੱਲ ਸੀ। 1966 ਵਿਚ ਉਸ ਨੇ ਜੈਵਲਿਨ ਥਰੋ 'ਤੇ ਹੱਥ ਅਜ਼ਮਾਇਆ:

ਜੋ ਹਿੰਮਤ ਕਰਦੇ ਉਨ੍ਹਾਂ ਲਈ,
ਕੀ ਚੀਜ਼ ਕਿਨਾਰੇ ਹੁੰਦੇ ਨੇ,
ਉਹ ਸੂਰਜ ਹੱਥ ਵਿਚ ਫੜ ਲੈਂਦੇ,
ਕੀ ਚੀਜ਼ ਸਿਤਾਰੇ ਹੁੰਦੇ ਨੇ।

1969 ਵਿਚ ਉਸ ਨੇ ਅਜਮੇਰ (ਰਾਜਸਥਾਨ) ਵਿਚ 67.32 ਮੀਟਰ ਨੇਜਾ ਸੁੱਟ ਕੇ ਭਾਰਤ ਦਾ ਨਵਾਂ ਕੌਮੀ ਰਿਕਾਰਡ ਰੱਖਿਆ। ਗੁਰਬਚਨ ਸਿੰਘ ਰੰਧਾਵਾ ਦਾ ਰਿਕਾਰਡ 64.09 ਮੀਟਰ ਸੀ। 3.23 ਮੀਟਰ ਦੇ ਵੱਡੇ ਫਰਕ ਨਾਲ ਪ੍ਰੀਤਾ ਅੱਗੇ ਨਿਕਲ ਗਿਆ। 1971 ਵਿਚ ਸਿੰਗਾਪੁਰ ਪ੍ਰੀ-ਏਸ਼ੀਅਨ ਮੁਕਾਬਲਿਆਂ ਵਿਚ ਜਾ ਪਹੁੰਚਾ। 64.54 ਮੀਟਰ ਨੇਜਾ ਸੁੱਟ ਕੇ ਹਿੰਦੋਸਤਾਨ ਲਈ ਗੋਲਡ ਮੈਡਲ ਜਿੱਤਿਆ ਅਤੇ ਪਿਛਲਾ ਰਿਕਾਰਡ ਤੋੜਿਆ, ਜੋ ਨਛੱਤਰ ਸਿੰਘ ਨੇ ਬਣਾਇਆ ਸੀ। ਜਦੋਂ 'ਜਨ-ਗਣ-ਮਨ' ਦੀ ਧੁਨ ਵੱਜੀ ਤਾਂ ਉਸ ਦੀਆਂ ਅੱਖਾਂ ਛਲਕ ਗਈਆਂ। ਵਤਨ ਦੀ ਯਾਦ ਆ ਗਈ। ਵਤਨ ਦੀ ਮਿੱਟੀ ਦੀ ਮਹਿਕ ਦੂਰ ਦੁਰਾਡੇ ਖਿੰਡ ਗਈ ਸੀ।

ਪ੍ਰੀਤਮ ਹੈਂਡਬਾਲ ਵੀ ਸੋਹਣਾ ਖੇਡਿਆ। 100 ਮੀਟਰ ਦੌੜ ਦੌੜਦਾ ਤਾਂ ਲੋਕਾਂ ਦੇ ਮੂੰਹ ਅੱਡੇ ਰਹਿ ਜਾਂਦੇ। 400 ਮੀਟਰ ਦੌੜ ਵਿਚ ਉਹ ਪੰਜਾਬ ਪੁਲਿਸ ਦਾ ਮੈਂਬਰ ਰਿਹਾ। ਡਿਸਕਸ ਥ੍ਰੋਅ ਵਿਚ ਉਸ ਦੀਆਂ ਕਈ ਪੁਜ਼ੀਸ਼ਨਾਂ ਹਨ। ਪ੍ਰੀਤੇ ਵਿਚ ਇੰਨਾ ਜ਼ੋਰ ਤੇ ਹੁਨਰ ਕਿਥੋਂ ਆ ਗਿਆ ਸੀ, ਇਹ ਰੱਬ ਹੀ ਜਾਣਦਾ। ਲੇਖਕ ਬਲਿਹਾਰ ਸਿੰਘ ਰੰਧਾਵਾ ਵੀ ਗਵਾਹੀ ਭਰਦਾ ਲਿਖਦਾ ਹੈ, "ਵਲ ਖਾਣੀ ਸੋਟੀ ਨੇਜ਼ੇ ਨੂੰ ਉਹ ਸਾਹਾਂ ਤੋਂ ਵੱਧ ਪਿਆਰ ਕਰਦਾ ਸੀ। ਜਿਥੇ ਕਿਤੇ ਮੈਚ ਖੇਡਣ ਜਾਂਦਾ, ਉਹ ਆਪਣੇ ਨਾਲ ਲੈ ਜਾਂਦਾ, ਗਰਾਊਂਡ ਵਿਚ ਜਾ ਗੱਡਦਾ, ਜਿਵੇਂ ਕੋਈ ਜੇਤੂ ਜਰਨੈਲ ਆਪਣੀ ਜਿੱਤ ਦਾ ਝੰਡਾ ਗੱਡਦਾ ਹੈ।"

1974 ਤੇ 1977 ਵਿਚ ਪ੍ਰੀਤਮ ਸਿੰਘ ਦੀ ਕਪਤਾਨੀ ਹੇਠ ਦੋ ਵਾਰ ਭਾਰਤ ਕਬੱਡੀ ਦੀ ਟੀਮ ਇੰਗਲੈਂਡ ਖੇਡਣ ਗਈ। ਉਦੋਂ ਸਾਊਥਾਲ ਦੀ ਟੀਮ ਦੀ ਇੰਗਲੈਂਡ ਵਿਚ ਪੂਰੀ ਤੂਤੀ ਬੋਲਦੀ ਸੀ। ਹਿੰਮਤ ਸਿੰਘ ਸੋਹੀ ਤੇ ਹਰਪਾਲ ਸਿੰਘ ਬਰਾੜ ਉਦੋਂ ਪੂਰੀ ਚੜ੍ਹਤ ਵਿਚ ਸਨ। ਉਸ ਵਕਤ ਦੇ ਸਮਕਾਲੀਆਂ ਵਿਚ ਜੀਤਾ ਸਿਪਾਹੀ, ਸੱਤਾ ਸਠਿਆਲੀਆ, ਭੱਜੀ ਖੁਰਦਪੁਰੀਆ ਤੇ ਰਸਾਲਾ ਅੰਬਰਸਰੀਆ ਵਿਸ਼ੇਸ਼ ਸਨ। ਸੰਨ 1977 ਦੇ ਸਮੇਂ ਨੂੰ ਯਾਦ ਕਰਕੇ ਪ੍ਰੀਤਾ ਅੱਜ ਵੀ ਅਰਜਨ ਕੌਂਕੇ, ਫਿੱਡੂ, ਬੋਲਾ ਪੱਤੜ, ਦੇਵੀ ਦਿਆਲ ਤੇ ਭੱਜੀ ਖੀਰਾਂਵਾਲੀਏ ਨੂੰ ਆਪਣੇ ਪੋਟਿਆਂ 'ਤੇ ਗਿਣ ਜਾਂਦਾ ਹੈ। ਸਰਵਣ ਰਮੀਦੀ ਨੂੰ ਚੰਗਾ ਖਿਡਾਰੀ ਮੰਨ ਕੇ ਸਤਿਕਾਰ ਕਰਦਾ ਹੈ। ਕੋਈ ਕਲਮ ਦਾ ਧਨੀ ਕਹਿੰਦਾ ਹੈ:

ਫਿੱਡੂ ਤੇ ਪ੍ਰੀਤਾ, ਦੇਵੀ ਦਿਆਲ ਵਰਗੇ
ਦੁਨੀਆਂ 'ਤੇ ਵੱਖਰੀ ਮਿਸਾਲ ਕਰ ਗਏ।

ਮੈਂ ਪ੍ਰੀਤਮ ਸਿੰਘ ਨੇ 'ਆਇਆ ਪ੍ਰੀਤਾ, ਗਿਆ ਪ੍ਰੀਤਾ' ਦੀ ਕਹਾਣੀ ਪੁੱਛੀ ਤਾਂ ਥੋੜ੍ਹਾ ਹੱਸ ਪਿਆ ਤੇ ਨੀਵੀਂ ਪਾ ਕੇ ਕਹਿਣ ਲੱਗਾ ਕਿ ਇਕ ਮੈਚ ਵਿਚ ਡਿਵੀਜ਼ਨਲ ਸਪੋਰਟਸ ਅਫਸਰ ਭਗਤ ਅਮਰਜੀਤ ਸਿੰਘ, ਜੋ ਫੋਲੜੀਵਾਲ ਦੇ ਸਨ, ਮਾਈਕ 'ਤੇ ਆਪਣੇ ਹੀ ਰੌਂਅ ਵਿਚ ਕਹਿਣ ਲੱਗੇ, "ਲਓ ਬਈ ਆ ਗਿਆ ਪ੍ਰੀਤਾ, ਨਹੀਂ ਡੱਕ ਹੋਇਆ ਤੇ ਅਹੁ ਗਿਆ ਪ੍ਰੀਤਾ।" ਫਿਰ ਕਿਸੇ ਮੈਚ ਵਿਚ ਨਿਰੰਜਨ ਸਿੰਘ ਜਗਤਪੁਰ ਜੱਟਾਂ ਡਿਵੀਜ਼ਨਲ ਸਪੋਰਟਸ ਅਫਸਰ ਦੇ ਮੂੰਹੋਂ ਵੀ ਇਹੀ ਸ਼ਬਦ ਨਿਕਲ ਕੇ ਪੰਜਾਬ ਦੀਆਂ ਹਵਾਵਾਂ ਵਿਚ ਫੈਲ ਗਏ ਤੇ ਇਸ ਤੋਂ ਬਾਅਦ ਲੋਕਾਂ ਦੇ ਬੁੱਲਾਂ 'ਤੇ ਜਾ ਚੜ੍ਹੇ। ਮੈਂ ਪਹਿਲੀ ਵਾਰ ਪ੍ਰੋ. ਮੱਖਣ ਸਿੰਘ ਦੇ ਮੂੰਹੋਂ 'ਆਇਆ ਪ੍ਰੀਤਾ, ਗਿਆ ਪ੍ਰੀਤਾ' ਦਾ ਉਚਾਰਨ ਸੁਣਿਆ ਤੇ ਬਾਅਦ ਵਿਚ ਮੇਰੇ ਸਮੇਤ ਕਈ ਲੇਖਕਾਂ ਨੇ ਇਸ ਵਿਸ਼ੇਸ਼ਣ ਨੂੰ ਲਿਖਿਆ ਤੇ ਕੁਮੈਂਟੇਟਰਾਂ ਨੇ ਬੋਲ ਕੇ ਲੋਕ ਕੰਨਾਂ ਵਿਚ ਸ਼ਹਿਦ ਵਾਂਗ ਘੋਲਿਆ।

ਕਬੱਡੀ ਵਿਚ ਪ੍ਰੀਤੇ ਨੇ ਡਾਲਰ, ਪੌਂਡ ਨਹੀਂ ਕਮਾਏ। ਕਾਰਾਂ, ਕੋਠੀਆਂ ਤੇ ਪਲਾਟ ਨਹੀਂ ਖਰੀਦੇ। ਬੱਸ ਸੱਚੀ ਤੇ ਸੁੱਚੀ ਮਿਹਨਤ ਨਾਲ, ਸੱਚੇ ਤੇ ਸੁੱਚੇ ਜੁੱਸੇ ਨਾਲ ਪੰਜਾਬੀਆਂ ਦੀ ਸੱਚੀ ਤੇ ਸੁੱਚੀ ਰੂਹ ਨੂੰ ਸਰਸ਼ਾਰ ਕੀਤਾ ਹੈ।

ਮੈਂ ਪ੍ਰੀਤਮ ਨੂੰ ਪੁੱਛਿਆ, "ਸਰਕਾਰ ਨੇ ਕੋਈ ਮਾਣ-ਸਨਮਾਨ ਜਾਂ ਕੋਈ ਤਰੱਕੀ ਦਿੱਤੀ ਕਿ ਨਹੀਂ?" ਪ੍ਰੀਤਮ ਸਵਾਲ ਸੁਣ ਸੁੰਗੜ ਜਿਹਾ ਗਿਆ। ਕਹਿਣ ਲੱਗਾ, "ਕੋਈ ਤਰੱਕੀ ਤੁਰੱਕੀ ਨਹੀਂ ਮਿਲੀ, ਜੇ ਮਿਲੀ ਹੁੰਦੀ ਤਾਂ ਅਸੀਂ ਨਾ ਐਸ.ਪੀ. ਪੈਨਸ਼ਨ ਆਉਂਦੇ! ਸਾਡੀ ਨਾ ਟੌਹਰ ਹੁੰਦੀ! ਹਾਂ, ਜਦੋਂ ਸਿਆਲ ਆਉਂਦਾ, ਹੱਡ ਪੈਰ ਦੁਖਦੇ ਆ ਤੇ ਬੀਤਿਆ ਵੇਲਾ ਯਾਦ ਕਰ ਲਈਦਾ ਜਵਾਨਾ!"

ਪ੍ਰੀਤਾ ਠੱਗਿਆ-ਠੱਗਿਆ ਮਹਿਸੂਸ ਕਰ ਰਿਹਾ ਸੀ। ਉਹਨੂੰ ਲੱਗਾ ਜਿਵੇਂ ਇਕ ਵਾਰ ਫਿਰ ਮੁੱਖ ਮੰਤਰੀ ਉਨ੍ਹਾਂ ਨੂੰ ਸ਼ਾਬਾਸ਼ ਦੇਣ ਤੋਂ ਬਿਨਾ ਹੀ ਮੁੜ ਗਿਆ ਹੈ।

ਸੱਚੀ ਗੱਲ ਹੈ, ਲੀਡਰ ਟੂਰਨਾਮੈਂਟ ਵਿਚ ਜਾ ਕੇ ਲਾਰਿਆਂ ਦੇ ਪੁੱਲ ਬੰਨ੍ਹਦੇ ਹਨ, ਨੌਕਰੀਆਂ ਤਰੱਕੀਆਂ ਦੇ ਲਾਰੇ ਲਾਉਂਦੇ ਹਨ ਪਰ ਵਾਅਦਾ ਵਫਾ ਕਦੋਂ ਹੁੰਦੇ ਹਨ? ਪੰਜਾਬ ਦੇ ਕਈ ਪ੍ਰੀਤਮ ਉਡੀਕਦੇ ਹਨ। ਉਡੀਕ ਮੁੱਕ ਨਹੀਂ ਰਹੀ। ਕਾਸ਼! ਸਰਕਾਰਾਂ ਖਿਡਾਰੀਆਂ ਦੀ ਪਿੱਠ ਠੋਕਣ ਤੇ ਪੰਜਾਬ ਦੇ ਅਮੀਰ ਵਿਰਸੇ ਦਾ ਮੁੱਲ ਪਾਉਣ!

ਪ੍ਰੀਤਮ ਸਿੰਘ ਦੀ ਜੀਵਨ ਸਾਥਣ ਗੁਰਮੀਤ ਕੌਰ ਜਿਲਾ ਅੰਮ੍ਰਿਤਸਰ ਦੇ ਇਤਿਹਾਸਕ ਪਿੰਡ ਮੀਰਾਂ ਕੋਟ ਦੀ ਹੈ। ਦੋ ਬੇਟੀਆਂ ਤੇ ਇਕ ਬੇਟਾ ਹੈ। ਵੱਡੀ ਬੇਟੀ ਜਿਲਾ ਕਪੂਰਥਲਾ ਦੇ ਪਿੰਡ ਕਾਲਾ ਸੰਘਿਆ ਵਿਆਹੀ ਹੋਈ ਹੈ। ਕਬੱਡੀ ਦਾ ਬੇਜੋੜ ਖਿਡਾਰੀ ਦਵਿੰਦਰ ਸਿੰਘ ਉਰਫ ਜਵਾਹਰ ਪਰਿਵਾਰ ਦਾ ਜੁਆਈ ਹੈ ਅਤੇ ਇਹ ਪਰਿਵਾਰ ਪੱਕੇ ਤੌਰ 'ਤੇ ਕੈਨੇਡਾ ਦਾ ਵਸਨੀਕ ਹੈ। ਬੇਟਾ ਗੁਰਪ੍ਰੀਤ ਚੰਗਾ ਕਾਰੋਬਾਰੀ ਹੈ। ਕੈਨੇਡਾ ਦੇਖਣ ਵਿਚ ਬਾਪੂ ਦੇ ਕਦਰਦਾਨਾਂ ਪੱਪੂ ਗੁਰਦਾਸਪੁਰੀਏ ਅਤੇ ਜਤਿੰਦਰ ਧੀਰੇ ਡਡਵਿੰਡੀ ਨੂੰ ਦਿਲੋਂ ਅਸੀਸਾਂ ਦਿੰਦਾ ਹੈ। ਬਾਪੂ ਦੀਆਂ ਗੱਲਾਂ ਕਰਨ ਅਤੇ ਸੁਣਨ ਵਿਚ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦਾ।

ਪ੍ਰੀਤਮ ਸਿੰਘ ਆਪਣੇ ਪਰਿਵਾਰ ਵਿਚ ਪੂਰਾ ਸੰਤੁਸ਼ਟ ਹੈ। ਕਦੇ-ਕਦੇ ਪਿੰਡ ਦੇ ਇਤਿਹਾਸਕ ਗੁਰਦੁਆਰੇ ਬਾਉਲੀ ਸਾਹਿਬ ਮੱਥਾ ਟੇਕ ਕੇ ਛੇਵੇਂ ਪਾਤਸ਼ਾਹ ਪ੍ਰਤੀ ਸ਼ੁਕਰਾਨੇ ਵਿਚ ਜਾ ਜੁੜਦਾ ਹੈ। ਕੈਨੇਡਾ ਦੀ ਪੱਕੀ ਇਮੀਗ੍ਰੇਸ਼ਨ ਕੋਲ ਹੋਣ ਅਤੇ ਗੁਰੂ ਨਗਰੀ ਨਡਾਲੇ ਦੀ ਬੁੱਕਲ ਦਾ ਨਿੱਘ ਮਾਣ ਰਿਹਾ ਹੈ। ਪੈਸੇ ਨੂੰ ਹੱਥਾਂ ਦੀ ਮੈਲ ਤੋਂ ਵੱਧ ਕੁਝ ਨਹੀਂ ਸਮਝਦਾ। ਸਮਾਜ ਸੇਵਾ ਨੂੰ ਪੁੰਨ ਸਮਝਦਾ ਹੈ।

1999 ਵਿਚ ਖਾਲਸਾ ਸਾਜਨਾ ਦਿਵਸ ਦੇ 300 ਸਾਲਾ ਸਮਾਗਮਾਂ 'ਤੇ ਪੰਜਾਬ ਸਰਕਾਰ ਨੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕਰਕੇ ਖੇਡ ਕਲਾ ਦਾ ਕੁਝ ਮੁੱਲ ਪਾਇਆ। ਪ੍ਰੀਤਮ ਸਿੰਘ ਕਹਿੰਦਾ ਹੈ ਕਿ ਗੁਰੂਘਰ ਤੋਂ ਮਿਲੀ ਧੂੜੀ ਮਾਣ ਨਹੀਂ ਹੁੰਦੀ, ਇਹ ਤਾਂ ਖਾਲਸੇ ਦੀ ਜਨਮ ਭੂਮੀ ਤੋਂ ਅਣਖ ਤੇ ਗੈਰਤ ਨਾਲ ਜਿਉਣ ਲਈ ਹੋਰ ਸਾਹ ਮਿਲੇ ਹਨ।

ਉਹ ਆਪਣੀਆਂ ਨਿੱਕੀਆਂ-ਨਿੱਕੀਆਂ ਦੋ ਪੋਤੀਆਂ ਲਈ ਹੁਣ ਤੋਂ ਹੀ ਕਿਸੇ ਚੰਗੇ ਕੋਚ ਦੀ ਭਾਲ ਵਿਚ ਹੈ। ਕਾਸ਼! ਉਸ ਦੀਆਂ ਪੋਤੀਆਂ ਜਦੋਂ ਕਿਸੇ ਗਰਾਊਂਡ ਵਿਚ ਆਉਣ ਤਾਂ ਦਰਸ਼ਕ ਇਹ ਜ਼ਰੂਰ ਕਹਿਣ ਕਿ ਇਹ ਹਨ ਰੱਬ ਦੇ ਮੌਜੀ ਬੰਦੇ ਪ੍ਰੀਤੇ ਨਡਾਲੇ ਦੀਆਂ ਖੇਡ ਦੀਆਂ ਵਾਰਸ।

# ਛੋਟੀਆਂ ਫਿਲਮਾਂ ਦੀਆਂ ਲੰਮੀਆਂ ਛਾਲਾਂ

ਵੱਡੇ ਬਜਟ ਵਾਲੀਆਂ ਕੁਝ ਫਿਲਮਾਂ ਦਾ ਜਿੰਨਾ ਮਰਜ਼ੀ ਪ੍ਰਚਾਰ ਜਾਂ ਚਰਚਾ ਹੋਵੇ ਪਰ ਉਹ ਦਰਸ਼ਕਾਂ ਦੇ ਦਿਲ ਜਿੱਤਣ ਵਿਚ ਨਾਕਾਮ ਰਹਿੰਦੀਆਂ ਹਨ। ਦੂਜੇ ਪਾਸੇ, ਛੋਟੇ ਬਜਟ ਵਾਲੀਆਂ ਕਈ ਫਿਲਮਾਂ ਜਿਨ੍ਹਾਂ ਦਾ ਜ਼ਿਕਰ ਤਾਂ ਨਾਂ-ਮਾਤਰ ਹੁੰਦਾ ਹੈ ਪਰ ਉਹ ਦਰਸ਼ਕ ਨੂੰ ਸਿਨੇਮਾ ਘਰਾਂ ਤਕ ਖਿੱਚਣ ਦਾ ਮਾਦਾ ਰੱਖਦੀਆਂ ਹਨ। ਸ਼ਾਨਦਾਰ ਵਿਸ਼ੇ ਵਾਲੀਆਂ ਕੁਝ ਅਜਿਹੀਆਂ ਫਿਲਮਾਂ ਦਰਸ਼ਕਾਂ ਦੇ ਦਿਲਾਂ 'ਤੇ ਰਾਜ ਕਰਦੀਆਂ ਹਨ। ਖਾਸ ਗੱਲ ਇਹ ਵੀ ਹੈ ਕਿ ਛੋਟੇ ਬਜਟ ਦੀਆਂ ਕੁਝ ਫਿਲਮਾਂ ਵਿਚ ਤਾਂ ਕੋਈ ਵੱਡਾ ਸਟਾਰ ਵੀ ਨਹੀਂ ਹੁੰਦਾ ਪਰ ਉਨ੍ਹਾਂ ਦੀ ਕਾਮਯਾਬੀ ਇਸ ਗੱਲ 'ਤੇ ਮੋਹਰ ਲਗਾਉਂਦੀ ਹੈ ਕਿ ਵਿਸ਼ਾ ਚੰਗਾ ਹੈ ਤਾਂ ਫਿਲਮ ਜ਼ਰੂਰ ਚੱਲੇਗੀ। ਉਦੋਂ ਪ੍ਰਸ਼ੰਸਕ ਇਸ ਗੱਲ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਨ ਕਿ ਅਭਿਨੇਤਾ ਵੱਡਾ ਹੈ ਜਾਂ ਨਵਾਂ ਹੈ ਜਾਂ ਨਿਰਦੇਸ਼ਕ ਕੌਣ ਹੈ?

'ਬਰੇਲੀ ਕੀ ਬਰਫੀ', 'ਉਰੀ', 'ਸਤ੍ਰੀ', 'ਬਧਾਈ ਹੋ', 'ਬਦਲਾ', 'ਅੰਧਾਧੁਨ' ਅਤੇ 'ਲੁਕਾ ਛੁਪੀ' ਫਿਲਮਾਂ ਦੀ ਸਫਲਤਾ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਛੋਟੇ ਬਜਟ ਦੀਆਂ ਫਿਲਮਾਂ ਦਾ ਕਾਮਯਾਬ ਅਭਿਨੇਤਾ ਆਯੁਸ਼ਮਾਨ ਖੁਰਾਣਾ ਵੀ ਮੰਨਦਾ ਹੈ ਕਿ ਜ਼ਿਆਦਾਤਰ ਛੋਟੇ ਬਜਟ ਦੀਆਂ ਫਿਲਮਾਂ ਆਪਣੇ ਵਿਸ਼ੇ ਕਾਰਨ ਬਹੁਤ ਕਮਜ਼ੋਰ ਹੁੰਦੀਆਂ ਹਨ ਪਰ ਅਜਿਹੀਆਂ ਹੀ ਫਿਲਮਾਂ ਆਪਣੇ ਵਿਸ਼ੇ ਕਰਕੇ ਹਿੱਟ ਵੀ ਹੁੰਦੀਆਂ ਹਨ। ਉਹ ਦੱਸਦਾ ਹੈ, "ਵੱਡੀਆਂ ਫਿਲਮਾਂ ਦਾ ਸਭ ਤੋਂ ਜ਼ਿਕਰਯੋਗ ਪੱਖ ਇਸ ਦੇ ਸਿਤਾਰੇ ਹੁੰਦੇ ਹਨ। ਦਰਸ਼ਕਾਂ ਦੀ ਨਜ਼ਰ ਇਨ੍ਹਾਂ ਦੇ ਵਿਸ਼ੇ ਦੀ ਬਜਾਏ ਸਿਤਾਰਿਆਂ 'ਤੇ ਹੁੰਦੀ ਹੈ। ਆਮਤੌਰ 'ਤੇ ਸਿਤਾਰਿਆਂ ਦਾ ਆਕਰਸ਼ਣ ਕਈ ਫਿਲਮਾਂ ਦੀਆਂ ਕਮਜ਼ੋਰੀਆਂ ਨੂੰ ਛੁਪਾ ਲੈਂਦਾ ਹੈ।"



ਫਿਲਮ 'ਬਰੇਲੀ ਕੀ ਬਰਫੀ' ਦੀ ਇਕ ਝਲਕ।


ਖੁਰਾਣਾ ਦੀ ਗੱਲ ਸਹੀ ਲੱਗਦੀ ਹੈ। 130 ਕਰੋੜ ਰੁਪਏ ਦਾ ਕਾਰੋਬਾਰ ਆਸਾਨੀ ਨਾਲ ਕਰਨ ਵਾਲੀ ਅਕਸ਼ੈ ਕੁਮਾਰ ਦੀ ਫਿਲਮ 'ਕੇਸਰੀ' ਦੀ ਸਫਲਤਾ ਇਹੀ ਦਰਸਾਉਂਦੀ ਹੈ। ਦੂਜੇ ਪਾਸੇ, ਇਰਫਾਨ ਦੀ ਫਿਲਮ 'ਕਾਰਵਾਂ' ਚੰਗੀ ਫਿਲਮ ਹੋਣ ਦੇ ਬਾਵਜੂਦ ਬਹੁਤ ਪਿੱਛੇ ਰਹਿ ਜਾਂਦੀ ਹੈ। ਇਸ ਸੂਰਤ ਵਿਚ ਇਹ ਸੁਆਲ ਉਠਦਾ ਹੈ: ਕੀ ਵੱਡੀਆਂ ਫਿਲਮਾਂ, ਛੋਟੀਆਂ ਫਿਲਮਾਂ 'ਤੇ ਹਾਵੀ ਹੋ ਰਹੀਆਂ ਹਨ? ਟਰੇਡ ਵਿਸ਼ਲੇਸ਼ਕ ਆਮੋਦ ਮਹਿਰਾ ਇਸ ਗੱਲ ਨੂੰ ਖਾਰਜ ਕਰਦੇ ਹਨ, "ਛੋਟੀਆਂ ਅਤੇ ਵੱਡੀਆਂ ਫਿਲਮਾਂ ਦੀ ਇਸ ਤਰ੍ਹਾਂ ਨਾਲ ਤੁਲਨਾ ਹੀ ਗ਼ੈਰ ਜ਼ਰੂਰੀ ਹੈ। ਅਸਲ ਵਿਚ ਕੋਈ ਫਿਲਮ ਛੋਟੀ ਜਾਂ ਵੱਡੀ ਨਹੀਂ ਹੁੰਦੀ। ਤੁਸੀਂ ਇਨ੍ਹਾਂ ਨੂੰ ਚੰਗੀਆਂ ਜਾਂ ਖਰਾਬ ਫਿਲਮਾਂ ਕਹਿ ਸਕਦੇ ਹੋ। ਫਿਲਮ ਚੰਗੀ ਹੋਵੇਗੀ ਤਾਂ ਉਸ ਨੂੰ ਚੱਲਣ ਤੋਂ ਕੋਈ ਰੋਕ ਨਹੀਂ ਸਕਦਾ। ਜਿਥੇ 80 ਕਰੋੜ ਵਿਚ ਬਣੀ 'ਕੇਸਰੀ' ਸਿਰਫ 130 ਕਰੋੜ ਰੁਪਏ ਦੀ ਕਮਾਈ ਕਰਦੀ ਹੈ, ਉਥੇ ਮੁਸ਼ਕਿਲ ਨਾਲ 25 ਕਰੋੜ ਰੁਪਏ ਵਿਚ ਬਣੀ 'ਉੜੀ' ਅਤੇ 20 ਕਰੋੜ ਰੁਪਏ ਵਿਚ ਬਣੀ 'ਸਤ੍ਰੀ' ਵਰਗੀਆਂ ਫਿਲਮਾਂ 100 ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਆਸਾਨੀ ਨਾਲ ਕਰ ਲੈਂਦੀਆਂ ਹਨ। 'ਉੜੀ' ਨੇ ਹੁਣ ਤਕ 250 ਕਰੋੜ ਰੁਪਏ ਦੀ ਕਮਾਈ ਕਰਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

ਅਸਲ ਵਿਚ ਸਾਰਾ ਖੇਡ ਮਾਰਕੀਟਿੰਗ ਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਜੇ ਫਿਲਮ ਵੱਡੇ ਸਿਤਾਰਿਆਂ ਨਾਲ ਬਣਦੀ ਹੈ ਤਾਂ ਉਸ ਦੀ ਕਮਾਈ ਦਾ ਅੰਕੜਾ ਕੁਝ ਹੋਰ ਹੁੰਦਾ ਹੈ, ਜਿਵੇਂ 'ਟੋਟਲ ਧਮਾਲ' ਵਰਗੀ ਫਿਲਮ ਵੱਡੇ ਸਿਤਾਰਿਆਂ ਨਾਲ ਬਣਦੀ ਹੈ ਤਾਂ ਉਸ ਨੂੰ ਆਪਣੇ ਬਜਟ ਮੁਤਾਬਿਕ ਹੀ ਮੁਨਾਫਾ ਕਮਾ ਕੇ ਸੰਤੁਸ਼ਟ ਹੋਣਾ ਪੈਂਦਾ ਹੈ।

'ਫਰਾਡ ਸਈਆਂ', 'ਸਰਬਜੀਤ', 'ਕਰੇਜ਼ੀ ਕੁੱਕੜ ਫੈਮਿਲੀ', 'ਇਸ਼ਕ ਫੌਰਐਵਰ', 'ਲਵਸ਼ੁਦਾ', 'ਸਨਮ ਰੇ', 'ਸਨਮ ਤੇਰੀ ਕਸਮ', 'ਇਸ਼ਕ', 'ਜਨੂਨੀਅਤ', 'ਨੀਲ ਬਟਾ ਸੰਨਾਟਾ', 'ਰਮਨ ਰਾਘਵ', 'ਹੌਟ ਤੇਰੀ ਦੀਵਾਨਗੀ' ਵਰਗੀਆਂ ਕਿੰਨੀਆਂ ਹੀ ਫਿਲਮਾਂ ਹਨ। ਪਿਛਲੇ ਸਾਲਾਂ ਵਿਚ ਅਜਿਹੀਆਂ ਬਹੁਤ ਸਾਰੀਆਂ ਫਿਲਮਾਂ ਆਈਆਂ ਜੋ ਕਦੋਂ ਆਈਆਂ ਕਦੋਂ ਚਲੇ ਗਈਆਂ, ਜ਼ਿਆਦਾਤਰ ਸਿਨੇਮਾ ਪ੍ਰੇਮੀਆਂ ਨੂੰ ਯਾਦ ਨਹੀਂ। ਛੋਟੇ ਬਜਟ ਦੀ ਫਿਲਮ 'ਉੜੀ' ਦੀ ਕਮਾਈ ਹੈਰਾਨ ਕਰ ਦਿੰਦੀ ਹੈ। ਹੁਣ ਤਾਂ ਇਸ ਦੇ ਸੀਕੁਏਲ 'ਤੇ ਵੀ ਕੰਮ ਸ਼ੁਰੂ ਹੋ ਗਿਆ ਹੈ। ਉਂਜ ਜ਼ਿਆਦਾਤਰ ਛੋਟੀਆਂ ਫਿਲਮਾਂ ਦੀ ਗੱਲ ਆਇਆ ਰਾਮ ਗਿਆ ਰਾਮ ਵਰਗੀ ਹੋ ਗਈ ਹੈ। ਕਈ ਵਾਰ ਤਾਂ 2 ਤੋਂ 5 ਕਰੋੜ ਰੁਪਏ ਵਿਚ ਬਣੀਆਂ ਇਨ੍ਹਾਂ ਫਿਲਮਾਂ ਦੀ ਲਾਗਤ ਵੀ ਵਾਪਸ ਨਹੀਂ ਆਉਂਦੀ। ਮਲਟੀਪਲੈਕਸ ਦੇ ਇਸ ਦੌਰ ਵਿਚ ਕਈ ਟਰੇਡ ਵਿਸ਼ਲੇਸ਼ਕ ਇਸ ਲਈ ਕਾਫੀ ਹੱਦ ਤਕ ਥੀਏਟਰ ਵਾਲਿਆਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ। ਉਹ ਕਹਿੰਦੇ ਹਨ ਕਿ ਸੀਮਤ ਪ੍ਰਚਾਰ ਨਾਲ ਰਿਲੀਜ਼ ਹੋਣ ਵਾਲੀਆਂ ਅਜਿਹੀਆਂ ਫਿਲਮਾਂ ਆਮ ਤੌਰ 'ਤੇ ਮੌਖਿਕ ਪ੍ਰਚਾਰ ਜ਼ਰੀਏ ਹੀ ਚੱਲਦੀਆਂ ਹਨ। ਇਸ ਲਈ ਥੋੜ੍ਹਾ ਸਮਾਂ ਹੋਣਾ ਚਾਹੀਦਾ ਹੈ ਜੋ ਇਨ੍ਹਾਂ ਨੂੰ ਘੱਟ ਮਿਲਦਾ ਹੈ। ਖਾਸ ਤੌਰ 'ਤੇ ਜੇ ਕੋਈ ਵੱਡੀ ਫਿਲਮ ਰਿਲੀਜ਼ ਹੁੰਦੀ ਹੈ ਤਾਂ ਇਨ੍ਹਾਂ ਨੂੰ ਥੀਏਟਰ ਤੋਂ ਉਤਾਰ ਦਿੱਤਾ ਜਾਂਦਾ ਹੈ। 'ਜ਼ੀਰੋ' ਜਾਂ 'ਕਲੰਕ' ਵਰਗੀਆਂ ਵੱਡੀਆਂ ਫਿਲਮਾਂ ਰਿਲੀਜ਼ ਹੁੰਦੀਆਂ ਹਨ ਤਾਂ ਛੋਟੀਆਂ ਫਿਲਮਾਂ ਨੂੰ ਦੋ ਦਿਨ ਪਹਿਲਾਂ ਹੀ ਥੀਏਟਰਾਂ ਤੋਂ ਉਤਾਰ ਲਿਆ ਜਾਂਦਾ ਹੈ। ਦੂਜੇ ਪਾਸੇ 'ਉੜੀ' ਜਾਂ 'ਬਧਾਈ ਹੋ' ਵਰਗੀਆਂ ਛੋਟੀਆਂ ਫਿਲਮਾਂ ਫਿਰ ਵੀ ਟਿਕਟ ਖਿੜਕੀ ਦੇ ਮੋਰਚੇ 'ਤੇ ਡਟੀਆਂ ਰਹਿੰਦੀਆਂ ਹਨ।

ਉਂਜ ਛੋਟੀਆਂ ਫਿਲਮਾਂ ਦੇ ਕਈ ਸੁਚੇਤ ਦਰਸ਼ਕ ਫਿਲਮ ਨਾ ਚੱਲਣ ਨੂੰ ਲੈ ਕੇ ਬਹੁਤ ਚਿੰਤਤ ਹਨ। ਉਨ੍ਹਾਂ ਮੁਤਾਬਿਕ ਇਨ੍ਹਾਂ ਫਿਲਮਾਂ ਦੇ ਵਿਸ਼ੇ ਦਾ ਖੋਖਲਾਪਣ ਹੁਣ ਖੁੱਲ੍ਹ ਕੇ ਸਾਹਮਣੇ ਆ ਗਿਆ ਹੈ। ਉਨ੍ਹਾਂ ਨੂੰ ਸਮਝ ਵਿਚ ਹੀ ਨਹੀਂ ਆ ਰਿਹਾ ਕਿ ਉਹ ਕਿਉਂ ਅਜਿਹੀਆਂ ਫਿਲਮਾਂ ਬਣਾ ਰਹੇ ਹਨ। ਪਿਛਲੇ ਇਕ ਸਾਲ ਵਿਚ ਸਿਰਫ 'ਲਵ' ਟਾਈਟਲ 'ਤੇ ਇਕ ਦਰਜਨ ਤੋਂ ਜ਼ਿਆਦਾ ਫਿਲਮਾਂ ਬਣ ਚੁੱਕੀਆਂ ਹਨ। ਇਨ੍ਹਾਂ ਫਿਲਮਾਂ ਵਿਚ ਨਾ ਹੀ ਵਿਸ਼ਾ ਵਸਤੂ ਦਾ ਕੋਈ ਨਵਾਂਪਣ ਹੈ ਨਾ ਹੀ ਪੇਸ਼ਕਾਰੀ ਤਾਂ ਫਿਰ ਦਰਸ਼ਕ ਇਨ੍ਹਾਂ ਫਿਲਮਾਂ ਨੂੰ ਦੇਖਣ ਕਿਉਂ ਜਾਣਗੇ? ਦਰਅਸਲ ਨਵੇਂ ਦੌਰ ਦੇ ਫਿਲਮਸਾਜ਼ ਅਲੱਗ ਅਲੱਗ ਫਿਲਮਾਂ ਦੇ ਨਾਂ 'ਤੇ ਵਿਸ਼ਾ ਵਸਤੂ ਦੀ ਦੁਹਾਈ ਦਿੰਦੇ ਰਹਿੰਦੇ ਹਨ ਪਰ ਆਮ ਦਰਸ਼ਕ ਇਨ੍ਹਾਂ ਨੂੰ ਦੇਖਣਾ ਪਸੰਦ ਨਹੀਂ ਕਰਦੇ ਕਿਉਂਕਿ ਉਸ ਵਿਚ ਉਨ੍ਹਾਂ ਦੀ ਕੋਰੀ ਬੌਧਿਕਤਾ ਹੁੰਦੀ ਹੈ ਜੋ ਉਨ੍ਹਾਂ ਦੇ ਸਿਰ ਤੋਂ ਗੁਜ਼ਰ ਜਾਂਦੀ ਹੈ। ਇਹ ਉਹੀ ਦਰਸ਼ਕ ਹਨ ਜਿਨ੍ਹਾਂ ਨੂੰ ਅਜਿਹੀਆਂ ਫਿਲਮਾਂ ਦੀ ਬਜਾਏ 'ਭਾਰਤ' ਵਰਗੀ ਸ਼ੁੱਧ ਕਮਰਸ਼ਲ ਫਿਲਮ ਵਿਚ ਵੀ ਵਿਸ਼ੇ ਦੀ ਅਣਹੋਂਦ ਮਹਿਸੂਸ ਨਹੀਂ ਹੁੰਦੀ।

ਉਂਜ ਫਿਲਮਾਂ ਵਿਚ ਚੰਗੀ ਪਟਕਥਾ ਦੀ ਘਾਟ ਸ਼ਿੱਦਤ ਨਾਲ ਮਹਿਸੂਸ ਕੀਤੀ ਜਾ ਰਹੀ ਹੈ। ਫਿਲਮਸਾਜ਼ ਗੁਲਜ਼ਾਰ ਦਾ ਇਸ ਵਿਸ਼ੇ 'ਤੇ ਜਵਾਬ ਬਹੁਤ ਰੌਚਕ ਹੈ, "ਸਾਹਿਤ ਨਾਲ ਫਿਲਮਾਂ ਦਾ ਸਬੰਧ ਖਤਮ ਹੋ ਗਿਆ ਹੈ। ਹਿੰਦੀ ਵਿਚ ਹੀ ਨਹੀਂ, ਖੇਤਰੀ ਭਾਸ਼ਾਵਾਂ ਵਿਚ ਵੀ ਇਸ ਤਰ੍ਹਾਂ ਦਾ ਸਾਹਿਤ ਹੈ ਜਿਸ 'ਤੇ ਬਹੁਤ ਖੂਬਸੂਰਤ ਫਿਲਮ ਬਣ ਸਕਦੀ ਹੈ। ਅਸਲ ਵਿਚ ਇਸ ਸਮੇਂ ਅਸੀਂ ਫਿਲਮ ਤਕਨੀਕ ਦੇ ਮਾਮਲੇ ਵਿਚ ਜਿੰਨਾ ਅੱਗੇ ਵਧੇ ਹਾਂ, ਸੋਚ ਦੇ ਮਾਮਲੇ ਵਿਚ ਓਨੇ ਅੱਗੇ ਨਹੀਂ ਵਧ ਸਕੇ।"




ਫਿਲਮ 'ਬਧਾਈ ਹੋ' ਦਾ ਪੋਸਟਰ।

ਪੁਰਾਣੇ ਸਮੇਂ ਵਿਚ ਜਦੋਂ ਲੇਖਕ ਕਿਸੇ ਫਿਲਮ ਦੀ ਪਟਕਥਾ ਤਿਆਰ ਕਰਦਾ ਸੀ ਤਾਂ ਉਸ ਦੇ ਮਨ ਵਿਚ ਦਰਸ਼ਕ ਸਭ ਤੋਂ ਉਪਰ ਹੁੰਦਾ ਸੀ। ਗੁਲਜ਼ਾਰ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਸਾਰੀਆਂ ਫਿਲਮਾਂ ਸਾਰੇ ਦਰਸ਼ਕਾਂ ਲਈ ਨਹੀਂ ਹੁੰਦੀਆਂ। ਉਨ੍ਹਾਂ ਮੁਤਾਬਿਕ ਤੁਹਾਨੂੰ ਪਹਿਲਾਂ ਹੀ ਤੈਅ ਕਰਨਾ ਹੋਵੇਗਾ ਕਿ ਇਹ ਫਿਲਮ ਤੁਸੀਂ ਕਿਸ ਲਈ ਬਣਾ ਰਹੇ ਹੋ।

**-ਏ. ਚੱਕਰਵਰਤੀ**

# ਸੱਚੀਆਂ ਮਹੁੱਬਤਾਂ ਦੀ ਕਹਾਣੀ 'ਜੁਗਨੀ ਯਾਰਾਂ ਦੀ'

**ਸੁਰਜੀਤ ਜੱਸਲ**
ਫੋਨ: 91-98146-07737

ਬੱਤਰਾ ਸ਼ੋਅਵਿੱਜ ਵਾਲੇ ਰਾਜਨ ਬੱਤਰਾ ਪੰਜਾਬੀ ਫਿਲਮ ਸਨਅਤ ਨਾਲ ਜੁੜੇ ਇੱਕ ਸਫਲ ਨਿਰਮਾਤਾ ਅਤੇ ਫਿਲਮ ਵਿਤਰਕ ਹਨ, ਜਿਨ੍ਹਾਂ ਨੇ 'ਮੇਲ ਕਰਾਦੇ ਰੱਬਾ', 'ਜੀਹਨੇ ਮੇਰਾ ਦਿਲ ਲੁੱਟਿਆ', 'ਯਾਰ ਅਨਮੁੱਲੇ', 'ਵਿਆਹ 70 ਕਿਲੋਮੀਟਰ' ਵਰਗੀਆਂ ਅਣਗਿਣਤ ਮਨੋਰੰਜਕ ਫਿਲਮਾਂ ਦਾ ਨਿਰਮਾਣ ਕੀਤਾ। ਇਨ੍ਹੀਂ ਦਿਨੀਂ ਰਾਜਨ ਬੱਤਰਾ ਆਪਣੇ ਪ੍ਰੋਡਕਸ਼ਨ ਹਾਊਸ ਦੇ ਬੈਨਰ ਨਾਲ ਇੱਕ ਹੋਰ ਨਵੀਂ ਫਿਲਮ 'ਜੁਗਨੀ ਯਾਰਾਂ ਦੀ' ਲੈ ਕੇ ਆ ਰਹੇ ਹਨ, ਜੋ ਪਿਆਰ ਮੁਹੱਬਤ ਦੇ ਰਿਸ਼ਤਿਆਂ ਦੀ ਅਹਿਮੀਅਤ ਦਰਸਾਉਣੀ ਕਹਾਣੀ ਆਧਾਰਤ ਹੈ, ਜਿਸ ਦਾ ਨਾਇਕ ਪ੍ਰੀਤ ਬਾਠ ਹੈ ਤੇ ਨਾਇਕਾ ਮਹਿਮਾ ਹੋਰਾ ਹੈ। ਇਸ ਤੋਂ ਇਲਾਵਾ ਪ੍ਰੀਤ ਦੀਪ ਜੋਸ਼ੀ, ਸਿੱਧੀ ਆਹੂਜਾ, ਅਕਸ਼ਤਾ ਸੇਠੀ, ਮਨਜੀਤ ਸਿੰਘ, ਰੁਪਿੰਦਰ ਰੂਪੀ ਅਤੇ ਅਜੇ ਕੁਮਾਰ ਨੇ ਫਿਲਮ 'ਚ ਅਹਿਮ ਕਿਰਦਾਰ ਨਿਭਾਏ ਹਨ।

5 ਜੁਲਾਈ ਨੂੰ ਰਿਲੀਜ਼ ਹੋ ਰਹੀ 'ਬੱਤਰਾ ਸ਼ੋਅਬਿਜ ਅਤੇ ਗੋਲਡ ਮਾਊਂਟਨ ਪਿਕਚਰਜ਼' ਦੇ ਬੈਨਰ ਹੇਠ ਫਿਲਮ ਦਾ ਨਿਰਦੇਸ਼ਨ ਸਾਗਰ ਸ਼ਰਮਾ ਨੇ ਕੀਤਾ ਹੈ। ਇਸ ਫਿਲਮ ਦਾ ਨਿਰਮਾਣ ਰਾਜਨ ਬੱਤਰਾ ਦੇ ਨਾਲ ਦੀਪਕ ਚੌਧਰੀ, ਨੀਰਜ ਪਾਠਕ, ਰਾਜੇਸ਼ ਹੋਰਾ ਤੇ ਬਾਬੂ ਲਾਲ ਸੁਖੀਜਾ ਨੇ ਮਿਲ ਕੇ ਕੀਤਾ ਹੈ। ਫਿਲਮ ਦੀ ਕਹਾਣੀ, ਸਕਰੀਨ ਪਲੇਅ ਅਤੇ ਡਾਇਲਾਗ ਕੁਮਾਰ ਅਜੇ ਨੇ ਲਿਖੇ ਹਨ। ਫਿਲਮ ਦਾ ਸੰਗੀਤ ਗੁਰਮੀਤ ਸਿੰਘ, ਜੱਸੀ ਕਟਿਆਲ, ਜੁਗਰਾਜ ਰੇਖ ਅਤੇ ਵਿਸ਼ਾਲ ਖੰਨਾ ਨੇ ਦਿੱਤਾ ਹੈ। ਹੈਪੀ ਰਾਏਕੋਟੀ, ਜੰਗ ਸੰਧੂ, ਕੁਮਾਰ ਤੇ ਦੀਪ ਕੌਰ ਵਹਿਣੀਵਾਲ ਦੇ ਲਿਖੇ ਗੀਤਾਂ ਨੂੰ ਮੰਨਤ ਨੂਰ, ਗੁਰਮੀਤ ਸਿੰਘ, ਅੰਬਰ ਵਸ਼ਿਸਟ, ਸ਼ਿਵਜੋਤ ਅਤੇ ਮਨਜੀਤ ਸਹੋਤਾ ਨੇ ਪਲੇਅ ਬੈਕ ਗਾਇਆ ਹੈ।



ਫਿਲਮ ਬਾਰੇ ਹੋਰ ਜਾਣਕਾਰੀ ਦਿੰਦਿਆਂ ਰਾਜਨ ਬੱਤਰਾ ਨੇ ਦੱਸਿਆ ਕਿ 'ਜੁਗਨੀ ਯਾਰਾਂ ਦੀ' ਕਾਲਜ ਲਾਈਫ ਅਧਾਰਤ ਇੱਕ ਪਿਆਰ ਭਰੀ ਦਿਲਚਸਪ ਕਹਾਣੀ ਹੈ, ਜਿਸ ਵਿਚ ਮਨੋਰੰਜਨ ਦੇ ਨਾਲ ਸਮਾਜਕ ਰਿਸ਼ਤਿਆਂ ਦੀ ਅਹਿਮੀਅਤ ਵੀ ਦਰਸਾਈ ਗਈ ਹੈ। ਇਹ ਫਿਲਮ ਆਮ ਵਿਸ਼ਿਆਂ ਤੋਂ ਬਹੁਤ ਹਟਕੇ ਇੱਕ ਨਵੇਂ ਤੇ ਦਿਲਚਸਪ ਵਿਸ਼ੇ ਦੀ ਫਿਲਮ ਹੈ, ਗੀਤ-ਸੰਗੀਤ ਵੀ ਬਹੁਤ ਵਧੀਆ ਹੈ, ਜੋ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰੇਗੀ।

# ਹੁਣ ਨੀਰੂ ਬਾਜਵਾ ਕਹਿੰਦੀ... 'ਮੁੰਡਾ ਹੀ ਚਾਹੀਦਾ'

ਨੀਰੂ ਬਾਜਵਾ ਨੇ ਬਤੌਰ ਨਿਰਮਾਤਾ ਆਪਣੀਆਂ ਫਿਲਮਾਂ ਦੇ ਵਿਸ਼ੇ ਅਤੇ ਨਾਂ ਹਮੇਸ਼ਾ ਹੀ ਆਮ ਫਿਲਮਾਂ ਤੋਂ ਹਟ ਕੇ ਰੱਖੇ ਹਨ। ਫਿਲਮ 'ਮੁੰਡਾ ਹੀ ਚਾਹੀਦਾ' ਜਦ ਅਨਾਊਂਸ ਹੋਈ ਸੀ ਤਾਂ ਪੰਜਾਬੀ ਸਿਨਮੇ ਨਾਲ ਜੁੜੇ ਹਰੇਕ ਬੰਦੇ ਨੂੰ ਹੈਰਾਨੀ ਹੋਈ ਕਿ ਹੈਂ ਆਹ ਕੀ ਨਾਂ ਹੋਇਆ? ਫਿਰ ਜਦ ਹੀਰੋ-ਹੀਰੋਇਨ ਦੀ ਗਰਭ ਧਾਰਨ ਅਵੱਸਥਾ ਦਰਸਾਉਂਦਾ ਇਸ ਫਿਲਮ ਦਾ ਫਸਟਲੁੱਕ ਪੋਸਟਰ ਰਿਲੀਜ਼ ਹੋਇਆ ਤਾਂ ਹੈਰਾਨੀ ਦੀ ਕੋਈ ਹੱਦ ਨਾ ਰਹੀ ਤੇ ਸੱਭ ਨੇ ਸੋਚਿਆ ਕਿ ਹੁਣ ਆਹੀ-ਕੁਝ ਰਹਿ ਗਿਆ ਸੀ, ਪੰਜਾਬੀ ਸਿਨੇਮਾ ਲਈ!

ਸਿਨੇਮਾ ਸਿਰਫ ਮਨੋਰੰਜਨ ਦਾ ਸਾਧਨ ਹੀ ਨਹੀਂ ਸਗੋਂ ਸਮਾਜ ਦੇ ਵੱਖ ਵੱਖ ਪਹਿਲੂਆਂ ਨਾਲ ਵੀ ਜੁੜਿਆ ਹੋਇਆ ਹੈ। 'ਬੇਟੀ ਬਚਾਓ-ਬੇਟੀ ਪੜ੍ਹਾਓ' ਦਾ ਨਾਅਰਾ ਤਾਂ ਅੱਜ ਹਰ ਕੋਈ ਲਾਉਂਦਾ ਹੈ ਪਰ ਅਮਲ ਕੋਈ ਨਹੀਂ ਕਰਦਾ। ਇਹ ਦੁਨਿਆਵੀਂ ਸੱਚਾਈ ਹੈ ਕਿ ਹਰ ਸੱਸ ਨੂੰ ਆਪਣੀ ਨੂੰਹ ਤੋਂ 'ਮੁੰਡਾ ਹੀ ਚਾਹੀਦਾ' ਹੈ।

ਨੀਰੂ ਬਾਜਵਾ ਐਂਟਰਟੇਨਮੇਂਟ ਅਤੇ ਸ੍ਰੀ ਨਰੋਤਮਜੀ ਫਿਲਮਜ਼ ਦੇ ਬੈਨਰ ਹੇਠ ਬਣੀ ਇਸ ਫਿਲਮ ਦੀ ਨਿਰਮਾਤਾ ਟੀਮ ਵਿਚ ਨੀਰੂ ਬਾਜਵਾ, ਅੰਕਿਤ ਵਿਜ਼ਨ, ਨਵਦੀਪ ਨਰੂਲਾ, ਗੁਰਜੀਤ ਸਿੰਘ ਅਤੇ ਸੰਤੋਸ਼ ਸੁਭਾਸ ਥੀਟੇ ਦੇ ਨਾਂ ਹਨ। ਜ਼ਿਕਰਯੋਗ ਹੈ ਕਿ ਇਹ ਫਿਲਮ ਮੁੰਡਾ ਕੁੜੀ ਜੰਮਣ ਦੇ ਫਰਕ ਨੂੰ ਲੈ ਕੇ ਭਰੂਣ ਹੱਤਿਆ ਵਰਗੇ ਸਮਾਜਕ ਕਲੰਕ ਦੇ ਖਿਲਾਫ ਬੋਲਦੀ ਹੈ ,ਜੋ ਇਨ੍ਹਾਂ ਸਮਾਜਕ ਕੁਰੀਤੀਆਂ ਖਿਲਾਫ ਲੋਕਾਂ ਨੂੰ ਜਾਗੂਰਕ ਕਰੇਗੀ। ਫਿਲਮ ਵਿਚ ਰੂਬੀਨਾ ਬਾਜਵਾ ਤੇ ਹਰੀਸ਼ ਵਰਮਾ ਅਜੀਬੋ ਗਰੀਬ ਕਿਰਦਾਰਾਂ 'ਚ ਨਜ਼ਰ ਆਉਣਗੇ, ਜੋ ਕਾਮੇਡੀ ਦੇ ਮਾਹੌਲ 'ਚ ਦਰਸ਼ਕਾਂ ਦਾ ਚੰਗਾ ਮਨੋਰੰਜਨ ਕਰੇਗੀ। ਵੇਖਦੇ ਹਾਂ, ਟੈਸਟ ਟਿਊਬ ਬੇਬੀ ਵਿਧੀ ਹਰੀਸ਼ ਵਰਮਾ ਜਿਹੇ ਕਲਾਕਾਰੀ ਮਰਦ ਲਈ ਕਿੰਨੀ ਕੁ ਸਫਲ ਸਿੱਧ ਹੁੰਦੀ ਹੈ। ਫਿਲਮ ਦੀ ਟੈਗ ਲਾਈਨ 'ਮੁੰਡਾ ਹੀ ਚਾਹੀਦਾ ਤਾਂ ਆਪੇ ਜੰਮੋ' ਵੀ ਬਹੁਤ ਵੱਡੀ ਗੱਲ ਕਹਿੰਦੀ ਹੈ।

ਫਿਲਮ ਦਾ ਲੇਖਕ ਤੇ ਨਿਰਦੇਸ਼ਕ ਸੰਤੋਸ਼ ਸੁਭਾਸ਼ ਥੀਟੇ



ਹੈ। ਫਿਲਮ ਦਾ ਸਕਰੀਨ ਪਲੇਅ ਤੇ ਡਾਇਲਾਗ ਦੀਪ ਜਗਦੀਪ ਜਗਦੇ ਨੇ ਲਿਖੇ ਹਨ। ਫਿਲਮ ਵਿਚ ਰੁਬੀਨਾ ਬਾਜਵਾ, ਨੀਰੂ ਬਾਜਵਾ, ਹਰੀਸ਼ ਵਰਮਾ, ਜਤਿੰਦਰ ਕੌਰ, ਰਵਿੰਦਰ ਮੰਡ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦਾ ਸੰਗੀਤ ਗੁਰਮੀਤ ਸਿੰਘ, ਗੁਰਮੋਹ, ਗੁਰਚਰਨ ਸਿੰਘ ਨੇ ਦਿੱਤਾ ਹੈ। ਗੀਤ ਹਰਮਨਜੀਤ, ਹਰਿੰਦਰ ਕੌਰ ਅਤੇ ਕਪਤਾਨ ਨੇ ਲਿਖੇ ਹਨ। ਫਿਲਮ 12 ਜੁਲਾਈ ਨੂੰ ਓਮ ਜੀ ਗਰੁਪ ਅਤੇ ਰਿਧਮ ਬੁਆਇਜ਼ ਵਲੋਂ ਰਿਲੀਜ਼ ਕੀਤੀ ਜਾਵੇਗੀ।

ੴ ਸਤਿਗੁਰ ਪ੍ਰਸਾਦਿ॥

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਛੇਵੇਂ ਪਾਤਿਸ਼ਾਹ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ

# ਲੱਖ ਲੱਖ ਵਧਾਈ ਹੋਵੇ



ਗੁਰਦੁਆਰਾ ਸੈਨ ਹੋਜੇ ਦੀਆਂ ਸੰਗਤਾਂ ਵਲੋਂ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ 14 ਜੁਲਾਈ 2019, ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਅਖੰਡ ਪਾਠ ਦਾ ਅਰੰਭ 12 ਜੁਲਾਈ 2019, ਸ਼ੁੱਕਰਵਾਰ ਨੂੰ ਹੋਵੇਗਾ। ਭੋਗ 14 ਜੁਲਾਈ, ਐਤਵਾਰ ਨੂੰ ਪੈਣਗੇ। ਅਖੰਡ ਪਾਠ ਅਤੇ ਲੰਗਰ ਦੀ ਸੇਵਾ ਹਰ ਸਾਲ ਵਾਂਗ ਹੀ ਫਗਵਾੜਾ ਅਤੇ ਆਸ ਪਾਸ ਦੇ ਇਲਾਕੇ ਦੀਆਂ ਸੰਗਤਾਂ ਵਲੋਂ ਕੀਤੀ ਜਾਵੇਗੀ।

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਪ੍ਰਕਾਸ਼ ਪੁਰਬ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ।

## ਗੁਰਦੁਆਰਾ ਚੋਣਾਂ ਲਈ ਮੈਂਬਰਸ਼ਿਪ

### ਪ੍ਰਬੰਧਕ ਕਮੇਟੀ ਦੀ ਚੋਣ ਐਤਵਾਰ, 27 ਅਕਤੂਬਰ 2019 ਨੂੰ

ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਜਿਹੜੇ ਮੈਂਬਰ 30 ਅਗਸਤ 2015 ਦੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਲਈ ਵੋਟ ਪਾਉਣ ਦੇ ਯੋਗ ਸਨ ਅਤੇ ਜਿਨ੍ਹਾਂ ਨੇ ਉਸ ਤੋਂ ਬਾਅਦ ਵੋਟਾਂ ਬਣਵਾਈਆਂ ਹਨ, ਉਹ ਸਾਰੇ ਮੈਂਬਰ 2019 ਵਿਚ ਹੋ ਰਹੀਆਂ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟ ਪਾਉਣ ਦੇ ਯੋਗ ਹਨ। ਸੰਗਤ ਦੇ ਕੁਝ ਮੈਂਬਰ ਇਸ ਸਬੰਧੀ ਗਲਤ ਜਾਣਕਾਰੀ ਫੈਲਾ ਰਹੇ ਹਨ ਕਿ ਮੌਜੂਦਾ ਪ੍ਰਬੰਧਕ ਕਮੇਟੀ ਨੇ ਬਹੁਤ ਸਾਰੇ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕਰ ਦਿੱਤੀ ਹੈ ਅਤੇ ਹੋਰ ਬਹੁਤ ਸਾਰੇ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕਰਨ ਦੀ ਤਰਕੀਬ ਬਣਾ ਰਹੀ ਹੈ।

ਸੰਗਤ ਨੂੰ ਬੇਨਤੀ ਹੈ ਕਿ ਅਜਿਹੇ ਗੁਮਰਾਹਕੁਨ ਪ੍ਰਚਾਰ ਵੱਲ ਧਿਆਨ ਨਾ ਦਿੱਤਾ ਜਾਵੇ। ਜੇ ਕਿਸੇ ਨੂੰ ਆਪਣੀ ਮੈਂਬਰਸ਼ਿਪ ਸਬੰਧੀ ਕੋਈ ਸਵਾਲ ਹੈ ਤਾਂ ਉਹ ਕਿਰਪਾ ਕਰ ਕੇ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੇ। ਪ੍ਰਬੰਧਕ ਕਮੇਟੀ ਦੀ ਐਤਵਾਰ, 27 ਅਕਤੂਬਰ 2019 ਨੂੰ ਹੋ ਰਹੀ ਚੋਣ ਲਈ ਜੇ ਕਿਸੇ ਮੈਂਬਰ ਨੇ ਮੈਂਬਰਸ਼ਿਪ ਰਜਿਸਟਰ ਨਹੀਂ ਕਰਵਾਈ ਤਾਂ ਉਹ ਕਿਰਪਾਲ ਸਿੰਘ ਅਟਵਾਲ (ਫੋਨ: 408-835-7712) ਨਾਲ ਸਮਾਂ ਨਿਸ਼ਚਿਤ ਕਰ ਕੇ ਮੈਂਬਰਸ਼ਿਪ ਰਜਿਸਟਰ ਕਰਵਾਈ ਜਾ ਸਕਦੀ ਹੈ ਤਾਂ ਕਿ ਤੁਸੀਂ ਇਲੈਕਸ਼ਨ ਵਿਚ ਹਿੱਸਾ ਲੈ ਸਕੋ।

**ਵਲੋਂ: ਪ੍ਰਬੰਧਕ ਕਮੇਟੀ, ਸਿੱਖ ਗੁਰਦੁਆਰਾ ਸੈਨ ਹੋਜੇ**

# ਗੁਰਦੁਆਰਾ ਸਾਹਿਬ ਸੈਨ ਹੋਜੇ (ਕੈਲੀਫੋਰਨੀਆ)

3636 Gurdwara Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sanjosegurdwara.org or facebook "San Jose Gurdwara"